ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

7-13 ਫਰਵਰੀ 2024

ਸਾਲ 15ਵਾਂ - ਅੰਕ 6
email : info@sadelok.com

Ph. : 510-706-1300
Fax : 925-373-1300

## ਕੇਂਦਰੀ ਸਿੱਖ ਅਜਾਇਬ ਘਰ 'ਚ 8 ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਸੁਸ਼ੋਭਿਤ



(ਦੇਖੋ ਸਫ਼ਾ 24 'ਤੇ)

## ਜਥੇਦਾਰ ਕਾਉਂਕੇ ਕਤਲ ਮਾਮਲਾ ਹਾਈਕੋਰਟ ਵੱਲੋਂ ਪੰਜਾਬ ਸਰਕਾਰ ਤੇ ਸੰਬੰਧਤ ਤਤਕਾਲੀ ਪੁਲਿਸ ਅਧਿਕਾਰੀਆਂ ਨੂੰ ਨੋਟਿਸ



23

## ਕੈਨੇਡਾ ਦੀ ਚੋਣ ਪ੍ਰਣਾਲੀ 'ਚ ਦਖਲਅੰਦਾਜ਼ੀ ਨੂੰ ਕਨੇਡਾ ਸਰਕਾਰ ਨੇ ਗਭੀਰਤਾ ਨਾਲ ਲਿਆ ਭਾਰਤ-ਕੈਨੇਡਾ ਦੇ ਚੋਣ ਸਿਸਟਮ ਲਈ ਖਤਰਾ : ਪ੍ਰਧਾਨ ਮੰਤਰੀ ਜਸਟਿਨ ਟਰੂਡੋ



31

## NRI ਸੂਬੇ ਦੀ ਤਰੱਕੀ 'ਚ ਭਾਈਵਾਲ ਬਣਨ : ਭਗਵੰਤ ਮਾਨ



18

# ਨੋਕਦਰ ਕਾਂਡ ਦੇ ਬੇਕਸੂਰ ਮਸੂਮ ਸਿੱਖ ਨੌਜਵਾਨਾਂ ਨੂੰ ਦਿਨ ਦਿਹਾੜੇ ਕਤਲ ਕਰਨ ਵਾਲੇ ਕਾਤਲਾਂ ਨੂੰ 38 ਸਾਲ ਬਾਅਦ ਵੀ ਸਜ਼ਾ ਨਹੀਂ ਮਿਲੀ

## ਸਿੱਖ ਮਤਭੇਦ ਭੁਲਾ ਕੇ ਇਕੱਠੇ ਹੋਣ ਇਸ ਬਿਨਾਂ ਜਿੱਤ ਸੰਭਵ ਨਹੀਂ : ਡਾ. ਜਗਮੀਤ ਕੌਰ ਬੈਂਸ



(ਦੇਖੋ ਸਫ਼ਾ 26 'ਤੇ)

# ਗੁਰਦੁਆਰਾ ਸਾਹਿਬ ਸੈਨਹੋਜ਼ੇ ਵਲੋਂ ਗੁਰਬਾਣੀ ਰਾਗਾਂ ਆਧਾਰਤ ਮਹਾਨ ਕੀਰਤਨ ਦਰਬਾਰ ਦਾ ਸ਼ੁਭ ਆਗਾਜ਼




(ਦੇਖੋ ਸਫ਼ਾ 32-33 'ਤੇ)

## ਸਰਕਾਰ ਵਲੋਂ ਸਿੱਖ ਧਰਮ 'ਚ ਸਿਧਾ ਦਖਲ

### ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੈਂਬਰਾਂ ਦੀ ਗਿਣਤੀ 'ਚ ਸਰਕਾਰੀ ਵਾਧਾ

ਅੰਮ੍ਰਿਤਸਰ : ਮਹਾਰਾਸ਼ਟਰ ਦੀ ਸ਼ਿਵ ਸੈਨਾ ਦੀ ਏਕ ਨਾਥ ਸ਼ਿੰਦੇ ਸਰਕਾਰ ਨੇ ਸਿੱਖ ਮਾਮਲਿਆਂ ਵਿਚ ਸਿੱਧਾ ਦਖ਼ਲ ਦਿੰਦੇ ਹੋਏ ਤਖ਼ਤ ਸੱਚਖੰਡ ਅਬਿਚਲ ਨਗਰ ਹਜ਼ੂਰ ਸਾਹਿਬ ਦੇ ਬੋਰਡ ਦੇ ਐਕਟ ਵਿਚ ਤਬਦੀਲੀ ਕਰ ਕੇ ਸਰਕਾਰੀ ਮੈਂਬਰਾਂ ਦੀ ਗਿਣਤੀ ਵਿਚ ਵਾਧਾ ਕੀਤਾ ਹੈ। ਸਿੱਖ ਗੁਰਧਾਮਾਂ ਤੇ ਸਰਕਾਰੀ ਕਬਜ਼ਿਆਂ ਦੀ ਕੜੀ ਵਿਚ ਨਵਾਂ ਅਧਿਆਏ ਜੁੜ ਗਿਆ ਹੈ। ਸ਼ਿੰਦੇ ਸਰਕਾਰ ਨੇ



ਮਹਾਰਾਸ਼ਟਰ ਵਿਧਾਨ ਸਭਾ ਵਿਚ ਇਕ ਬਿਲ ਪੇਸ਼ ਕਰ ਕੇ ਐਕਟ ਵਿਚ ਸੋਧ ਕਰਦਿਆਂ ਸਰਕਾਰ ਵਲੋਂ ਨਾਮਜ਼ਦ 7 ਮੈਂਬਰਾਂ ਦੀ ਗਿਣਤੀ ਨੂੰ ਵਧਾ ਕੇ 12 ਕੀਤੇ ਜਾਣ ਦਾ ਬਿਲ ਵਿਧਾਨ ਸਭਾ ਵਿਚ ਪਾਸ ਕਰ ਦਿਤਾ ਹੈ। ਬੋਰਡ ਵਿਚ ਸ਼੍ਰੋਮਣੀ ਕਮੇਟੀ ਦੇ 4 ਮੈਂਬਰਾਂ ਦੀ ਗਿਣਤੀ ਨੂੰ ਘੱਟ ਕਰਦਿਆਂ ਕਮੇਟੀ ਦੇ 2 ਮੈਂਬਰ ਸ਼ਾਮਲ ਕੀਤੇ ਗਏ ਹਨ। ਨਵੇਂ ਬਿਲ ਮੁਤਾਬਕ ਚੀਫ਼ ਖ਼ਾਲਸਾ ਦੀਵਾਨ ਤੇ ਹਜ਼ੂਰੀ

(ਦੇਖੋ ਸਫ਼ਾ 24 'ਤੇ)

For your Advertisement

Please Call
510-706-1300

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities (Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Punjabi International Services Inc
Harminder Singh Samana
Bonded Immigration Consultant
bond number #10134206
ਆਫਿਸ ਮੈਨੇਜਰ
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
ਪੋਲੀਟੀਕਲ ਅਸਾਈਲਮ • ਸਿਟੀਜਨਸ਼ਿਪ • ਗਰੀਨਕਾਰਡ
Family Petition Immigration
Travel document • Work Permit
ਅਸੀਂ ਇਮੀਗ੍ਰੇਸ਼ਨ ਨਾਲ ਸੰਬਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# ਵੋਟ 5 ਮਾਰਚ, 2024



ਜਨਤਕ ਸੁਰੱਖਿਆ ਲਈ



ਬੇਘਰੇ ਲੋਕਾਂ ਲਈ



ਛੋਟੇ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਲਈ

## ★ ਸੁਰੱਖਿਅਤ ਅਤੇ ਸਾਫ਼ ਆਂਢ-ਗੁਆਂਢ ★

### ਕਮਿਊਨਿਟੀ ਨੇ ਨਿਸ਼ਕਾਮ ਸੇਵਾਦਾਰ ਅਤੇ ਤਜਰਬੇਕਾਰ ਨੇਤਾ

- ਅਸੀਂ ਇਕੱਠੇ ਮਿਲ ਕੇ ਆਪਣੇ ਭਾਈਚਾਰੇ ਨੂੰ ਵੱਧ ਰਹੇ ਅਪਰਾਧਾਂ ਤੋਂ ਬਚਾਵਾਂਗੇ ਅਤੇ ਆਂਢ-ਗੁਆਂਢ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਾਂਗੇ।
- ਜਿਵੇਂ ਕਿ ਹਰ ਇੱਕ ਨੂੰ ਵਧੀਆ ਘਰ ਦੀ ਲੋੜ ਹੈ। ਅਸੀਂ ਮਿਲ ਕੇ ਬੇਘਰਿਆਂ ਨੂੰ ਘਰ ਬਣਾਉਣ ਅਤੇ ਸਾਫ਼-ਸੁਥਰੇ ਆਂਢ-ਗੁਆਂਢ ਨੂੰ ਬਣਾਈ ਰੱਖਣ ਵੱਲ ਧਿਆਨ ਦੇਵਾਂਗੇ।
- ਅਸੀਂ ਸਾਰੇ ਮਿਲ ਕੇ ਛੋਟੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਾਂਗੇ।
- ਅਸੀਂ ਸਾਰੇ ਪਾਰਕਾਂ, ਗਲੀਆਂ ਨੂੰ ਸੁਰੱਖਿਅਤ ਅਤੇ ਸਾਫ਼ ਸਥਰਾ ਰੱਖਣ ਵੱਲ ਵਿਸ਼ੇਸ਼ ਧਿਆਨ ਦੇਵਾਂਗੇ।



ਹੋਰ ਜਾਣਕਾਰੀ ਲਈ ਸੰਪਰਕ ਕਰੋ ਤੁਹਾਡਾ ਆਪਣਾ

## ਸ. ਸੁਖਦੇਵ ਸਿੰਘ ਬੈਨੀਵਾਲ

**For San Jose City Council - District 8**

**(408) 421-9463 or email : voteBainiwal@gmail.com**

**visit www.Votebainiwal.com # BainiwalForAll**

Paid for by Sukhdev Bainiwal for City Council 2024 FPPc#1463066

# ਟਰੰਪ ਨੂੰ ਵੱਡਾ ਝਟਕਾ, 2020 ਦੀਆਂ ਚੋਣਾਂ ਦੇ ਨਤੀਜਿਆਂ ਨੂੰ ਬਦਲਣ ਦੀ ਕੋਸ਼ਿਸ਼ ਲਈ ਚੱਲ ਸਕਦੈ ਮੁਕੱਦਮਾ



ਵਾਸ਼ਿੰਗਟਨ : 2024 ਦੀ ਚੋਣ ਲੜਨ ਦੀ ਤਿਆਰੀ ਕਰ ਰਹੇ ਟਰੰਪ ਨੂੰ ਇਕ ਵੱਡਾ ਝਟਕਾ ਲੱਗਾ ਹੈ। ਇਕ ਪਾਸੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 2024 ਦੀਆਂ ਚੋਣਾਂ ਲੜਨ ਦੀ ਤਿਆਰੀ ਕਰ ਰਹੇ ਹਨ, ਦੂਜੇ ਪਾਸੇ ਉਨ੍ਹਾਂ ਦੀਆਂ ਕਾਨੂੰਨੀ ਅੜਚਣਾਂ ਅਤੇ ਮੁਸ਼ਕਿਲਾਂ ਹੁਣ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਇੱਕ ਅਪੀਲ ਅਦਾਲਤ ਨੇ ਫ਼ੈਸਲਾ ਸੁਣਾਇਆ ਹੈ ਕਿ ਡੋਨਾਲਡ ਟਰੰਪ ਸਾਬਕਾ ਰਾਸ਼ਟਰਪਤੀ ਵਜੋਂ ਕਾਨੂੰਨੀ ਕਾਰਵਾਈ ਤੋਂ ਮੁਕਤ ਨਹੀਂ ਹੋ ਸਕਦੇ। ਅਦਾਲਤ ਨੇ ਕਿਹਾ ਹੈ ਕਿ 2020 ਦੀਆਂ ਚੋਣਾਂ ਦੇ ਨਤੀਜੇ ਬਦਲਣ ਦੀ ਕੋਸ਼ਿਸ਼ ਕਰਨ ਦੇ ਦੋਸ਼ 'ਚ ਉਸ ਖ਼ਿਲਾਫ਼ ਮਾਮਲਾ ਦਰਜ ਕੀਤਾ ਜਾ ਸਕਦਾ ਹੈ।

ਅਦਾਲਤ ਦਾ ਇਹ ਫ਼ੈਸਲਾ ਡੋਨਾਲਡ ਟਰੰਪ ਦੇ ਬਚਾਅ ਲਈ ਵੱਡਾ ਝਟਕਾ ਹੈ। ਅਦਾਲਤ ਨੇ ਕਿਹਾ ਹੈ ਕਿ ਜੇਕਰ ਕਿਸੇ ਰਾਸ਼ਟਰਪਤੀ ਨੂੰ ਕਾਨੂੰਨ ਤੋੜਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਇਹ ਸੁਰੱਖਿਅਤ ਵਿਰੋਧਾਭਾਸ ਹੋਵੇਗਾ। ਫ਼ੈਸਲਾ ਸੁਣਾਉਣ ਵਾਲੇ ਤਿੰਨ ਜੱਜਾਂ ਦੇ ਬੈਂਚ ਵਿੱਚ ਜੋਅ ਬਾਈਡੇਨ ਦੁਆਰਾ ਨਿਯੁਕਤ ਦੋ ਜਸਟਿਸ ਜੇ. ਮਿਸ਼ੇਲ ਚਾਈਲਡਜ਼ ਅਤੇ ਫਲੋਰੈਂਸ ਪੇਂਸ ਸ਼ਾਮਲ ਹੋਏ, ਜਦੋਂ ਕਿ ਤੀਜੇ ਜੱਜ ਕੈਰਨ ਲੇਕ੍ਰਾਫਟ ਹੈਂਡਰਸਨ ਨੂੰ ਜਾਰਜ ਡਬਲਯੂ ਬੁਸ਼ ਦੁਆਰਾ ਨਿਯੁਕਤ ਕੀਤਾ ਗਿਆ ਸੀ।

ਇਸ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਦੇ ਵਕੀਲ ਨੇ ਦਲੀਲ ਦਿੱਤੀ ਸੀ ਕਿ ਸੰਨ 2020 ਦੇ ਚੋਣ ਨਤੀਜਿਆਂ ਨੂੰ ਉਲਟਾਉਣ ਦੀਆਂ ਕੋਸ਼ਿਸ਼ਾਂ ਲਈ ਉਸ 'ਤੇ ਅਪਰਾਧਿਕ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ ਕਿਉਂਕਿ ਇਸ ਵਿੱਚ ਉਹ ਕੰਮ ਸ਼ਾਮਲ ਨਹੀ ਸਨ ਜੋ ਉਸ ਨੇ ਰਾਸ਼ਟਰਪਤੀ ਵਜੋਂ ਕੀਤੇ ਸਨ। ਡੋਨਾਲਡ ਟਰੰਪ ਦੀਆਂ 2020 ਦੀਆਂ ਅਮਰੀਕੀ ਚੋਣਾਂ ਨੂੰ ਪਲਟਣ ਦੀਆਂ ਕੋਸ਼ਿਸ਼ਾਂ ਦੀ ਜਾਂਚ ਕਰ ਰਹੇ ਵਿਸ਼ੇਸ਼ ਵਕੀਲ ਨੇ ਉਨ੍ਹਾਂ 'ਤੇ ਚਾਰ ਦੋਸ਼ ਲਗਾਏ ਹਨ। ਇਨ੍ਹਾਂ ਵਿੱਚ ਸੰਯੁਕਤ ਰਾਜ ਦੇ ਵਿਰੁੱਧ ਦੇਸ਼ਧ੍ਰੋਹ ਕਰਨ ਦੀ ਸਾਜ਼ਿਸ਼, ਅਧਿਕਾਰਤ ਕਾਰਵਾਈਆਂ ਵਿੱਚ ਰੁਕਾਵਟ ਪਾਉਣ ਦੀ ਸਾਜ਼ਿਸ਼ ਅਤੇ ਅਧਿਕਾਰੀਆਂ ਵਿਰੁੱਧ ਸਾਜ਼ਿਸ਼ ਆਦਿ ਸ਼ਾਮਲ ਹੈ।

# ਨਿਊਜਰਸੀ 'ਚ ਪ੍ਰਾਇਮਰੀ ਚੋਣ ਮੁਹਿੰਮ ਦੌਰਾਨ ਸਿੱਖ ਆਗੂ ਨੇ ਚੌਥੀ ਤਿਮਾਹ ਦੌਰਾਨ 9 ਲੱਖ ਡਾਲਰ ਤੋਂ ਵਧ ਫੰਡ ਜੁਟਾਇਆ



ਸੈਕਰਾਮੈਂਟੋ/ਕੈਲਫੋਰਨੀਆ (ਹੁਸਨ ਲੜੋਆ ਬੰਗਾ)-ਨਿਊਜਰਸੀ ਦੀ 8 ਵੀਂ ਕਾਂਗਰਸ ਡਿਸਟ੍ਰਿਕਟ ਸੀਟ ਤੋਂ ਡੈਮੋਕਰੈਟਿਕ ਉਮੀਦਵਾਰ ਵਜੋਂ ਪ੍ਰਾਇਮਰੀ ਚੋਣ ਲੜੇ ਰਹੇ ਸਿੱਖ ਆਗੂ ਰਵਿੰਦਰ ਸਿੰਘ ਭੱਲਾ (ਰਵੀ ਭੱਲਾ) ਨੇ ਐਲਾਨ ਕੀਤਾ ਹੈ ਕਿ ਚੌਥੀ ਤਿਮਾਹੀ ਦੌਰਾਨ ਉਸ ਨੇ ਨਿੱਜੀ ਦਾਨੀਆਂ ਤੋਂ 9,74,000 ਡਾਲਰ ਫੰਡ ਜੁਟਾਇਆ ਹੈ ਤੇ ਚੌਥੀ ਤਿਮਾਹੀ ਦੇ ਅੰਤ ਵਿੱਚ ਉਸ ਕੋਲ ਕੁਲ ਨਕਦੀ 9,14,000 ਡਾਲਰ ਦੀ ਹੈ। ਪ੍ਰਾਇਮਰੀ ਚੋਣ ਵਿਚ ਉਹ ਨਿਊ ਜਰਸੀ ਦੇ ਮੌਜੂਦਾ ਪ੍ਰਤੀਨਿੱਧ ਰਾਬ ਮੈਨਨਡੇਜ਼ ਜੂਨੀਅਰ ਵਿਰੁੱਧ ਚੋਣ ਮੈਦਾਨ ਵਿਚ ਹਨ। ਹੋਬੋਕਨ, ਨਿਊਜਰਸੀ ਦੇ ਮੇਅਰ ਰਵੀ ਭੱਲਾ ਜਾਣੇ ਪਛਾਣੇ ਰਾਜਸੀ ਆਗੂ ਹਨ ਤੇ ਉਹ ਮਨੁੱਖੀ ਹੱਕਾਂ ਦੇ ਅਲੰਬਰਦਾਰ ਹਨ। ਹੁਣ ਤੱਕ ਉਹ 11 ਲੱਖ ਡਾਲਰ ਫੰਡ ਜੁਟਾ ਚੁੱਕੇ ਹਨ। ਉਨਾਂ ਨੇ ਕਿਹਾ ਹੈ ਕਿ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਮੈਨੂੰ ਆਮ ਲੋਕਾਂ ਨੇ ਫੰਡ ਦਿੱਤਾ ਹੈ ਜਦ ਕਿ ਮੇਰੇ ਵਿਰੋਧੀ ਦੇ ਮਾਮਲੇ ਵਿਚ ਅਜਿਹਾ ਨਹੀਂ ਹੈ। ਉਨਾਂ ਕਿਹਾ ਕਿ ਉਹ ਸਾਰਿਆਂ ਲਈ ਉੱਚ ਪੱਧਰੀ ਸਿਹਤ ਸੇਵਾਵਾਂ ਲਈ ਯਤਨ ਕਰਨਗੇ , ਵਾਤਾਵਰਣ ਤਬਦੀਲੀ ਵਿਰੁੱਧ ਜਦੋਜਹਿਦ ਕਰਨਗੇ ਤੇ ਹਮੇਸ਼ਾਂ ਆਮ ਲੋਕਾਂ ਦੇ ਨਾਲ ਖੜੇ ਰਹਿਣਗੇ।






# ਜੋਅ ਬਾਈਡੇਨ ਨੇ ਜਿੱਤੀ ਦੱਖਣੀ ਕੈਰੋਲੀਨਾ ਰਾਜ 'ਚ ਡੈਮੋਕ੍ਰੇਟਿਕ ਪ੍ਰਾਇਮਰੀ ਚੋਣ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਦੱਖਣੀ ਕੈਰੋਲੀਨਾ ਸੂਬੇ ਵਿੱਚ ਹੋਈ ਡੈਮੋਕ੍ਰੇਟਿਕ ਪ੍ਰਾਇਮਰੀ ਚੋਣ ਜਿੱਤ ਲਈ ਹੈ। ਜੋ ਕਿ ਅਮਰੀਕਾ ਵਿੱਚ ਇਸ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਦੀ ਚੋਣ ਕਰਨ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਕਰਵਾਈ ਗਈ ਸੀ। ਇਸ ਨਾਲ ਉਨ੍ਹਾਂ ਨੇ 5 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ 'ਚ ਡੈਮੋਕ੍ਰੇਟਿਕ ਉਮੀਦਵਾਰ ਬਣਨ ਦੇ ਰਸਤੇ 'ਚ ਸ਼ਨੀਵਾਰ ਨੂੰ ਪਹਿਲੀ ਅਧਿਕਾਰਤ ਜਿੱਤ ਹਾਸਲ ਕੀਤੀ। ਰਾਸ਼ਟਰਪਤੀ ਬਾਈਡੇਨ ਨੇ ਸ਼ਨੀਵਾਰ ਨੂੰ ਦੱਖਣੀ ਕੈਰੋਲੀਨਾ ਵਿੱਚ ਹੋਰ ਲੰਬੇ ਸਮੇਂ ਤੋਂ ਡੈਮੋਕਰੇਟਸ ਨੂੰ ਹਰਾਇਆ, ਜਿਸ ਵਿੱਚ ਮਿਨੇਸੋਟਾ ਦੇ ਪ੍ਰਤੀਨਿਧੀ ਡੀਨ ਫਿਲਿਪਸ ਅਤੇ ਲੇਖਕ ਮਾਰੀਅਨ ਵਿਲੀਅਮਸਨ ਦੇ ਨਾਂ ਸ਼ਾਮਲ ਹਨ। ਇਸ ਦੇ ਨਾਲ ਹੀ ਬਾਈਡੇਨ ਪਾਰਟੀ ਵੱਲੋਂ ਚੋਟੀ ਦੇ ਉਮੀਦਵਾਰ ਹਨ। ਪਿਛਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਵੀ ਸਾਊਥ ਕੈਰੋਲੀਨਾ ਪ੍ਰਾਇਮਰੀ ਚੋਣਾਂ ਨੇ ਬਾਈਡੇਨ ਨੂੰ ਪਾਰਟੀ ਉਮੀਦਵਾਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਇਸ ਪ੍ਰਾਇਮਰੀ ਚੋਣ 'ਚ ਬਾਈਡੇਨ ਨੂੰ 96.2 ਫੀਸਦੀ ਵੋਟਾਂ ਮਿਲੀਆਂ ਜਦਕਿ ਵਿਲੀਅਮਸਨ ਨੂੰ ਸਿਰਫ 2.1 ਫੀਸਦੀ ਵੋਟਾਂ ਮਿਲੀਆਂ। ਫਿਲਿਪਸ ਤੀਜੇ ਸਥਾਨ 'ਤੇ ਰਿਹਾ। ਸੂਬੇ ਵਿੱਚ ਰਿਪਬਲਿਕਨ ਪਾਰਟੀ ਦੀਆਂ ਪ੍ਰਾਇਮਰੀ ਚੋਣਾਂ 24 ਫਰਵਰੀ ਨੂੰ ਹੋਣੀਆਂ ਹਨ। ਰਾਸ਼ਟਰਪਤੀ ਬਾਈਡੇਨ ਨੇ ਦੱਖਣੀ ਕੈਰੋਲੀਨਾ 'ਚ ਹਾਸਲ ਜਿੱਤ 'ਤੇ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਇਹ ਜਿੱਤ ਉਨ੍ਹਾਂ ਦੀ ਮੁਹਿੰਮ ਨੂੰ ਸਫਲਤਾ ਦੇ ਰਾਹ 'ਤੇ ਲੈ ਜਾਵੇਗੀ। ਦੱਖਣੀ ਕੈਰੋਲੀਨਾ ਵਿੱਚ ਡੈਮੋਕਰੇਟਿਕ ਪ੍ਰਾਇਮਰੀ ਚੋਣ ਜਿੱਤਣ 'ਤੇ ਬਾਈਡੇਨ ਨੂੰ ਇਸ ਚੋਣ ਵਿੱਚ ਠੋਸ ਜਿੱਤ ਮਿਲੀ ਹੈ, ਜੋ ਪ੍ਰਾਇਮਰੀ ਵਿੱਚ ਉਨ੍ਹਾਂ ਦੀ ਮਦਦ ਕਰੇਗੀ। ਰਾਸ਼ਟਰਪਤੀ ਬਾਈਡੇਨ ਨੇ ਇਸ ਚੋਣ ਪ੍ਰਚਾਰ ਵਿੱਚ ਭਾਰੀ ਨਿਵੇਸ਼ ਕੀਤਾ ਹੈ ਤਾਂ ਜੋ ਉਹ ਵੱਧ ਤੋਂ ਵੱਧ ਵੋਟਾਂ ਹਾਸਲ ਕਰ ਸਕਣ। ਉਹ ਖਾਸ ਤੌਰ 'ਤੇ ਗੈਰ ਗੋਰੇ ਮੂਲ ਦੇ ਵੋਟਰਾਂ ਨੂੰ ਨਿਸ਼ਾਨਾ ਬਣਾ ਰਹੇ ਹਨ, ਜੋ ਚੋਣਾਂ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

# ਜੋਅ ਬਾਈਡੇਨ ਤੇ ਐਲਨ ਮਸਕ ਨੂੰ ਮਾਰਨ ਦੀ ਧਮਕੀ ਦੇਣ ਦੇ ਦੋਸ਼ 'ਚ ਟੇਸਲਾ ਦਾ ਕਰਮਚਾਰੀ ਗ੍ਰਿਫ਼ਤਾਰ



ਸਾਨ ਫਰਾਂਸਿਸਕੋ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਤਕਨੀਕੀ ਅਰਬਪਤੀ ਐਲਨ ਮਸਕ ਨੂੰ ਮਾਰਨ ਦੀ ਧਮਕੀ ਦੇਣ ਵਾਲੇ ਟੇਸਲਾ ਦੇ ਇੱਕ ਕਰਮਚਾਰੀ ਨੂੰ ਟੈਕਸਾਸ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਅਦਾਲਤ ਦੇ ਦਸਤਾਵੇਜ਼ਾਂ ਮੁਤਾਬਕ 31 ਸਾਲਾ ਜਸਟਿਨ ਮੈਕਕੌਲੀ ਨੇ ਇਹ ਧਮਕੀ ਮੰਗਲਵਾਰ ਨੂੰ ਐਕਸ ਪੋਸਟ 'ਚ ਦਿੱਤੀ, ਜਿਸ 'ਚ ਲਿਖਿਆ ਗਿਆ ਸੀ, 'ਜੋਅ ਬਾਈਡੇਨ, ਐਲਨ ਮਸਕ, ਮੈਂ ਤੁਹਾਨੂੰ ਸਾਰਿਆਂ ਨੂੰ ਮਾਰਨ ਦੀ ਯੋਜਨਾ ਬਣਾ ਰਿਹਾ ਹਾਂ।" ਮੈਕਕੌਲੀ ਨੇ ਇਕ ਹੋਰ ਪੋਸਟ ਵਿਚ ਲਿਖਿਆ, "ਮੈਂ ਟੈਕਸਾਸ ਪਹੁੰਚਾਂਗਾ, ਜਿੱਥੇ ਕਈ ਮੋਰਚਿਆਂ 'ਤੇ ਜੰਗ ਸ਼ੁਰੂ ਹੋ ਚੁੱਕੀ ਹੈ।"

ਦੋਸ਼ਾਂ ਅਨੁਸਾਰ ਮੈਕਕੌਲੀ ਦੀ ਪਤਨੀ ਨੇ ਰੋਜਰਜ਼ ਪੁਲਸ ਨਾਲ ਸੰਪਰਕ ਕੀਤਾ ਜਦੋਂ ਉਸਨੇ ਉਸਨੂੰ ਦੱਸਿਆ ਕਿ ਉਹ ਟੈਕਸਾਸ ਜਾ ਰਿਹਾ ਹੈ ਅਤੇ ਕਦੇ ਵਾਪਸ ਨਹੀਂ ਆਵੇਗਾ। ਉਸਨੇ ਪੁਲਸ ਨੂੰ ਇਹ ਵੀ ਦੱਸਿਆ ਕਿ ਮੈਕਕੌਲੀ ਨੇ ਆਪਣਾ ਫ਼ੋਨ ਘਰ ਛੱਡ ਦਿੱਤਾ ਸੀ, ਜਿਸ ਨਾਲ ਉਸਨੂੰ ਲੱਭਣਾ ਅਸੰਭਵ ਹੋ ਗਿਆ ਸੀ। ਦੋਸ਼ਾਂ ਅਨੁਸਾਰ ਮੈਕਕੌਲੀ ਨੂੰ 26 ਜਨਵਰੀ ਨੂੰ ਓਕਲਾਹੋਮਾ ਵਿੱਚ ਪੁਲਸ ਨੇ ਰਾਜ ਵਿੱਚ ਯਾਤਰਾ ਕਰਦੇ ਸਮੇਂ ਰੋਕਿਆ ਸੀ। ਰਿਪੋਰਟ ਵਿੱਚ ਕਿਹਾ ਗਿਆ ਕਿ ਮੈਕਕੌਲੀ ਨੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਰਾਸ਼ਟਰਪਤੀ ਨਾਲ ਗੱਲ ਕਰਨਾ ਚਾਹੁੰਦਾ ਹੈ। ਜਦੋਂ ਉਸ ਨੂੰ ਕਾਰਨ ਪੁੱਛਿਆ ਗਿਆ ਤਾਂ ਉਸਨੇ ਕਥਿਤ ਤੌਰ 'ਤੇ ਜਵਾਬ ਦਿੱਤਾ, 'ਜੇਕਰ ਤੁਹਾਨੂੰ ਪਤਾ ਹੁੰਦਾ ਕਿ ਤੁਸੀਂ ਕੱਲ੍ਹ ਮਰਨ ਜਾ ਰਹੇ ਹੋ ਤਾਂ ਕੀ ਤੁਸੀਂ ਰਾਸ਼ਟਰਪਤੀ ਨਾਲ ਗੱਲ ਨਹੀਂ ਕਰਨਾ ਚਾਹੋਗੇ ?'

ਅਗਲੀ ਸਵੇਰ ਅਧਿਕਾਰੀਆਂ ਨੂੰ ਔਸਟਿਨ ਵਿੱਚ ਟੇਸਲਾ ਗੀਗਾਫੈਕਟਰੀ ਵਿੱਚ ਇੱਕ ਧਮਕੀ ਭਰੀ ਕਾਲ ਬਾਰੇ ਸੂਚਿਤ ਕੀਤਾ ਗਿਆ। ਹਾਲਾਂਕਿ ਇਹ ਸਪੱਸ਼ਟ ਨਹੀਂ ਹੈ ਕਿ ਕਾਲ 31 ਸਾਲਾ ਕਰਮਚਾਰੀ ਨੇ ਕੀਤੀ ਸੀ ਜਾਂ ਨਹੀਂ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਕਾਨੂੰਨ ਲਾਗੂ ਕਰਨ ਵਾਲਿਆਂ ਨੇ ਔਸਟਿਨ ਵਿੱਚ ਮੈਕਕੌਲੀ ਨੂੰ ਰੋਕ ਦਿੱਤਾ। ਉਸਨੇ ਕਥਿਤ ਤੌਰ 'ਤੇ ਅਧਿਕਾਰੀਆਂ ਨੂੰ ਦੱਸਿਆ ਕਿ ਉਸਨੇ ਮਸਕ ਨਾਲ ਗੱਲ ਕਰਨ ਲਈ ਟੇਸਲਾ ਗੀਗਾਫੈਕਟਰੀ ਦਾ ਦੌਰਾ ਕਰਨ ਦੀ ਯੋਜਨਾ ਬਣਾਈ ਹੈ। ਇਸ ਤੋਂ ਬਾਅਦ ਮੈਕਕੌਲੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਦੌਰਾਨ ਮਸਕ ਨੇ ਘੋਸ਼ਣਾ ਕੀਤੀ ਹੈ ਕਿ ਟੇਸਲਾ ਆਪਣੇ ਦਫਤਰ ਨੂੰ ਡੇਲਾਵੇਅਰ ਤੋਂ ਟੈਕਸਾਸ ਤੱਕ ਲਿਜਾਣ ਲਈ ਸ਼ੇਅਰਹੋਲਡਰ ਵੋਟ ਕਰਵਾਉਣ ਲਈ ਤੁਰੰਤ ਕਦਮ ਚੁੱਕੇਗੀ। ਇਹ ਬਿਆਨ ਡੇਲਾਵੇਅਰ ਵਿੱਚ ਇੱਕ ਜੱਜ ਦੇ ਫ਼ੈਸਲੇ ਤੋਂ ਬਾਅਦ ਆਇਆ ਹੈ ਕਿ ਮਸਕ ਦਾ 56 ਬਿਲੀਅਨ ਡਾਲਰ ਤਨਖਾਹ ਪੈਕੇਜ ਅਨੁਚਿਤ ਹੈ ਅਤੇ ਟੇਸਲਾ ਬੋਰਡ ਨੂੰ ਇੱਕ ਨਵੇਂ ਤਨਖਾਹ ਪ੍ਰਸਤਾਵ ਨਾਲ ਆਉਣ ਦੀ ਜ਼ਰੂਰਤ ਹੋਵੇਗੀ।

# ਮਿਸ਼ੇਲ ਓਬਾਮਾ ਨੇ ਜਿੱਤਿਆ ਦੂਜਾ ਗ੍ਰੈਮੀ ਐਵਾਰਡ, ਪਤੀ ਬਰਾਕ ਓਬਾਮਾ ਦੀ ਕੀਤੀ ਬਰਾਬਰੀ



ਨਿਊਯਾਰਕ : ਸੰਯੁਕਤ ਰਾਜ ਦੀ ਸਾਬਕਾ ਫਸਟ ਲੇਡੀ ਮਿਸ਼ੇਲ ਓਬਾਮਾ ਨੇ 'ਦਿ ਲਾਈਟ ਵੀ ਕੈਰੀ: ਓਵਰਕਮਿੰਗ ਇਨ ਅਨਸਰਟੇਨ ਟਾਈਮਜ਼' ਲਈ ਸਰਵੋਤਮ ਆਡੀਓਬੁੱਕ, ਨੈਰੇਸ਼ਨ ਅਤੇ ਸਟੋਰੀਟੈਲਿੰਗ ਰਿਕਾਰਡਿੰਗ ਲਈ ਆਪਣਾ ਦੂਜਾ ਗ੍ਰੈਮੀ ਅਵਾਰਡ ਹਾਸਲ ਕੀਤਾ ਹੈ। ਇਹ ਸਨਮਾਨ 2024 ਦੇ ਗ੍ਰੈਮੀ ਦੇ ਪ੍ਰੀ-ਸ਼ੋਅ ਦੌਰਾਨ ਪੇਸ਼ ਕੀਤਾ ਗਿਆ। ਓਬਾਮਾ ਦੇ ਨਾਲ ਮੇਰਿਲ ਸਟਰੀਪ, ਬਰਨੀ ਸੈਂਡਰਸ, ਵਿਲੀਅਮ ਸ਼ੈਟਨਰ, ਅਤੇ ਰਿਕ ਰੁਬਿਨ ਸਮੇਤ ਕਈ ਨਾਮਵਰ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਹਾਲਾਂਕਿ ਉਹ ਪੁਰਸਕਾਰ ਸਵੀਕਾਰ ਕਰਨ ਲਈ ਐਵਾਰਡ ਸ਼ੋਅ ਵਿੱਚ ਹਾਜ਼ਰ ਨਹੀਂ ਸੀ, ਪਰ ਇਸ ਸ਼ਾਨਦਾਰ ਜਿੱਤ ਨੇ ਗ੍ਰੈਮੀ ਐਵਾਰਡ ਦਾ ਇਤਿਹਾਸ ਰਚ ਦਿੱਤਾ ਕਿਉਂਕਿ ਉਹ 2 ਵਾਰ ਪੁਰਸਕਾਰ ਜਿੱਤਣ ਵਾਲੀ ਪਹਿਲੀ ਸਾਬਕਾ ਫਸਟ ਲੇਡੀ ਹੈ। ਇੱਥੇ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਮਿਸ਼ੇਲ ਨੇ ਆਪਣੀ ਆਡੀਓ ਬੁੱਕ 'ਬਿਕਮਿੰਗ' ਲਈ 2020 ਵਿਚ ਗ੍ਰੈਮੀ ਪੁਰਸਕਾਰ ਜਿੱਤਿਆ ਸੀ।

ਮਿਸ਼ੇਲ ਓਬਾਮਾ ਦੀ ਦੂਜੀ ਗ੍ਰੈਮੀ ਜਿੱਤ ਨੇ ਉਨ੍ਹਾਂ ਨੂੰ ਆਪਣੇ ਪਤੀ, ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਬਰਾਬਰ ਖੜ੍ਹਾ ਕਰ ਦਿੱਤਾ ਹੈ, ਜਿਨ੍ਹਾਂ ਨੇ ਆਪਣੀਆਂ ਰਚਨਾਵਾਂ 'ਡਰੀਮਜ਼ ਫਰਾਮ ਮਾਈ ਫਾਦਰ' ਅਤੇ 'ਦਿ ਔਡੈਸਿਟੀ ਆਫ਼ ਹੋਪ' ਲਈ 2 ਗ੍ਰੈਮੀ ਪੁਰਸਕਾਰ ਹਾਸਲ ਕੀਤੇ ਹਨ। ਇਹ ਸਮਾਂਤਰ ਸਫਲਤਾ ਓਬਾਮਾ ਦੇ ਪ੍ਰਭਾਵ ਨੂੰ ਹੋਰ ਵੀ ਵੱਧ ਦਰਸਾਉਂਦੀ ਹੈ ਅਤੇ ਰਾਜਨੀਤਿਕ ਅਤੇ ਸੱਭਿਆਚਾਰਕ ਦੋਵਾਂ ਖੇਤਰਾਂ ਵਿੱਚ ਤਾਕਤ ਦੀ ਦਿੱਖ ਦਰਸਾਉਂਦੀ ਹੈ।

# ਬਾਈਡੇਨ ਪ੍ਰਸ਼ਾਸਨ ਨਾਲ ਲੰਬੀ ਗੱਲਬਾਤ ਤੋਂ ਬਾਅਦ ਭਾਰਤ ਨਾਲ ਡਰੋਨ ਸੌਦੇ ਦਾ ਕੀਤਾ ਸਮਰਥਨ : ਸੈਨੇਟਰ ਕਾਰਡਿਨ




ਵਾਸ਼ਿੰਗਟਨ : ਅਮਰੀਕਾ ਦੇ ਪ੍ਰਭਾਵਸ਼ਾਲੀ ਸੈਨੇਟਰ ਬੇਨ ਕਾਰਡਿਨ ਨੇ ਕਿਹਾ ਹੈ ਕਿ ਉਨ੍ਹਾਂ ਨੇ ਦੇਸ਼ ਦੇ ਰਾਸ਼ਟਰਪਤੀ ਜੋਅ ਬਾਈਡੇਨ ਦੇ ਪ੍ਰਸ਼ਾਸਨ ਨਾਲ ਮਹੀਨਿਆਂ ਤੱਕ ਚੱਲੀ ਗੱਲਬਾਤ ਤੋਂ ਬਾਅਦ ਭਾਰਤ ਨਾਲ 3.99 ਅਰਬ ਅਮਰੀਕੀ ਡਾਲਰ ਦੇ ਡਰੋਨ ਸੌਦੇ 'ਤੇ ਆਪਣਾ ਇਤਰਾਜ਼ ਵਾਪਸ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਬਾਈਡੇਨ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਹੈ ਕਿ ਭਾਰਤ ਅਮਰੀਕੀ ਧਰਤੀ 'ਤੇ ਖਾਲਿਸਤਾਨੀ ਵੱਖਵਾਦੀ ਦੇ ਕਤਲ ਦੀ ਕਥਿਤ ਸਾਜ਼ਿਸ਼ ਦੀ ਜਾਂਚ ਕਰਨ ਲਈ ਵਚਨਬੱਧ ਹੈ ਅਤੇ ਇਸ ਭਰੋਸੇ ਤੋਂ ਬਾਅਦ ਵਿਦੇਸ਼ ਸਬੰਧੀ ਮਾਮਲਿਆਂ ਦੀ ਸੈਨੇਟ ਦੀ ਪ੍ਰਭਾਵਸ਼ਾਲੀ ਕਮੇਟੀ ਦੇ ਚੇਅਰਮੈਨ ਸੈਨੇਟਰ ਬੇਨ ਕਾਰਡਿਨ ਨੇ ਸੌਦੇ ਨੂੰ ਮਨਜ਼ੂਰੀ ਦੇ ਕੇ ਆਪਣੇ ਇਤਰਾਜ਼ ਵਾਪਸ ਲੈ ਲਏ।

ਡੈਮੋਕਰੇਟਿਕ ਨੇਤਾ ਕਾਰਡਿਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਨੇ ਇਸ ਸੌਦੇ ਨੂੰ ਉਦੋਂ ਹੀ ਮਨਜ਼ੂਰੀ ਦਿੱਤੀ, ਜਦੋਂ ਬਾਈਡੇਨ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਭਾਰਤ ਸਰਕਾਰ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਨਾਕਾਮ ਸਾਜ਼ਿਸ਼ ਵਿੱਚ ਭਾਰਤ ਦੇ ਕਥਿਤ ਸਬੰਧਾਂ ਦੀ ਡੂੰਘਾਈ ਨਾਲ ਜਾਂਚ ਕਰਨ ਲਈ ਅਤੇ ਅਮਰੀਕੀ ਨਿਆਂ ਵਿਭਾਗ ਦੀ ਜਾਂਚ ਵਿਚ ਪੂਰਾ ਸਹਿਯੋਗ ਕਰਨ ਲਈ ਵਚਨਬੱਧ ਹੈ। ਅਮਰੀਕਾ ਨੇ ਵੀਰਵਾਰ ਨੂੰ ਭਾਰਤ ਨੂੰ 3.99 ਅਰਬ ਅਮਰੀਕੀ ਡਾਲਰ ਦੀ ਅੰਦਾਜ਼ਨ ਲਾਗਤ 'ਤੇ 31 MQ-9B ਹਥਿਆਰਬੰਦ ਡਰੋਨਾਂ ਦੀ ਵਿਕਰੀ ਨੂੰ ਮਨਜ਼ੂਰੀ ਦਿੱਤੀ। ਇਸ ਨਾਲ ਸਮੁੰਦਰੀ ਮਾਰਗਾਂ 'ਤੇ ਮਨੁੱਖ ਰਹਿਤ ਨਿਗਰਾਨੀ ਅਤੇ ਜਾਸੂਸੀ ਗਸ਼ਤ ਰਾਹੀਂ ਮੌਜੂਦਾ ਅਤੇ ਭਵਿੱਖ ਦੇ ਖ਼ਤਰਿਆਂ ਨਾਲ ਨਜਿੱਠਣ ਦੀ ਭਾਰਤ ਦੀ ਸਮਰੱਥਾ ਵਧੇਗੀ। ਇਸ ਡਰੋਨ ਸੌਦੇ ਦਾ ਐਲਾਨ ਜੂਨ 2023 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਤਿਹਾਸਕ ਰਾਜ ਯਾਤਰਾ ਦੌਰਾਨ ਕੀਤਾ ਗਿਆ ਸੀ।

# ਗਿਆਨਵਾਪੀ ਮਸਜਿਦ 'ਤੇ ਅਦਾਲਤ ਦਾ ਫ਼ੈਸਲਾ ਇਤਿਹਾਸਿਕ: ਅਮਰੀਕੀ ਹਿੰਦੂ

ਵਾਸ਼ਿੰਗਟਨ : ਅਮਰੀਕਾ ਵਿਚ ਇਕ ਪ੍ਰਮੁੱਖ ਹਿੰਦੂ ਅਮਰੀਕੀ ਸਮੂਹ ਨੇ ਵਾਰਾਣਸੀ ਜ਼ਿਲ੍ਹਾ ਅਦਾਲਤ ਦੇ ਗਿਆਨਵਾਪੀ ਮਸਜਿਦ ਕੰਪਲੈਕਸ ਵਿਚ ਵਿਆਸ ਜੀ ਦੇ ਤਹਿਖਾਨੇ ਵਿਚ ਹਿੰਦੂ ਸ਼ਰਧਾਲੂਆਂ ਨੂੰ ਪੂਜਾ ਕਰਨ ਦੀ ਇਜਾਜ਼ਤ ਦੇਣ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਆਫ ਅਮਰੀਕਾ (ਵੀ.ਐੱਚ.ਪੀ.ਏ.) ਅਤੇ ਲਗਭਗ 6 ਹੋਰ ਹਿੰਦੂ ਅਮਰੀਕੀ ਸਮੂਹਾਂ ਨੇ ਇਕ ਬਿਆਨ ਜਾਰੀ ਕਰਕੇ ਇਸ ਨੂੰ 'ਇਤਿਹਾਸਕ ਫੈਸਲਾ' ਦੱਸਿਆ ਹੈ। ਮੀਡੀਆ ਨੂੰ ਜਾਰੀ ਇਕ ਬਿਆਨ ਵਿੱਚ ਕਿਹਾ ਗਿਆ ਕਿ ਵੀ.ਐੱਚ.ਪੀ.ਏ. ਮਾਣਯੋਗ ਅਦਾਲਤ ਵੱਲੋਂ ਲਏ ਗਏ ਇਸ ਚੰਗੀ ਤਰ੍ਹਾਂ ਸੋਚੇ ਸਮਝੇ ਅਤੇ ਜਾਇਜ਼ ਫੈਸਲੇ ਦੀ ਬਹੁਤ ਸ਼ਲਾਘਾ ਕਰਦਾ ਹੈ। ਇਹ ਇਤਿਹਾਸਕ ਫੈਸਲਾ ਉਨ੍ਹਾਂ ਅਧਿਕਾਰਾਂ ਨੂੰ ਬਹਾਲ ਕਰਦਾ ਹੈ ਜੋ ਨਵੰਬਰ 1993 ਵਿਚ ਹਿੰਦੂਆਂ ਤੋਂ ਗੈਰ-ਕਾਨੂੰਨੀ ਢੰਗ ਨਾਲ ਖੋਹ ਲਏ ਗਏ ਸਨ। ਇਸ ਵਿਚ ਕਿਹਾ ਗਿਆ ਕਿ ਵੀ.ਐੱਚ.ਪੀ.ਏ. ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਇਹ ਕਿਸੇ ਘੱਟ-ਗਿਣਤੀ ਸਮੂਹ ਦੇ ਖਿਲਾਫ ਸੰਘਰਸ਼ ਦਾ ਮਸਲਾ ਨਹੀਂ ਹੈ ਸਗੋਂ ਬੁਨਿਆਦੀ ਤੌਰ 'ਤੇ ਜਾਇਦਾਦ ਦੇ ਅਧਿਕਾਰਾਂ ਨਾਲ ਜੁੜਿਆ ਹੋਇਆ ਹੈ। ਹਿੰਦੂ ਧਿਰ ਵੱਲੋਂ ਪੇਸ਼ ਕੀਤੇ ਅਟੱਲ ਸਬੂਤਾਂ ਦੇ ਆਧਾਰ 'ਤੇ ਇਹ ਫੈਸਲਾ ਬਿਲਕੁਲ ਨਿਆਂ ਦੇ ਸਿਧਾਂਤਾਂ ਅਨੁਸਾਰ ਹੈ। ਵੀ.ਐੱਚ.ਪੀ.ਏ. ਨੇ ਕਿਹਾ ਕਿ ਭਾਰਤੀ ਪੁਰਾਤੱਤਵ ਸਰਵੇਖਣ (ਏ.ਐੱਸ.ਆਈ.) ਵੱਲੋਂ ਕੀਤੇ ਗਏ ਵਿਆਪਕ ਪੁਰਾਤੱਤਵ ਸਰਵੇਖਣਾਂ ਅਜਿਹੇ ਸਬੂਤ ਮਿਲੇ ਹਨ ਜੋ ਇਹ ਦਰਸਾਉਂਦੇ ਹਨ ਕਿ ਗਿਆਨਵਾਪੀ ਮਸਜਿਦ ਇੱਕ ਹਿੰਦੂ ਮੰਦਰ ਨੂੰ ਢਾਹੁਣ ਤੋਂ ਬਾਅਦ ਬਣਾਈ ਗਈ ਸੀ।

# ਬਿੱਲ ਗੇਟਸ ਨੂੰ ਪਛਾੜ ਦੁਨੀਆ ਦੇ ਚੌਥੇ ਸਭ ਤੋਂ ਅਮੀਰ ਵਿਅਕਤੀ ਬਣੇ ਮਾਰਕ ਜ਼ੁਕਰਬਰਗ




ਨਿਊਯਾਰਕ : ਮੈਟਾ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਬਿੱਲ ਗੇਟਸ ਨੂੰ ਪਛਾੜ ਕੇ ਹੁਣ ਦੁਨੀਆ ਦੇ ਚੌਥੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ। ਮੇਟਾ ਸਟਾਕ ਦੀਆਂ ਕੀਮਤਾਂ ਵਿਚ 22 ਫ਼ੀਸਦੀ ਦੇ ਵਾਧੇ ਨਾਲ ਉਨ੍ਹਾਂ ਦੀ ਦੌਲਤ ਵਿਚ 28 ਅਰਬ ਡਾਲਰ ਦਾ ਵਾਧਾ ਹੋਇਆ ਹੈ। ਬਲੂਮਬਰਗ ਬਿਲੀਨੇਅਰਜ਼ ਇੰਡੈਕਸ ਮੁਤਾਬਕ ਜ਼ੁਕਰਬਰਗ ਦੀ ਕੁੱਲ ਸੰਪਤੀ ਹੁਣ 170 ਅਰਬ ਡਾਲਰ ਹੋ ਗਈ ਹੈ, ਜਦੋਂਕਿ ਬਿੱਲ ਗੇਟਸ ਦੀ ਕੁਲ ਸੰਪਤੀ 145 ਅਰਬ ਡਾਲਰ ਹੈ। ਇਸ ਸਮੇਂ ਜ਼ੁਕਰਬਰਗ ਤੋਂ ਵੱਧ ਅਮੀਰ ਸਿਰਫ਼ 3 ਲੋਕ ਹਨ। ਇਨ੍ਹਾਂ ਵਿਚ ਬਰਨਾਰਡ ਅਰਨੌਲਟ, ਜੈਫ ਬੇਜੋਸ ਅਤੇ ਐਲੋਨ ਮਸਕ ਸ਼ਾਮਲ ਹਨ। ਜ਼ੁਕਰਬਰਗ ਕੋਲ ਮੈਟਾ ਦੇ ਲਗਭਗ 350 ਮਿਲੀਅਨ ਕਲਾਸ ਏ ਅਤੇ ਬੀ ਦੇ ਸ਼ੇਅਰ ਹਨ। ਜੇਕਰ ਮੈਟਾ ਆਪਣਾ 50 ਸੈਂਟ ਤਿਮਾਹੀ ਲਾਭਅੰਸ਼ ਬਰਕਰਾਰ ਰੱਖਦੀ ਹੈ ਤਾਂ ਅਜਿਹਾ ਲੱਗਦਾ ਹੈ ਕਿ ਜ਼ੁਕਰਬਰਗ ਦੀ ਸਾਲਾਨਾ ਕਮਾਈ 690 ਮਿਲੀਅਨ ਡਾਲਰ ਤੋਂ ਵੱਧ ਜਾਵੇਗੀ। ਜੇਕਰ ਅਜਿਹਾ ਹੁੰਦਾ ਹੈ ਤਾਂ ਅਮੀਰ ਲੋਕਾਂ ਦੀ ਸੂਚੀ 'ਚ ਚੌਥੇ ਨੰਬਰ 'ਤੇ ਰਹਿਣ ਵਾਲੇ ਮੈਟਾ ਦੇ ਸੀ.ਈ.ਓ ਦੇ ਹੋਰ ਅੱਗੇ ਵਧਣ ਦੇ ਸੰਕੇਤ ਹਨ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਭਾਰਤੀ-ਅਮਰੀਕੀ ਨਿੱਕੀ ਹੈਲੀ ਨੇ ਟਰੰਪ ਅਤੇ ਬਾਈਡੇਨ ਤੇ ਖੜੂਸ ਬੁੱਢੇ ਕਹਿ ਕੇ ਵਿੰਨ੍ਹਿਆ ਨਿਸ਼ਾਨਾ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਰਿਪਬਲਿਕਨ ਉਮੀਦਵਾਰ ਬਣਨ ਦੀ ਭਾਰਤੀ ਅਮਰੀਕੀ ਦਾਅਵੇਦਾਰ ਨਿੱਕੀ ਹੈਲੀ ਨੇ ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਉਨ੍ਹਾਂ ਨੂੰ 'ਖੜੂਸ ਬੁੱਢੇ' 'ਗ੍ਰੰਪੀ ਓਲਡ ਮੈਨ' ਕਰਾਰ ਦਿੱਤਾ ਹੈ। ਹੈਲੀ ਨੇ ਇਹ ਟਿੱਪਣੀ ਫਿਲਮ 'ਗ੍ਰੰਪੀ ਓਲਡ ਮੈਨ' ਦਾ ਜ਼ਿਕਰ ਕਰਦੇ ਹੋਏ ਕੀਤੀ ਹੈ। ਉਨ੍ਹਾਂ ਨੇ ਫਿਲਮ ਦੇ ਪੋਸਟਰ 'ਤੇ ਅਦਾਕਾਰਾਂ ਦੇ ਚਿਹਰਿਆਂ ਦੇ ਥਾਂ 'ਤੇ ਆਪਣੇ ਵਿਰੋਧੀਆਂ ਦੇ ਚਿਹਰਿਆਂ ਲਗਾ ਕੇ ਇਸਨੂੰ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਸਾਂਝਾ ਕੀਤਾ। ਹੈਲੀ ਨੇ ਇਹ ਪੋਸਟ ਅਜਿਹੇ ਸਮੇਂ 'ਤੇ ਸ਼ੇਅਰ ਕੀਤੀ ਹੈ, ਜਦੋਂ ਰਿਪਬਲਿਕਨ ਉਮੀਦਵਾਰ ਚੁਣਨ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਇਸ ਮਹੀਨੇ ਦੱਖਣੀ ਕੈਰੋਲੀਨਾ ਦੀਆਂ ਮਹੱਤਵਪੂਰਨ ਪ੍ਰਾਇਮਰੀ ਚੋਣਾਂ ਹੋਣ ਜਾ ਰਹੀਆਂ ਹਨ ਅਤੇ ਇਸ ਪ੍ਰਾਇਮਰੀ ਚੋਣ 'ਚ ਹੈਲੀ ਦੀ ਸਥਿਤੀ 'ਕਰੋ ਜਾਂ ਮਰੋ' ਵਾਲੀ ਹੈ।
ਸੰਯੁਕਤ ਰਾਸ਼ਟਰ ਵਿਚ ਅਮਰੀਕਾ ਦੀ ਸਾਬਕਾ ਰਾਜਦੂਤ ਅਤੇ ਦੱਖਣੀ ਕੈਰੋਲੀਨਾ ਦੀ ਸਾਬਕਾ ਗਵਰਨਰ ਹੈਲੀ (52) ਹੀ ਇਕਲੌਤੀ ਦਾਅਵੇਦਾਰ ਬਚੀ ਹੈ, ਜੋ ਰਿਪਬਲਿਕਨ ਉਮੀਦਵਾਰ ਬਣਨ ਲਈ ਟਰੰਪ (77) ਨੂੰ ਚੁਣੌਤੀ ਦੇ ਰਹੀ ਹੈ। ਟਰੰਪ ਰਿਪਬਲਿਕਨ ਉਮੀਦਵਾਰ ਹਨ ਅਤੇ ਬਾਈਡੇਨ (81) ਡੈਮੋਕਰੇਟਿਕ ਉਮੀਦਵਾਰ ਬਣਨ ਦੇ ਸਭ ਤੋਂ ਮਜ਼ਬੂਤ ਦਾਅਵੇਦਾਰ ਹਨ। 'ਖੜੂਸ ਬੁੱਢੇ' ਯਾਨੀ 'ਗ੍ਰੰਪੀ ਓਲਡ ਮੈਨ' ਥੀਮ ਦੇ ਤਹਿਤ ਸਿਆਸੀ ਇਸ਼ਤਿਹਾਰਾਂ ਦੀ ਇੱਕ ਨਵੀਂ ਲੜੀ ਦੇ ਹਿੱਸੇ ਵਜੋਂ ਹੈਲੀ ਨੇ ਟਰੰਪ ਅਤੇ ਬਾਈਡੇਨ ਨੂੰ ਉਨ੍ਹਾਂ ਦੀ ਉਮਰ ਨੂੰ ਲੈ ਕੇ ਉਨ੍ਹਾਂ 'ਤੇ ਨਿਸ਼ਾਨਾ ਵਿੰਨ੍ਹਿਆ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ 1993 'ਚ ਰਿਲੀਜ਼ ਹੋਈ ਫਿਲਮ 'ਗ੍ਰੰਪੀ ਓਲਡ ਮੈਨ' ਦਾ ਅਜਿਹਾ ਪੋਸਟਰ ਸਾਂਝਾ ਕੀਤਾ, ਜਿਸ 'ਚ ਫਿਲਮੀ ਕਲਾਕਾਰਾਂ ਦੇ ਚਿਹਰਿਆਂ ਦੀ ਥਾਂ ਬਾਈਡੇਨ ਅਤੇ ਟਰੰਪ ਦੇ ਚਿਹਰਿਆਂ ਦੀ ਵਰਤੋਂ ਕੀਤੀ ਗਈ ਸੀ। ਟਰੰਪ ਨੂੰ ਸਖ਼ਤ ਟੱਕਰ ਦੇਣ ਦੀ ਆਪਣੀ ਵਚਨਬੱਧਤਾ ਜ਼ਾਹਰ ਕਰਦੇ ਹੋਏ ਹੈਲੀ ਨੇ ਵੀਰਵਾਰ ਨੂੰ ਪੱਤਰਕਾਰਾਂ ਨੂੰ ਕਿਹਾ, "ਮੈਂ ਕਿਤੇ ਨਹੀਂ ਜਾ ਰਹੀ। ਸਾਨੂੰ ਦੇਸ਼ ਨੂੰ ਬਚਾਉਣਾ ਹੋਵੇਗਾ।" ਬਾਈਡੇਨ ਅਮਰੀਕਾ ਦੇ ਹੁਣ ਤੱਕ ਦੇ ਸਭ ਤੋਂ ਬਜ਼ੁਰਗ ਰਾਸ਼ਟਰਪਤੀ ਹਨ।

# ਭਾਰਤੀ ਮੂਲ ਦੀ ਵਿਦਿਆਰਥਣ ਨੇ ਰਚਿਆ ਇਤਿਹਾਸ, ਯੂਐੱਨ 'ਚ ਕੀਤੀ ਅਮਰੀਕਾ ਦੀ ਨੁਮਾਇੰਦਗੀ

ਵਾਸ਼ਿੰਗਟਨ : ਭਾਰਤੀ ਮੂਲ ਦੀ ਇੱਕ ਵਿਦਿਆਰਥਣ ਨੇ ਅਮਰੀਕਾ ਸਮੇਤ ਦੁਨੀਆ ਭਰ 'ਚ ਦੇਸ਼ ਦਾ ਮਾਣ ਵਧਾਇਆ ਹੈ। ਭਾਰਤੀ-ਅਮਰੀਕੀ ਵਿਦਿਆਰਥਣ ਅਕਸ਼ਿਤਾ ਠਾਕੁਰ, ਜੋ ਮੂਲ ਰੂਪ ਵਿੱਚ ਰਾਜਸਥਾਨ ਦੇ ਕੋਟਾ ਦੀ ਰਹਿਣ ਵਾਲੀ ਹੈ, ਨੂੰ ਸੰਯੁਕਤ ਰਾਸ਼ਟਰ ਸੰਮੇਲਨ ਵਿੱਚ ਅਮਰੀਕਾ ਦੀ ਨੁਮਾਇੰਦਗੀ ਕਰਨ ਦਾ ਮੌਕਾ ਮਿਲਿਆ।



17 ਤੋਂ 21 ਜਨਵਰੀ ਦਰਮਿਆਨ ਚੈੱਕ ਗਣਰਾਜ ਦੀ ਰਾਜਧਾਨੀ ਪ੍ਰਾਗ ਵਿੱਚ ਜਲਵਾਯੂ ਤਬਦੀਲੀ ਬਾਰੇ ਸੰਯੁਕਤ ਰਾਸ਼ਟਰ ਸੰਮੇਲਨ ਦਾ ਆਯੋਜਨ ਕੀਤਾ ਗਿਆ। ਅਕਸ਼ਿਤਾ ਨੇ ਅਮਰੀਕਾ ਦੀ ਤਰਫੋਂ ਸੰਯੁਕਤ ਰਾਸ਼ਟਰ ਦੇ ਇਸ ਸੰਮੇਲਨ ਵਿੱਚ ਹਿੱਸਾ ਲਿਆ। ਉਨ੍ਹਾਂ ਕੌਮਾਂਤਰੀ ਸੰਯੁਕਤ ਰਾਸ਼ਟਰ ਸੰਮੇਲਨ ਵਿੱਚ ਜਲਵਾਯੂ ਤਬਦੀਲੀ ਨਾਲ ਸਬੰਧਤ ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕੀਤੇ। ਦਰਅਸਲ ਭਾਰਤੀ ਮੂਲ ਦੀ ਵਿਦਿਆਰਥਣ ਅਕਸ਼ਿਤਾ ਠਾਕੁਰ ਨੇ ਅਮਰੀਕਾ ਦੀ ਤਰਫੋਂ ਪ੍ਰਾਗ ਵਿੱਚ ਆਯੋਜਿਤ ਇਸ ਕਾਨਫਰੰਸ ਵਿੱਚ ਹਿੱਸਾ ਲਿਆ ਸੀ। ਇਸ ਦੇ ਲਈ ਅਕਸ਼ਿਤਾ ਸਮੇਤ ਅਮਰੀਕਾ ਦੇ ਕੁੱਲ 16 ਬੱਚਿਆਂ ਨੂੰ ਚੁਣਿਆ ਗਿਆ ਸੀ।
ਇਸ ਸੰਯੁਕਤ ਰਾਸ਼ਟਰ ਸੰਮੇਲਨ ਲਈ 9ਵੀਂ ਤੋਂ 12ਵੀਂ ਜਮਾਤ ਦੇ 400 ਤੋਂ ਵੱਧ ਸਕੂਲੀ ਵਿਦਿਆਰਥੀਆਂ ਦੀ ਚੋਣ ਕੀਤੀ ਗਈ। ਇਨ੍ਹਾਂ ਵਿੱਚੋਂ 22 ਵਿਦਿਆਰਥੀਆਂ ਨੂੰ ਬਾਅਦ ਵਿੱਚ ਸ਼ਾਰਟਲਿਸਟ ਕਰਕੇ ਇਸ ਕਾਨਫਰੰਸ ਵਿੱਚ ਭਾਗ ਲੈਣ ਦਾ ਮੌਕਾ ਦਿੱਤਾ ਗਿਆ। ਸੰਯੁਕਤ ਰਾਸ਼ਟਰ ਸੰਮੇਲਨ ਨੂੰ ਸੰਬੋਧਨ ਕਰਨ ਲਈ ਚੋਣ ਦੀ ਪ੍ਰਕਿਰਿਆ ਆਸਾਨ ਨਹੀਂ ਸੀ। ਉਮੀਦਵਾਰਾਂ ਦੀ ਚੋਣ ਕਰਨ ਲਈ ਪ੍ਰਕਿਰਿਆ ਦੇ ਕਈ ਦੌਰ ਸਨ, ਜਿਸ ਵਿੱਚ ਸਮੂਹ ਚਰਚਾ ਅਤੇ ਇੰਟਰਵਿਊ ਲਈ ਪੇਸ਼ਕਾਰੀ ਸ਼ਾਮਲ ਸੀ। ਤੁਹਾਨੂੰ ਦੱਸ ਦੇਈਏ ਕਿ ਅਕਸ਼ਿਤਾ ਨੇ ਸੰਯੁਕਤ ਰਾਸ਼ਟਰ ਮਹਾਸਭਾ 'ਚ ਸਭ ਦੇ ਸਾਹਮਣੇ ਆਪਣਾ ਪ੍ਰਸਤਾਵ ਪੇਸ਼ ਕੀਤਾ, ਜਿਸ ਨੂੰ ਧੁਨੀ ਵੋਟ ਨਾਲ ਪਾਸ ਕਰ ਦਿੱਤਾ ਗਿਆ।
**9ਵੀਂ ਜਮਾਤ ਦੀ ਵਿਦਿਆਰਥਣ ਹੈ ਅਕਸ਼ਿਤਾ :** ਅਕਸ਼ਿਤਾ ਮੂਲ ਰੂਪ ਤੋਂ ਰਾਜਸਥਾਨ ਦੇ ਕੋਟਾ ਦੀ ਰਹਿਣ ਵਾਲੀ ਹੈ। ਉਸ ਦੇ ਮਾਤਾ-ਪਿਤਾ ਕੋਟਾ ਦੇ ਕੈਥੂਨੀਪੋਲ ਨਾਲ ਸਬੰਧਤ ਹਨ। ਉਨ੍ਹਾਂ ਦੇ ਪਿਤਾ ਦਾ ਨਾਮ ਅਕਸ਼ੈ ਠਾਕੁਰ ਅਤੇ ਮਾਤਾ ਦਾ ਨਾਮ ਰਿਤੂ ਠਾਕੁਰ ਹੈ। ਅਕਸ਼ਿਤਾ ਦੇ ਪਿਤਾ ਇਸ ਸਮੇਂ ਨਿਊਜਰਸੀ, ਅਮਰੀਕਾ ਵਿੱਚ ਸੈਟਲ ਹਨ। ਅਕਸ਼ਿਤਾ ਨਿਊਜਰਸੀ ਵਿੱਚ 9ਵੀਂ ਜਮਾਤ ਵਿੱਚ ਪੜ੍ਹ ਰਹੀ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵੀ ਕਈ ਭਾਰਤੀ ਅਤੇ ਭਾਰਤੀ ਮੂਲ ਦੇ ਵਿਅਕਤੀ ਨਾ ਸਿਰਫ ਅਮਰੀਕਾ ਬਲਕਿ ਵਿਸ਼ਵ ਪੱਧਰ 'ਤੇ ਵੀ ਭਾਰਤ ਦਾ ਮਾਣ ਉੱਚਾ ਕਰ ਚੁੱਕੇ ਹਨ। ਸਕੂਲੀ ਵਿਦਿਆਰਥੀਆਂ ਤੋਂ ਲੈ ਕੇ ਰਾਜਨੀਤੀ ਅਤੇ ਉੱਦਮਤਾ ਦੇ ਗਲਿਆਰਿਆਂ ਤੱਕ ਭਾਰਤੀਆਂ ਨੇ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ।

# ਕੈਲੀਫੋਰਨੀਆ ਦੇ ਸਭ ਤੋਂ ਵੱਡੇ ਗੁਰਦੁਆਰੇ 'ਚ ਲੱਗੀ ਅੱਗ

ਨਿਊਯਾਰਕ : ਕੈਲੀਫੋਰਨੀਆ ਸੂਬੇ ਵਿੱਚ ਸਿੱਖਾਂ ਦੇ ਸਭ ਤੋਂ ਵੱਡੇ ਗੁਰੂ ਘਰ ਵਿੱਚ ਅੱਗ ਲੱਗ ਗਈ। ਅੱਗ ਲੱਗਣ ਤੋਂ ਬਾਅਦ ਕਈ ਪ੍ਰੋਪੇਨ ਟੈਂਕਾਂ ਵਿੱਚ ਧਮਾਕਾ ਹੋ ਗਿਆ ਅਤੇ ਧਾਰਮਿਕ ਕਲਾਸਾਂ ਵਾਲੇ ਕਮਰੇ ਨੂੰ ਨੁਕਸਾਨ ਪਹੁੰਚਿਆ। ਅਧਿਕਾਰੀਆਂ ਨੇ ਇਸ ਸਬੰਧੀ ਜਾਣਕਾਰੀ ਦਿੱਤੀ।



ਸੈਕਰਾਮੈਂਟੋ ਇਲਾਕੇ ਦੇ ਗੁਰਦੁਆਰਾ ਸੈਕਰਾਮੈਂਟੋ ਸਿੱਖ ਸੁਸਾਇਟੀ 'ਚ ਸੋਮਵਾਰ ਨੂੰ ਵਾਪਰੀ ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਸੂਚਨਾ ਨਹੀਂ ਹੈ। ਐਮਰਜੈਂਸੀ ਅਮਲੇ ਨੂੰ ਦੁਪਹਿਰ 3:30 ਵਜੇ ਦੇ ਕਰੀਬ ਬੁਲਾਇਆ ਗਿਆ। ਮੈਟਰੋ ਫਾਇਰ ਬਟਾਲੀਅਨ ਦੇ ਚੀਫ ਪਾਰਕਰ ਵਿਲਬਰਨ ਨੇ ਕਿਹਾ ਕਿ ਗੁਰਦੁਆਰਾ ਸੈਕਰਾਮੈਂਟੋ ਸਿੱਖ ਸੁਸਾਇਟੀ, ਡਾਊਨਟਾਊਨ ਸੈਕਰਾਮੈਂਟੋ ਦੇ ਦੱਖਣ-ਪੂਰਬ ਵਿੱਚ ਇੱਕ ਧਾਰਮਿਕ ਸਥਲ ਹੈ। ਉਸ ਨੇ ਕਿਹਾ ਕਿ ਸ਼ਰਧਾਲੂਆਂ ਨੂੰ ਸ਼ੈਰਿਫ ਦੇ ਡਿਪਟੀਜ਼ ਦੁਆਰਾ ਜਾਇਦਾਦ ਤੋਂ ਬਾਹਰ ਕੱਢਿਆ ਗਿਆ ਅਤੇ ਕਿਸੇ ਨੂੰ ਵੀ ਸੱਟ ਲੱਗਣ ਦੀ ਰਿਪੋਰਟ ਨਹੀਂ ਕੀਤੀ ਗਈ ਸੀ।
ਇਸ ਘਟਨਾ ਵਿਚ ਘੱਟੋ-ਘੱਟ ਦੋ ਵਾਹਨ ਸੜ ਗਏ। ਦਿ ਸੈਕਰਾਮੈਂਟੋ ਬੀ ਅਖ਼ਬਾਰ ਨੇ ਰਿਪੋਰਟ ਦਿੱਤੀ ਕਿ ਅੱਗ ਨੇ ਇਮਾਰਤ ਦੇ ਚੁਬਾਰੇ ਨੂੰ ਸਾੜ ਦਿੱਤਾ, ਜਿਸ ਨਾਲ ਇਕ ਢਾਂਚਾ ਨਸ਼ਟ ਹੋ ਗਿਆ ਅਤੇ ਛੱਤ ਅੰਸ਼ਕ ਤੌਰ 'ਤੇ ਡਿੱਗ ਗਈ। ਵਿਲਬੋਰਨ ਨੇ ਕਿਹਾ ਕਿ ਅੱਗ ਨੇ ਘੱਟੋ-ਘੱਟ ਛੇ ਵੱਡੇ ਪ੍ਰੋਪੇਨ ਟੈਂਕਾਂ ਨੂੰ ਚਪੇਟ ਵਿਚ ਲੈ ਲਿਆ, ਜਿਸ ਨਾਲ ਧਮਾਕੇ ਹੋਏ। ਧਮਾਕੇ ਮਗਰੋਂ ਧਾਤ ਘੱਟੋ-ਘੱਟ 50 ਫੁੱਟ ਤੱਕ ਉੱਡ ਰਹੀ ਸੀ ਅਤੇ ਧੂੰਏਂ ਦਾ ਇੱਕ ਵੱਡਾ ਗੁਬਾਰ ਨਿਕਲਿਆ ਜੋ ਮੀਲਾਂ ਤੱਕ ਦੇਖਿਆ ਜਾ ਸਕਦਾ ਸੀ।
ਵਿਲਬੋਰਨ ਨੇ ਕਿਹਾ, 'ਇਸ ਸਮੇਂ ਉਹ ਇਹ ਸਿੱਟਾ ਨਹੀਂ ਕੱਢ ਰਹੇ ਕਿ ਕੁਝ ਵੀ ਸ਼ੱਕੀ ਹੈ'। ਵਿਲਬੋਰਨ ਮੁਤਾਬਕ ਅੱਗ ਦੀਆਂ ਲਪਟਾਂ ਜ਼ਿਆਦਾ ਦੂਰ ਤੱਕ ਨਹੀਂ ਫੈਲੀਆਂ। ਅੱਗ ਦਾ ਕਾਰਨ ਅਣਜਾਣ ਹੈ। ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਅੱਗ ਕਿੱਥੋਂ ਲੱਗੀ। ਨੇੜਲੇ ਐਲਕ ਗਰੋਵ ਦੇ ਮੇਅਰ ਅਤੇ ਗੁਰਦੁਆਰੇ ਦੇ ਮੈਂਬਰ ਬੌਬੀ ਸਿੰਘ-ਐਲਨ ਨੇ ਕਿਹਾ, 'ਇਹ ਚਿੰਤਾਜਨਕ ਹੈ ਜੋ ਹਰ ਹਫਤੇ ਲਗਭਗ 2,000 ਲੋਕਾਂ ਨੂੰ ਆਕਰਸ਼ਿਤ ਕਰਦਾ ਹੈ। ਇਹ ਪਰੇਸ਼ਾਨ ਕਰਨ ਵਾਲਾ ਹੈ, ਪਰ ਸ਼ੁਕਰ ਹੈ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ।'

# ਇਰਾਕ ਅਤੇ ਸੀਰੀਆ 'ਚ ਈਰਾਨ ਪੱਖੀ ਸਮੂਹਾਂ ਦੇ 85 ਟਿਕਾਣਿਆਂ ਤੇ ਕੀਤੀ ਏਅਰ ਸਟ੍ਰਾਈਕ



ਵਾਸ਼ਿੰਗਟਨ : ਅਮਰੀਕਾ ਨੇ ਜਾਰਡਨ ਵਿਚ ਆਪਣੇ ਫ਼ੌਜੀਆਂ 'ਤੇ ਹਮਲਿਆਂ ਦੀ ਜਵਾਬੀ ਕਾਰਵਾਈ ਕਰਦੇ ਹੋਏ ਇਰਾਕ ਅਤੇ ਸੀਰੀਆ ਵਿਚ ਈਰਾਨ ਸਮਰਥਿਤ ਮਿਲੀਸ਼ੀਆ (ਨਾਗਰਿਕ ਲੜਾਕਿਆਂ) ਅਤੇ ਈਰਾਨੀ 'ਰਿਵੋਲਿਊਸ਼ਨਰੀ ਗਾਰਡ' ਦੇ 85 ਟਿਕਾਣਿਆਂ 'ਤੇ ਹਵਾਈ ਹਮਲੇ ਕੀਤੇ। ਜਾਰਡਨ ਵਿੱਚ ਈਰਾਨ ਸਮਰਥਿਤ ਸਮੂਹ ਵੱਲੋਂ ਕੀਤੇ ਗਏ ਡਰੋਨ ਹਮਲੇ ਵਿੱਚ 3 ਅਮਰੀਕੀ ਫ਼ੌਜੀਆਂ ਦੀ ਮੌਤ ਹੋ ਗਈ ਸੀ ਅਤੇ 40 ਤੋਂ ਵੱਧ ਜ਼ਖ਼ਮੀ ਹੋ ਗਏ ਸਨ। ਯੂ.ਐੱਸ. ਦੇ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਹੋਰ ਚੋਟੀ ਦੇ ਅਮਰੀਕੀ ਨੇਤਾ ਕਈ ਦਿਨਾਂ ਤੋਂ ਚੇਤਾਵਨੀ ਦੇ ਰਹੇ ਸਨ ਕਿ ਅਮਰੀਕਾ ਮਿਲਸ਼ੀਆ ਸਮੂਹਾਂ 'ਤੇ ਜਵਾਬੀ ਹਮਲਾ ਕਰੇਗਾ। ਸ਼ੁੱਕਰਵਾਰ ਨੂੰ ਅਮਰੀਕੀ ਹਮਲਿਆਂ ਤੋਂ ਬਾਅਦ ਬਾਈਡੇਨ ਨੇ ਇਕ ਬਿਆਨ ਜਾਰੀ ਕਰ ਕੇ ਕਿਹਾ, "ਅਮਰੀਕਾ ਪੱਛਮੀ ਏਸ਼ੀਆ ਜਾਂ ਦੁਨੀਆ 'ਚ ਕਿਤੇ ਵੀ ਸੰਘਰਸ਼ ਨਹੀਂ ਚਾਹੁੰਦਾ, ਪਰ ਜੋ ਲੋਕ ਸਾਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ, ਉਹ ਇਹ ਜਾਣ ਲੈਣ ਕੇ ਜੇਕਰ ਤੁਸੀਂ ਕਿਸੇ ਅਮਰੀਕੀ ਨੂੰ ਨੁਕਸਾਨ ਪਹੁੰਚਾਓਗੇ, ਤਾਂ ਅਸੀਂ ਜਵਾਬ ਦੇਵਾਂਗੇ।" ਬਾਈਡੇਨ ਨੇ ਪਿਛਲੇ ਐਤਵਾਰ ਨੂੰ ਕਿਹਾ ਸੀ ਕਿ ਜਾਰਡਨ ਵਿੱਚ ਈਰਾਨ ਦੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡਜ਼ ਕੋਰ (ਆਈ.ਆਰ.ਜੀ.ਸੀ.) ਵੱਲੋਂ ਸਮਰਥਤ ਅੱਤਵਾਦੀ ਸਮੂਹਾਂ ਵੱਲੋਂ ਕੀਤੇ ਗਏ ਡਰੋਨ ਹਮਲੇ ਵਿੱਚ 3 ਅਮਰੀਕੀ ਫ਼ੌਜੀ ਮਾਰੇ ਗਏ ਸਨ। ਬਾਈਡੇਨ ਨੇ ਸ਼ੁੱਕਰਵਾਰ ਨੂੰ ਕਿਹਾ, 'ਮੇਰੇ ਨਿਰਦੇਸ਼ 'ਤੇ ਅੱਜ ਦੁਪਹਿਰ ਅਮਰੀਕੀ ਫੌਜੀ ਬਲਾਂ ਨੇ ਇਰਾਕ ਅਤੇ ਸੀਰੀਆ ਵਿੱਚ ਉਨ੍ਹਾਂ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ, ਜਿਨ੍ਹਾਂ ਦੀ ਵਰਤੋਂ ਆਈ.ਆਰ.ਜੀ.ਸੀ. ਅਤੇ ਸੰਬੰਧਿਤ ਮਿਲੀਸ਼ੀਆ ਸਮੂਹ ਅਮਰੀਕੀ ਬਲਾਂ 'ਤੇ ਹਮਲਾ ਕਰਨ ਲਈ ਕਰਦੇ ਹਨ। ਸਾਡੀ ਜਵਾਬੀ ਕਾਰਵਾਈ ਅੱਜ ਤੋਂ ਸ਼ੁਰੂ ਹੋਈ ਹੈ, ਜੋ ਸਾਡੀ ਪਸੰਦ ਦੇ ਸਥਾਨਾਂ 'ਤੇ ਅਤੇ ਸਾਡੇ ਚੁਣੇ ਹੋਏ ਸਮੇਂ 'ਤੇ ਜਾਰੀ ਰਹੇਗੀ।'

# ਅਮਰੀਕਾ 'ਚ ਰਾਜਸੀ ਮਤਭੇਦਾਂ ਕਾਰਨ ਪੁੱਤਰ ਨੇ ਪਿਓ ਦਾ ਸਿਰ ਧੜ ਤੋਂ ਕੀਤਾ ਵੱਖ, ਹੋਇਆ ਗ੍ਰਿਫਤਾਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਰਾਜਸੀ ਮੱਤਭੇਦ ਕਾਰਨ ਇਕ ਪੁੱਤਰ ਵੱਲੋਂ ਆਪਣੇ ਪਿਤਾ ਦਾ ਸਿਰ ਵੱਢ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਪੁੱਤ ਵੱਲੋਂ ਬਾਅਦ ਵਿਚ ਯੂ ਟਿਊਬ ਉਪਰ ਇਕ ਵੀਡੀਓ ਵੀ ਪਾਈ ਗਈ ਜਿਸ ਵਿਚ ਪਲਾਸਟਿਕ ਵਿਚ ਲਪੇਟਿਆ ਪਿਤਾ ਦਾ ਸਿਰ ਵੀ ਉਸ ਨੇ ਹੱਥ ਵਿਚ ਫੜਿਆ ਹੋਇਆ ਹੈ। ਮਿਡਲਟਾਊਨ ਟਾਊਨਸ਼ਿੱਪ ਪੁਲਿਸ ਵਿਭਾਗ ਦੇ ਡਿਟੈਕਟਿਵ ਲੈਫਟੀਨੈਂਟ ਸਟੀਫਨ ਫੋਰਮੈਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜਸਟਿਨ ਮੋਹਨ ਨਾਮੀ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਜਸਟਿਨ



ਆਪਣੇ ਪਿਤਾ ਦੀ ਹੱਤਿਆ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਜਸਟਿਨ ਮੋਹਨ

ਮੋਹਨ ਉਹ ਹੀ ਵਿਅਕਤੀ ਹੈ ਜਿਸ ਨੇ ਯੂ ਟਿਊਬ ਉਪਰ ਵੀਡੀਓ ਪਾਈ ਸੀ ਜਿਸ ਵੀਡੀਓ ਵਿਚ ਉਹ ਬਾਈਡਨ ਸਰਕਾਰ ਵਿਰੁੱਧ ਬੋਲਦਾ ਹੈ ਤੇ ਦਾਅਵਾ ਕਰਦਾ ਹੈ ਕਿ ਹੱਥ ਵਿਚ ਫੜਿਆ ਉਸ ਦੇ ਪਿਤਾ ਦਾ ਸਿਰ ਹੈ। ਜਸਟਿਨ ਮੋਹਨ ਆਪਣੇ ਪਿਤਾ ਦੀ ਬਾਈਡਨ ਸਰਕਾਰ ਪ੍ਰਤੀ ਪਹੁੰਚ ਤੋਂ ਖਫਾ ਸੀ ਤੇ ਵੀਡੀਓ ਵਿਚ ਆਪਣੇ ਪਿਤਾ ਨੂੰ ਸੰਘੀ ਵਰਕਰ ਕਹਿੰਦਾ ਹੈ। ਜੋਸਫ ਬਰਟੋਰੀਲਾ ਚੀਫ ਮਿਡਲਟਾਊਨ ਟਾਊਨਸ਼ਿਪ ਪੁਲਿਸ ਵਿਭਾਗ ਨੇ ਕਿਹਾ ਹੈ ਕਿ ਮੋਹਨ ਦੀ ਮਾਂ ਨੇ ਸ਼ਾਮ 7 ਵਜੇ ਦੇ ਆਸ ਪਾਸ ਘਟਨਾ ਦੀ ਸੂਚਨਾ ਦਿੱਤੀ ਸੀ ਉਪਰੰਤ ਮੋਹਨ ਨੂੰ ਅਪਰਾਧ ਸਥਾਨ ਲੈਵੀਟੋਨ ਤੋਂ 110 ਮੀਲ ਦੂਰ ਫੋਰਟ ਇੰਡਿਅਨਟਾਊਨ ਗੈਪ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਮ੍ਰਿਤਕ ਪਿਤਾ ਦੀ ਪਛਾਣ ਮਾਈਕਲ ਐਫ ਮੋਹਨ ਵਜੋਂ ਹੋਈ ਹੈ।

# ਅਮਰੀਕਾ ਦੀ 'ਵਰਸਿਟੀ 'ਚ ਮ੍ਰਿਤਕ ਹਾਲਤ 'ਚ ਮਿਲੇ ਭਾਰਤੀ ਵਿਦਿਆਰਥੀ ਦੇ ਸਰੀਰ 'ਤੇ ਕੋਈ ਸੱਟ ਜਾਂ ਜ਼ਖਮ ਦਾ ਨਿਸ਼ਾਨ ਨਹੀਂ ਮਿਲਿਆ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੀ ਪੁਰਡਿਊ ਯੁਨੀਵਰਸਿਟੀ (ਇੰਡਿਆਨਾ) ਦੇ ਭਾਰਤੀ ਮੂਲ ਦੇ ਵਿਦਿਆਰਥੀ ਨੀਲ ਅਚਾਰੀਆ ਦੇ ਸਰੀਰ ਉਪਰ ਕੋਈ ਸੱਟ ਜਾਂ ਜ਼ਖਮ ਦਾ ਨਿਸ਼ਾਨ ਨਹੀਂ ਮਿਲਿਆ। ਟਿਪਕੈਨੋਅ ਕਾਊਂਟੀ ਕੋਰੋਨਰ ਕੈਰੀ ਕੋਸਟੈਲੋ ਨੇ ਕਿਹਾ ਹੈ ਕਿ ਪੋਸਟ ਮਾਰਟਮ ਰਿਪੋਰਟ ਅਨੁਸਾਰ ਨੀਲ ਅਚਾਰੀਆ ਦੇ ਸਰੀਰ 'ਤੇ ਅਜਿਹੀ ਕੋਈ ਸੱਟ ਨਹੀਂ ਹੈ ਜਿਸ ਨਾਲ ਉਸ ਦੀ ਮੌਤ ਹੋਈ ਹੋਵੇ। ਉਨਾਂ ਕਿਹਾ ਕਿ ਇਸ ਸਮੇ ਨੀਲ ਦੀ ਮੌਤ ਸਬੰਧੀ ਕੋਈ ਸਾਜਿਸ਼ ਜਾਂ ਕੋਈ ਸ਼ੱਕੀ ਕਾਰਵਾਈ ਨਜਰ ਨਹੀਂ ਆ ਰਹੀ। ਕੋਸਟੈਲੋ ਨੇ ਕਿਹਾ ਕਿ ਮੌਤ ਦੇ ਕਾਰਨ ਸਬੰਧੀ ਮੁੱਢਲੀ ਰਿਪੋਰਟ ਅਜੇ ਨਹੀਂ ਆਈ। ਟਿਪਕੈਨੋਅ ਕਾਊਂਟੀ ਕੋਰੋਨਰ ਦਾ ਦਫਤਰ ਤੇ ਪੁਰਡਿਊ ਯਨੀਵਰਸਿਟੀ ਪੁਲਿਸ ਵਿਭਾਗ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਿਹਾ ਹੈ। ਕੋਸਟੈਲੋ ਨੇ ਨੀਲ ਅਚਾਰੀਆ ਦੇ ਸੱਕੇ ਸਬੰਧੀਆਂ ਨਾਲ ਮਿਲਕੇ ਦੁੱਖ ਦਾ ਪ੍ਰਗਟਾਵਾ ਵੀ ਕੀਤਾ ਹੈ। ਇਥੇ ਜਿਕਰਯੋਗ ਹੈ ਕਿ 28 ਜਨਵਰੀ ਨੂੰ ਲਾਪਤਾ ਹੋਏ ਨੀਲ ਅਚਾਰੀਆ ਦੀ ਅਗਲੇ ਦਿਨ ਯੁਨੀਵਰਸਿਟੀ ਦੇ ਕੈਂਪਸ ਵਿਚੋਂ ਲਾਸ਼ ਬਰਾਮਦ ਹੋਈ ਸੀ।

# ਅਮਰੀਕਾ ਵਿਚ ਇਕ ਹੋਰ ਭਾਰਤੀ ਵਿਦਿਆਰਥੀ ਦੀ ਭੇਦਭਰੀ ਮੌਤ, ਇਕ ਹਫਤੇ ਵਿਚ ਤੀਸਰੀ ਘਟਨਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਓਹੀਓ ਰਾਜ ਵਿਚ ਇਕ ਹੋਰ ਭਾਰਤੀ ਵਿਦਿਆਰਥੀ ਸ਼ਰੇਯਸ ਰੈਡੀ ਮ੍ਰਿਤਕ ਹਾਲਤ ਵਿਚ ਮਿਲਿਆ ਹੈ। ਇਕ ਹਫਤੇ ਵਿਚ ਇਹ ਤੀਸਰਾ ਭਾਰਤੀ ਵਿਦਿਆਰਥੀ ਹੈ ਜਿਸ ਦੀ ਮ੍ਰਿਤਕ ਦੇਹ ਮਿਲੀ ਹੈ। ਅਜੇ ਤੱਕ ਮੌਤ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ। ਪ੍ਰਾਪਤ ਜਾਣਕਾਰੀ ਅਨੁਸਾਰ ਰੈਡੀ ਲਿੰਡਰ ਸਕੂਲ ਆਫ ਬਿਜ਼ਨਸ ਦਾ ਵਿਦਿਆਰਥੀ ਸੀ। ਇੰਡੀਅਨ ਕੌਂਸਲੇਟ ਨਿਊਯਾਰਕ ਨੇ ਘਟਨਾ ਉਪਰ ਅਫਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਹ ਪਰਿਵਾਰ ਦੇ ਸੰਪਰਕ ਵਿਚ ਹੈ । ਕੌਂਸਲੇਟ ਨੇ ਇਕ ਪੋਸਟ ਵਿਚ ਲਿਖਿਆ ਹੈ ਕਿ " ਓਹੀਓ ਵਿਚ ਭਾਰਤੀ ਵਿਦਿਆਰਥੀ ਸ਼੍ਰੇਯਸ ਰੈਡੀ ਬੇਨੀਗੇਰੀ ਦੀ ਬੇਵਕਤੀ ਮੌਤ ਉਪਰ ਗਹਿਰਾ ਅਫਸੋਸ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਕੌਂਸਲੇਟ ਨਿਰੰਤਰ ਪਰਿਵਾਰ ਦੇ ਸੰਪਰਕ ਵਿਚ ਹੈ ਤੇ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾ ਰਹੀ ਹੈ।" ਇਥੇ ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਸੇ ਹਫਤੇ ਵਿਵੇਕ ਸੈਣੀ ਤੇ ਨੀਲ ਅਚਾਰੀਆ ਨਾਮੀ ਭਾਰਤੀ ਵਿਦਿਆਰਥੀਆਂ ਦੀ ਭੇਦਭਰੀ ਮੌਤ ਹੋ ਚੁੱਕੀ ਹੈ। ਸ਼੍ਰੇਯਸ ਰੈਡੀ ਦੀ ਮੌਤ ਵੀ ਅਜੇ ਤੱਕ ਇਕ ਭੇਦ ਬਣੀ ਹੋਈ ਹੈ।

# ਅਮਰੀਕਾ ਵਿਚ ਇਕ ਛੋਟਾ ਜਹਾਜ਼ ਇਕ ਘਰ ਉਪਰ ਡਿੱਗਾ, ਲੱਗੀ ਅੱਗ, ਪਾਇਲਟ ਸਮੇਤ 3 ਮੌਤਾਂ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜਆ ਬੰਗਾ)- ਅਮਰੀਕਾ ਦੇ ਫਲੋਰਿਡਾ ਰਾਜ ਵਿਚ ਕਲੀਅਰਵਾਟਰ ਖੇਤਰ ਵਿਚ ਇਕ ਛੋਟਾ ਜਹਾਜ਼ ਹਾਦਸਾਗ੍ਰਸਤ ਹੋ ਕੇ ਇਕ ਘਰ ਉਪਰ ਆ ਡਿੱਗਾ ਜਿਸ ਉਪਰੰਤ ਜਹਾਜ਼ ਨੂੰ ਅੱਗ ਲੱਗ ਗਈ। ਇਸ ਘਟਨਾ ਵਿਚ 3 ਵਿਅਕਤੀਆਂ ਦੀ ਮੌਤ ਹੋ ਗਈ। ਫੈਡਰਲ ਐਵੀਏਸ਼ਨ ਅਡਮਿਨਿਸਟ ?ਰੇਸ਼ਨ ਦੀ ਰਿਪੋਰਟ ਅਨੁਸਾਰ ਜਿਸ ਘਰ ਉਪਰ ਜਹਾਜ਼ ਡਿੱਗਾ ਉਸ ਵਿਚ ਰਹਿੰਦੇ 2 ਵਿਅਕਤੀਆਂ ਦੀ ਮੌਤ ਹੋ ਗਈ ਜਦ ਕਿ ਤੀਸਰਾ ਮ੍ਰਿਤਕ ਜਹਾਜ਼ ਦਾ ਪਾਇਲਟ ਹੈ। ਜਹਾਜ਼ ਵਿਚ ਹੋਰ ਕੋਈ ਵੀ ਵਿਅਕਤੀ ਸਵਾਰ ਨਹੀਂ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਹਾਜ਼ ਅਣਜਾਣੇ ਹਾਲਾਤ ਵਿਚ ਮੋਬਾਇਲ ਹੋਮ ਪਾਰਕ ਵਿਚ ਤਬਾਹ ਹੋਇਆ ਹੈ ਤੇ ਇਹ ਵੀ ਰਿਪੋਰਟ ਹੈ ਕਿ ਡਿੱਗਣ ਤੋਂ ਪਹਿਲਾਂ ਹੀ ਜਹਾਜ਼ ਨੂੰ ਅੱਗ ਲੱਗ ਗਈ ਸੀ। ਅੱਗ ਬੁਝਾਊ ਤੇ ਰਾਹਤ ਵਿਭਾਗ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਘਰ ਵਿਚ 9 ਲੋਕ ਰਹਿੰਦੇ ਸਨ ਪਰੰਤੂ ਹਾਦਸੇ ਵੇਲੇ ਘਰ ਵਿਚ 2 ਹੀ ਲੋਕ ਸਨ ਜੋ ਮਾਰੇ ਗਏ।

# ਅਮਰੀਕਾ ਨੇ ਹੂਤੀ ਟਿਕਾਣਿਆਂ ਤੇ ਹਵਾਈ ਹਮਲੇ ਕੀਤੇ ਸ਼ੁਰੂ



ਸਨਾ : ਅਮਰੀਕਾ ਅਤੇ ਬ੍ਰਿਟੇਨ ਨੇ ਐਤਵਾਰ ਦੇਰ ਰਾਤ ਉੱਤਰੀ ਯਮਨ 'ਚ ਹੂਤੀ ਕੈਂਪਾਂ 'ਤੇ ਹਵਾਈ ਹਮਲੇ ਸ਼ੁਰੂ ਕੀਤੇ। ਹੂਤੀ ਦੁਆਰਾ ਚਲਾਏ ਜਾ ਰਹੇ ਅਲ-ਮਸੀਰਾਹ ਟੀਵੀ ਨੇ ਇੱਕ ਰਿਪੋਰਟ ਜਾਰੀ ਕਰਕੇ ਇਹ ਜਾਣਕਾਰੀ ਦਿੱਤੀ। ਅਮਰੀਕਾ ਅਤੇ ਬ੍ਰਿਟਿਸ਼ ਹਮਲਿਆਂ ਨੇ ਹੂਤੀ ਵਿਦਰੋਹੀਆਂ ਦੇ ਗੜ੍ਹ ਸਾਦਾ ਪ੍ਰਾਂਤ ਅਤੇ ਰਣਨੀਤਕ ਲਾਲ ਸਾਗਰ ਬੰਦਰਗਾਹ ਸ਼ਹਿਰ ਹੋਦੀਦਾਹ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਹਮਲਿਆਂ ਨੇ ਸੂਬਾਈ ਰਾਜਧਾਨੀ ਸਾਦਾ ਦੇ ਪੂਰਬੀ ਹਿੱਸੇ ਅਤੇ ਬਾਕਿਮ ਦੇ ਉੱਤਰੀ ਜ਼ਿਲ੍ਹੇ ਵਿੱਚ ਕਾਫ਼ੀ ਨੁਕਸਾਨ ਕੀਤਾ। ਹੋਦੀਦਾਹ ਵਿੱਚ ਹੋਏ ਹਮਲਿਆਂ ਵਿੱਚ ਉੱਤਰ ਪੱਛਮੀ ਤੱਟੀ ਜ਼ਿਲ੍ਹੇ ਰਾਸ ਇਸਾ ਅਤੇ ਨੇੜਲੇ ਜ਼ਿਲ੍ਹੇ ਅਜ਼-ਜ਼ੈਦੀਆਹ ਵਿੱਚ ਕੈਂਪਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਦੂਜੇ ਪਾਸੇ ਅਮਰੀਕੀ ਰੱਖਿਆ ਵਿਭਾਗ ਨੇ ਇੱਕ ਬਿਆਨ ਵਿੱਚ ਕਿਹਾ ਕਿ ਹਵਾਈ ਹਮਲਿਆਂ ਦਾ ਉਦੇਸ਼ ਈਰਾਨ ਸਮਰਥਿਤ ਹਾਉਥੀ ਮਿਲੀਸ਼ੀਆ ਨੂੰ ਅਮਰੀਕੀ ਅਤੇ ਅੰਤਰਰਾਸ਼ਟਰੀ ਜਹਾਜ਼ਾਂ ਨੂੰ ਕਾਨੂੰਨੀ ਤੌਰ 'ਤੇ ਲਾਲ ਸਾਗਰ ਪਾਰ ਕਰਨ ਤੋਂ ਰੋਕਣਾ ਸੀ। ਇਸ ਦੌਰਾਨ ਹੂਤੀ ਦੇ ਮੁੱਖ ਵਾਰਤਾਕਾਰ ਮੁਹੰਮਦ ਅਬਦੁਸਲਾਮ ਨੇ ਅਲ-ਮਸੀਰਾ ਟੀਵੀ 'ਤੇ ਕਿਹਾ ਕਿ ਅਮਰੀਕੀ ਹਵਾਈ ਹਮਲੇ ਉਨ੍ਹਾਂ ਦੀਆਂ ਸਥਿਤੀਆਂ ਨੂੰ ਤਬਾਹ ਨਹੀਂ ਕਰ ਸਕਣਗੇ ਅਤੇ ਨਾ ਹੀ ਫੌਜੀ ਕਾਰਵਾਈਆਂ ਅਤੇ ਸਮਰੱਥਾਵਾਂ ਨੂੰ ਨੁਕਸਾਨ ਪਹੁੰਚਾ ਸਕਣਗੇ। ਹੂਤੀ ਫੌਜੀ ਬੁਲਾਰੇ ਯਾਹਿਆ ਸਾਰਿਆ ਨੇ ਕਿਹਾ ਕਿ ਉਨ੍ਹਾਂ ਦਾ ਸਮੂਹ ਰਾਜਧਾਨੀ ਸਨਾ ਸਮੇਤ ਛੇ ਉੱਤਰੀ ਪ੍ਰਾਂਤਾਂ ਵਿੱਚ ਸਮੂਹ ਕੈਂਪਾਂ 'ਤੇ ਅਮਰੀਕੀ ਹਵਾਈ ਹਮਲੇ ਤੋਂ ਬਾਅਦ ਅਮਰੀਕੀ ਜਲ ਸੈਨਾ ਵਿਰੁੱਧ ਜਵਾਬੀ ਹਮਲੇ ਸ਼ੁਰੂ ਕਰੇਗਾ।




# ਭਾਰਤ ਸਾਹਮਣੇ ਹੈ ਤੀਜੇ ਵੱਡੇ ਅਰਥਚਾਰੇ ਦਾ ਸੌਖਾ ਟੀਚਾ

ਅੰਤ੍ਰਿਮ ਬਜਟ ਤੋਂ ਪਹਿਲਾਂ ਵਿੱਤ ਮੰਤਰਾਲੇ ਵੱਲੋਂ ਭਾਰਤੀ ਅਰਥਚਾਰੇ 'ਤੇ ਜਾਰੀ ਵਿਸਤ੍ਰਿਤ ਰਿਪੋਰਟ 'ਦਿ ਇੰਡੀਅਨ ਇਕੋਨਮੀ-ਏ ਰਿਵਿਊ' ਵਿਚ ਕਿਹਾ ਗਿਆ ਹੈ ਕਿ ਅਗਲੇ ਤਿੰਨ ਸਾਲਾਂ ਵਿਚ ਹੀ ਭਾਰਤੀ ਅਰਥਚਾਰਾ ਪੰਜ (ਟ੍ਰਿਲੀਅਨ) ਲੱਖ ਕਰੋੜ ਡਾਲਰ ਦਾ ਹੋ ਜਾਵੇਗਾ। ਫਿਰ ਭਾਰਤ ਆਰਥਿਕ ਆਕਾਰ ਦੇ ਲਿਹਾਜ਼ ਨਾਲ ਅਮਰੀਕਾ ਅਤੇ ਚੀਨ ਤੋਂ ਬਾਅਦ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣ ਜਾਵੇਗਾ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੋਵਿਡ ਮਹਾਮਾਰੀ ਅਤੇ ਉਸ ਤੋਂ ਠੀਕ ਬਾਅਦ ਭੂ-ਰਾਜਨੀਤਕ ਉਥਲ-ਪੁਥਲ ਨਾਲ ਜਿੱਥੇ ਦੁਨੀਆ ਦੇ ਕਈ ਵੱਡੇ ਅਰਥਚਾਰੇ ਦੋ ਪ੍ਰਤੀਸ਼ਤ ਦੀ ਵਿਕਾਸ ਦਰ ਹਾਸਲ ਕਰਨ ਲਈ ਸੰਘਰਸ਼ ਕਰ ਰਹੇ ਹਨ, ਉਥੇ ਹੀ ਭਾਰਤੀ ਅਰਥਚਾਰਾ ਦੁਨੀਆ ਨੂੰ ਹੈਰਾਨ ਕਰਦੇ ਹੋਏ ਆਗਾਮੀ ਵਿੱਤੀ ਸਾਲ 2024-25 ਵਿਚ ਵੀ ਸੱਤ ਪ੍ਰਤੀਸ਼ਤ ਦੀ ਵਿਕਾਸ ਦਰ ਹਾਸਲ ਕਰ ਸਕਦਾ ਹੈ। ਰਿਪੋਰਟ ਦੀ ਮੰਨੀਏ ਤਾਂ ਬੀਤੇ ਇਕ ਦਹਾਕੇ ਵਿਚ ਸਰਕਾਰ ਦੇ ਨਿਡਰਤਾ ਵਾਲੇ ਆਰਥਿਕ ਫ਼ੈਸਲਿਆਂ ਨੇ ਦੇਸ਼ ਦੀ ਆਰਥਿਕ ਬੁਨਿਆਦ ਨੂੰ ਮਜ਼ਬੂਤ ਬਣਾਇਆ ਹੈ।



ਲਿਹਾਜ਼ਾ ਖੇਤੀ ਤੋਂ ਲੈ ਕੇ ਮੈਨੂਫੈਕਚਰਿੰਗ ਅਤੇ ਡਿਜੀਟਲ ਸੇਵਾ ਦੀ ਬਦੌਲਤ ਸੇਵਾ ਖੇਤਰ ਵਿਚ ਮਜ਼ਬੂਤੀ ਆਈ ਹੈ। ਬੀਤੇ ਦਿਨੀਂ ਚੀਨ ਦੇ ਸਰਕਾਰੀ ਅਖ਼ਬਾਰ 'ਗਲੋਬਲ ਟਾਈਮਜ਼' ਨੇ ਵੀ ਭਾਰਤ ਦੀ ਵਧਦੀ ਹੋਈ ਇਸ ਆਰਥਿਕ ਤੇ ਰਣਨੀਤਕ ਤਾਕਤ ਦੀ ਸ਼ਲਾਘਾ ਕਰਦੇ ਹੋਏ ਕਿਹਾ ਸੀ ਕਿ ਭਾਰਤ ਤੇਜ਼ ਆਰਥਿਕ ਵਿਕਾਸ ਦੇ ਨਾਲ ਇਕ ਮੁੱਖ ਆਲਮੀ ਤਾਕਤ ਦੇ ਤੌਰ 'ਤੇ ਉੱਭਰਿਆ ਹੈ ਅਤੇ ਆਲਮੀ ਵਿਕਾਸ ਦੇ ਇੰਜਣ ਦੇ ਤੌਰ 'ਤੇ ਸਥਾਪਤ ਹੋਇਆ ਹੈ। ਭਾਰਤ ਵੱਲ ਵਿਸ਼ਵ ਪੱਧਰ ਦੀਆਂ ਕੰਪਨੀਆਂ ਦੇ ਕਦਮ ਤੇਜ਼ੀ ਨਾਲ ਵਧ ਰਹੇ ਹਨ। ਦੁਨੀਆ ਦੀਆਂ ਪ੍ਰਮੁੱਖ ਰੇਟਿੰਗ ਏਜੰਸੀਆਂ ਵੀ ਸਹਿਮਤ ਹਨ ਕਿ ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥ-ਵਿਵਸਥਾ ਬਣਨ ਦੇ ਰਾਹ 'ਤੇ ਤੇਜ਼ੀ ਨਾਲ ਵਧ ਰਿਹਾ ਹੈ। ਇਸ ਸਮੇਂ ਭਾਰਤ ਕੋਲ ਟਿਕਾਊ ਵਿਕਾਸ ਦੇ ਬੇਸ਼ੁਮਾਰ ਮੌਕੇ ਹਨ।ਆਲਮੀ ਸਿਆਸੀ ਤੇ ਆਰਥਿਕ ਮੰਚਾਂ 'ਤੇ ਭਾਰਤ ਨੂੰ ਖ਼ਾਸ ਮਹੱਤਤਾ ਮਿਲ ਰਹੀ ਹੈ। ਅਮਰੀਕਾ ਅਤੇ ਰੂਸ, ਦੋਵਾਂ ਹੀ ਮਹਾ-ਸ਼ਕਤੀਆਂ ਨਾਲ ਭਾਰਤ ਦੀ ਮਿੱਤਰਤਾ ਹੈ। ਤੇਜ਼ੀ ਨਾਲ ਵਧਦੇ ਬਾਜ਼ਾਰ ਕਾਰਨ ਦੁਨੀਆ ਦੇ ਜ਼ਿਆਦਾਤਰ ਦੇਸ਼ਾਂ ਵਿਚ ਭਾਰਤ ਨਾਲ ਮੁਕਤ ਵਪਾਰ ਸਮਝੌਤੇ (ਐੱਫਟੀਏ) ਦੀ ਲਾਲਸਾ ਦਿਸ ਰਹੀ ਹੈ। ਪਰਵਾਸੀ ਭਾਰਤੀਆਂ ਦੁਆਰਾ ਸਾਲ 2023 ਵਿਚ 125 ਅਰਬ ਡਾਲਰ ਤੋਂ ਵੱਧ ਧਨ ਭਾਰਤ ਭੇਜਿਆ ਗਿਆ। ਦੁਨੀਆ ਵਿਚ ਚੀਨ ਪ੍ਰਤੀ ਵਧਦੇ ਨਾਂਹ-ਪੱਖੀ ਰੁਝਾਨ ਦੇ ਮੱਦੇਨਜ਼ਰ ਭਾਰਤ ਨਵਾਂ ਆਲਮੀ ਸਪਲਾਈ-ਕਰਤਾ ਦੇਸ਼ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਇਆ ਹੈ। ਇਸ ਦੇ ਨਾਲ-ਨਾਲ ਦੁਨੀਆ ਵਿਚ ਮਜ਼ਬੂਤ ਲੋਕਤੰਤਰ ਅਤੇ ਸਥਿਰ ਸਰਕਾਰ ਦੇ ਤੌਰ 'ਤੇ ਭਾਰਤ ਦੀ ਪਛਾਣ ਬਣਨਾ, ਭਾਰਤ ਦੇ ਸ਼ੇਅਰ ਬਾਜ਼ਾਰ ਦਾ ਦੁਨੀਆ ਵਿਚ ਸਭ ਤੋਂ ਤੇਜ਼ੀ ਨਾਲ ਵਧਣਾ, ਭਾਰਤ ਵਿਚ ਦੁਨੀਆ ਦੀ ਸਭ ਤੋਂ ਵੱਡੀ ਨੌਜਵਾਨ ਆਬਾਦੀ, ਦੇਸ਼ ਵਿਚ ਉਤਪਾਦਨ ਨਾਲ ਜੁੜੀਆਂ ਹੱਲਾਸ਼ੇਰੀਆਂ, ਵੱਡੇ ਪੈਮਾਨੇ 'ਤੇ ਪੂੰਜੀਗਤ ਖ਼ਰਚ, ਗ਼ੈਰ-ਜ਼ਰੂਰੀ ਦਰਾਮਦ ਵਿਚ ਕਟੌਤੀ ਅਤੇ ਅਰਥਚਾਰੇ ਦੇ ਬਾਹਰਲੇ ਝਟਕਿਆਂ ਤੋਂ ਉੱਭਰਨ ਦੀ ਸਮਰੱਥਾ ਭਾਰਤ ਦੇ ਟਿਕਾਊ ਵਿਕਾਸ ਦੀ ਬੁਨਿਆਦ ਬਣ ਸਕਦੇ ਹਨ। ਭਾਰਤ ਦੁਆਰਾ ਜੀ-20 ਦੀ ਸਫਲ ਪ੍ਰਧਾਨਗੀ ਨਾਲ ਵੀ ਨਵੇਂ ਆਰਥਿਕ ਲਾਭ ਦੀਆਂ ਸੰਭਾਵਨਾਵਾਂ ਬਣੀਆਂ ਹਨ ਜਿਸ ਨਾਲ ਭਾਰਤ ਤੋਂ ਬਰਾਮਦ, ਭਾਰਤ ਵਿਚ ਵਿਦੇਸ਼ੀ ਨਿਵੇਸ਼, ਭਾਰਤ ਵਿਚ ਵਿਦੇਸ਼ੀ ਸੈਰ-ਸਪਾਟਾ ਅਤੇ ਭਾਰਤ ਦੇ ਡਿਜੀਟਲ ਵਿਕਾਸ ਦਾ ਨਵਾਂ ਦਿਸਹੱਦਾ ਸਾਹਮਣੇ ਦਿਖਾਈ ਦੇਵੇਗਾ। ਜੀ-20 ਨਾਲ ਦੁਨੀਆ ਵਿਚ ਗਲੋਬਲ ਸਪਲਾਈ ਚੇਨ ਵਿਚ ਮਜ਼ਬੂਤੀ ਅਤੇ ਭਰੋਸੇਯੋਗਤਾ ਦੇ ਮੱਦੇਨਜ਼ਰ ਭਾਰਤ ਦੀ ਅਹਿਮੀਅਤ ਵਧੇਗੀ। ਕੁਦਰਤੀ ਸੋਮਿਆਂ ਨਾਲ ਖ਼ੁਸ਼ਹਾਲ ਅਫ਼ਰੀਕੀ ਸੰਘ ਨੂੰ ਜੀ-20 ਵਿਚ ਸ਼ਾਮਲ ਕਰਵਾ ਕੇ ਭਾਰਤ ਨੇ ਅਫ਼ਰੀਕੀ ਦੇਸ਼ਾਂ ਤੋਂ ਨਵੇਂ ਆਰਥਿਕ ਲਾਭ ਦੀਆਂ ਉਮੀਦਾਂ ਨੂੰ ਵਧਾਇਆ ਹੈ। ਇਸ ਨਾਲ ਹੁਣ ਭਾਰਤ ਵਿਚ ਪ੍ਰਤੱਖ ਵਿਦੇਸ਼ੀ ਨਿਵੇਸ਼ ਅਰਥਾਤ ਐੱਫਡੀਆਈ ਵੀ ਤੇਜ਼ੀ ਨਾਲ ਵਧੇਗੀ। ਜ਼ਿਕਰਯੋਗ ਹੈ ਕਿ ਵਿਸ਼ਵ ਪੱਧਰ 'ਤੇ ਗਿਰਾਵਟ ਦੇ ਰੁਝਾਨ ਦੌਰਾਨ ਭਾਰਤ ਦੁਨੀਆ ਦੇ ਸਭ ਤੋਂ ਵੱਧ ਐੱਫਡੀਆਈ ਪ੍ਰਾਪਤ ਕਰਨ ਵਾਲੇ 20 ਦੇਸ਼ਾਂ ਦੀ ਸੂਚੀ ਵਿਚ ਅੱਠਵੇਂ ਪਾਏਦਾਨ 'ਤੇ ਰਿਹਾ। ਇਸ ਸਾਲ ਭਾਰਤੀ ਸ਼ੇਅਰ ਬਾਜ਼ਾਰ ਵੀ ਤੇਜ਼ੀ ਨਾਲ ਵਧਦਾ ਹੋਇਆ ਦਿਖਾਈ ਦੇ ਰਿਹਾ ਹੈ। ਬੀਤੇ ਦਿਨੀਂ ਸੈਂਸੈਕਸ 73,000 ਤੱਕ ਦੀ ਉੱਚਾਈ 'ਤੇ ਪੁੱਜ ਗਿਆ ਸੀ। ਅਨੁਮਾਨ ਹੈ ਕਿ ਇਹ ਆਮ ਚੋਣਾਂ ਤੋਂ ਪਹਿਲਾਂ 80,000 ਦੀ ਉੱਚਾਈ 'ਤੇ ਪੁੱਜ ਸਕਦਾ ਹੈ। ਚੋਣਾਂ ਤੋਂ ਬਾਅਦ 2024 ਦੇ ਅੰਤ ਤੱਕ 1,00,000 ਦੇ ਪੱਧਰ 'ਤੇ ਪੁੱਜ ਸਕਦਾ ਹੈ। ਇਸ ਸਾਲ ਮੈਨੂਫੈਕਚਰਿੰਗ, ਵਿਨਿਰਮਾਣ, ਸੀਮੈਂਟ, ਇਲੈਕਟ੍ਰੀਸਿਟੀ, ਹੋਟਲ, ਟਰਾਂਸਪੋਰਟ, ਆਟੋਮੋਬਾਈਲ, ਫਾਰਮਾ, ਕੈਮੀਕਲ, ਫੂਡ ਪ੍ਰੋਸੈਸਿੰਗ ਅਤੇ ਟੈਕਸਟਾਈਲ ਸੈਕਟਰ, ਈ-ਕਾਮਰਸ, ਬੈਂਕਿੰਗ, ਮਾਰਕੀਟਿੰਗ, ਡਾਟਾ ਐਨਾਲਿਸਿਸ, ਸਾਈਬਰ ਸਕਿਉਰਿਟੀ, ਆਈਟੀ, ਟੂਰਿਜ਼ਮ, ਰਿਟੇਲ ਟਰੇਡ, ਹੋਸਪੀਟੈਲਿਟੀ ਆਦਿ ਸੈਕਟਰ ਵੀ ਬਿਹਤਰ ਕਰਦੇ ਹੋਏ ਦਿਖਾਈ ਦੇਣਗੇ। ਅੱਜ ਭਾਰਤ ਵਿਸ਼ਵ ਦਾ ਨਵਾਂ ਮੈਨੂਫੈਕਚਰਿੰਗ ਹੱਬ ਬਣਨ ਵੱਲ ਵਧ ਰਿਹਾ ਹੈ। ਭਾਵੇਂ ਸਾਰੀ ਦੁਨੀਆ ਵਿਚ ਭਾਰਤ ਸਭ ਤੋਂ ਤੇਜ਼ੀ ਨਾਲ ਵਧਣ ਵਾਲੀ ਆਕਰਸ਼ਕ ਅਰਥ-ਵਿਵਸਥਾ ਵਾਲੇ ਮੁਲਕ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ ਪਰ ਫਿਰ ਵੀ ਇਸ ਨੂੰ ਕਈ ਆਰਥਿਕ ਚੁਣੌਤੀਆਂ 'ਤੇ ਵੀ ਧਿਆਨ ਦੇਣਾ ਹੋਵੇਗਾ।

ਇਨ੍ਹੀਂ ਦਿਨੀਂ ਦੇਸ਼ ਦੇ ਸਾਹਮਣੇ ਡਾਲਰ ਦੀ ਤੁਲਨਾ ਵਿਚ ਰੁਪਏ ਦੇ ਡਿੱਗਦੇ ਹੋਏ ਮੁੱਲ ਦੀ ਚੁਣੌਤੀ ਹੈ। ਭਾਰਤ ਨੂੰ ਕੌਮਾਂਤਰੀ ਮੁਦਰਾ ਕੋਸ਼ (ਆਈਐੱਮਐੱਫ) ਦੀ ਉਸ ਚੇਤਾਵਨੀ 'ਤੇ ਵੀ ਧਿਆਨ ਦੇਣਾ ਹੋਵੇਗਾ ਜਿਸ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਕੇਂਦਰ ਅਤੇ ਸੂਬਿਆਂ ਦਾ ਆਮ ਸਰਕਾਰੀ ਕਰਜ਼ਾ ਜੀਡੀਪੀ ਦੇ 100 ਫ਼ੀਸਦੀ ਤੋਂ ਪਾਰ ਪੁੱਜ ਸਕਦਾ ਹੈ। ਭਾਰਤ ਦੇ ਰਣਨੀਤੀਕਾਰਾਂ ਨੂੰ ਉਲਟ ਆਲਮੀ ਹਾਲਾਤ ਦੇ ਮੱਦੇਨਜ਼ਰ ਰੱਖਿਆਤਮਕ ਰਣਨੀਤੀ ਬਣਾਉਣ ਲਈ ਵੀ ਤਿਆਰ ਰਹਿਣਾ ਹੋਵੇਗਾ।

ਇਸ ਦੇ ਨਾਲ ਹੀ ਰੁਜ਼ਗਾਰ ਦੇ ਮੌਕੇ ਵੀ ਵਧਾਉਣੇ ਹੋਣਗੇ। ਸਾਨੂੰ 2030 ਤੱਕ ਸੱਤ (ਟ੍ਰਿਲੀਅਨ) ਲੱਖ ਕਰੋੜ ਡਾਲਰ ਦਾ ਅਰਥਚਾਰਾ ਬਣਾਉਣ ਲਈ ਸਾਲਾਨਾ ਸੱਤ ਪ੍ਰਤੀਸ਼ਤ ਵਿਕਾਸ ਦਰ ਦੀ ਜ਼ਰੂਰਤ ਹੋਵੇਗੀ। ਦੁਨੀਆ ਵਿਚ ਜੋ ਦੇਸ਼ ਡੂੰਘੇ ਸੰਕਟ ਤੋਂ ਬਾਹਰ ਨਿਕਲ ਕੇ ਵਿਕਸਤ ਅਤੇ ਸ਼ਕਤੀਸ਼ਾਲੀ ਬਣੇ ਹਨ, ਉਨ੍ਹਾਂ ਦੀ ਕਾਮਯਾਬੀ ਵਿਚ ਹੋਰ ਚੀਜ਼ਾਂ ਦੇ ਨਾਲ-ਨਾਲ ਉਨ੍ਹਾਂ ਦੇ ਰਾਸ਼ਟਰੀ ਚਰਿੱਤਰ ਦਾ ਨਿਰਮਾਣ ਵੀ ਅਹਿਮ ਰਿਹਾ ਹੈ। ਅਜਿਹੇ ਵਿਚ ਭਾਰਤ ਨੂੰ ਵੀ ਹੁਣ ਵਿਕਸਤ ਦੇਸ਼ ਬਣਨ ਲਈ ਆਪਣੀਆਂ ਕਦਰਾਂ-ਕੀਮਤਾਂ, ਸੰਸਕ੍ਰਿਤੀਆਂ ਅਤੇ ਆਪਣੇ ਨਾਇਕਾਂ ਦੀ ਬਹਾਦਰੀ ਦੀ ਸ਼ਲਾਘਾ ਦੇ ਨਾਲ-ਨਾਲ ਵੰਨ-ਸੁਵੰਨਤਾ ਵਿਚਾਲੇ ਇਕਜੁੱਟਤਾ ਵਧਾਉਣੀ ਹੋਵੇਗੀ ਅਤੇ ਪਰਵਾਸੀ ਭਾਰਤੀਆਂ ਵਿਚ ਵੀ ਇਕ-ਦੂਜੇ ਨਾਲ ਜੁੜਨ ਦੀ ਭਾਵਨਾ ਪੈਦਾ ਕਰਨੀ ਹੋਵੇਗੀ। ਇਸ ਸਦਕਾ ਦੇਸ਼ ਵਿਕਾਸ ਦੇ ਉੱਚੇ ਟੀਚੇ ਅਤੇ ਆਮ ਆਦਮੀ ਦੀ ਖ਼ੁਸ਼ਹਾਲੀ ਦੇ ਨਾਲ ਟਿਕਾਊ ਵਿਕਾਸ ਅਤੇ ਆਲਮੀ ਵਿਕਾਸ ਦਾ ਕੇਂਦਰ ਬਣਨ ਦੇ ਮੌਕੇ ਦਾ ਲਾਹਾ ਚੁੱਕਦਾ ਹੋਇਆ ਦਿਖਾਈ ਦੇ ਸਕੇਗਾ।

-ਡਾ. ਜੈਅੰਤੀ ਲਾਲ ਭੰਡਾਰੀ

# ਕੈਨੇਡਾ ਵਿਚ ਪ੍ਰਵਾਸੀ ਵਿਦਿਆਰਥੀ ਸੰਘਰਸ਼ ਦੇ ਰਾਹ ਕਿਉਂ ?

**ਖ਼ੁਸ਼ਪਾਲ ਗਰੇਵਾਲ**

ਪੰਜਾਬ ਅਤੇ ਪ੍ਰਵਾਸ ਦਾ ਰਿਸ਼ਤਾ ਸਦੀਆਂ ਪੁਰਾਣਾ ਹੈ। ਅਜੋਕੇ ਸਮੇਂ ਪ੍ਰਵਾਸ ਲਈ ਪੰਜਾਬੀਆਂ ਦਾ ਪਸੰਦੀਦਾ ਦੇਸ਼ ਕੈਨੇਡਾ ਹੈ। ਕੈਨੇਡਾ ਦੇ ਉੱਚ-ਉਸਾਰ, ਵਿੱਦਿਅਕ ਢਾਂਚੇ, ਜਨਤਕ ਸਹੂਲਤਾਂ, ਕਾਨੂੰਨ ਅਤੇ ਆਵਾਸ ਨੀਤੀਆਂ ਨੂੰ ਕਲਿਆਣਕਾਰੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਪਰ ਕੈਨੇਡਾ ਦੀਆਂ ਇਨ੍ਹਾਂ ਨੀਤੀਆਂ ਵਿਚਲੇ ਬੁਨਿਆਦੀ ਵਿਗਾੜਾਂ ਨੂੰ ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਉੱਠ ਰਹੇ ਵਿਦਿਆਰਥੀ ਸੰਘਰਸ਼ਾਂ ਨੇ ਉਜਾਗਰ ਕਰ ਦਿੱਤਾ ਹੈ। ਬੁੱਢੀ ਹੋ ਰਹੀ ਵਸੋਂ ਦੇ ਮੁਕਾਬਲੇ ਜਵਾਨ ਵੱਸੋਂ ਵਧਾਉਣ ਅਤੇ ਸਸਤੇ ਤੇ ਹੁਨਰਮੰਦ ਕਾਮੇ ਬੁਲਾਉਣ ਲਈ ਇੱਥੋਂ ਦੀਆਂ ਸਰਕਾਰਾਂ ਨੇ ਸਿੱਖਿਆ ਪ੍ਰੋਗਰਾਮ ਦਾ ਸਹਾਰਾ ਲਿਆ। ਮਹਿੰਗੀ ਤੇ ਗ਼ੈਰ-ਮਿਆਰੀ ਸਿੱਖਿਆ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਲਈ ਇੱਥੋਂ ਦੇ ਸਰਕਾਰੀ ਤੇ ਨਿੱਜੀ ਕਾਲਜ-ਯੂਨੀਵਰਸਿਟੀਆਂ ਨੇ ਨੌਜਵਾਨਾਂ ਨੂੰ ਲੁਭਾਉਣ ਲਈ ਠੱਗ ਏਜੰਟਾਂ ਨੂੰ ਪ੍ਰਤੀ ਵਿਦਿਆਰਥੀ 3000-4500 ਡਾਲਰ ਕਮਿਸ਼ਨ ਦਿੱਤਾ। ਪਰ ਹੁਣ ਬਦਲਦੇ ਆਰਥਿਕ-ਸਮਾਜਿਕ ਹਾਲਤ ਦੌਰਾਨ ਕੈਨੇਡਾ ਵਲੋਂ ਆਵਾਸ ਨੀਤੀਆਂ ਸਖ਼ਤ ਕੀਤੀਆਂ ਜਾ ਰਹੀਆਂ ਹਨ। ਕੈਨੇਡੀਅਨ ਆਵਾਸ ਮੰਤਰੀ ਮਾਰਕ ਮਿੱਲਰ ਦਾ ਤਾਜ਼ਾ ਬਿਆਨ ਇਸ ਦਾ ਕਾਰਨ 'ਰਿਹਾਇਸ਼ ਦੀ ਕਮੀ ਤੇ ਕੁਝ ਕੈਨੇਡੀਅਨ ਸੰਸਥਾਵਾਂ 'ਚ ਢੁਕਵੀਆਂ ਵਿੱਦਿਅਕ ਸਹੂਲਤਾਂ ਦਾ ਨਾ ਹੋਣਾ ਹੈ' ਦੱਸਦਾ ਹੈ ਇਹ ਬਿਆਨ ਜ਼ਾਹਿਰ ਕਰਦਾ ਹੈ ਕਿ ਸਮੱਸਿਆਵਾਂ ਹਨ ਤਾਂ ਹੀ ਸੰਘਰਸ਼ ਉੱਠ ਰਹੇ ਹਨ, ਸੰਘਰਸ਼ ਸਮਾਜ ਦਾ ਸ਼ੀਸ਼ਾ ਬਣ ਰਹੇ ਹਨ। ਕੈਨੇਡਾ ਦੀ ਅਲਗੋਮਾ ਯੂਨੀਵਰਸਿਟੀ ਦਾ ਵਿਦਿਆਰਥੀ ਸੰਘਰਸ਼ ਇਸ ਦੀ ਤਾਜ਼ਾ ਮਿਸਾਲ ਹੈ। ਅਲਗੋਮਾ ਯੂਨੀਵਰਸਿਟੀ ਦੇ 'ਤਕਨੀਕੀ ਆਫ਼ ਸਿਸਟਮ ਐਨਾਲਿਸਟ' ਦੇ ਇਕ ਪ੍ਰੋਫ਼ੈਸਰ ਨੇ ਜਾਣ-ਬੁੱਝ ਕੇ ਵੱਡੀ ਗਿਣਤੀ 'ਚ ਵਿਦਿਆਰਥੀਆਂ ਨੂੰ ਥੋਕ ਰੂਪ 'ਚ ਫੇਲ੍ਹ ਕਰ ਦਿੱਤਾ। ਸੰਬੰਧਿਤ ਪ੍ਰੋਫ਼ੈਸਰ ਦਾ ਵਿਦਿਆਰਥੀਆਂ ਨਾਲ ਵਰਤਾਓ ਵੀ ਬੇਹੱਦ ਮਾੜਾ ਸੀ। ਜਦ ਇਸ ਸੰਬੰਧੀ ਯੂਨੀਵਰਸਿਟੀ ਦੇ ਪ੍ਰਬੰਧਕਾਂ ਤੱਕ ਪਹੁੰਚ ਕੀਤੀ ਗਈ ਤਾਂ ਉਨ੍ਹਾਂ ਵਿਦਿਆਰਥੀਆਂ ਨੂੰ ਕੋਈ ਰਾਹ-ਸਿਰਾ ਨਾ ਫੜਾਇਆ। ਵਿਦਿਆਰਥੀਆਂ ਨੂੰ 3500 ਡਾਲਰ ਭਰ ਕੇ ਦੁਬਾਰਾ ਪੇਪਰ ਦੇਣ ਲਈ ਮਜਬੂਰ ਕੀਤਾ ਜਾ ਰਿਹਾ ਸੀ। ਸਾਰੇ ਰਾਹ ਬੰਦ ਹੁੰਦੇ ਦੇਖ ਕੇ ਵਿਦਿਆਰਥੀਆਂ ਨੇ ਮੌਂਟਰੀਅਲ ਯੂਥ-ਸਟੂਡੈਂਟ ਆਰਗੇਨਾਈਜ਼ੇਸ਼ਨ, ਹੋਰ ਜਥੇਬੰਦੀਆਂ ਅਤੇ ਸਮਾਜਿਕ ਸਰੋਕਾਰ ਰੱਖਣ ਵਾਲੇ ਲੋਕਾਂ ਤੱਕ ਪਹੁੰਚ ਕੀਤੀ। ਇਸ ਤੋਂ ਬਾਅਦ ਯੂਨੀਵਰਸਿਟੀ 'ਚ ਵਿਦਿਆਰਥੀਆਂ ਨੇ ਬੈਠਕ ਬੁਲਾਈ ਅਤੇ ਵਿਚਾਰ-ਚਰਚਾ ਤੋਂ ਬਾਅਦ ਸਥਾਈ ਮੋਰਚੇ ਦਾ ਐਲਾਨ ਕਰ ਦਿੱਤਾ। ਇਸ ਮੋਰਚੇ ਦੀਆਂ ਮੁੱਖ ਮੰਗਾਂ ਸਨ ਜਾਣ-ਬੁੱਝ ਕੇ ਫੇਲ੍ਹ ਕੀਤੇ ਗਏ ਵਿਦਿਆਰਥੀਆਂ ਨੂੰ ਉੱਚਿਤ ਮੁਲਾਂਕਣ ਕਰ ਕੇ ਪਾਸ ਕੀਤਾ ਜਾਵੇ, ਫੇਲ੍ਹ ਵਿਸ਼ੇ ਦਾ ਸਾਲਾਨਾ ਗਰੇਡਿੰਗ ਮਾਪਦੰਡ ਤਬਦੀਲ ਕੀਤਾ ਜਾਵੇ, ਨਵੇਂ ਗਰੇਡਿੰਗ ਮਾਪਦੰਡ ਅਨੁਸਾਰ ਪੇਪਰ ਦੁਬਾਰਾ ਚੈੱਕ ਕੀਤੇ ਜਾਣ, ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲੇ ਪ੍ਰੋਫ਼ੈਸਰ ਨੂੰ ਨੌਕਰੀ ਤੋਂ ਬਰਖ਼ਾਸਤ ਕੀਤਾ ਜਾਵੇ, ਵਿਦਿਆਰਥੀਆਂ ਉੱਤੇ ਦੁਬਾਰਾ ਪੇਪਰ ਦੇਣ ਦੀ ਵਾਧੂ ਫ਼ੀਸ ਦਾ ਬੋਝ ਖਤਮ ਕੀਤਾ ਜਾਵੇ, ਯੂਨੀਵਰਸਿਟੀ ਦੀ ਜਵਾਬਦੇਹੀ ਨਿਸਚਿਤ ਕੀਤੀ ਜਾਵੇ ਅਤੇ ਪੇਪਰ ਚੈੱਕ ਕਰਨ ਦੀ ਵਿਧੀ ਨੂੰ ਪਾਰਦਰਸ਼ੀ ਬਣਾਇਆ ਜਾਵੇ। ਪਹਿਲੇ ਤਿੰਨ ਦਿਨ ਯੂਨੀਵਰਸਿਟੀ ਪ੍ਰਸ਼ਾਸਨ ਵਲੋਂ ਚੁੱਪੀ ਸਾਧੀ ਰੱਖੀ ਗਈ, ਫਿਰ ਜਦ ਸ਼ਾਂਤਮਈ ਅਤੇ ਜਥੇਬੰਦ ਵਿਦਿਆਰਥੀਆਂ ਨੇ ਕੈਨੇਡੀਅਨ ਵਿੱਦਿਅਕ ਪ੍ਰਬੰਧ ਉੱਤੇ ਸਵਾਲ ਚੁੱਕਣ, ਅਲਗੋਮਾ ਯੂਨੀਵਰਸਿਟੀ ਦੇ ਪਿੱਛੋਕੜ ਤੇ ਨਾਕਸ ਪ੍ਰਬੰਧ ਨੂੰ ਜ਼ਾਹਿਰ ਕਰਨ, ਪੈਦਲ ਮਾਰਚ ਕਰਨ, ਮੀਡੀਆ ਤੱਕ ਪਹੁੰਚ ਕਰਨ, ਸਰਕਾਰੀ ਅਧਿਕਾਰੀਆਂ ਨੂੰ ਮੰਗ ਪੱਤਰ ਦੇਣ ਦਾ ਸਿਲਸਿਲਾ ਚਲਾਇਆ ਤਾਂ ਯੂਨੀਵਰਸਿਟੀ ਨੇ ਰਾਤ ਦੇ ਹਨੇਰੇ 'ਚ ਵਿਦਿਆਰਥੀਆਂ ਨਾਲ ਮੀਟਿੰਗ ਕਰਕੇ ਕੁਝ ਵਿਦਿਆਰਥੀਆਂ ਨੂੰ ਪਾਸ ਕਰ ਦਿੱਤਾ ਅਤੇ 32 ਵਿਦਿਆਰਥੀਆਂ ਦਾ ਮੁੜ ਮੁਲਾਂਕਣ ਕਰਨ ਦਾ ਵਾਅਦਾ ਕੀਤਾ ਗਿਆ। ਯੂਨੀਵਰਸਿਟੀ ਇਸ ਸੰਘਰਸ਼ ਨੂੰ ਫੇਲ੍ਹ ਵਿਦਿਆਰਥੀਆਂ ਨੂੰ ਧੱਕੇ ਨਾਲ ਪਾਸ ਕਰਵਾਉਣ ਦਾ ਮਾਮਲਾ ਬਣਾਉਣਾ ਚਾਹੁੰਦੀ ਸੀ ਪਰ ਮਾਇਸੋ (ਮੋਂਟਰੀਅਲ ਯੂਥ ਸਟੂਡੈਂਟ ਆਰਗੇਨਾਈਜ਼ੇਸ਼ਨ) ਦੀ ਸੰਜੀਦਾ ਅਗਵਾਈ ਨੇ



ਕਾਲਜ ਪ੍ਰਸ਼ਾਸਨ ਦੇ ਹਰ ਦੋਸ਼ ਦਾ ਤੱਥਾਂ ਸਹਿਤ ਜਵਾਬ ਦਿੱਤਾ। ਇਸ ਤੋਂ ਅਗਲੇ ਦਿਨ ਹੋਰ ਵਿਸ਼ੇ ਦੇ ਵਿਦਿਆਰਥੀ ਵੀ ਇਸੇ ਤਰਜ਼ 'ਤੇ ਫੇਲ੍ਹ ਕਰ ਦਿੱਤੇ ਗਏ, ਜਦ ਉਹ ਵੀ ਇਸ ਸੰਘਰਸ਼ 'ਚ ਸ਼ਾਮਿਲ ਹੋ ਗਏ ਤਾਂ ਯੂਨੀਵਰਸਿਟੀ ਨੇ ਸੰਘਰਸ਼ 'ਚ ਮੂਹਰਲੀਆਂ ਸਫਾਂ 'ਚ ਬੈਠੇ ਵਿਦਿਆਰਥੀਆਂ 'ਤੇ ਜਾਣ-ਬੁੱਝ ਕੇ ਨਕਲ ਦੇ ਦੋਸ਼ ਆਇਦ ਕਰ ਦਿੱਤੇ। ਮਾਇਸੋ ਦੀ ਅਗਵਾਈ ਵਾਲੀ ਟੀਮ ਨੇ ਯੂਨੀਵਰਸਿਟੀ ਦੀ ਬੁਖਲਾਹਟ ਨੂੰ ਭਾਂਪ ਲਿਆ ਅਤੇ ਇਸ ਝੂਠ ਦਾ ਪਰਦਾਫ਼ਾਸ਼ ਕਰਨ ਦੇ ਨਾਲ-ਨਾਲ ਯੂਨੀਵਰਸਿਟੀ ਦੀਆਂ ਅਨੇਕਾਂ ਨਾਕਾਮੀਆਂ ਨੂੰ ਜੱਗ-ਜ਼ਾਹਿਰ ਕੀਤਾ। ਲਗਪਗ ਇਕ ਹਫ਼ਤੇ ਬਾਅਦ ਵਿਦਿਆਰਥੀਆਂ ਦੇ ਸੰਘਰਸ਼ ਜ਼ਰੀਏ ਯੂਨੀਵਰਸਿਟੀ ਨੇ ਅਣਗਹਿਲੀ ਨਾਲ ਫੇਲ੍ਹ ਵਿਦਿਆਰਥੀਆਂ ਨੂੰ ਪਾਸ ਕਰਨਾ, ਨਿਰਪੱਖ ਮੁਲਾਂਕਣ ਅਤੇ ਬਿਨਾਂ ਫ਼ੀਸ ਦੁਬਾਰਾ ਇਮਤਿਹਾਨ ਦੇਣ ਦੀਆਂ ਮੰਗਾਂ ਮੰਨ ਲਈਆਂ। ਵਿਦਿਆਰਥੀਆਂ ਨੇ ਕੜਾਕੇ ਦੀ ਠੰਢ 'ਚ ਇਸ ਸੰਘਰਸ਼ ਦੀ ਪੂਰਨ ਜਿੱਤ ਪ੍ਰਾਪਤ ਕਰ ਕੇ ਨਵੇਂ ਪੂਰਨੇ ਪਾਏ। ਇਸ ਸੰਘਰਸ਼ ਨੇ ਕੈਨੇਡਾ ਦੇ ਪ੍ਰਵਾਸੀਆਂ ਤੇ ਵਿਦਿਆਰਥੀਆਂ ਨੂੰ ਚੇਤੰਨ ਵੀ ਕੀਤਾ ਹੈ।

ਯੂਨੀਵਰਸਿਟੀ ਨੇ ਸ਼ਾਂਤਮਈ ਪੱਕੇ ਮੋਰਚੇ ਤੇ ਵਿਦਿਆਰਥੀ ਸੰਘਰਸ਼ ਨੂੰ ਕੁਰਾਹੇ ਪਾਉਣ ਲਈ ਆਪਣੀ ਜੇਬੀ ਵਿਦਿਆਰਥੀ ਜਥੇਬੰਦੀ ਨੂੰ ਮੂਹਰੇ ਲਾ ਕੇ ਸੰਘਰਸ਼ ਨੂੰ ਗ਼ਲਤ ਰੰਗਤ ਦੇ ਕੇ ਮਾਇਸੋ ਉੱਤੇ ਝੂਠੇ ਤੇ ਤੱਥਹੀਣ ਦੋਸ਼ ਲਗਾਏ ਅਤੇ ਜਿਸ ਦਾ ਵਿਦਿਆਰਥੀ ਜਥੇਬੰਦੀ ਨੇ ਤੱਥਾਂ ਸਹਿਤ ਜਵਾਬ ਦਿੱਤਾ। ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਲੁੱਟ ਅਤੇ ਸ਼ੋਸ਼ਣ ਖ਼ਿਲਾਫ਼ ਪ੍ਰਦਰਸ਼ਨਾਂ ਦਾ ਹੀ ਸਿੱਟਾ ਹੈ ਕਿ ਜਦ ਮਾਰਕ ਮਿੱਲਰ ਰਿਹਾਇਸ਼ੀ ਤੇ ਸਿਹਤ ਸਹੂਲਤਾਂ ਦੀ ਸਮੱਸਿਆ ਦੀ ਪੁਸ਼ਟੀ ਕਰਦਾ ਹੈ ਅਤੇ ਨਿੱਜੀ ਵਿੱਦਿਅਕ ਸੰਸਥਾਵਾਂ ਨੂੰ 'ਬੁਰੇ ਕਿਰਦਾਰ' ਮੰਨਦਾ ਹੈ ਤਾਂ ਇਸ ਤੱਥ ਦੀ ਵੀ ਪੁਸ਼ਟੀ ਹੋ ਜਾਂਦੀ ਹੈ ਕਿ ਮਾਇਸੋ ਵਲੋਂ ਲਗਾਤਾਰ ਉਭਾਰੀਆਂ ਮੰਗਾਂ ਤੇ ਵਿਦਿਆਰਥੀ ਸੰਘਰਸ਼ ਜਾਇਜ਼ ਸਨ। ਮਾਇਸੋ ਪਿਛਲੇ ਚਾਰ ਵਰ੍ ?ਆਂ ਤੋਂ ਲਗਾਤਾਰ ਇਸ ਗੱਲ ਦਾ ਪ੍ਰਚਾਰ-ਪ੍ਰਸਾਰ ਕਰਦੀ ਆ ਰਹੀ ਹੈ ਕਿ ਨਵੀਆਂ ਬਦਲਦੀਆਂ ਸੰਸਾਰ ਆਰਥਿਕ ਹਾਲਤਾਂ 'ਚ ਸਭ ਤੋਂ ਵੱਧ ਬੋਝ ਨਵੇਂ ਪ੍ਰਵਾਸੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਉੱਤੇ ਪਵੇਗਾ ਅਤੇ ਭਵਿੱਖ 'ਚ ਵਿਕਸਿਤ ਮੁਲਕਾਂ ਦੀਆਂ ਸਰਕਾਰਾਂ ਆਵਾਸ ਨੀਤੀਆਂ ਨੂੰ ਹੋਰ ਵੱਧ ਸਖ਼ਤ ਕਰ ਸਕਦੀਆਂ ਹਨ। ਕੈਨੇਡਾ 'ਚ ਇਮੀਗ੍ਰੇਸ਼ਨ ਨੀਤੀਆਂ 'ਚ ਤਬਦੀਲੀਆਂ ਕੋਈ ਨਵਾਂ ਵਰਤਾਰਾ ਨਹੀਂ ਹੈ, ਨਾ ਹੀ ਕੈਨੇਡਾ ਦੇ ਨਿੱਜੀ ਕਾਲਜਾਂ ਵਲੋਂ ਵਿਦਿਆਰਥੀਆਂ ਨਾਲ ਕੀਤੀ ਜਾਂਦੀ ਧੱਕੇਸ਼ਾਹੀ ਨਵੀਂ ਹੈ। ਚਾਹੇ ਮੌਂਟਰੀਅਲ 'ਚ ਤਿੰਨ ਕਾਲਜਾਂ ਦੁਆਰਾ ਦਿਵਾਲੀਆ ਹੋਣ ਤੋਂ ਬਾਅਦ ਵਿਦਿਆਰਥੀਆ ਦਾ ਲਗਭਗ 64 ਲੱਖ ਡਾਲਰ ਦੱਬਣਾ ਹੋਵੇ, ਚਾਹੇ ਨਾਰਥਬੇਅ 'ਚ ਕੈਨਾਡੋਰ ਕਾਲਜ ਦੇ ਵਿਦਿਆਰਥੀਆਂ ਨੂੰ ਦਰਪੇਸ਼ ਹੋਈ ਰਿਹਾਇਸ਼ ਦੀ ਸਮੱਸਿਆ ਹੋਵੇ ਤੇ ਚਾਹੇ ਫ਼ੀਸਾਂ ਦੇ ਲਾਲਚ ਨੂੰ ਅਲਗੋਮਾ, ਸੈਂਟ ਕਲੇਅਰ ਤੇ ਹੋਰ ਵੀ ਕਈ ਅਦਾਰਿਆਂ ਵਲੋਂ ਗਰੇਡਿੰਗ ਸਿਸਟਮ 'ਚ ਕੀਤੀ ਹੇਰਾਫੇਰੀ ਨਾਲ ਫੇਲ੍ਹ ਕੀਤੇ ਸੈਂਕੜੇ ਵਿਦਿਆਰਥੀਆਂ ਦਾ ਮਸਲਾ ਹੋਵੇ ਜਾਂ ਪਹਿਲਾਂ ਤੋਂ ਵੱਧ ਟਿਊਸ਼ਨ ਫ਼ੀਸ ਲੈਣ ਵਾਲੇ ਤੇ ਘੱਟ ਸਹੂਲਤਾਂ ਵਾਲੇ ਪਬਲਿਕ-ਪ੍ਰਾਈਵੇਟ ਸਾਂਝ 'ਚੋਂ ਨਿਕਲੇ ਅਦਾਰਿਆਂ ਵਲੋਂ ਨਿਰਧਾਰਿਤ ਫ਼ੀਸ ਨੂੰ ਚਲਦੇ ਕੋਰਸਾਂ ਦੇ ਐਨ ਵਿਚਕਾਰ ਵਧਾ ਦੇਣਾ ਹੋਵੇ, ਇਨ੍ਹਾਂ ਸਮੱਸਿਆਵਾਂ ਦਾ ਪ੍ਰਵਾਸੀ ਵਿਦਿਆਰਥੀਆਂ 'ਤੇ ਗਹਿਰਾ ਅਸਰ ਪੈਂਦਾ ਹੈ। ਇਸ ਦੇ ਨਾਲ-ਨਾਲ ਸਿਹਤ ਸਹੂਲਤਾਂ ਦੀ ਕਮੀ ਭਾਰਤ-ਕੈਨੇਡਾ ਕੂਟਨੀਤਿਕ ਤਣਾਅ ਦਾ ਕੈਨੇਡਾ ਸਥਿਤ ਭਾਰਤੀ ਪ੍ਰਵਾਸੀਆਂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਉੱਤੇ ਪੈਂਦੇ ਮਾੜੇ ਪ੍ਰਭਾਵ ਨਾਲ ਵੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਵਧਦੀਆਂ ਹਨ। ਪਰ ਕੈਨੇਡਾ 'ਚ ਰਿਹਾਇਸ਼ੀ ਘਰਾਂ ਦੀ ਸਮੱਸਿਆ ਅੰਤਰਰਾਸ਼ਟਰੀ ਵਿਦਿਆਰਥੀਆਂ ਕਰਕੇ ਪੈਦਾ ਨਹੀਂ ਹੋਈ, ਬਲਕਿ ਇਹ ਸਮੱਸਿਆ ਕੈਨੇਡਾ ਦੀ ਰੀਅਲ ਅਸਟੇਟ ਮਾਰਕਿਟ ਉੱਤੇ ਵੱਡੇ ਮੁਨਾਫ਼ਾਖੋਰ ਕਾਰੋਬਾਰੀਆਂ ਦੀ ਇਜਾਰੇਦਾਰੀ ਕਾਰਨ ਹੈ। ਜਿੱਥੇ ਘਰ ਬੇਹੱਦ ਮਹਿੰਗੇ ਹਨ ਅਤੇ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਵਧਦੀ ਮਹਿੰਗਾਈ ਕਾਰਨ ਰਿਹਾਇਸ਼ੀ ਘਰਾਂ ਦੇ ਕਿਰਾਏ ਵਧ ਰਹੇ ਹਨ ਅਤੇ ਇਹ ਨਵੇਂ ਪ੍ਰਵਾਸੀਆਂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ। ਦੂਸਰਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਥਾਨਕ ਵਿਦਿਆਰਥੀਆਂ ਦੇ ਮੁਕਾਬਲੇ ਬਰਾਬਰ ਸਿਹਤ ਸਹੂਲਤਾਂ ਹਾਸਲ ਨਹੀਂ ਹੁੰਦੀਆਂ, ਜਿਸ ਕਾਰਨ ਕੌਮਾਂਤਰੀ ਵਿਦਿਆਰਥੀਆਂ ਦੇ ਬਿਮਾਰ ਹੋਣ ਜਾਂ ਮੌਤ ਹੋਣ ਦੀ ਸੂਰਤ 'ਚ ਕੈਨੇਡਾ ਦੇ ਸਿਹਤ ਢਾਂਚੇ ਉੱਤੇ ਸਵਾਲੀਆ ਚਿੰਨ੍ਹ ਲੱਗਦੇ ਰਹੇ। ਤੀਸਰਾ ਭਾਰਤ-ਕੈਨੇਡਾ ਕੂਟਨੀਤਕ ਸੰਬੰਧਾਂ 'ਚ ਤਣਾਅ ਕਰਕੇ ਭਾਰਤ ਨੇ ਕੈਨੇਡਾ ਦੇ 41 ਡਿਪਲੋਮੈਟ (ਕੂਟਨੀਤਕ) ਵਾਪਸ ਭੇਜਣ ਕਾਰਨ ਪਹਿਲਾਂ ਹੀ ਸਟੱਡੀ ਪਰਮਿਟਾਂ 'ਚ 86 ਫ਼ੀਸਦੀ ਦੀ ਗਿਰਾਵਟ ਆ ਚੁੱਕੀ ਹੈ। ਅੱਜ ਦੁਨੀਆ ਭਰ ਦੀਆਂ ਸਰਕਾਰਾਂ ਲਈ ਸੱਤਾ 'ਚ ਆਉਣ ਲਈ ਇਮੀਗ੍ਰੇਸ਼ਨ ਵਿਰੋਧੀ ਨੀਤੀ ਸਭ ਤੋਂ ਵੱਧ ਕਾਰਗਰ ਸਾਬਤ ਹੋ ਰਹੀ ਹੈ, ਜੋ ਸਥਾਨਕ ਵੋਟ ਬੈਂਕ ਨੂੰ ਪੱਕਾ ਕਰਨ ਦਾ ਸਾਧਨ ਬਣਦੀ ਹੈ। ਕੈਨੇਡਾ ਦੀਆਂ ਆਵਾਸ ਨੀਤੀਆਂ 'ਚ ਤਬਦੀਲੀ ਬਦਲਦੇ ਆਰਥਿਕ-ਸਿਆਸੀ ਕਾਰਨਾਂ ਕਰਕੇ ਹੈ। ਜਿਵੇਂ-ਜਿਵੇਂ ਆਰਥਿਕਤਾ ਡਾਵਾਂਡੋਲ ਹੁੰਦੀ ਜਾਵੇਗੀ, ਹਾਲਾਤ ਹੋਰ ਔਖੇ ਹੁੰਦੇ ਜਾਣਗੇ, ਮਹਿੰਗਾਈ ਵਧਦੀ ਜਾਵੇਗੀ, ਕਾਲਜਾਂ ਅਤੇ ਦੁਕਾਨਨੁਮਾ ਯੂਨੀਵਰਸਿਟੀ 'ਤੇ ਕਾਬਜ਼ ਠੱਗ ਇਸ ਤਰ੍ਹਾਂ ਦੀਆਂ ਹੋਰ ਸਾਜਿਸ਼ਾਂ ਘੜਦੇ ਰਹਿਣਗੇ। ਵਿਦਿਆਰਥੀਆਂ ਨੂੰ ਹੋਰ ਸਮਝਦਾਰੀ ਨਾਲ ਜਥੇਬੰਦ ਹੋਣਾ ਪਵੇਗਾ। ਪ੍ਰਵਾਸੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਜਥੇਬੰਦਕ ਤਾਕਤ ਅਤੇ ਸਹੀ ਦਿਸ਼ਾ 'ਚ ਸੰਘਰਸ਼ ਕਰਨਾ ਹੀ ਇਨ੍ਹਾਂ ਮਾਰੂ-ਹੱਲਿਆਂ ਦਾ ਹੱਲ ਹੈ। ਜੋ ਅਸੀਂ ਅਲਗੋਮਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੋਂ ਸਿੱਖਿਆ ਹੈ।

ਸਾਡੇ ਲੋਕ SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**

**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ.ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant

Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.

**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**




**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-103

**ਹਿੰਡ ਬਰੇਨ ਯਾਨੀ ਬ੍ਰੇਨ ਸਟੈਮ**

ਸੈਰੀਬੇਲਮ ਤੋਂ ਬਾਅਦ ਬਰੇਨ ਸਟੈਮ ਬਰੇਨ ਦਾ ਪਿਛੇ ਵੱਲ ਜਾਂਦਾ ਹੇਠਲਾ ਹਿੱਸਾ ਹੈ ਜਿਸ ਦੇ ਉਪਰਲੇ ਹਿੱਸੇ ਨੂੰ ਪੌਨਸ ਅਤੇ ਹੇਠਲੇ ਹਿੱਸੇ ਨੂੰ ਮੈਡੂਲਾ ਓਬਲੌਂਗਟਾ ਕਹਿੰਦੇ ਹਨ। ਇਹਨਾਂ ਦੇ ਵਿਚੋਂ ਵਿੱਚ ਇਕ ਝਰੀ ਯਾਨੀ ਕੈਨਾਲ ਯਾਨੀ ਨਹਿਰ ਹੇਠਾਂ ਸਪਾਈਨਲ ਕੌਰਡ ਦੇ ਨਾਲ ਮਾਲ ਹੇਠਾਂ ਵੱਲ ਜਾਂਦੀ ਹੈ। ਜਿਸ ਵਿੱਚ ਬਰੇਨ ਦੇ ਵੱਖ ਵੱਖ ਹਿੱਸਿਆਂ ਵਿਚੋਂ ਲੰਘਦੀਆਂ ਨਸ਼ਾਂ ਯਾਨੀ ਨਰਵਜ ਹੇਠਾਂ ਵੱਲ ਜਾ ਰਹੀਆਂ ਹਨ। ਬਲਕਿ ਸੈਰੇਬਰਮ ਕੇ ਸੈਰੀਬੇਲਮ ਤੋਂ ਬਾਅਦ ਪੌਨਸ ਤੇ ਮੈਡੂਲਾ ਓਬਲੌਂਗਟਾ ਦੇ ਵਿਚੋਂ ਵਿੱਚ ਹੁੰਦੀਆਂ ਹੋਈ ਇਹ ਝਿਰੀ ਗੀੜ ਦੀ ਹੱਡੀ ਦੀ ਅੰਦਰਲੀ ਗੁਲਾਈ ਨਾਲ ਜੁੜਦੀ ਹੈ ਵਿੱਚ ਬਰੇਨ ਤੇ ਗੀੜ ਦੀ ਹੱਡੀ ਦਾ ਸਾਂਝਾ ਤਰਲ ਘੁੰਮਦਾ ਹੈ ਜਿਸਨੂੰ (CSF) ਸੀ ਐਸ ਐਫ ਯਾਨੀ ਸੈਰੇਬਰੋ ਸਪਾਈਨਲ ਫਲਿਊਡ ਯਾਨੀ ਸਿਰ ਕੇ ਗੀਡ ਗੀ ਹੱਡੀ ਦੇ ਵਿਚ ਘੁੰਮਦਾ ਸਾਂਝਾ ਤਰਲ ਘੁੰਮ ਰਿਹਾ ਹੁੰਦਾ ਹੈ ਤੇ ਬਰੇਨ ਵਿੱਚ ਲੋੜੀਂਦੇ ਅਤੇ ਵੇਸਟ ਯਾਨੀ ਟੌਕਸਿਨ/ ਜ਼ਹਿਰੀਲੇ ਗਾਰਬੇਜ ਦਾ ਆਦਾਨ ਪ੍ਰਦਾਨ ਨਿਕਾਸ ਲਈ ਹੁੰਦਾ ਰਹਿੰਦਾ ਹੈ ਤੇ ਲੋੜੀਂਦੇ ਮਿਨਰਲਜ ਲੋੜ ਵਾਲੀ ਜਗ੍ਹਾ ਪਹੁੰਚਾਏ ਜਾਦੇ ਰਹਿੰਦੇ ਹਨ।

ਇਹ ਬਰੇਨ ਸਟੈਮ ਦੀ ਹਿੱਸਾ ਸੈਰੀਬੇਲਮ ਕੋ ਬਾਅਦ ਤੇ ਮੈਡੂਲਾ ਔਬਲੌਂਗਟਾ ਤੋਂ ਪਹਿਲਾ ਯਾਨੀ ਦੋਹਾਂਗੇ ਵਿਚਕਾਰ ਹੈ। ਇਹਦਾ ਕੰਮ ਸਾਡੀ ਸੁਰਤ ਨਾਲ ਸੰਬੰਧਿਤ ਹੈ। ਯਾਨੀ ਸਾਡਾ ਜਾਗਣਾ ਸੌਣਾ ਇਹਦੇ ਰਾਹੀ ਹੀ ਸੰਭਾਲਿਆ ਅਤੇ ਕੰਟਰੋਲ ਕੀਤਾ ਜਾਦਾ ਹੈ ਅਤੇ ਇਹ ਸਾਡੀ ਲਾਹ ਕਿਰਿਆ ਨੂੰ ਵੀ ਕੰਟਰੋਲ ਕਰਦਾ। ਅਸੀਂ ਹੋਸ ਦੇ ਕਿਸ ਪੜਾਅ ਤੇ ਹਾਂ ਇਹਦੇ ਹਾਵ ਭਾਵ ਸਾਡੇ ਚਿਹਰੇ ਤੇ ਵਿਖਾਉਣਾ ਇਸ ਪੌਨਸ ਦਾ ਹੀ ਕੰਮ ਹੈ।

**ਮੈਡੂਲਾਔਬਲੌਂਗਟਾ**

ਇਹ ਖੋਪੜੀ ਵਿੱਚ ਰੱਖੇ ਬਰੇਨ ਦਾ ਆਖਰੀ ਹਿੱਸਾ ਹੈ ਅਤੇ ਦਿਲ ਦੀ ਧੜਕਣ ਸਾਹ ਕਿਰਿਆ ਬਲੱਡ ਪਰੈਸ਼ਰ ਵਗੈਰਾ ਦਾ ਕੰਟਰੋਲ ਇਸੇ ਦੇ ਹੀ ਰਾਹੀ ਕੰਟਰੋਲ ਹੁੰਦਾ ਹੈ। ਅਸਲ ਵਿੱਚ ਇਹ ਗੀਡ ਦੀ ਹੱਡੀ ਦੀਆਂ ਨਸਾ ਰਾਹੀਂ ਸਾਰੇ ਸਰੀਰ ਦੀਆਂ ਨਸ਼ਾ ਰਾਹੀਂ ਸੂਚਨਾਵਾਂ ਦਾ ਆਦਾਨ ਪ੍ਰਦਾਨ ਕਰਦਾ ਹੈ। ਇਕ ਤਰ੍ਹਾਂ ਨਾਲ ਜੰਕਸ਼ਨ ਹੈ ਬਰੇਨ ਤੇ ਸਾਡੇ ਸਰੀਰ ਵਿਚਕਾਰ।

**ਬਰੇਨ ਦੇ ਹਿੱਸਿਆਂ ਨੂੰ ਲਪੇਟਣ ਵਾਲੇ ਪਰਦੇ**

PIA MATTER ਪਿਆ ਮੈਟਰ ਇਹ ਬਰੇਨ ਦਾ ਸਭ ਤੋ ਅੰਦਰਲਾ ਅਤੇ ਹੇਠਲਾ ਪਰਦਾ ਹੈ ਜੋ ਸਭ ਤੋ ਨਰਮ ਪਰਦਾ ਹੁੰਦਾ ਹੈ।

ARACHNOID ਅਰਕਨੋਆਇਡ ਇਹ ਵਿਚਕਾਰਲਾ ਪਰਦਾ ਹੁੰਦਾ ਹੈ। ਜੋ ਬਰੇਨ ਗੇ ਹਿੱਸਿਆਂ ਵਿੱਚ ਦੀਵਾਰ ਦਾ ਕੰਮ ਕਰਦਾ ਹੈ ਅਤੇ ਇਹਦੀਆਂ ਦੋ ਤੈਹਾਂ ਵਿਚਕਾਰ ਤਰਲ ਪਦਾਰਥ ਭਰਿਆ ਹੁੰਦਾ ਹੈ।

DURA MATTER ਡੂਰਾ ਮੈਟਰ ਇਹ ਖੋਪੜੀ ਦੇ ਹੇਠਾਂ ਬਰੇਨ ਦੇ ਉੱਪਰ ਯਾਨੀ ਬਰੇਨ ਨੂੰ ਆਪਣੇ ਵਿੱਚ ਲਿਪੱਟਵ ਵਾਲਾ ਸਖ਼ਤ ਪਰਦਾ ਹੁੰਦਾ ਹੈ। ਇਕੱਲਾ ਬਰੇਨ ਹੀ ਨਹੀਂ ਗੀੜ ਦੀ ਹੱਡੀ ਦੇ ਅੰਦਰ ਅੰਦਰ ਵੀ ਇਹੀ ਪਰਦਾ ਲੱਗਿਆ ਹੁੰਦਾ ਹੈ ਜਿਸ ਦੇ ਅੰਦਰ ਬਰੇਨ ਵਿਚੋ ਨਿਕਲਦੀਆ ਤੇ ਗੀੜ ਦੀ ਹੱਡੀ ਰਾਹੀ ਸਾਰੇ ਸਰੀਰ ਨੂੰ ਕੰਟਰੋਲ ਕਰਨ ਵਾਲੀਆਂ ਨਸ਼ਾ ਆਜਾਦ ਆਪਣਾ ਕੰਮ ਕਰਦੀਆ ਰਹਿੰਦੀਆ ਹਨ।

**ਹਰਾ ਤੇ ਫਿੱਕਾ ਅਸਮਾਨੀ ਪਦਾਰਥ**

ਬਰੇਨ ਦਾ ਅਸਲ ਮਟੀਰੀਅਲ ਦੋ ਰੰਗਾਂ ਵਿੱਚ ਦਿਖਾਈ ਦਿੰਦਾ ਹੈ। ਗਰੇਅ ਯਾਨੀ ਅਸਮਾਨੀ ਤੇ ਚਿੱਟੇ ਰੰਗ ਵਿੱਚ ।

ਗਰੇਅ ਪਦਾਰਥ ਚੁੰਝਾਂ ਦਾ ਸਿੰਙਾ ਵਰਗੀ ਬਣਤਰ ਦਾ ਹੁੰਦਾ ਹੈ। ਇਹ ਬਰੇਨ ਦੇ ਨਾਲ ਨਾਲ ਗੀੜ ਦੀ ਹੱਡੀ ਦੇ ਅੰਦਰ ਦੀ ਗੁਲਾਈ ਦੇ ਨਾਲ ਨਾਲ ਹੁੰਦਾ ਹੈ।

ਵਾਈਟ ਪਦਾਰਥ ਗੀੜ ਦੀ ਹੱਡੀ ਦੀਆ ਨਸ਼ਾਂ ਨੂੰ ਬਾਹਰੋਂ ਬਾਹਰੋਂ ਮਜ਼ਬੂਤੀ ਦਿੰਦਾ ਹੈ। ਇਹਨਾਂ ਦੋਹਾਂ ਦੇ ਸਹਿਯੋਗ ਨਾਲ ਸੂਚਨਾਵਾਂ ਦਾ ਆਦਾਨ ਪ੍ਰਦਾਨ ਪੂਰੀ ਮੁਸਤੈਦੀ ਨਾਲ ਹੁੰਦਾ ਹੈ। ਚਿਟਾ ਪਦਾਰਥ ਸੈਂਟਰਲ ਨਰਵਸ ਸਿਸਟਮ ਦਾ ਹਿੱਸਾ ਹੈ ਜਿਸਦੇ ਨਿਊਰੌਨ ਨੂੰ ਐਕਸੋਨ ਕਹਿੰਦੇ ਹਨ।

ਬਰੇਨ ਦੇ ਗਰੇਅ ਪਦਾਰਥ ਤੇ ਚਿਟੇ ਪਦਾਰਥ ਵਿੱਚ ਮੁੱਢਾ ਫਰਕ ਇਹ ਹੈ ਕਿ ਗਰੇਅ ਪਦਾਰਥ ਵਿੱਚ ਨਿਊਟਰੋਨ ਹੁੰਦੇ ਹਨ ਤੇ ਚਿਟੇ ਪਦਾਰਥ ਵਿੱਚ ਐਗਜੋਨ ਹੁੰਦੇ ਹਨ। ਅਸਲ ਨਿਚ ਐਗਜੋਨ ਨਿਊਟਰੋਨ ਦਾ ਹੀ ਹਿੱਸਾ ਹੁੰਦੇ ਹਨ ਜੋ ਨਿਉਰੋਨ ਵਿੱਚ ਕਰੰਟ ਪਰਵਾਹਿਤ ਕਰਨ ਦਾ ਕੰਮ ਕਰਦੇ ਹਨ।

**ਬਰੇਨ ਦੀਆਂ ਨਸ਼ਾ**

ਬਰੇਨ ਵਿਚੋਂ ਨਿਕਲਦੀਆਂ ਨਸ਼ਾ ਬਾਰਾ ਜੋੜੇ ਹਨ। ਭਾਵ ਸਿਰ ਦੇ ਇਕ ਪਾਸੇ ਦੇ ਬਰੇਨ ਦੇ ਹਿੱਸੇ ਵਿਚੋ ਜਿਸ ਜਿਸ ਨਾ ਤੇ ਜਾਂ ਜਿਸ ਜਿਸ ਜਿਸ ਅੰਗ ਨੂੰ ਕੰਟਰੋਲ ਕਰਨ ਲਈ ਨਸ਼ਾਂ ਨਿਕਲਦੀਆਂ ਹਨ ਠੀਕ ਉਹਨਾਂ ਦੋਹੀਂ ਨਾਵਾਂ ਵਾਲੀਆਂ ਨਸ਼ਾਂ ਬਰੇਨ ਦੇ ਦੂਜੇ ਹਿੱਸੇ ਵਿਚੋ ਵੀ ਉਹਨਾਂ ਹੀ ਅੰਗਾਂ ਨੂੰ ਕੰਟਰੋਲ ਕਰਨ ਲਈ ਨਿਕਲਦੀਆਂ ਹਨ। ਜਿਵੇਂ ਮਿਸਾਲ ਦੇ ਤੌਰ ਤੇ ਔਪਟਿਕ ਨਰਵ ਯਾਨੀ ਅੱਖ ਦਾ ਫੰਕਸਨ ਕੰਟਰੋਲ ਕਰਨ ਲਈ ਬਰੇਨ ਤੋ ਸੱਜੇ ਪਾਸੇ ਦੀ ਅੱਖ ਤੇ ਖੱਬੇ ਪਾਸੇ ਦੀ ਅੱਖ ਲਈ ਨਿਕਲਦੀਆਂ ਹਨ ਤੇ ਇੰਜ ਸਾਰੇ ਸਰੀਰ ਦੇ ਸੱਜੇ ਤੇ ਖੱਬੇ ਪਾਸੇ ਦੇ ਅੰਗਾਂ ਨੂੰ ਕੰਟਰੋਲ ਕਰਨ ਲਈ ਜੋੜੀ ਜੋੜੀ ਨਰਵਜ ਨਿਕਲਦੀਆਂ ਹਨ ਤੇ ਇਹ ਸਾਰੀਆਂ ਸਿਰ ਦੇ ਪਿਛਲੇ ਹਿੱਸੇ ਵਿਚੋ ਨਿਕਲਦੀਆਂ ਹਨ। ਇਹਨਾਂ ਦਾ ਕੰਮ ਦੋ ਤਰ੍ਹਾਂ ਦੇ ਕਾਰਵਿਹਾਰ ਦੇ ਸਿਗਨਲ ਕੰਟਰੋਲ ਕਰਨਾ ਹੁੰਦਾ ਹੈ। ਇਕ ਨੂੰ ਕਹਿੰਦੇ ਹਨ ਸੈਸਰੀ ਯਾਨੀ ਕਿਸੇ ਵੀ ਅੰਗ ਤੋਂ ਉੱਥੇ ਵਾਪਰੇ ਹਾਲਾਤ ਦੀ ਜਾਣਕਾਰੀ ਨੂੰ ਮਹਿਸੂਸ ਕਰਨਾ ਅਤੇ ਦੂਸਰੇ ਲੋਕੋਮੋਟਰੀ ਹਾਲਾਤ ਅਨੁਸਾਰ ਬਰੇਨ ਤੋ ਹੁਕਮ ਵਾਪਸ ਉਸ ਅੰਗ ਤੱਕ ਲੈ ਕੇ ਜਾਣ ਵਾਲੀਆਂ ਨਸ਼ਾਂ ਹੁੰਦੀਆਂ ਹਨ। ਇਕੱਲਕੰਮ ਬਿਜਲੀ ਦੀ ਤੇਜ਼ੀ ਨਾਲ ਬਿਜਲੀ ਦੇ ਕਰੰਟ ਵਾਂਗ ਕਰਨ ਦੀ ਇਹਨਾਂ ਦੀ ਸਮਰੱਥਾ ਹੁੰਦੀ ਹੈ। ਇਹ ਕੰਮ ਇਹ ਸਾਰੇ ਸਰੀਰ ਦੇ ਇਕ ਇਕ ਅੰਗ ਬਲਕਿ ਇਕ ਇਕ ਟਿਸ਼ੂ ਤੱਕ ਕਰਨ ਅਤੇ ਪਹੁੰਚਾਉਣ ਦੀ ਸਮਰੱਥਾ ਰੱਖਦੀਆਂ ਹਨ। ਤੇ ਉਹਨਾਂ ਦਾ ਕੁਦਰਤ ਵੱਲੋਂ ਨਿਰਧਾਰਤ ਕੰਮ ਕਰਨ ਲਈ ਉਹਨਾਂ ਦੀ ਮਦਦ ਕਰਦੀਆਂ ਹਨ। ਮਿਸਾਲ ਦੇ ਤੌਰ 'ਤੇ ਸਾਡੀਆ ਗਿਆਨ ਇੰਦਰੀਆਂ ਦਾ ਕੰਮ ਸੁੰਘਣਾ ਸੁਣਨਾ ਸਵਾਦ ਮਹਿਸੂਸ ਕਰਨਾ ਵਗੈਰਾ ਵਗੈਰਾ ਸਭ ਨਸ਼ਾ ਰਾਹੀਂ ਹੀ ਸਾਡੇ ਗਿਆਨ ਵਿੱਚ ਸਾਡੇ ਧਿਆਨ ਵਿੱਚ ਆਉਂਦੀਆਂ ਹਨ।

(ਚੱਲਦਾ)





# CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

**(IRP) Plates-48 States-Same Day**

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

**ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ**

- *ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।*
- *ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।*

**ਸਾਨੂੰ 16 ਸਾਲਾਂ ਦਾ ਤਜਰਬਾ ਹੈ।**

**Same Day Plates Same Day Plates Same Day Plates**

**PH : 530-669-5780 Fax : 530-669-5775,**
**Cell : 530-908-9386 Cell : 530-405-6020**

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776
440 N Palora Ave, Suite c Yuba City Ca. 95991

**TRUCKING SERVICES AVAILABLE**

- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

**BUSINESS SERVICES AVAILABLE**

- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

**CALIFORNIA DMV LIV. # 40524**

# ਅਮਰੀਕਾ ਦੀ ਫ਼ੌਜ 'ਚ ਪਹਿਲੇ ਦਸਤਾਰਧਾਰੀ ਸਿੱਖ ਲੈਫਟੀਨੈਂਟ ਕਰਨਲ ਤੇਜਦੀਪ ਸਿੰਘ ਲੜਨਗੇ ਸਿਟੀ ਕੌਂਸਲ ਚੋਣਾਂ

ਨਿਊਯਾਰਕ : ਅਮਰੀਕਾ ਦੀ ਫੌਜ ਵਿਚ ਭਰਤੀ ਪਹਿਲੇ ਸਾਬਤ ਸੂਰਤ ਦਸਤਾਰਧਾਰੀ ਸਿੱਖ ਲੈਫਟੀਨੈਂਟ ਕਰਨਲ ਡਾ. ਤੇਜਦੀਪ ਸਿੰਘ ਰਤਨ ਨੇ ਚੋਣ ਲੜਨ ਦਾ ਐਲਾਨ ਕੀਤਾ ਹੈ। ਤੇਜਦੀਪ ਸਿੰਘ ਕੈਲੀਫੋਰਨੀਆ ਸੂਬੇ ਦੇ ਸ਼ਹਿਰ ਮਾਊਨਟੇਨ ਹਾਊਸ ਦੀਆਂ ਅਗਾਮੀ ਮਾਰਚ 2024 ਵਾਲੀਆਂ ਸਿਟੀ ਕੌਂਸਲ ਚੋਣਾਂ ਵਿੱਚ ਕੌਂਸਲ ਮੈਂਬਰ ਵੱਜੋਂ ਚੋਣ ਲੜਨਗੇ। ਇੱਥੇ ਦੱਸ ਦਈਏ ਕਿ ਤੇਜਦੀਪ ਸਿੰਘ ਨੇ ਕੈਲੀਫੋਰਨੀਆ ਦੇ ਮਾਊਨਟੇਨ ਹਾਊਸ ਵਿੱਚ ਸਾਲ 2009 ਵਿੱਚ ਆਪਣੇ ਸਿੱਖੀ ਸਰੂਪ ਨਾਲ ਅਮਰੀਕਾ ਦੀ ਫੌਜ ਵਿੱਚ ਭਰਤੀ ਹੋਣ ਲਈ ਆਗਿਆ ਪ੍ਰਾਪਤ ਕੀਤੀ ਸੀ।

ਕੌਂਸਲ ਦੇ 4 ਮੈਂਬਰਾਂ ਨੂੰ ਚੁਨਣ ਲਈ ਕੁੱਲ 8 ਉਮੀਦਵਾਰ ਮੈਦਾਨ ਵਿੱਚ ਹਨ ਅਤੇ ਇਨ੍ਹਾਂ ਵਿੱਚੋਂ ਸਿਰਫ ਤੇਜਦੀਪ ਸਿੰਘ ਰਤਨ, ਜੋ ਸਿੱਖ ਭਾਈਚਾਰੇ ਨਾਲ ਸੰਬੰਧ ਰੱਖਦੇ ਮੈਦਾਨ ਵਿੱਚ ਹਨ। ਇਸ ਚੋਣ ਲਈ ਸ਼ਹਿਰ ਵਾਸੀ 5 ਫਰਵਰੀ ਤੋਂ ਲੈ ਕੇ 5 ਮਾਰਚ 2024 ਤੱਕ ਵੋਟਾਂ ਪਾ ਸਕਦੇ ਹਨ। ਡਾ. ਰਤਨ ਨੇ ਸਾਲ 2015 ਵਿੱਚ ਆਪਣੀ ਕੁੱਲ-ਵਕਤੀ ਫੌਜੀ ਸੇਵਾ ਦੀ ਸਮਾਪਤੀ ਤੋਂ ਬਾਅਦ ਮਾਊਨਟੇਨ ਹਾਊਸ ਸ਼ਹਿਰ ਵਿਖੇ ਆਪਣਾ ਘਰ ਖਰੀਦਿਆ ਜਿੱਥੇ ਉਹ ਆਪਣੀ ਪਤਨੀ ਜਸਜੀਤ ਕੌਰ ਅਤੇ ਦੋ ਬੱਚਿਆਂ ਦੇ ਨਾਲ ਰਹਿੰਦੇ ਹਨ। ਉਹ ਕਿੱਤੇ ਵੱਜੋਂ ਦੰਦਾਂ ਦੇ ਇੱਕ ਡਾਕਟਰ ਹੋਣ ਦੇ ਨਾਲ ਫੌਜ ਦੀ ਰਿਜ਼ਰਵ ਬਟਾਲੀਅਨ ਵਿੱਚ ਵੀ ਆਪਣੀ ਸੇਵਾ ਨਿਭਾ ਰਹੇ ਹਨ। ਹਾਲ ਹੀ ਵਿੱਚ ਉਨ੍ਹਾਂ ਨੂੰ ਨਵੰਬਰ 2024 ਵਿੱਚ ਸ਼ੁਰੂ ਹੋਣ ਵਾਲੇ ਆਰਮੀ ਰਿਜ਼ਰਵ ਦੇ ਅਗਲੇ ਸੈਸ਼ਨ ਲਈ ਬਟਾਲੀਅਨ ਕਮਾਂਡ ਵਾਸਤੇ ਚੁਣਿਆ ਗਿਆ ਹੈ।

ਆਪਣੇ ਸਾਥੀਆਂ ਵਿੱਚ "ਟੀ ਜੇ" ਦੇ ਨਾਮ ਨਾਲ ਜਾਣੇ ਜਾਂਦੇ ਰਤਨ ਦਾ ਕਹਿਣਾ ਹੈ,"ਫੌਜ ਵਿੱਚ ਨਿਸਵਾਰਥ ਸੇਵਾ ਦੀਆਂ ਕਦਰਾਂ-ਕੀਮਤਾਂ ਤੋਂ ਪ੍ਰੇਰਿਤ ਹੋ ਕੇ, ਅਮਰੀਕਾ ਦੇ ਸਭ ਤੋਂ ਨਵੇਂ ਸ਼ਹਿਰ ਵਜੋਂ ਮਾਨਤਾ ਪ੍ਰਾਪਤ



ਮਾਊਨਟੇਨ ਹਾਊਸ ਦੀ ਸੁਰੱਖਿਆ ਤੇ ਖੁਸ਼ਹਾਲੀ ਨੂੰ ਯਕੀਨੀ ਬਣਾਉਣਾ ਅਤੇ ਭਾਈਚਾਰੇ ਨੂੰ ਵਿਕਸਤ ਕਰਨਾ ਮੇਰਾ ਮੁੱਖ ਮਕਸਦ ਹੈ। ਸਿਟੀ ਕੌਂਸਲ ਲਈ ਚੋਣ ਲੜਨ ਦਾ ਮੇਰਾ ਫ਼ੈਸਲਾ ਜਨਤਕ ਸੇਵਾ ਅਤੇ ਭਾਈਚਾਰਕ ਭਲਾਈ ਲਈ ਮੇਰੇ ਸਮਰਪਣ ਦਾ ਪ੍ਰਮਾਣ ਹੈ। ਯੂ.ਐਸ. ਆਰਮਡ ਫੋਰਸਿਜ਼ ਵਿੱਚ ਮੇਰੀ ਭੂਮਿਕਾ ਅਤੇ ਵਿਲੱਖਣ ਤਜ਼ਰਬਾ ਮੈਨੂੰ ਸਿਟੀ ਕੌਂਸਲ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਯੋਗਦਾਨ ਪਾਉਣ ਵਿੱਚ ਸਹਾਈ ਹੋਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਦੇ ਸਮਰਥਨ ਦੀ ਮਹੱਤਤਾ ਨੂੰ ਪਛਾਣਦੇ ਹੋਏ, ਮੈਂ ਕਮਿਊਨਿਟੀ ਨੂੰ ਇੱਕ ਸਿਹਤਮੰਦ ਤੇ ਸੰਗਠਿਤ ਬਨਾਉਣ ਲਈ ਸੱਦਾ ਦਿੱਤਾ ਹੈ। ਉਨ੍ਹਾਂ ਮਾਊਨਟੇਨ ਹਾਊਸ ਦੇ ਹਰੇਕ 7 ਪਿੰਡਾ ਵਿੱਚੋਂ ਘੱਟੋ-ਘੱਟ 6 ਵਲੰਟੀਅਰਾਂ ਨੂੰ ਇਸ ਚੋਣ ਮੁਹਿਮ ਵਿੱਚ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜਨ ਦੀ ਬੇਨਤੀ ਕੀਤੀ ਹੈ। ਉਨ੍ਹਾਂ ਆਖਿਆ ਕਿ ਜਿਹੜੇ ਲੋਕ ਉਹਨਾਂ ਦਾ ਸਮਰਥਨ ਕਰਨ ਜਾਂ ਉਹਨਾਂ ਦੀ ਮੁਹਿਮ ਵਿੱਚ ਵਲੰਟੀਅਰ ਕਰਨ ਵਿੱਚ ਦਿਲਚਸਪੀ ਰੱਖਦੇ ਹਨ, ਉਹ ਉਨ੍ਹਾਂ ਨਾਲ ਵੈਬਸਾਈਟ www.tjforcouncil.com ਜਾਂ ਈਮੇਲ tejdeeprattan@gmail.com 'ਤੇ ਸਿੱਧਾ ਸੰਪਰਕ ਕਰ ਸਕਦੇ ਹਨ।

# ਦਾਣੇ-ਦਾਣੇ ਨੂੰ ਤਰਸ ਰਹੇ ਪਾਕਿ ਤੋਂ ਜ਼ਬਰਦਸਤੀ ਕੱਢੇ ਗਏ ਅਫਗਾਨ ਪ੍ਰਵਾਸੀ

ਕਾਬੁਲ : ਪਾਕਿਸਤਾਨ ਤੋਂ ਜ਼ਬਰਦਸਤੀ ਕੱਢੇ ਗਏ ਅਫਗਾਨ ਪ੍ਰਵਾਸੀ ਦਾਣੇ-ਦਾਣੇ ਨੂੰ ਤਰਸ ਰਹੇ ਹਨ। ਵਰਲਡ ਫੂਡ ਪ੍ਰੋਗਰਾਮ (ਡਬਲਯੂਐੱਫਪੀ) ਨੇ ਹਾਲ ਹੀ ਵਿੱਚ ਰਿਪੋਰਟਾਂ ਵਿੱਚ ਖੁਲਾਸਾ ਕੀਤਾ ਹੈ ਕਿ ਅਫਗਾਨ ਪ੍ਰਵਾਸੀ ਜਿਨ੍ਹਾਂ ਨੂੰ ਜ਼ਬਰਦਸਤੀ ਸਤਾਇਆ ਗਿਆ ਹੈ ਅਤੇ ਪਾਕਿਸਤਾਨ ਤੋਂ ਬਾਹਰ ਕੱਢਿਆ ਗਿਆ ਹੈ, ਉਹ ਜਿਉਣ ਲਈ ਪੈਸੇ ਉਧਾਰ ਲੈਣ ਦਾ ਸਹਾਰਾ ਲੈ ਰਹੇ ਹਨ। ਦਿ ਖਾਮਾ ਪ੍ਰੈਸ ਨੇ ਰਿਪੋਰਟ ਦਿੱਤੀ ਕਿ ਵੀਰਵਾਰ, 1 ਫਰਵਰੀ ਨੂੰ ਜਾਰੀ ਕੀਤੀ ਗਈ ਇੱਕ ਵੀਡੀਓ ਕਲਿੱਪ ਵਿੱਚ, ਸੰਗਠਨ ਨੇ ਉਜਾਗਰ ਕੀਤਾ ਕਿ ਲਗਭਗ ਪੰਜ ਮਹੀਨਿਆਂ ਵਿੱਚ ਪਾਕਿਸਤਾਨ ਸਰਕਾਰ ਦੁਆਰਾ ਪੰਜ ਲੱਖ ਤੋਂ ਵੱਧ ਅਫਗਾਨ ਪ੍ਰਵਾਸੀਆਂ ਨੂੰ ਜ਼ਬਰਦਸਤੀ ਦੇਸ਼ ਨਿਕਾਲਾ ਦਿੱਤਾ ਗਿਆ ਹੈ। ਏਜੰਸੀ ਨੇ ਜ਼ੋਰ ਦੇ ਕੇ ਕਿਹਾ ਕਿ ਅਫਗਾਨ ਪ੍ਰਵਾਸੀ ਹੁਣ ਕਿਸੇ ਵੀ ਸੁਵਿਧਾ ਜਾਂ ਸਹਾਇਤਾ ਦੀ ਅਣਹੋਂਦ ਵਿੱਚ ਆਪਣੇ ਆਪ ਨੂੰ ਕਾਇਮ ਰੱਖਣ ਲਈ ਪੈਸੇ ਉਧਾਰ ਲੈਣ ਲਈ ਮਜਬੂਰ ਹਨ। ਸੰਗਠਨ ਦੀ ਵੈੱਬਸਾਈਟ ਦੇ ਅਨੁਸਾਰ, ਲਗਭਗ ਸਾਰੇ ਕੱਢੇ ਗਏ ਪ੍ਰਵਾਸੀ ਇਸ ਸਮੇਂ ਭੰਬਲਭੂਸੇ ਦੀ ਸਥਿਤੀ ਵਿੱਚ ਹਨ। ਦਿ ਖਾਮਾ ਪ੍ਰੈਸ ਦੇ ਅਨੁਸਾਰ, ਵਰਲਡ ਫੂਡ ਪ੍ਰੋਗਰਾਮ ਨੇ ਜ਼ੋਰ ਦਿੱਤਾ ਕਿ ਇਹਨਾਂ ਵਾਪਸ ਪਰਤਣ ਵਾਲੇ ਪ੍ਰਵਾਸੀਆਂ ਵਿੱਚੋਂ ਕੁਝ ਅਜੇ ਵੀ ਭੁੱਖਮਰੀ ਦਾ ਸਾਹਮਣਾ ਕਰ ਰਹੇ ਹਨ ਅਤੇ ਸਭ ਤੋਂ ਵੱਧ ਕੇ, ਉਨ੍ਹਾਂ ਨੂੰ ਭੋਜਨ ਸਹਾਇਤਾ ਦੀ ਲੋੜ ਹੈ। ਇਹ ਘਟਨਾਕ੍ਰਮ ਅਫਗਾਨਿਸਤਾਨ ਦੇ ਤਾਲਿਬਾਨ ਦੇ ਸ਼ਰਨਾਰਥੀ ਅਤੇ ਵਾਪਸੀ ਮੰਤਰਾਲੇ ਦੀ ਘੋਸ਼ਣਾ ਨਾਲ ਮੇਲ ਖਾਂਦਾ ਹੈ, ਜਿਸ ਵਿੱਚ ਦਿਖਾਇਆ ਗਿਆ ਹੈ ਕਿ ਜਾਪਾਨੀ ਰਾਜਦੂਤ ਨੇ ਅਫਗਾਨਿਸਤਾਨ ਪਰਤਣ ਵਾਲੇ ਪ੍ਰਵਾਸੀਆਂ ਦੀ ਸਹਾਇਤਾ ਲਈ ਵੱਖ-ਵੱਖ ਖੇਤਰਾਂ ਵਿੱਚ 100 ਮਿਲੀਅਨ ਯੇਨ ਦੀ ਸਹਾਇਤਾ ਦਾ ਵਾਅਦਾ



ਕੀਤਾ ਹੈ। ਦਿ ਖਾਮਾ ਪ੍ਰੈਸ ਦੇ ਅਨੁਸਾਰ, ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਸ਼ਰਨਾਰਥੀ ਅਤੇ ਵਾਪਸੀ ਮੰਤਰਾਲੇ ਨੇ ਕਾਬੁਲ ਵਿੱਚ ਜਾਪਾਨੀ ਰਾਜਦੂਤ ਦੇ ਹਵਾਲੇ ਨਾਲ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਫੰਡ ਅਫਗਾਨ ਪ੍ਰਵਾਸੀਆਂ ਲਈ ਆਸਰਾ, ਟੈਂਟ, ਸਰਦੀਆਂ ਦੇ ਕੱਪੜਿਆਂ ਅਤੇ ਸਿਹਤ ਖੇਤਰਾਂ ਲਈ ਵੰਡੇ ਜਾਣਗੇ। ਇਸ ਤੋਂ ਇਲਾਵਾ, ਪਾਕਿਸਤਾਨੀ ਸਰਕਾਰ ਨੇ ਪਹਿਲਾਂ ਹੀ 31 ਅਕਤੂਬਰ ਤੱਕ ਪਾਕਿਸਤਾਨ ਛੱਡਣ ਜਾਂ ਉਨ੍ਹਾਂ ਦੇ ਗ੍ਰਹਿ ਦੇਸ਼ਾਂ ਨੂੰ ਕੈਦ ਅਤੇ ਦੇਸ਼ ਨਿਕਾਲੇ ਦਾ ਸਾਹਮਣਾ ਕਰਨ ਦਾ ਅਲਟੀਮੇਟਮ ਦਿੱਤਾ ਸੀ। ਮਨੁੱਖੀ ਅਧਿਕਾਰ ਸੰਗਠਨਾਂ ਅਤੇ ਅਫਗਾਨਿਸਤਾਨ ਦੋਵਾਂ ਨੇ ਕਰੈਕਡਾਊਨ ਦੀ ਆਲੋਚਨਾ ਕੀਤੀ, ਪਰ ਸਰਕਾਰ ਆਪਣੇ ਰੁਖ 'ਤੇ ਕਾਇਮ ਰਹੀ ਅਤੇ ਜ਼ੋਰ ਦੇ ਕੇ ਕਿਹਾ ਕਿ ਇਹ ਕਿਸੇ ਇੱਕ ਨਸਲੀ ਭਾਈਚਾਰੇ 'ਤੇ ਨਿਰਦੇਸ਼ਿਤ ਨਹੀਂ ਸੀ।

"ਲਗਭਗ 1.7 ਮਿਲੀਅਨ ਗੈਰ-ਕਾਨੂੰਨੀ ਪਰਦੇਸੀ ਗੈਰ-ਕਾਨੂੰਨੀ ਤੌਰ 'ਤੇ ਦੇਸ਼ ਵਿਚ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਅਫਗਾਨ ਹਨ। ਉਹ ਦੇਸ਼ ਵਿੱਚ ਰਹਿਣ ਲਈ ਲੋੜੀਂਦੇ ਕਾਨੂੰਨੀ ਦਸਤਾਵੇਜ਼ਾਂ ਤੋਂ ਬਿਨਾਂ ਰਹਿ ਰਹੇ ਹਨ। ਮੰਤਰਾਲੇ ਨੇ ਕਿਹਾ ਕਿ ਕੈਬਨਿਟ ਵੱਲੋਂ ਗੈਰ-ਕਾਨੂੰਨੀ ਨਿਵਾਸੀਆਂ ਲਈ ਦੇਸ਼ ਨਿਕਾਲੇ ਦੀ ਯੋਜਨਾ ਨੂੰ ਮਨਜ਼ੂਰੀ ਦੇਣ ਤੋਂ ਬਾਅਦ ਕੁੱਲ 541,210 ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਪਾਕਿਸਤਾਨੀ ਸਰਕਾਰ ਦੀਆਂ ਕਾਰਵਾਈਆਂ ਨੇ ਪਾਕਿਸਤਾਨ ਵਿੱਚ ਇਨ੍ਹਾਂ ਸ਼ਰਨਾਰਥੀਆਂ ਦੇ ਇਲਾਜ ਅਤੇ ਅਧਿਕਾਰਾਂ ਬਾਰੇ ਚਿੰਤਾਵਾਂ ਪੈਦਾ ਕੀਤੀਆਂ ਹਨ। ਅਫਗਾਨ ਪ੍ਰਵਾਸੀਆਂ ਦੇ ਜਬਰੀ ਦੇਸ਼ ਨਿਕਾਲੇ ਨੂੰ ਰੋਕਣ ਲਈ ਨਿੰਦਾ ਅਤੇ ਕਾਲ ਦਾ ਸਾਹਮਣਾ ਕਰਨ ਦੇ ਬਾਵਜੂਦ, ਪਾਕਿਸਤਾਨੀ ਅਧਿਕਾਰੀਆਂ ਨੇ ਆਪਣੀ ਕਾਰਵਾਈ ਜਾਰੀ ਰੱਖੀ। ਇਸ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਨੇ ਵੀ ਪਾਕਿਸਤਾਨ ਨੂੰ ਦੇਸ਼ ਨਿਕਾਲੇ ਦੀ ਪ੍ਰਥਾ ਨੂੰ ਰੋਕਣ ਲਈ ਕਿਹਾ ਸੀ।

# ਜੇਕਰ ਈਰਾਨ ਸਮਰਥਿਤ ਗੈਰ-ਫ਼ੌਜੀ ਲੜਾਕਿਆਂ ਨੇ ਹਮਲੇ ਜਾਰੀ ਰੱਖੇ ਤਾਂ ਫਿਰ ਕੀਤੀ ਜਾਵੇਗੀ ਜਵਾਬੀ ਕਾਰਵਾਈ: ਅਮਰੀਕਾ

ਯੇਰੂਸ਼ਲਮ : ਅਮਰੀਕਾ ਨੇ ਈਰਾਨ ਅਤੇ ਉਸ ਵੱਲੋਂ ਸਮਰਥਿਤ 'ਮਿਲੀਸ਼ੀਆ' (ਗੈਰ-ਫ਼ੌਜੀ ਲੜਾਕਿਆਂ) ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਹ ਪੱਛਮੀ ਏਸ਼ੀਆ ਵਿੱਚ ਤਾਇਨਾਤ ਅਮਰੀਕੀ ਬਲਾਂ ਨੂੰ ਨਿਸ਼ਾਨਾ ਬਣਾਉਣਾ ਜਾਰੀ ਰੱਖਦੇ ਹਨ ਤਾਂ ਉਹ ਜਵਾਬੀ ਕਾਰਵਾਈ ਕਰੇਗਾ। ਜਾਰਡਨ ਵਿੱਚ ਇੱਕ ਈਰਾਨ ਸਮਰਥਿਤ ਸਮੂਹ ਵੱਲੋਂ ਹਾਲ ਹੀ ਵਿੱਚ ਕੀਤੇ ਗਏ ਡਰੋਨ ਹਮਲੇ ਵਿੱਚ 3 ਅਮਰੀਕੀ ਫ਼ੌਜੀ ਮਾਰੇ ਗਏ ਸਨ ਅਤੇ 40 ਤੋਂ ਵੱਧ ਜ਼ਖ਼ਮੀ ਹੋਏ ਸਨ। ਅਮਰੀਕਾ ਨੇ ਸ਼ੁੱਕਰਵਾਰ ਨੂੰ ਜਾਰਡਨ ਵਿਚ ਆਪਣੇ ਫ਼ੌਜੀਆਂ 'ਤੇ ਹਮਲਿਆਂ ਦਾ ਜਵਾਬ ਦਿੰਦੇ ਹੋਏ, ਇਰਾਕ ਅਤੇ ਸੀਰੀਆ ਵਿਚ ਈਰਾਨ ਸਮਰਥਿਤ ਮਿਲੀਸ਼ੀਆ ਅਤੇ ਈਰਾਨੀ ਰੈਵੋਲਿਊਸ਼ਨਰੀ ਗਾਰਡ ਦੇ 85 ਟਿਕਾਣਿਆਂ 'ਤੇ ਹਮਲੇ ਕੀਤੇ। ਇਸ ਤੋਂ ਬਾਅਦ




ਸ਼ਨੀਵਾਰ ਨੂੰ ਅਮਰੀਕੀ ਅਤੇ ਬ੍ਰਿਟਿਸ਼ ਬਲਾਂ ਨੇ ਯਮਨ 'ਚ ਹੂਤੀ ਦੇ ਕੰਟਰੋਲ ਵਾਲੇ ਇਲਾਕਿਆਂ 'ਤੇ ਵੀ ਹਮਲੇ ਕੀਤੇ।

ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਨੇ ਕਿਹਾ ਕਿ ਜੇ ਈਰਾਨ ਨੇ ਅਮਰੀਕਾ ਦੇ ਖਿਲਾਫ 'ਸਿੱਧਾ ਜਵਾਬ ਦੇਣ ਦਾ ਬਦਲ' ਚੁਣਿਆ ਤਾਂ ਉਸ ਨੂੰ 'ਤੇਜ਼ ਅਤੇ ਸਖ਼ਤ ਜਵਾਬ' ਲਈ ਤਿਆਰ ਰਹਿਣਾ ਚਾਹੀਦਾ ਹੈ। ਸੁਲੀਵਾਨ ਨੇ ਕਿਹਾ ਕਿ ਅਸੀਂ ਇਰਾਕ ਅਤੇ ਸੀਰੀਆ ਵਿੱਚ ਈਰਾਨ ਸਮਰਥਿਤ ਮਿਲੀਸ਼ੀਆ ਜਾਂ ਹੂਤੀ ਬਾਗੀਆਂ ਵੱਲੋਂ ਭਵਿੱਖ ਵਿੱਚ ਕੀਤੇ ਜਾ ਸਕਣ ਵਾਲੇ ਹਮਲਿਆਂ ਦੀ ਸੰਭਾਵਨਾ ਨੂੰ ਰੱਦ ਨਹੀਂ ਕਰ ਸਕਦੇ। ਜਦੋਂ ਈਰਾਨ ਦੇ ਅੰਦਰ ਹਮਲੇ ਕੀਤੇ ਜਾਣ ਦੀ ਸੰਭਾਵਨਾ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਬਾਈਡੇਨ 'ਵੱਡੇ ਪੱਧਰ ਦੀ ਜੰਗ ਨਹੀਂ ਚਾਹੁੰਦੇ ਹਨ ਪਰ ਜਦੋਂ ਉਨ੍ਹਾਂ ਤੋਂ ਈਰਾਨ ਵੱਲੋਂ ਸਿੱਧੇ ਹਮਲੇ ਦੀ ਸੰਭਾਵਨਾ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਨੇ ਅਮਰੀਕਾ ਨੂੰ ਸਿੱਧੇ ਤੌਰ 'ਤੇ ਜਵਾਬ ਦੇਣ ਦੀ ਚੋਣ ਕੀਤੀ ਤਾਂ ਉਨ੍ਹਾਂ ਨੂੰ ਸਾਡੇ ਵੱਲੋਂ ਤੇਜ਼ ਅਤੇ ਸਖ਼ਤ ਜਵਾਬ ਮਿਲੇਗਾ।'

# ਡੋਨਾਲਡ ਟਰੰਪ ਦੀ ਕਾਰ ਜੋ ਨਿਲਾਮੀ 'ਚ ਰਿਕਾਰਡ 9.14 ਕਰੋੜ ਰੁਪਏ 'ਚ ਵਿਕੀ



ਨਿਊਯਾਰਕ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਵਰਤੀ ਗਈ Lamborghini Diablo VT ਨੂੰ ਹਾਲ ਹੀ ਵਿੱਚ ਬੈਰੇਟ ਜੈਕਸਨ ਦੁਆਰਾ ਆਯੋਜਿਤ ਇੱਕ ਨਿਲਾਮੀ ਵਿੱਚ 1.1 ਮਿਲੀਅਨ ਡਾਲਰ ਵਿੱਚ ਵੇਚਿਆ ਗਿਆ। ਇਸ ਨੇ ਹੁਣ ਤੱਕ ਵਿਕਣ ਵਾਲੀ ਸਭ ਤੋਂ ਮਹਿੰਗੀ ਡਾਇਬਲੋ ਕਾਰ ਵਜੋਂ ਇੱਕ ਨਵਾਂ ਰਿਕਾਰਡ ਬਣਾਇਆ ਹੈ। ਡੋਨਾਲਡ ਟਰੰਪ ਦੁਆਰਾ 1997 ਵਿੱਚ ਖਰੀਦੀ ਗਈ ਲੈਂਬੋਰਗਿਨੀ ਕੰਪਨੀ ਦੀ 'ਡਿਆਬਲੋ ਵੀਟੀ' ਵਿਸ਼ਵ ਬਾਜ਼ਾਰ ਵਿੱਚ ਸਭ ਤੋਂ ਮਹਿੰਗੀ ਅਤੇ ਪ੍ਰਸਿੱਧ ਕਾਰ ਹੈ। ਇਸ ਕਾਰ ਨੂੰ ਟਰੰਪ ਨੇ ਖਾਸ ਤੌਰ 'ਤੇ ਆਪਣੇ ਲਈ ਕਸਟਮਾਈਜ਼ ਕੀਤਾ ਸੀ।

ਬਲੂ ਲੇ ਮਾਨਸ ਨਾਮਕ ਇੱਕ ਵਿਸ਼ੇਸ਼ ਰੰਗ ਦੇ ਸ਼ੇਡ ਵਿੱਚ ਦਿਖਾਈ ਦੇਣ ਵਾਲੀ, ਇਹ ਕਾਰ ਅਮਰੀਕਾ ਵਿੱਚ ਵਿਕਣ ਵਾਲੀਆਂ ਸਿਰਫ 132 ਕਾਰਾਂ ਵਿੱਚੋਂ ਇੱਕ ਸੀ। ਟਰੰਪ ਦੇ ਕਹਿਣ 'ਤੇ ਕੰਪਨੀ ਨੇ ਕਾਰ ਦੇ ਦਰਵਾਜ਼ੇ 'ਤੇ ਨੇਮ ਪਲੇਟ ਟਰੰਪ 1997 ਡਾਇਬਲੋ ਵੀ ਚਿਪਕਾਈ ਸੀ। ਇੱਥੇ ਇਹ ਵੀ ਦੇਖਿਆ ਜਾ ਸਕਦਾ ਹੈ ਕਿ ਇਸ ਨੂੰ ਡਿਊਲ-ਟੋਨ ਕਰੀਮ/ਬਲੈਕ ਫਿਨਿਸ਼ ਮਿਲਦੀ ਹੈ। ਟਰੰਪ ਨੇ ਇਹ ਕਾਰ 2002 ਵਿੱਚ ਵੇਚੀ ਸੀ। ਕਾਰ ਬਾਅਦ ਵਿੱਚ 2016 ਵਿੱਚ ਈਬੇ 'ਤੇ ਵਿਕਰੀ ਲਈ ਦਿਖਾਈ ਦਿੱਤੀ। ਇਹ ਸਪੱਸ਼ਟ ਨਹੀਂ ਹੈ ਕਿ ਉਸ ਤੋਂ ਬਾਅਦ ਕਿੰਨੇ ਲੋਕਾਂ ਨੇ ਇਸ ਕਾਰ ਤੇ ਹੱਥ ਬਦਲੇ ਹਨ।

ਪਰ ਹਾਲ ਹੀ ਵਿੱਚ ਇਹ ਕਾਰ 1.1 ਮਿਲੀਅਨ ਡਾਲਰ (ਭਾਰਤੀ ਰੁਪਏ ਵਿਚ 9.14 ਕਰੋੜ ਰੁਪਏ) ਵਿੱਚ ਵਿਕੀ। 2016 ਤੱਕ ਇਹ ਕਾਰ 14655 ਕਿਲੋਮੀਟਰ ਦਾ ਸਫ਼ਰ ਤੈਅ ਕਰ ਚੁੱਕੀ ਹੈ ਅਤੇ ਹੁਣ ਇਹ ਨਿਲਾਮੀ ਦੇ ਸਮੇਂ ਓਡੋਮੀਟਰ 'ਤੇ 15431 ਕਿਲੋਮੀਟਰ ਦਾ ਸਫ਼ਰ ਤੈਅ ਕਰਦੀ ਨਜ਼ਰ ਆ ਰਹੀ ਹੈ। ਲੱਗਦਾ ਹੈ ਕਿ 2016 ਤੋਂ ਬਾਅਦ ਇਸ ਦੀ ਜ਼ਿਆਦਾ ਵਰਤੋਂ ਨਹੀਂ ਹੋਈ। ਅਤੇ ਇਸ ਵਿੱਚ ਸ਼ਕਤੀਸ਼ਾਲੀ 5.7 ਲੀਟਰ ੜ12 ਇੰਜਣ ਹੈ। ਇਹ 492 ਹਾਰਸ ਪਾਵਰ ਪੈਦਾ ਕਰਦਾ ਹੈ। ਇਸ ਵਿੱਚ ਇੱਕ 5-ਸਪੀਡ ਮੈਨੂਅਲ ਟ੍ਰਾਂਸਮਿਸ਼ਨ ਅਤੇ ਇੱਕ ਆਲ-ਵ੍ਹੀਲ ਡਰਾਈਵ ਸਿਸਟਮ ਹੈ ਜੋ ਸਿਰਫ 4.1 ਸਕਿੰਟਾਂ ਵਿੱਚ 60 mph ਦੀ ਰਫਤਾਰ ਫੜ ਲੈਂਦੀ ਹੈ। ਇਸ ਦੀ ਟਾਪ ਸਪੀਡ 235 ਕਿਲੋਮੀਟਰ ਪ੍ਰਤੀ ਘੰਟਾ ਹੈ।

# ਅਮਰੀਕਾ ਵੱਲੋਂ 1 ਲੱਖ ਵਰਕ ਪਰਮਿਟ ਜਾਰੀ ਕਰਨ ਦਾ ਐਲਾਨ

ਵਾਸ਼ਿੰਗਟਨ : ਹਜ਼ਾਰਾਂ ਭਾਰਤੀਆਂ ਨੂੰ ਵੱਡੀ ਰਾਹਤ ਦਿੰਦਿਆਂ ਅਮਰੀਕਾ ਸਰਕਾਰ ਨੇ ਐਚ-1ਬੀ ਵੀਜ਼ਾ 'ਤੇ ਮੁਲਕ ਵਿਚ ਆਏ ਪ੍ਰਵਾਸੀਆਂ ਦੇ ਜੀਵਨ ਸਾਥੀਆਂ ਅਤੇ ਬੱਚਿਆਂ ਨੂੰ ਇਕ ਲੱਖ ਵਰਕ ਪਰਮਿਟ ਜਾਰੀ ਕਰਨ ਦਾ ਐਲਾਨ ਕੀਤਾ ਹੈ। ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਐਤਵਾਰ ਨੂੰ ਕੌਮੀ ਸੁਰੱਖਿਆ ਸਮਝੌਤਾ ਜਨਤਕ ਕੀਤਾ ਗਿਆ ਜਿਸ ਤਹਿਤ ਐਚ-1ਬੀ ਵੀਜ਼ਾ ਧਾਰਕਾਂ ਦੇ ਉਨ੍ਹਾਂ ਢਾਈ ਲੱਖ ਬੱਚਿਆਂ ਦਾ ਮਸਲਾ ਵੀ ਸੁਲਝਾਇਆ ਜਾਵੇਗਾ ਜਿਨ੍ਹਾਂ ਦੀ ਉਮਰ 21 ਸਾਲ ਤੋਂ ਟੱਪ ਗਈ।

ਵਿਰੋਧੀ ਧਿਰ ਰਿਪਬਲਿਕਨ ਪਾਰਟੀ ਨਾਲ ਵਿਚਾਰ ਵਟਾਂਦਰੇ ਮਗਰੋਂ ਡੈਮੋਕ੍ਰੈਟਿਕ ਪਾਰਟੀ ਸਰਬਸੰਮਤੀ ਵਾਲਾ ਰਾਹ ਕੱਢਣ ਵਿਚ ਸਫਲ ਰਹੀ ਜਿਸ ਦਾ ਸਭ ਤੋਂ ਵੱਧ ਫਾਇਦਾ ਕਈ ਵਰਿ੍ਹਆਂ ਤੋਂ ਗਰੀਨ ਕਾਰਡ ਦੀ ਉਡੀਕ ਕਰ ਰਹੇ ਪ੍ਰਵਾਸੀਆਂ ਨੂੰ ਹੋਵੇਗਾ। ਬਿਨਾਂ ਸ਼ੱਕ ਇਸ ਕਤਾਰ ਵਿਚ




ਹਜ਼ਾਰਾਂ ਭਾਰਤੀ ਸ਼ਾਮਲ ਹਨ ਅਤੇ ਹੁਣ ਅਮਰੀਕਾ ਵਿਚ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਵੀ ਸੁਨਹਿਰੀ ਬਣਦਾ ਨਜ਼ਰ ਆ ਰਿਹਾ ਹੈ। ਅਮਰੀਕਾ ਵਿਚ ਵੱਖ ਵੱਖ ਮੁਲਕਾਂ 'ਤੇ ਆਧਾਰਤ ਕੋਟਾ ਹੋਣ ਕਾਰਨ ਭਾਰਤੀਆਂ ਨੂੰ ਸਭ ਤੋਂ ਵੱਧ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਐਚ-1ਬੀ ਵੀਜ਼ਾ ਲੈਣ ਵਾਲਿਆਂ ਵਿਚ ਵੱਡੀ ਗਿਣਤੀ ਭਾਰਤੀਆਂ ਦੀ ਹੁੰਦੀ ਹੈ ਪਰ ਗਰੀਨ ਕਾਰਡ ਮਿਲਣ ਦੀ ਮੰਜ਼ਿਲ ਤੱਕ ਪੁੱਜਣ ਤੋਂ ਪਹਿਲਾਂ ਹੀ ਉਨ੍ਹਾਂ ਦੇ ਬੱਚਿਆਂ ਦੀ ਉਮਰ ਇਮੀਗ੍ਰੇਸ਼ਨ ਕਾਨੂੰਨ ਵਿਚ ਤੈਅਸ਼ੁਦਾ ਹੱਦ ਤੋਂ ਟੱਪ ਜਾਂਦੀ ਹੈ।

ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਇੰਮੀਗ੍ਰੇਸ਼ਨ ਪ੍ਰਣਾਲੀ ਵੇਲਾ ਵਿਹਾਅ ਚੁੱਕੀ ਹੈ ਅਤੇ ਹੁਣ ਇਸ ਨੂੰ ਸਮੇਂ ਦੀ ਹਾਣ ਦਾ ਬਣਾਉਣਾ ਲਾਜ਼ਮੀ ਹੋ ਗਿਆ ਹੈ। ਇਸ ਤਰੀਕੇ ਨਾਲ ਅਮਰੀਕਾ ਨੂੰ ਸੁਰੱਖਿਅਤ ਰੱਖਣ ਵਿਚ ਮਦਦ ਮਿਲੇਗੀ ਅਤੇ ਪ੍ਰਵਾਸੀਆਂ ਨਾਲ ਮਨੁੱਖਤਾ ਦੇ ਬੁਨਿਆਦੀ ਸਿਧਾਂਤਾਂ ਮੁਤਾਬਕ ਸਲੂਕ ਕੀਤਾ ਜਾ ਸਕੇਗਾ। ਵਾਈਟ ਹਾਊਸ ਵੱਲੋਂ ਜਾਰੀ ਸਮਝੌਤੇ ਦੇ ਵੇਰਵਿਆਂ ਮੁਤਾਬਕ ਉਮਰ ਟਪਾ ਚੁੱਕਾ ਬੱਚਿਆਂ ਨੂੰ ਅੱਠ ਸਾਲ ਵਾਸਤੇ ਐਚ-4 ਵੀਜ਼ੇ ਦਾ ਲਾਭ ਮਿਲ ਸਕੇਗਾ। ਇਸ ਤੋਂ ਇਲਾਵਾ ਰੁਜ਼ਗਾਰ ਆਧਾਰਤ 18 ਹਜ਼ਾਰ ਗਰੀਨ ਕਾਰਡ ਜਾਰੀ ਕੀਤੇ ਜਾਣਗੇ ਅਤੇ ਆਉਂਦੇ ਪੰਜ ਸਾਲ ਦੌਰਾਨ ਅਮਰੀਕਾ 1 ਲੱਖ 58 ਹਜ਼ਾਰ ਗਰੀਨ ਕਾਰਡ ਜਾਰੀ ਕਰੇਗਾ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ

# ਸ਼ਹੀਦੀ ਸਾਕਾ ਗੁ. ਸਾਹਿਬ ਓਕ ਕਰੀਕ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਸ ਅਣਮਨੁੱਖੀ ਹਮਲੇ ਦੌਰਾਨ ਜਿਸ ਦਲੇਰੀ, ਜੁਰਅਤ, ਹੌਸਲੇ, ਸਿੱਖੀ ਜਜ਼ਬੇ ਨਾਲ ਭਾਈ ਸਤਵੰਤ ਸਿੰਘ ਕਾਲੇਕਾ, ਜੋ ਉਸ ਗੁਰਦੁਆਰਾ ਸਾਹਿਬ ਦੇ ਪਿਛਲੇ 18 ਸਾਲਾਂ ਤੋਂ ਪ੍ਰਧਾਨ/ ਸੇਵਾਦਾਰ ਚਲੇ ਆ ਰਹੇ ਸਨ, ਵੱਲੋਂ ਜਰਵਾਣੇ ਅਮਰੀਕੀ ਹਮਲਾਵਰ ਨੂੰ ਘੇਰਿਆ ਅਤੇ ਕਾਬੂ ਕੀਤਾ। ਉਹ ਇਕ ਸਿੰਘਤਵ ਦੇ ਜਜ਼ਬੇ, ਸਿੱਦਕ ਤੇ ਜੋਸ਼ ਦੀ ਹੀ ਮਿਸਾਲ ਸੀ। ਭਾਵੇਂ ਸਤਵੰਤ ਸਿੰਘ ਨੂੰ ਇਸ ਦੌਰਾਨ ਸ਼ਹੀਦੀ ਹੀ ਪਾਉਣੀ ਪਈ ਪਰੰਤੂ ਉਹਨਾਂ ਨੇ ਆਪਣੇ ਸਤਿਗੁਰੂ ਵਲੋਂ ਦਰਸਾਏ ਮਾਰਗ ਦੇ ਪੱਕੇ ਪਾਂਧੀ ਹੋਣ ਦਾ ਸਬੂਤ ਦਿੱਤਾ। ਇਹ ਕਿਸ ਤਰ੍ਹਾਂ ਹੋ ਸਕਦਾ ਸੀ ਕਿ ਇਕ ਸਿਰ ਫਿਰਿਆ ਹਮਲਾਵਰ ਗੁਰਦੁਆਰਾ ਸਾਹਿਬ ਵਿਚ ਦਾਖ਼ਲ ਹੋ ਕੇ ਸੰਗਤ ਉਤੇ ਗੋਲੀਆਂ ਵਰ੍ਹਾਕੇ ਚਲਦਾ ਬਣਦਾ। ਜੇਕਰ ਇਸ ਤਰ੍ਹਾਂ ਹੋ ਜਾਂਦਾ ਤਾਂ ਸਿੱਖ ਇਤਿਹਾਸ ਅਤੇ ਸਿੱਖਤਵ ਦੇ ਜਜ਼ਬੇ ਨੂੰ ਢਾਹ ਲੱਗ ਜਾਣੀ ਸੀ। ਪਰੰਤੂ ਸਰਦਾਰ ਕਾਲੇਕਾ ਨੇ ਆਪਣੇ ਗੁਰੂ ਅਤੇ ਸਿੱਖ ਸੰਗਤ ਪ੍ਰਤੀ ਆਪਣਾ ਫਰਜ ਪਹਿਚਾਣਦਿਆਂ ਉਸ ਗੋਰੇ ਨੂੰ ਅੱਗੇ ਹੋ ਕੇ ਘੇਰਿਆ। ਅਜਿਹੇ ਵਰਤਾਰੇ ਦੀ ਜਿੰਨੀ ਸ਼ਲਾਘਾ ਹੋ ਸਕੇ ਥੋੜ੍ਹੀ ਹੈ। ਇਸ ਤਰ੍ਹਾਂ ਭਾਈ ਸਤਵੰਤ ਸਿੰਘ ਕਾਲੇਕਾ ਆਪਣੀ ਉਸ ਵਿਲੱਖਣ ਸੂਰਮਗਤੀ ਸਦਕਾ ਉਨ੍ਹਾਂ ਪੁਰਾਤਨ ਮਹਾਨ ਸ਼ਹੀਦਾਂ ਵਿਚ ਸ਼ਾਮਲ ਹੋ ਗਏ ਹਨ, ਜਿਨ੍ਹਾਂ ਨੂੰ ਹਰ ਰੋਜ਼ ਅਸੀਂ ਅਰਦਾਸ ਸਮੇਂ ਯਾਦ ਕਰਦੇ ਹਾਂ ਅਤੇ ਉਹ ਸਦਾ ਲਈ ਇਤਿਹਾਸ ਦੇ ਪੰਨਿਆ ਵਿਚ ਅਮਰ ਹੋ ਗਏ ਹਨ।

ਸਰਦਾਰ ਸਤਵੰਤ ਸਿੰਘ ਕਾਲੇਕਾ ਦਾ ਜਨਮ ਮੇਜਰ ਪ੍ਰੀਤਮ ਸਿੰਘ ਕਾਲੇਕਾ ਦੇ ਗ੍ਰਹਿ ਵਿਖੇ 2 ਜੂਨ, 1947 ਨੂੰ ਹੋਇਆ। ਬੀ.ਏ. ਤੱਕ ਦੀ ਪੜ੍ਹਾਈ ਕਰ ਕੇ ਪਹਿਲਾਂ ਖੇਤੀਬਾੜੀ ਦਾ ਕਿੱਤਾ ਕੀਤਾ। ਫਿਰ 1982 ਵਿਚ ਅਮਰੀਕਾ ਜਾ ਵਸੇ। ਇਥੇ ਸਖਤ ਮਿਹਨਤ ਕਰਕੇ ਆਪ ਗਿਣਵੇਂ ਭਾਰਤੀਆਂ ਦੀ ਲਿਸਟ ਵਿਚ ਸ਼ਾਮਲ ਹੋਏ। ਪਰੰਤੂ ਕਿਰਤ ਕਰਨ ਦੇ ਨਾਲ ਨਾਲ ਆਪਣੇ ਗੁਰੂ ਪ੍ਰਤੀ ਫਰਜ਼ ਵੀ ਪੂਰੀ ਤਰ੍ਹਾਂ ਨਿਭਾਇਆ। ਸਰਦਾਰ ਸਤਵੰਤ ਸਿੰਘ ਕਾਲੇਕਾ ਦਾ ਆਨੰਦ ਕਾਰਜ ਬੀਬੀ ਸਤਪਾਲ ਕੌਰ ਨਾਲ ਹੋਇਆ ਅਤੇ ਉਨ੍ਹਾਂ ਦੇ ਗ੍ਰਹਿ ਵਿਖੇ ਕਾਕਾ ਪਰਦੀਪ ਸਿੰਘ ਅਤੇ ਕਾਕਾ ਅਮਰਦੀਪ ਸਿੰਘ ਨੇ ਜਨਮ ਲਿਆ, ਜੋ ਕਿ ਅਮਰੀਕਾ ਵਿਚ ਹੀ ਰਹਿੰਦੇ ਹਨ। ਸ. ਸਤਵੰਤ ਸਿੰਘ ਕਾਲੇਕਾ ਬੀਬੀ ਹਰਿੰਦਰ ਕੌਰ ਸੁਪਤਨੀ ਸ. ਸੁਰਜੀਤ ਸਿੰਘ ਰੱਖੜਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਦੇ ਵੱਡੇ ਅਤੇ ਸ. ਅਮਰਜੀਤ ਸਿੰਘ ਕਾਲੇਕਾ ਦੇ ਛੋਟੇ ਭਰਾਤਾ ਸਨ। ਇਥੇ ਗੁਰਦੁਆਰਾ ਸਾਹਿਬ ਵਿਚ ਵਾਪਰੀ ਮੰਦਭਾਗੀ ਘਟਨਾਂ ਦਾ ਸੰਖੇਪ ਵੇਰਵਾ ਦੇਣਾ ਪਾਠਕਾਂ ਲਈ ਉਪਯੋਗੀ ਹੋਵੇਗਾ ਜੋ ਨਿਮਨ ਅਨੁਸਾਰ ਹੈ।




5 ਅਗਸਤ,2012 ਨੂੰ ਅਮਰੀਕਾ ਦੇ ਰਾਜ ਵਿਨਕਾਨਸਿਨ ਦੇ ਸ਼ਹਿਰ ਓਕ ਕਰੀਕ ਦੇ ਗੁਰਦੁਆਰਾ ਸਾਹਿਬ ਵਿਖੇ ਹੋਏ ਹਮਲੇ ਕਾਰਨ ਦੁਨੀਆ ਭਰ ਦੇ ਸਿੱਖਾਂ ਵਿਚ ਗੁੱਸੇ ਦੀ ਲਹਿਰ ਫੈਲ ਗਈ। ਸ਼ਾਂਤਮਈ ਢੰਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰ ਰਹੀ ਸੰਗਤ ਦੇ ਅੰਨੇਵਾਹ ਗੋਲੀਆਂ ਚਲਾਉਣਾ ਨਸਲੀ ਭੇਦ ਭਾਵ ਦੀ ਘਿਨਾਉਣੀ ਘਟਨਾ ਸੀ। ਇਸ ਘਟਨਾ ਦੌਰਾਨ ਅਮਰੀਕਾ ਦੇ ਸਾਬਕਾ ਸੈਨਿਕ ਵੇਡ ਮਾਈਕਲ ਪੇਜ਼ ਵੱਲੋਂ ਆਪਣੀ ਆਟੋਮੈਟਿਕ ਗੰਨ ਨਾਲ ਅੰਨੇਵਾਹ ਗੋਲੀਆਂ ਚਲਾ ਕੇ ਪੰਜ ਸਿੱਖਾਂ ਸਰਦਾਰ ਸੀਤਾ ਸਿੰਘ 41 ਸਾਲ, ਸ. ਰਣਜੀਤ ਸਿੰਘ 49 ਸਾਲ, ਸ. ਪ੍ਰਕਾਸ਼ ਸਿੰਘ 39 ਸਾਲ, ਬੀਬੀ ਪਰਮਜੀਤ ਕੌਰ 41 ਸਾਲ ਅਤੇ ਸ. ਸੁਬੇਗ ਸਿੰਘ 84 ਸਾਲ ਨੂੰ ਸ਼ਹੀਦ ਕਰ ਦਿੱਤਾ। ਇਸ ਘਟਨਾ ਵਿਚ 20 ਤੋਂ ਵੱਧ ਸਿੱਖ ਜ਼ਖਮੀ ਹੋਏ। ਗੋਲੀਆਂ ਵਰ੍ਹਾਕੇ ਦੌੜੇ ਜਾਂਦੇ ਪੇਜ਼ ਨੂੰ ਬੜੀ ਦਲੇਰੀ ਨਾਲ ਸ. ਸਤਵੰਤ ਸਿੰਘ ਕਾਲੇਕਾ ਨੇ ਜਫਾ ਪਾਇਆ ਪਰੰਤੂ ਉਸ ਜਾਲਮ ਨੇ ਭਾਈ ਸਤਵੰਤ ਸਿੰਘ ਉਤੇ ਫਾਇਰ ਕਰ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ। ਅਮਰੀਕਾ ਦੀ ਪੁਲਿਸ ਨੇ ਵੀ ਆਪਣਾ ਫਰਜ਼ ਨਿਭਾਉਂਦਿਆਂ ਹੋਇਆਂ ਆਪਣੀ, ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਹਮਲਾਵਰ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ। ਇਸ ਕਾਰਵਾਈ ਦੌਰਾਨ ਹਮਲਾਵਰ ਮਾਰਿਆ ਗਿਆ। ਇਸ ਬਹਾਦਰ ਪੁਲਿਸ ਅਫਸਰ ਲਫਟੈਨ ਬਰਾਇਨ ਮਰਫੀ ਦੇ 9 ਗੋਲੀਆਂ ਲੱਗੀਆਂ। ਅਸਲ ਵਿਚ ਇਹ ਹਮਲਾ ਸੰਸਾਰ ਵਿਚ ਫੈਲੇ ਨਸਲਵਾਦ ਦਾ ਹੀ ਘਿਨਾਉਣਾ ਰੂਪ ਸੀ।

ਇਥੇ ਇਹ ਵੀ ਵਰਨਣਯੋਗ ਹੈ ਕਿ ਸੰਸਾਰ ਭਰ ਦੇ ਸਿੱਖਾਂ ਨੇ ਇਸ ਮੰਦਭਾਗੀ ਘਟਨਾ ਦੀ ਨਿੰਦਿਆ ਕੀਤੀ ਹੈ ਅਤੇ ਉਨ੍ਹਾਂ ਨੇ ਭਾਈ ਸਤਵੰਤ ਸਿੰਘ ਕਾਲੇਕਾ ਦੀ ਦਲੇਰੀ, ਸਿਦਕ ਦਿਲੀ ਅਤੇ ਹੌਂਸਲੇ ਅਤੇ ਆਪਣੇ ਗੁਰੂਪ੍ਰਤੀ ਸਮਰਪਣ ਦੀ ਭਾਵਨਾ ਨੂੰ ਖੂਬ ਸਲਾਹਿਆ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਇਸ ਮੱਦ ਵਿਚ ਅਸਵਾਰਾ ਸਾਹਿਬ ਦੀ ਥਾਵੇਂ ਗੁਰੂ ਗ੍ਰੰਥ ਸਾਹਿਬ ਕਰ ਦਿੱਤਾ ਗਿਆ ਹੈ। ਪੁਰਾਤਨ ਸਿੰਘਾਂ ਦੀ ਸ਼ਬਦਾਵਲੀ ਵਿਚ ਕਈ ਲਫ਼ਜ਼ ਸਨ ਜਿਹੜੇ ਜਾਂ ਤਾਂ ਅਲੋਪ ਹੁੰਦੇ ਜਾ ਰਹੇ ਹਨ ਅਤੇ ਜਾਂ ਤਬਦੀਲ। ਇਥੇ ਗੁਰੂ ਗ੍ਰੰਥ ਸਾਹਿਬ ਨੂੰ ਅਸਵਾਰਾ ਜਾਂ ਸਾਹਿਬ ਕਿਹਾ ਜਾਂਦਾ ਸੀ। ਪਿਛੇ ਜਿਹੇ ਗੁਰਦੁਆਰਾ ਸਾਹਿਬ ਦੇ ਬਾਹਰ ਇਕ ਸਹਿਜਧਾਰੀ ਪਰਿਵਾਰ ਆਏ ਅਤੇ ਪੁੱਛਣ ਲੱਗੇ, ਸਾਹਿਬ ਕਹਾਂ ਹੈ? ਸ਼ੁਰੂ ਵਿਚ ਤਾਂ ਕੁਝ ਅਜੀਬ ਲੱਗਾ ਪਰ ਛੇਤੀ ਸਮਝ ਪੈ ਗਈ। ਗੁਰੂ ਗ੍ਰੰਥ ਸਾਹਿਬ ਜੀ ਨੂੰ ਉਹ ਸਾਹਿਬ ਕਹਿ ਰਹੇ ਸਨ। ਇਸੇ ਤਰ੍ਹਾਂ ਵਾਕ ਲੈਣ ਨੂੰ ਆਵਾਜ਼ ਜਾਂ ਆਵਾਜ਼ਾਂ ਲੈਣਾ ਕਿਹਾ ਜਾਂਦਾ ਸੀ ਅਤੇ ਰੁਮਾਲਾ ਸਾਹਿਬ ਨੂੰ ਰੁਮਾਲ। ਜਿਥੇ ਤੱਕ ਹੋ ਸਕੇ ਪੁਰਾਤਨਤਾ ਅਤੇ ਪੁਰਾਤਨ ਸ਼ਬਦਾਂਵਲੀ ਨੂੰ ਵਰਤਣਾ ਚਾਹੀਦਾ ਹੈ ਕਿਉਂਕਿ ਪੁਰਾਤਨ ਇਤਿਹਾਸਕ ਗ੍ਰੰਥਾਂ ਵਿਚ ਇਹੋ ਬੋਲੀ ਵਰਤੀ ਗਈ ਹੈ। ਇਸ ਦੇ ਨਾਲ ਹੀ ਗੁਰਦੁਆਰਾ, ਅੰਮ੍ਰਿਤ, ਗੁਰੂ ਗ੍ਰੰਥ ਸਾਹਿਬ ਲਫ਼ਜ਼ ਹੀ ਵਰਤਣੇ ਚਾਹੀਦੇ ਹਨ, ਇਨ੍ਹਾਂ ਦਾ ਅੰਗਰੇਜ਼ੀ ਵਿਚ ਤਰਜਮਾ ਨਹੀਂ।

(ਗ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਦਾਸ ਸੋਧ ਕੇ ਪ੍ਰਕਾਸ਼ ਕੀਤਾ ਜਾਵੇ। ਪ੍ਰਕਾਸ਼ ਕਰਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਸ਼ਬਦ ਦਾ ਵਾਕ ਲਿਆ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੩)

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਦੋਂ ਵੀ ਪ੍ਰਕਾਸ਼ ਕੀਤਾ ਜਾਏ ਤਾਂ ਇਸ ਤੋਂ ਪਹਿਲਾਂ ਅਰਦਾਸਾ ਜ਼ਰੂਰ ਸੋਧਿਆ ਜਾਏ। ਇਸਦੇ ਨਾਲ ਹੀ ਪ੍ਰਕਾਸ਼ ਕਰ ਕੇ ਇਕ ਸ਼ਬਦ ਦਾ ਵਾਕ ਲੈਣਾ ਵੀ ਲਾਜ਼ਮੀ ਹੈ।

(ਘ) ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਵੇ ਤਾਂ ਭਾਵੇਂ ਅੱਗੇ ਪ੍ਰਕਾਸ਼ ਹੋਇਆ ਹੋਵੇ ਜਾਂ ਨਾ, ਹਰ ਇਕ ਸਿੱਖ ਨੂੰ ਸਨਮਾਨ ਲਈ ਉੱਠ ਖਲੋਣਾ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੪)

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੱਖਚ ਸਾਹਾਨੁ ਸਾਹੁ ॥ ਰਾਜਾਨ ਰਾਜ ॥ ਭਾਨਾਨ ਨਾਨੁ ॥ ਦੇਵਾਨ ਦੇਵ ॥ ਹਨ। ਇਸ ਲਈ ਜਦੋਂ ਵੀ ਮਹਾਰਾਜਾ ਦੀ ਸਵਾਰੀ ਆਏ ਤਾਂ ਹਰ ਕਿਸੇ ਨੂੰ ਖੜ੍ਹੇ ਹੋ ਜਾਣਾ ਚਾਹੀਦਾ ਹੈ। ਆਮ ਤੌਰ 'ਤੇ ਦੁਨਿਆਵੀ ਅਦਾਲਤ ਵਿਚ ਵੀ ਜਦੋਂ ਜੱਜ ਅਦਾਲਤ ਵਿਚ ਪ੍ਰਵੇਸ਼ ਕਰਦਾ ਹੈ ਤਾਂ ਸਾਰੇ ਵਿਅਕਤੀ ਖੜ੍ਹੇ ਹੋ ਜਾਂਦੇ ਹਨ।

(ਙ) ਗੁਰਦੁਆਰੇ ਅੰਦਰ ਜਾਣ ਲੱਗਿਆਂ ਜੋੜੇ ਬਾਹਰ ਲਾਹ ਕੇ ਸਾਫ਼ ਸੁਥਰਾ ਹੋ ਕੇ ਜਾਣਾ ਚਾਹੀਏ, ਜੇ ਪੈਰ ਮੈਲੇ ਜਾਂ ਗੰਦੇ ਹੋਣ ਤਾਂ ਜਲ ਨਾਲ ਧੋ ਲੈਣੇ ਚਾਹੀਏ। ਸ੍ਰੀ ਗੁਰੂ ਗ੍ਰੰਥ ਸਾਹਿਬ ਅਥਵਾ ਗੁਰਦੁਆਰੇ ਨੂੰ ਆਪਣੇ ਸੱਜੇ ਪਾਸੇ ਰੱਖ ਕੇ ਪ੍ਰਕਰਮਾ ਕਰਨੀ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੪)

**ਪੈਰ ਧੋ ਕੇ ਗੁਰਦੁਆਰੇ ਪ੍ਰਵੇਸ਼**

ਇਸ ਮੱਦ ਵਿਚ ਦੋ ਨੁਕਤੇ ਹਨ, ਗੁਰਦੁਆਰਾ ਸਾਹਿਬ ਵਿਚ ਪ੍ਰਵੇਸ਼ ਤੋਂ ਪਹਿਲਾਂ ਪੈਰ ਸਾਫ਼ ਹੋਣ ਅਤੇ ਦੂਸਰਾ ਗੁਰੂ ਗ੍ਰੰਥ ਸਾਹਿਬ ਅਥਵਾ ਗੁਰਦੁਆਰੇ ਦੀ ਪਰਿਕਰਮਾ ਕਰਨੀ।

ਕੁਦਰਤੀ ਤੌਰ 'ਤੇ ਇਹ ਲਾਜ਼ਮੀ ਹੈ ਕਿ ਜੋੜੇ ਲਾਹ ਕੇ ਅਤੇ ਪੈਰ ਧੋ ਕੇ ਹੀ ਗੁਰਦੁਆਰੇ ਸਾਹਿਬ ਦੇ ਅੰਦਰ ਜਾਣਾ ਚਾਹੀਦਾ ਹੈ। ਇਸ ਲਈ ਆਮ ਤੌਰ 'ਤੇ ਪੈਰ ਧੋਣ ਲਈ ਗੁਰਦੁਆਰਿਆਂ ਵਿਚ ਚਰਨ ਗੰਗਾ ਬਣੀ ਹੁੰਦੀ ਹੈ। ਇਸ ਦੇ ਨਾਲ ਹੀ ਇਹ ਵੀ ਧਿਆਨ ਰੱਖਣ ਦੀ ਲੋੜ ਹੈ ਕਿ ਜੁਰਾਬਾਂ ਪਾ ਕੇ ਗੁਰਦੁਆਰਾ ਸਾਹਿਬ ਵਿਚ ਨਹੀਂ ਜਾਣਾ ਚਾਹੀਦਾ।

ਪਰਿਕਰਮਾ ਕਰਨੀ

ਇਸ ਮੱਦੇ ਵਿਚ ਦੂਸਰੀ ਮੱਦ ਹੈ ਗੁਰਦੁਆਰਾ ਸਾਹਿਬ ਜਾਂ ਗੁਰੂ ਗ੍ਰੰਥ ਸਾਹਿਬ ਨੂੰ ਸੱਜੇ ਪਾਸੇ ਰੱਖ ਕੇ ਪਰਿਕਰਮਾ ਕਰਨ ਦੀ। ਇਸ ਬ੍ਰਹਿਮੰਡ ਦਾ ਹਰ ਗ੍ਰਹਿ ਆਪਣੇ ਤੋਂ ਵੱਡੇ ਗ੍ਰਹਿ ਦੀ ਪਰਿਕਰਮਾ ਕਰ ਰਿਹਾ ਹੈ। ਚੰਦ੍ਰਮਾ ਧਰਤੀ ਦੀ, ਧਰਤੀ ਸੂਰਜ ਦੀ ਅਤੇ ਇਸ ਤਰ੍ਹਾਂ ਇਹ ਸਿਲਸਿਲਾ ਲਗਾਤਾਰ ਬਿਨਾਂ ਰੁਕੇ ਚਲ ਰਿਹਾ ਹੈ। ਜੇਕਰ ਇਸ ਵਿਚ ਰੁਕਾਵਟ ਪੈਂਦੀ ਹੈ ਤਾਂ ਇਹ ਬਰਬਾਦੀ ਦਾ ਸੂਚਕ ਹੈ। ਇਸ ਲਈ ਸਿੱਖ ਨੇ ਵੀ ਗੁਰੂ ਗ੍ਰੰਥ ਸਾਹਿਬ ਨੂੰ ਜਾਂ ਗੁਰਦੁਆਰਾ ਸਾਹਿਬ ਨੂੰ ਆਪਣੇ ਸੱਜੇ ਪਾਸੇ ਰੱਖ ਕੇ ਪਰਿਕਰਮਾ ਕਰਨੀ ਹੈ। ਇਹ ਆਪਣੇ ਆਪ ਨੂੰ ਗੁਰੂ ਪ੍ਰਤੀ ਸਮਰਪਿਤ ਕਰਨ ਦਾ ਐਲਾਨ ਹੈ।




(ਚ) ਗੁਰਦੁਆਰੇ ਅੰਦਰ ਦਰਸ਼ਨਾਂ ਲਈ ਜਾਣ ਲਈ ਕਿਸੇ ਦੇਸ਼, ਮਜ਼੍ਹਬ, ਜਾਤਿ ਵਾਲੇ ਨੂੰ ਮਨਾਹੀ ਨਹੀਂ, ਪਰ ਉਸ ਦੇ ਪਾਸੇ ਸਿੱਖ ਧਰਮ ਤੋਂ ਵਿਵਰਜਿਤ, ਤਮਾਕੂ ਆਦਿ ਕੋਈ ਚੀਜ਼ ਨਹੀਂ ਹੋਣੀ ਚਾਹੀਦੀ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੪)

ਦੇਸ਼, ਧਰਮ, ਜਾਤਿ ਆਦਿ ਦੇ ਆਧਾਰ 'ਤੇ ਵਿਤਕਰੇ ਇਤਨੇ ਜ਼ਿਆਦਾ ਹਨ ਕਿ ਭਾਰਤ ਵਿਚ ਹਿੰਦੂ ਮੰਦਰਾਂ ਵਿਚ ਵੀ ਸਾਰੇ ਹਿੰਦੂਆਂ ਨੂੰ ਜਾਣ ਦੀ ਆਗਿਆ ਨਹੀਂ ਸੀ। ਹਿੰਦੂ ਮੰਦਰਾਂ ਦੇ ਦਰਵਾਜ਼ੇ ਸਾਰੇ ਹਿੰਦੂਆਂ ਲਈ ਖੋਲ੍ਹਣ ਬਾਰੇ ਭਾਰਤ ਦੇ ਸੰਵਿਧਾਨ ਵਿਚ ਵੀ ਉਚੇਚੇ ਤੌਰ 'ਤੇ ਧਾਰਾ 25(2) ਦਰਜ ਕੀਤੀ ਗਈ। ਪਰ ਧਰਮ ਦੇ ਆਧਾਰ 'ਤੇ ਜਾਤ-ਪਾਤ ਅਤੇ ਵਿਤਕਰੇ ਇਤਨੇ ਡੂੰਘੇ ਅਤੇ ਸਦੀਆਂ ਪੁਰਾਣੇ ਸਨ ਕਿ ਰੱਬ ਰੂਪ ਭਗਤ ਨਾਮਦੇਵ ਜੀ ਨੂੰ ਵੀ ਧੱਕੇ ਮਾਰ ਕੇ ਮੰਦਿਰ ਵਿਚੋਂ ਕੱਢ ਦਿੱਤਾ ਗਿਆ। ਇਸ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਸੂਦ ਸੂਦ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥ ੧॥ (ਮਲਾਰ ਨਾਮਦੇਵ ਜੀ, ਅੰਗ 1292) ਪਰ ਇਹ ਗੁਰੂ ਸਾਹਿਬ ਦੀ ਰੂਹਾਨੀ ਵਿਚਾਰਧਾਰਾ ਹੀ ਹੈ ਜਿਸ ਨੇ ਸਦੀਆਂ ਪਹਿਲਾਂ ਇਹ ਬੁਨਿਆਦੀ ਹੁਕਮ ਦਿੱਤੇ ਕਿ ਕਿਸੇ ਵੀ ਇਨਸਾਨ ਨੂੰ ਉਸਦੇ ਰੰਗ, ਨਸਲ, ਦੇਸ਼, ਜਾਤਿ ਦੇ ਆਧਾਰ 'ਤੇ ਗੁਰਦੁਆਰੇ ਵਿਚ ਆਉਣ ਤੋਂ ਨਹੀਂ ਰੋਕਿਆ ਜਾ ਸਕਦਾ। ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥ (ਸਲੋਕ ਕਬੀਰ ਜੀ, ਅੰਗ 1367)।

ਪਰ ਸ਼ਰਤ ਜਾਂ ਰੁਕਾਵਟ ਕੇਵਲ ਇਤਨੀ ਹੈ ਕਿ ਉਸ ਵਿਅਕਤੀ ਕੋਲ ਸਿੱਖ ਧਰਮ ਵਿਚ ਵਿਵਰਜਿਤ, ਤਮਾਕੂ ਆਦਿ ਕੋਈ ਚੀਜ਼ ਨਹੀਂ ਹੋਣੀ ਚਾਹੀਦੀ। ਇਥੇ ਪੂਰੀ ਸੂਚੀ ਨਾ ਦੇ ਕੇ ਵਿਵਰਜਿਤ ਤਮਾਕੂ ਆਦਿ ਲਿਖਿਆ ਗਿਆ ਹੈ। ਇਸ ਨਾਲ ਸ਼ਰਾਬ, ਸਿਗਰਟ, ਬੀੜੀ, ਪੈਣੀ, ਜਰਦਾ, ਨਸ਼ੇ ਆਦਿ ਸਾਰਾ ਕੁਝ ਸ਼ਾਮਲ ਹੋ ਜਾਂਦਾ ਹੈ। ਵਿਸ਼ਵ ਦੇ ਸੈਲਾਨੀਆਂ ਦੀ ਮਸ਼ਹੂਰ ਪੁਸਤਕ 'ਲੋਨਲੀ ਪਲੈਨਟ' ਵਿਚ ਵਿਦੇਸ਼ੀ ਸੈਲਾਨੀਆਂ ਨੂੰ ਰਾਇ ਦਿੱਤੀ ਗਈ ਹੈ ਕਿ ਜੇਕਰ ਤੁਹਾਡੇ ਕੋਲ ਭਾਰਤ ਵਿਚ ਕਿਸੇ ਵਜ੍ਹਾ ਕਰ ਪੈਸੇ ਮੁੱਕ ਜਾਣ ਤਾਂ ਪੁੱਛੋ ਗੁਰਦੁਆਰਾ, ਲੰਗਰ। ਪਰ ਇਸਦੇ ਨਾਲ ਹੀ ਉਸਨੇ ਤਾਕੀਦ ਵੀ ਕੀਤੀ ਹੈ ਕਿ ਉਥੇ ਜਾ ਕੇ ਬਿਲਕੁਲ ਬਹਿਸ ਨਾ ਕਰਨਾ ਕਿ ਤੁਸੀਂ ਸਿਗਰਟ ਕਿਉਂ ਨਹੀਂ ਲਿਜਾ ਸਕਦੇ। ਗੁਰਦੁਆਰਿਆਂ ਵਿਚ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਆਮਦ ਨੂੰ ਵੇਖਦਿਆਂ ਲੋੜ ਹੈ ਪ੍ਰਵੇਸ਼ ਦਵਾਰ 'ਤੇ ਇਸ ਬਾਰੇ ਬੋਰਡ ਲਗਾਉਣ ਦੀ।

(ਛ) ਗੁਰਦੁਆਰੇ ਅੰਦਰ ਜਾ ਕੇ ਸਿੱਖ ਦਾ ਪਹਿਲਾ ਕਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ ਹੈ। ਉਪਰੰਤ ਗੁਰੂ ਰੂਪ ਸਾਧ ਸੰਗਤ ਦੇ ਦਰਸ਼ਨ ਕਰਕੇ ਸਹਿਜ ਨਾਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਬੁਲਾਈ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੪)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ:-

**(ਚਲਦਾ)**

# ਚੋਣ ਅਮਲ 'ਤੇ ਲੱਗਿਆ ਦਾਗ

ਆਮ ਤੌਰ 'ਤੇ ਵਿਰੋਧੀ ਧਿਰ ਵਲੋਂ ਸੱਤਾਧਾਰੀ ਪਾਰਟੀ ਉੱਪਰ ਸੱਤਾ ਦੀ ਦੁਰਵਰਤੋਂ ਜਾਂ ਵਧੀਕੀਆਂ ਦੇ ਦੋਸ਼ ਲਾਉਣ ਵੇਲੇ ਲੋਕਤੰਤਰ ਦੀ ਹੱਤਿਆ ਜਾਂ ਲੋਕਤੰਤਰ ਦੇ ਮਜ਼ਾਕ ਜਿਹੇ ਸ਼ਬਦਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਪਰ ਜਦੋਂ ਸੁਪਰੀਮ ਕੋਰਟ ਨੂੰ 30 ਜਨਵਰੀ ਨੂੰ ਚੰਡੀਗੜ੍ਹ ਨਗਰ ਨਿਗਮ ਦੇ ਮੇਅਰ ਦੀ ਚੋਣ ਵਿਚ ਹੋਈ ਧਾਂਦਲੀ ਮੁਤੱਲਕ ਇਹੋ ਜਿਹੇ ਸ਼ਬਦਾਂ ਦਾ ਇਸਤੇਮਾਲ ਕਰਨਾ ਪਿਆ ਤਾਂ ਕੋਈ ਸ਼ੱਕ ਸ਼ੁਬਹਾ ਨਹੀਂ ਰਹਿ ਗਿਆ ਕਿ ਸਾਡੀ ਸਮੁੱਚੀ ਵਿਵਸਥਾ ਕਿੰਨੀ ਨਿੱਘਰ ਚੁੱਕੀ ਹੈ। ਇਹ ਚੋਣ ਕਰਾਉਣ ਦੀ ਜ਼ਿੰਮੇਵਾਰੀ ਜਿਸ ਰਿਟਰਨਿੰਗ ਅਫ਼ਸਰ ਦੀ ਸੀ, ਉਸ ਨੂੰ ਕਰਾਰੇ ਹੱਥੀਂ ਲੈਂਦਿਆਂ ਅਦਾਲਤ ਨੇ ਕਿਹਾ ਕਿ ਸਾਫ਼ ਨਜ਼ਰ ਆ ਰਿਹਾ ਹੈ ਕਿ ਉਸ ਨੇ ਮਤ ਪੱਤਰਾਂ ਨਾਲ ਛੇੜ-ਛਾੜ ਕੀਤੀ ਹੈ ਜਿਸ ਕਰ ਕੇ ਉਸ ਦੇ ਖਿਲਾਫ਼ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਉਸ ਦਿਨ ਸਿਰਫ਼ 36 ਵੋਟਾਂ ਦਾ ਭੁਗਤਾਨ ਹੋਇਆ ਸੀ ਜਿਨ੍ਹਾਂ ਵਿੱਚੋਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਸਾਂਝੇ ਉਮੀਦਵਾਰ ਦੇ ਹੱਕ ਦੀਆਂ ਅੱਠ ਵੋਟਾਂ ਨੂੰ ਨਾਵਾਜਬ ਕਰਾਰ ਦੇ ਕੇ ਭਾਜਪਾ ਉਮੀਦਵਾਰ ਜਿਸ ਨੂੰ 16 ਵੋਟਾਂ ਮਿਲੀਆਂ ਸਨ, ਜੇਤੂ ਕਰਾਰ ਦੇ ਦਿੱਤਾ ਗਿਆ ਸੀ। ਆਪ ਅਤੇ ਕਾਂਗਰਸ ਨੇ ਇਹ ਵੀ ਦੋਸ਼ ਲਾਇਆ ਸੀ ਕਿ ਰਿਟਰਨਿੰਗ ਅਫ਼ਸਰ ਦੀ ਹੈਸੀਅਤ ਵਿਚ ਉਸ ਨਾਮਜ਼ਦ ਕੌਂਸਲਰ ਨੇ ਮਤ ਪੱਤਰਾਂ ਨਾਲ ਛੇੜ-ਛਾੜ ਕਰ ਕੇ ਭਾਜਪਾ ਉਮੀਦਵਾਰ ਨੂੰ ਜੇਤੂ ਐਲਾਨਿਆ ਸੀ। ਚੀਫ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਹੇਠ ਤਿੰਨ ਜੱਜਾਂ ਦੇ ਬੈਂਚ ਨੇ ਸੋਮਵਾਰ ਨੂੰ ਚੋਣ ਪ੍ਰਕਿਰਿਆ ਦੀ ਕਾਰਵਾਈ ਦੇਖਣ ਤੋਂ ਬਾਅਦ ਪ੍ਰੀਜ਼ਾਈਡਿੰਗ ਅਫਸਰ ਦੀ ਨੁਮਾਇੰਦਗੀ ਕਰ ਰਹੇ ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ?ਇਹ ਵੀ ਕਿਹਾ, ''ਕਿਰਪਾ ਕਰਕੇ ਆਪਣੇ ਰਿਟਰਨਿੰਗ ਅਫਸਰ ਨੂੰ ਦੱਸ ਦਿਓ ਕੀ ਸੁਪਰੀਮ ਕੋਰਟ ਉਸ 'ਤੇ ਨਜ਼ਰ ਰੱਖ ਰਿਹਾ ਹੈ। ਅਸੀਂ ਇਸ ਤਰ੍ਹਾਂ ਲੋਕਤੰਤਰ ਦੀ ਹੱਤਿਆ ਨਹੀਂ ਹੋਣ ਦੇਵਾਂਗੇ। ਉਨ੍ਹਾਂ ਆਖਿਆ ਕਿ ਜੇ ਅਦਾਲਤ ਚੋਣ ਪ੍ਰਕਿਰਿਆ ਦੀ ਪਾਕੀਜ਼ਗੀ ਤੋਂ ਸੰਤੁਸ਼ਟ ਨਾ ਹੋਈ ਤਾਂ ਨਵੇਂ ਸਿਰੇ ਤੋਂ ਚੋਣਾਂ ਕਰਾਉਣ ਦਾ ਹੁਕਮ ਦਿੱਤਾ ਜਾਵੇਗਾ। ਇਸ ਲਈ ਬੈਂਚ ਨੇ ਮਤ ਪੱਤਰਾਂ ਤੇ ਮਤਦਾਨ ਦੀ ਕਾਰਵਾਈ ਦੀ ਰਿਕਾਰਡਿੰਗ ਹਾਈ ਕੋਰਟ ਦੀ ਰਜਿਸਟਰੀ ਕੋਲ ਜਮ੍ਹਾਂ ਕਰਾਉਣ ਤੋਂ ਇਲਾਵਾ ਰਿਟਰਨਿੰਗ ਅਫ਼ਸਰ ਨੂੰ ਅਗਲੀ ਪੇਸ਼ੀ 'ਤੇ ਪੇਸ਼ ਹੋਣ ਦਾ ਹੁਕਮ ਦਿੱਤਾ ਹੈ।



ਮਤਦਾਨ ਦੀ ਰਿਕਾਰਡਿੰਗ ਤੋਂ ਸਾਫ਼ ਜ਼ਾਹਿਰ ਹੋ ਰਿਹਾ ਹੈ ਕਿ ਰਿਟਰਨਿੰਗ ਅਫ਼ਸਰ ਨੇ ਪੱਖਪਾਤ ਕੀਤਾ ਸੀ। ਉਸ ਦੇ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਣੀ ਜ਼ਰੂਰੀ ਹੈ ਤਾਂ ਕਿ ਚੋਣ ਪ੍ਰਕਿਰਿਆ ਦਾਗੀ ਸਿੱਧ ਨਾ ਹੋ ਜਾਵੇ। ਸਾਫ਼ ਸੁਥਰੀਆਂ ਚੋਣਾਂ ਅਤੇ ਸਾਰੇ ਉਮੀਦਵਾਰਾਂ ਅਤੇ ਪਾਰਟੀਆਂ ਲਈ ਇਕ ਸਮਾਨ ਮੌਕੇ ਲੋਕਰਾਜ ਦੀ ਬੁਨਿਆਦੀ ਸ਼ਰਤ ਹੁੰਦੇ ਹਨ। ਇਸ ਨਜ਼ਰੀਏ ਤੋਂ ਚੰਡੀਗੜ੍ਹ ਦੇ ਮੇਅਰ ਦੇ ਅਹੁਦੇ ਲਈ ਇਕ ਨਿਰਪੱਖ ਰਿਟਰਨਿੰਗ ਅਫ਼ਸਰ ਦੀ ਨਿਗਰਾਨੀ ਹੇਠ ਨਵੇਂ ਸਿਰੇ ਤੋਂ ਚੋਣਾਂ ਸਮੇਂ ਦੀ ਲੋੜ ਹੈ। ਕੁਝ ਮਹੀਨਿਆਂ ਦੇ ਅੰਦਰ ਅੰਦਰ ਦੇਸ਼ ਵਿਚ ਆਮ ਚੋਣਾਂ ਹੋਣਗੀਆਂ ਤਾਂ ਚੁਣਾਵੀ ਪ੍ਰਕਿਰਿਆ ਦੀ ਕਿਸੇ ਵੀ ਧਿਰ ਅੰਦਰ ਚੋਣਾਂ ਦੀ ਨਿਰਪੱਖਤਾ ਅਤੇ ਸੁਤੰਤਰਤਾ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦਾ ਸ਼ੱਕ ਸ਼ੁਬਹਾ ਪੈਦਾ ਨਹੀਂ ਹੋਣਾ ਚਾਹੀਦਾ। ਜੇਕਰ ਜਮਹੂਰੀਅਤ ਦੇ ਸਤਿਕਾਰ ਨੂੰ ਕਾਇਮ ਰੱਖਣਾ ਹੈ ਤਾਂ ਪਾਰਦਰਸ਼ੀ ਚੋਣ ਅਮਲ ਨੂੰ ਅਪਣਾਉਣਾ ਬਹੁਤ ਅਹਿਮ ਹੈ।

# BASRA

## Heating & Air Conditioning

# ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




**Reasonable price first class work ਅਤੇ**

**100% ਗਰੰਟੀ**

**Basra Heating & Air Conditioning has trained technicians and the right equipment to solve the problem fast and at a reasonable price.**

## AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਕੈਲੀਫੋਰਨੀਆ 'ਚ ਭਾਰੀ ਮੀਂਹ ਤੇ ਤੂਫਾਨ ਕਾਰਨ ਜਨ ਜੀਵਨ 'ਤੇ ਵਿਆਪਕ ਅਸਰ, ਹੜ੍ਹਾਂ ਕਾਰਨ ਆਵਾਜਾਈ ਰੁਕੀ






ਕੈਲੀਫੋਰਨੀਆ ਵਿਚ ਪਏ ਮੀਂਹ ਤੇ ਤੁਫਾਨ ਕਾਰਣ ਹੋਏ ਨੁਕਸਾਨ ਦੀਆਂ ਕੁਝ ਫੋਟੋਆਂ।

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਮੌਸਮ ਬਾਰੇ ਕੀਤੀ ਭਵਿੱਖਬਾਣੀ ਅਨੁਸਾਰ ਬਰਫੀਲੇ ਤੁਫਾਨ ਤੇ ਭਾਰੀ ਬਾਰਿਸ਼ ਕਾਰਨ ਦਰਿਆਵਾਂ ਵਿਚ ਵਧੇ ਪਾਣੀ ਦੇ ਮੱਦੇਨਜਰ ਪ੍ਰਮੁੱਖ ਸ਼ਹਿਰੀ ਖੇਤਰਾਂ ਸਮੇਤ ਹੋਰ ਥਾਵਾਂ ਵਿਚ ਖਤਰਨਾਕ ਹੜ ਦਾ ਖਤਰਾ ਪੈਦਾ ਹੋ ਗਿਆ ਹੈ। ਕਈ ਥਾਵਾਂ 'ਤੇ ਬਿਜਲੀ ਦੀ ਸਪਲਾਈ ਵਿਚ ਵੀ ਵਿਘਣ ਪਿਆ ਹੈ। ਐਕੂਵੈਦਰ ਮੌਸਮ ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ 3.7 ਕਰੋੜ ਲੋਕ ਜੋ ਕੈਲੀਫੋਰਨੀਆ ਦੀ ਕੁਲ ਆਬਾਦੀ ਦਾ 94% ਹਿੱਸਾ ਹਨ, ਨੂੰ ਖਤਰਨਾਕ ਹੜ ਤੇ ਤੁਫਾਨ ਦਾ ਸਾਹਮਣਾ ਕਰਨਾ ਪਵੇਗਾ। ਇਹ ਹੜ ਤੇ ਤੂਫਾਨ ਮਨੁੱਖੀ ਜੀਵਨ ਲਈ ਖਤਰਾ ਪੈਦਾ ਕਰ ਸਕਦਾ ਹੈ। ਮੌਸਮ ਵਿਗਿਆਨੀਆਂ ਨੇ ਕਿਹਾ ਹੈ ਕਿ ਖਾਸ ਕਰਕੇ ਦੱਖਣੀ ਕੈਲੀਫੋਰਨੀਆ ਵਿਚ ਸੀਜਨ ਦਾ ਸਭ ਤੋਂ ਵਧ ਖਤਰਨਾਕ ਤੂਫਾਨ ਆਉਣ ਦੀ ਸੰਭਾਵਨਾ ਹੈ ਜਿਸ ਨਾਲ ਵੱਡੀ ਪੱਧਰ 'ਤੇ ਲੋਕ ਪ੍ਰਭਾਵਿਤ ਹੋਣਗੇ। ਨੈਸ਼ਨਲ ਵੈਦਰ ਸਰਵਿਸ ਨੇ ਵਿਸ਼ੇਸ਼ ਤੌਰ 'ਤੇ ਕੇਂਦਰੀ ਤੱਟ 'ਤੇ ਭਿਆਨਕ ਤੂਫਾਨ ਦੀ ਚਿਤਾਵਨੀ ਦਿੱਤੀ ਹੈ ਤੇ ਕਿਹਾ ਹੈ ਕਿ ਮੋਂਟੇਰੀ ਪੈਨਿਨਸੂਲਾ ਤੋਂ ਸੈਨ ਲੂਇਸ ਓਬਿਸਪੋ ਕਾਊਂਟੀ ਦੇ ਉੱਤਰੀ ਹਿੱਸੇ ਤੱਕ ਸੰਭਾਵੀ 92 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾਵਾਂ ਵਗਣਗੀਆਂ। ਸਨ ਫਰਾਂਸਿਸਕੋ ਦੇ ਅਧਿਕਾਰੀਆਂ ਨੇ ਲੋਕਾਂ ਨੂੰ ਹੜ , ਸੜਕਾਂ ਉਪਰ ਦਰੱਖਤ ਡਿੱਗਣ ਤੇ ਪਹਾੜੀ ਖੇਤਰ ਵਿਚ ਢਿੱਗਾਂ ਡਿੱਗਣ ਬਾਰੇ ਚੌਕਸ ਕੀਤਾ ਹੈ। ਅੱਜ ਭਾਰੀ ਤੁਫਾਨ ਤੇ ਮੀਹ ਕਾਰਣ ਸਾਰਾ ਜਨ ਜੀਵਨ ਠੱਪ ਰਿਹਾ ਤੇ ਦਰੱਖਤ ਡਿਗਣ ਕਾਰਨ ਕਾਫੀ ਮਾਲੀ ਨੁਕਆਨ ਵੀ ਹੋਇਆ।

## ਕਰਟ ਕੈਂਪਬੈਲ ਅਮਰੀਕਾ ਦੇ ਨਵੇਂ ਉਪ ਵਿਦੇਸ਼ ਮੰਤਰੀ ਨਿਯੁਕਤ

ਵਾਸ਼ਿੰਗਟਨ : ਅਮਰੀਕੀ ਸੈਨੇਟ ਨੇ ਏਸ਼ੀਆਈ ਮਾਮਲਿਆਂ ਦੇ ਸਬੰਧ ਵਿਚ ਰਾਸ਼ਟਰਪਤੀ ਜੋਅ ਬਾਈਡੇਨ ਦੇ ਸਿਖਰਲੇ ਸਹਿਯੋਗੀ ਕਰਟ ਕੈਂਪਬੈਲ ਨੂੰ ਉਪ ਵਿਦੇਸ਼ ਮੰਤਰੀ ਦੇ ਅਹੁਦੇ 'ਤੇ ਨਿਯੁਕਤ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਉਨ੍ਹਾਂ ਨੂੰ ਅਜਿਹਾ ਵਿਅਕਤੀ ਦੱਸਿਆ ਜਿਨ੍ਹਾਂ ਕੋਲ ਇਸ ਅਹੁਦੇ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਦਾ ਬਹੁਤ ਤਜ਼ਰਬਾ ਹੈ। ਅਮਰੀਕੀ ਸੈਨੇਟ ਨੇ ਮੰਗਲਵਾਰ ਨੂੰ ਅਮਰੀਕਾ-ਏਸ਼ੀਆ ਭਾਈਵਾਲੀ ਵਿੱਚ ਤਜ਼ਰਬੇਕਾਰ ਮੰਨੇ ਜਾਣ ਵਾਲੇ ਕੈਂਪਬੈਲ (67) ਦੇ ਨਾਂ ਦੀ ਪੁਸ਼ਟੀ ਕੀਤੀ। ਉਨ੍ਹਾਂ ਨੂੰ ਪੰਜ ਦੇ ਮੁਕਾਬਲੇ 92 ਵੋਟਾਂ ਮਿਲੀਆਂ।



ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਬੁੱਧਵਾਰ ਨੂੰ 'ਐਕਸ' 'ਤੇ ਇਕ ਪੋਸਟ ਵਿਚ ਕਿਹਾ, "ਮੈਂ ਕਰਟ ਕੈਂਪਬੈੱਲ ਨੂੰ ਨਵਾਂ ਉਪ ਵਿਦੇਸ਼ ਮੰਤਰੀ ਬਣਨ 'ਤੇ ਵਧਾਈ ਦਿੰਦਾ ਹਾਂ ਅਤੇ ਵਿਕਟੋਰੀਆ ਨੂਲੈਂਡ ਦਾ ਧੰਨਵਾਦ ਕਰਦਾ ਹਾਂ, ਜੋ ਕਾਰਕਾਰੀ ਰੂਪ ਵਿਚ ਇਸ ਅਹੁਦੇ 'ਤੇ ਕੰਮ ਕਰਦੀ ਰਹੀ ਹੈ। ਵਿਭਾਗ ਅਤੇ ਦੇਸ਼ ਨੂੰ ਇਸ ਅਹਿਮ ਸਮੇਂ ਵਿੱਚ ਉਨ੍ਹਾਂ ਦੀ ਕੂਟਨੀਤਕ ਮੁਹਾਰਤ ਅਤੇ ਅਗਵਾਈ ਤੋਂ ਲਾਭ ਮਿਲੇਗਾ।" ਕੈਂਪਬੈਲ ਵਰਤਮਾਨ ਵਿੱਚ ਇੰਡੋ-ਪੈਸੀਫਿਕ ਮਾਮਲਿਆਂ ਲਈ ਰਾਸ਼ਟਰੀ ਸੁਰੱਖਿਆ ਕੌਂਸਲ ਦੇ ਕੋਆਰਡੀਨੇਟਰ ਹਨ ਅਤੇ ਉਨ੍ਹਾਂ ਨੇ ਥਿੰਕ ਟੈਂਕ 'ਦਿ ਏਸ਼ੀਆ ਗਰੁੱਪ' ਦੀ ਸਥਾਪਨਾ ਕੀਤੀ ਹੈ।

## ਹਾਈ ਕੋਰਟ ਵੱਲੋਂ ਸਟੇਟਸ ਰਿਪੋਰਟ ਦਾਇਰ ਕਰਨ ਦੀ ਹਦਾਇਤ, ਕਮਲਨਾਥ ਨੂੰ ਭੁਗਤਣੀ ਪਵੇਗੀ ਸਜ਼ਾ: ਸਿਰਸਾ

ਨਵੀਂ ਦਿੱਲੀ : 1984 ਦੇ ਸਿੱਖ ਕਤਲੇਆਮ ਕੇਸਾਂ ਦੀ ਲੜਾਈ ਲੜ ਰਹੀ ਸਿੱਖ ਕੌਮ ਨੂੰ ਉਦੋਂ ਵੱਡੀ ਰਾਹਤ ਮਿਲੀ ਜਦੋਂ ਦਿੱਲੀ ਹਾਈ ਕੋਰਟ ਨੇ ਇਨ੍ਹਾਂ ਕੇਸਾਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸ. ਆਈ. ਟੀ.) ਨੂੰ ਕਾਂਗਰਸ ਆਗੂ, ਸਾਬਕਾ ਮੁੱਖ ਮੰਤਰੀ ਤੇ ਗਾਂਧੀ ਪਰਿਵਾਰ ਦੇ ਕਰੀਬੀ ਕਮਲਨਾਥ ਖ਼ ?ਲਾਫ਼ ਕੇਸ ਦੀ ਸਟੇਟ ਰਿਪੋਰਟ 23 ਅਪ੍ਰੈਲ 2024 ਤੱਕ ਦਾਇਰ ਕਰਨ ਦੀ ਹਦਾਇਤ ਕੀਤੀ। ਇਹ ਜਾਣਕਾਰੀ ਭਾਜਪਾ ਦੇ ਕੌਮੀ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਸਾਂਝੀ ਕੀਤੀ ਹੈ। ਇੱਥੇ ਜਾਰੀ ਕੀਤੇ ਇਕ ਬਿਆਨ ਵਿਚ ਸਿਰਸਾ ਨੇ ਕਿਹਾ ਕਿ ਉਹ 1984 ਦੇ ਸਿੱਖ ਕਤਲੇਆਮ ਦੇ ਕੇਸਾਂ ਦੀ ਨਿੱਜੀ ਤੌਰ 'ਤੇ ਪੈਰਵੀ ਕਰ ਰਹੇ ਹਨ ਤੇ ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਚਿੱਠੀ ਲਿਖ ਕੇ ਕਮਲਨਾਥ ਤੇ ਹੋਰ ਦੋਸ਼ੀਆਂ ਖ਼ ?ਲਾਫ਼ਬੰਦ ਕੀਤੇ ਕੇਸ ਮੁੜ ਖੋਲ੍ਹਣ ਦੀ ਅਪੀਲ ਕੀਤੀ ਸੀ। ਇਸ ਮਗਰੋਂ ਉਨ੍ਹਾਂ ਅਦਾਲਤਾਂ ਵਿਚ ਵੀ ਕੇਸਾਂ ਦੀ ਪੈਰਵੀ ਕੀਤੀ।

ਉਨ੍ਹਾਂ ਕਿਹਾ ਕਿ ਉਹ ਨਿਆਂਪਾਲਿਕਾ ਦੇ ਧੰਨਵਾਦੀ ਹਨ ਕਿਉਂਕਿ ਦਿੱਲੀ ਹਾਈ ਕੋਰਟ ਨੇ ਅੱਜ ਐੱਸ. ਆਈ. ਟੀ. ਨੂੰ ਕਮਲਨਾਥ ਖ਼ ?ਲਾਫ਼ ਕੇਸ ਵਿਚ ਸਟੇਟਸ ਰਿਪੋਰਟ 23 ਅਪ੍ਰੈਲ 2024 ਤੱਕ ਦਾਇਰ ਕਰਨ ਦੀ ਹਦਾਇਤ ਕੀਤੀ ਹੈ। ਕਮਲਨਾਥ 'ਤੇ ਦੋਸ਼ ਹੈ ਕਿ ਉਸ ਨੇ 1984 ਦੇ



ਕਤਲੇਆਮ ਦੌਰਾਨ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਇਕੋ ਪਰਿਵਾਰ ਦੇ ਦੋ ਜੀਆਂ ਦਾ ਕਤਲ ਕਰਵਾਇਆ।

ਸਿਰਸਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਦਾਇਰ ਪਟੀਸ਼ਨ ਜਸਟਿਸ ਸਵਰਨ ਕਾਂਤਾ ਸ਼ਰਮਾ ਦੀ ਅਦਾਲਤ ਨੇ ਇਹ ਸਟੇਟਸ ਰਿਪੋਰਟ 23 ਅਪ੍ਰੈਲ 2024 ਤੱਕ ਦਾਇਰ ਕਰਨ ਦੀ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਕਮਲਨਾਥ ਇਕ ਕਾਤਲ ਹੈ ਜਿਸਨੂੰ ਹੁਣ ਤੱਕ ਗਾਂਧੀ ਪਰਿਵਾਰ ਤੇ ਕਾਂਗਰਸ ਪਾਰਟੀ ਬਚਾਉਂਦੀ ਆਈ ਹੈ ਪਰ ਹੁਣ ਉਸ ਦੇ ਦਿਨ ਪੂਰੇ ਹੋ ਗਏ ਹਨ ਤੇ ਉਸ ਨੂੰ ਸਿੱਖ ਕੌਮ ਖਿਲਾਫ ਕੀਤੇ ਗੁਨਾਹਾਂ ਦੀ ਸਜ਼ਾ ਭੁਗਤਣੀ ਹੀ ਪਵੇਗੀ।

ਉਨ੍ਹਾਂ ਨੇ ਆਸ ਪ੍ਰਗਟਾਈ ਕਿ ਆਖਿਰਕਾਰ 1984 ਦੇ ਸਿੱਖ ਕਤਲੇਆਮ ਦੇ ਸਾਰੇ ਦੋਸ਼ੀ ਕਾਨੂੰਨ ਮੁਤਾਬਕ ਸਲਾਖਾਂ ਪਿੱਛੇ ਹੋਣਗੇ ਤੇ ਉਨ੍ਹਾਂ ਮੁੜ ਦੁਹਰਾਇਆ ਕਿ ਉਹ ਇਨ੍ਹਾਂ ਕੇਸਾਂ ਨੂੰ ਇਨ੍ਹਾਂ ਦੇ ਤਰਕਸੰਗਤ ਅੰਤ ਤੱਕ ਲੈ ਕੇ ਜਾਣ ਲਈ ਦ੍ਰਿੜ ਸੰਕਲਪ ਹਨ।

## ਚਿੱਲੀ ਦੇ ਜੰਗਲਾਂ ਨੂੰ ਲੱਗੀ ਭਿਆਨਕ ਅੱਗ ਕਾਰਨ ਪੂਰਾ ਸ਼ਹਿਰ ਤਬਾਹ: 123 ਮੌਤਾਂ, 370 ਲਾਪਤਾ ਤੇ 3 ਹਜ਼ਾਰ ਘਰ ਸੁਆਹ

ਸੈਂਟੀਆਗੋ (ਚਿੱਲੀ) : ਚਿੱਲੀ ਦੇ ਜੰਗਲਾਂ ਵਿੱਚ ਲੱਗੀ ਭਿਆਨਕ ਅੱਗ ਸੰਘਣੀ ਆਬਾਦੀ ਵਾਲੇ ਇਲਾਕੇ ਵਿੱਚ ਫੈਲਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 123 ਹੋ ਗਈ ਹੈ। ਚਿੱਲੀ ਦੇ ਮੱਧ ਖੇਤਰ ਦੇ ਜੰਗਲਾਂ ਵਿੱਚ ਸ਼ੁੱਕਰਵਾਰ ਨੂੰ ਭਿਆਨਕ ਅੱਗ ਲੱਗ ਗਈ। ਵਿਨਾ ਡੇਲ ਮਾਰ ਸ਼ਹਿਰ 'ਚ ਘੱਟੋ-ਘੱਟ 3000 ਤੋਂ ਵੱਧ ਘਰ ਸੜ ਕੇ ਸੁਆਹ ਹੋ ਗਏ ਹਨ। ਮਰਨ ਵਾਲਿਆਂ ਦੀ ਗਿਣਤੀ 112 ਤੋਂ ਵੱਧ ਕੇ 123 ਹੋ ਗਈ ਹੈ। ਲਗਪਗ 300,000 ਦੇ ਸ਼ਹਿਰ ਵਿੱਚ ਘੱਟੋ-ਘੱਟ 370 ਵਿਅਕਤੀ ਲਾਪਤਾ ਹਨ।



## ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਦੀ 22ਵੇਂ ਮੇਲੇ ਦੇ ਪ੍ਰਬੰਧਾਂ ਸਬੰਧੀ ਹੋਈ ਅਹਿਮ ਇਕੱਤਰਤਾ

*ਭਾਰਤ ਦੀ ਅਜ਼ਾਦੀ 'ਚ ਕੁਰਬਾਨੀਆਂ ਕਰਨ ਵਾਲੀਆਂ ਮਹਾਨ ਬੀਬੀਆਂ ਨੂੰ ਸਮਰਪਿਤ ਹੋਵੇਗਾ ਇਹ 22ਵਾਂ ਮੇਲਾ*

ਫਰਿਜ਼ਨੋਂ (ਕੁਲਵੀਰ ਹੇਅਰ) : ਗਦਰੀ ਬਾਬਿਆਂ ਅਤੇ ਦੇਸ਼ ਦੇ ਸ਼ਹੀਦਾਂ ਨੂੰ ਸਮਰਪਿਤ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਦੇ ਅਹੁਦੇਦਾਰਾਂ ਅਤੇ ਸਹਿਯੋਗੀਆਂ ਦੀ ਇਕ ਅਹਿਮ ਮੀਟਿੰਗ ਫਰਿਜਨੋ ਵਿਖੇ ਹੋਈ।ਮੀਟਿੰਗ ਦੌਰਾਨ ਇਸ ਸਾਲ 7 ਅਪ੍ਰੈਲ ਨੂੰ ਫਰਿਜ਼ਨੋ ਵਿਖੇ ਕਰਵਾਏ ਜਾ ਰਹੇ 22ਵੇਂ ਮੇਲੇ ਦੀਆਂ ਤਿਆਰੀਆਂ ਸਬੰਧੀ ਵਿਚਾਰਾਂ ਹੋਈਆਂ ਅਤੇ ਪ੍ਰਬੰਧਾਂ ਦੀਆਂ ਵੱਖ ਵੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਮੀਟਿੰਗ ਉਪਰੰਤ ਪ੍ਰਬੰਧਕਾਂ ਵਲੋਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਇਹ 22ਵਾਂ ਮੇਲਾ ਭਾਰਤ ਦੀ ਅਜਾਦੀ ਦੇ ਸੰਗਰਾਮ ਵਿਚ ਸਿੱਧੇ-ਅਸਿੱਧੇ ਰੂਪ ਵਿਚ ਅਥਾਹ ਕੁਰਬਾਨੀਆਂ ਵਾਲੀਆਂ ਮਹਾਨ ਔਰਤਾਂ ਬੀਬੀ ਗੁਲਾਬ ਕੌਰ, ਦੁਰਗਾ ਭਾਬੀ, ਮੈਡਮ ਕਾਮਾ, ਲਕਸ਼ਮੀ ਸਹਿਗਲ, ਲਤਾ ਕਾਂਤਾਂ ਬਰੂਆ ਅਤੇ ਹੋਰ ਸਮੂਹ ਔਰਤਾਂ ਨੂੰ ਸਮਰਪਿਤ ਹੋਵੇਗਾ। ਇਹ ਮੇਲਾ ਸੈਂਟਰਲ ਹਾਈ ਸਕੂਲ ਪ੍ਰਫਾਰਮਿੰਗ ਆਰਟ ਸੈਂਟਰ 3535 ਨਾਰਥ ਕੌਰਨੀਲੀਆ ਐਵਨਿਓ (ਫਰਿਜ਼ਨੋਂ) ਵਿਖੇ 7 ਅਪ੍ਰੈਲ, ਦਿਨ ਐਤਵਾਰ ਦੁਪਿਹਰ 1 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ। ਇਸ ਮੇਲੇ ਦੌਰਾਨ ਉੱਚ ਕੋਟੀ ਦੇ ਬੁਲਾਰੇ ਅਤੇ ਬੁੱਧੀਜੀਵੀ ਆਪਣੇ ਵਿਚਾਰ ਪੇਸ਼ ਕਰਨਗੇ,



ਲੋਕਲ ਲੋਕ ਗਾਇਕ ਸ਼ਹੀਦਾਂ ਦੀ ਸ਼ਹਾਦਤ ਦਾ ਬ੍ਰਿਤਾਂਤ ਸੰਗੀਤਕ ਵੰਨ੍ਹਗੀਆਂ ਵਿਚ ਪੇਸ਼ ਕਰਨਗੇ। ਇਸ ਤੋਂ ਇਲਾਵਾ ਬੱਚਿਆਂ ਨੂੰ ਸਿੱਖਿਆ ਦੇ ਖੇਤਰ ਵਿਚ ਹੋਰ ਮੱਲਾਂ ਮਾਰਨ ਅਤੇ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਪੜ੍ਹਾਈ ਵਿਚੋਂ (4.0GPA) ਅਤੇ ਇਸ ਤੋਂ ਜ਼ਿਆਦਾ ਨੰਬਰਾਂ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਦੇਸ਼ ਦੇ ਸ਼ਹੀਦਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਖਾਸ ਖਿੱਚ ਦਾ ਕੇਂਦਰ ਹੋਵੇਗੀ। ਬੱਚਿਆਂ ਵਲੋਂ ਕਵਿਤਾ, ਗਿੱਧਾ, ਭੰਗੜਾ ਆਦਿ ਦਾ ਪ੍ਰੋਗਰਾਮ ਪੇਸ਼ ਹੋਵੇਗਾ। ਮੀਟਿੰਗ ਦੌਰਾਨ ਬੀਤੇ ਸਮੇਂ ਵਿਚ ਹੋਏ ਹਰ ਮੇਲੇ ਵਿਚ ਸਹਿਯੋਗ ਦੇਣ ਲਈ ਸੈਂਟਰਲ ਵੈਲੀ ਦੇ ਭਾਰਤੀ ਭਾਈਚਾਰੇ ਅਤੇ ਸਾਰੀਆਂ ਸੰਸਥਾਵਾਂ ਦਾ ਧੰਨਵਾਦ ਕੀਤਾ ਗਿਆ ਅਤੇ ਇਸ ਵਾਰ ਵੀ ਸਭ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਪ੍ਰਬੰਧਕਾਂ ਨੇ ਦੱਸਿਆ ਕਿ ਮੇਲੇ ਵਾਲੇ ਦਿਨ ਦੁਪਿਹਰ 1 ਵਜੇ ਤੋਂ 2 ਵਜੇ ਤੱਕ ਬੱਚਿਆਂ ਵਲੋਂ ਖਾਸ ਪ੍ਰੋਗਰਾਮ ਹੋਵੇਗਾ ਤਾਂ ਕਿ ਆਉਣ ਵਾਲੀ ਪੀੜ੍ਹੀ ਵੀ ਦੇਸ਼ ਗੌਰਵਮਈ ਇਤਿਹਾਸ ਤੋਂ ਜਾਣੂੰ ਹੋ ਸਕੇ ਜਿਸ ਦੌਰਾਨ ਕੋਈ ਵੀ ਬੱਚਾ ਹਿੱਸਾ ਲੈ ਸਕਦਾ ਹੈ। ਇਸ ਮੀਟਿੰਗ ਵਿਚ ਸਮੂਹ ਪ੍ਰਬੰਧਕਾਂ ਅਤੇ ਸਹਿਯੋਗੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪੋ ਆਪਣੇ ਵਿਚਾਰ ਸਾਂਝੇ ਕੀਤੇ।

# ਸਿੱਖਾਂ ਦੀ ਪੱਗੜੀ ਸਿਰ 'ਚ ਫਰੈਕਚਰ ਦੇ ਖ਼ਤਰੇ ਨੂੰ ਕਰਦੀ ਹੈ ਘੱਟ



ਨਵੀਂ ਦਿੱਲੀ : ਪੱਗੜੀ ਪਹਿਨਣਾ ਸਿੱਖਾਂ ਦੀ ਆਸਥਾ ਨਾਲ ਜੁੜਿਆ ਹੋਇਆ ਹੈ। ਪੱਗੜੀ ਨੂੰ ਬੰਨਣਾ ਵਿਗਿਆਨਕ ਰੂਪ ਨਾਲ ਵੀ ਫਾਇਦੇਮੰਦ ਹੈ। ਸਿੱਖਾਂ ਵਲੋਂ ਪਹਿਨਣੀ ਜਾਣ ਵਾਲੀ ਪੱਗੜੀ ਹਾਦਸਾ ਹੋਣ 'ਤੇ ਸਿਰ 'ਚ ਫਰੈਕਚਰ ਨੂੰ ਕਾਫੀ ਹੱਦ ਤੱਕ ਘੱਟ ਕਰ ਦਿੰਦੀ ਹੈ। ਇਕ ਸ਼ੋਧ ਵਿਚ ਇਹ ਗੱਲ ਸਾਹਮਣੇ ਆਈ ਹੈ। ਇੰਪੀਰੀਅਲ ਕਾਲਜ ਲੰਡਨ ਅਤੇ ਸਿੱਖ ਸਾਇੰਟਿਸਟ ਨੈੱਟਵਰਕ ਦੇ ਖੋਜਕਾਰਾਂ ਨੇ ਇਹ ਅਧਿਐਨ ਕੀਤਾ ਹੈ, ਜਿਸ ਤੋਂ ਇਹ ਸਿੱਟਾ ਸਾਹਮਣੇ ਆਇਆ ਹੈ।

ਸ਼ੋਧਕਰਤਾਵਾਂ ਮੁਤਾਬਕ ਅਧਿਐਨ 'ਚ ਵੇਖਿਆ ਗਿਆ ਹੈ ਕਿ ਪੱਗੜੀ ਪਹਿਨਣ ਨਾਲ ਖੋਪੜੀ ਵਿਚ ਹੋਣ ਵਾਲੇ ਫਰੈਕਚਰ ਦੇ ਖ਼ਤਰੇ ਨੂੰ ਕਾਫੀ ਹੱਦ ਤੱਕ ਘੱਟ ਕਰਨ ਵਿਚ ਮਦਦ ਮਿਲਦੀ ਹੈ। ਸ਼ੋਧ ਵਿਚ ਪਾਇਆ ਗਿਆ ਹੈ ਕਿ ਨੰਗੇ ਸਿਰ ਦੀ ਤੁਲਨਾ 'ਚ ਪੱਗੜੀ ਪਹਿਨਣ ਨਾਲ ਕੱਪੜੇ ਦੀ ਮੋਟੀ ਪਰਤ ਨਾਲ ਢਕੀ ਖੋਪੜੀ ਦੇ ਹਿੱਸੇ 'ਤੇ ਫਰੈਕਚਰ ਦਾ ਖ਼ਤਰਾ ਬਹੁਤ ਘੱਟ ਹੋ ਜਾਂਦਾ ਹੈ। ਇਹ ਵੀ ਵੇਖਿਆ ਗਿਆ ਕਿ ਪੱਗੜੀ ਬੰਨਣਾ ਸਿਰ ਦੀ ਸੱਟ ਦੇ ਜ਼ੋਖਮ 'ਤੇ ਮਹੱਤਵਪੂਰਨ ਪ੍ਰਭਾਵ ਪਾਉਂਦੀ ਹੈ। ਸ਼ੋਧ 'ਚ ਪੱਗੜੀ ਬੰਨਣਾ ਸਿਰ ਦੇ ਅਗਲੇ ਹਿੱਸੇ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਸਭ ਤੋਂ ਵਧੀਆ ਹੈ। ਇਸ ਦੇ ਨਾਲ ਹੀ ਦੁਮਾਲਾ ਦਸਤਾਰ ਸਟਾਈਲ ਸਿਰ ਦੇ ਕਿਨਾਰੇ ਵਾਲੇ ਹਿੱਸੇ ਨੂੰ ਸੱਟ ਤੋਂ ਬਚਾਉਣ ਲਈ ਵਧੇਰੇ ਪ੍ਰਭਾਵਸ਼ਾਲੀ ਪਾਇਆ ਗਿਆ। ਸ਼ੋਧਕਰਤਾਵਾਂ ਨੇ ਕਿਹਾ ਕਿ ਸਾਡੇ ਸਿੱਟਿਆਂ ਤੋਂ ਪਤਾ ਲੱਗਦਾ ਹੈ ਕਿ ਸਿੱਖ ਪੱਗੜੀ 'ਚ ਸਿਰ 'ਤੇ ਲੱਗਣ ਵਾਲੀ ਸੱਟ ਨੂੰ ਘੱਟ ਕਰਨ ਦੀ ਸਮਰੱਥਾ ਰੱਖਦੀ ਹੈ।

# ਇਰਾਦਾ ਕਤਲ ਦੇ ਮਾਮਲੇ ਵਿਚ ਹਿਰਾਸਤ ਵਿਚੋਂ ਭੱਜਾ ਨਬਾਲਗ ਮਾਪਿਆਂ ਨੇ ਕੀਤਾ ਪੁਲਿਸ ਹਵਾਲੇ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਫਰੈਂਕਲਿਨ, ਲੂਇਸਿਆਨਾ, ਵਿਚ ਇਰਾਦਾ ਕਤਲ ਦੇ ਮਾਮਲੇ ਵਿਚ ਜੇਲ ਵਿਚ ਬੰਦ 17 ਸਾਲਾ ਨਬਾਲਗ ਕਿਮੀ ਡੌਂਟੇਨ ਜੂਨੀਅਰ ਜੋ ਪੁਲਿਸ ਅਫਸਰਾਂ ਨੂੰ ਝਕਾਨੀ ਦੇ ਕੇ ਫਰਾਰ ਹੋ ਗਿਆ ਸੀ,ਨੂੰ ਉਸ ਦੇ ਮਾਤਾ ਪਿਤਾ ਵੱਲੋਂ ਮੁੜ ਪੁਲਿਸ ਦੇ ਹਵਾਲੇ ਕਰ ਦੇਣ ਦੀ ਖਬਰ ਹੈ। ਮੈਰੀ ਪੈਰਿਸ਼ ਸ਼ੈਰਿਫ ਦਫਤਰ ਅਨਸਾਰ ਓਰਲੀਨਜ ਪੈਰਿਸ਼ ਵਾਸੀ ਜੂਨੀਅਰ ਫਰੈਂਕਲਿਨ ਵਿਚ ਉਸ ਵੇਲੇ ਹਿਰਾਸਤ ਵਿਚੋਂ ਫਰਾਰ ਹੋ ਗਿਆ ਸੀ ਜਦੋਂ ਉਸ ਨੂੰ ਬਾਹਰ ਸੈਰ ਲਈ ਲਿਜਾਇਆ ਜਾ ਰਿਹਾ ਸੀ। ਜੁਵੇਨਾਈਲ ਜਸਟਿਸ ਦੇ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਫਰਾਰ ਹੋਏ ਜੂਨੀਅਰ ਦੇ ਮਾਪਿਆਂ ਨੇ ਉਸ ਨੂੰ ਮੁੜ ਲੋਇਸਿਆਨਾ ਸਟੇਟ ਪੁਲਸ ਦੇ ਹਵਾਲੇ ਕਰ ਦਿੱਤਾ ਹੈ।

# ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਨਵੇਂ ਸਰਕਾਰੀ ਕਾਨੂੰਨ ਬਣਵਾਉਣ ਲਈ ਮੋਢੀ ਵਜੋਂ ਕੰਮ ਕਰੇਗੀ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਦੀ ਵਿਸ਼ੇਸ਼ ਮੀਟਿੰਗ ਸੈਂਟਰਲ ਵੈਲੀ, ਕੈਲੀਫੋਰਨੀਆਂ ਦੇ ਸਭ ਤੋਂ ਪੁਰਾਤਨ ਅਤੇ ਹੈਰੀਟੇਜ਼ ਦਰਜਾ ਪ੍ਰਾਪਤ ਗੁਰਦੁਆਰਾ "ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ"ਵਿਖੇ ਹੋਈ। ਜਿੱਥੇ ਸੈਂਟਰਲ ਵੈਲੀ ਦੇ ਸਮੂੰਹ ਗੁਰੂ ਘਰਾਂ ਦੇ ਮੈਂਬਰਾਂ ਤੋਂ ਇਲਾਵਾ ਬੇ-ਏਰੀਏ ਤੋਂ ਵੀ ਸੰਗਤਾਂ ਨੇ ਹਾਜ਼ਰੀ ਭਰੀ। ਮੀਟਿੰਗ ਦੀ ਸੁਰੂਆਤ ਮੂਲ-ਮੰਤਰ ਪਾਠ ਦੇ ਜਾਪ ਨਾਲ ਕੀਤੀ ਗਈ। ਜਿਸ ਉਪਰੰਤ ਸਿੱਖ ਕੌਂਸ਼ਲ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਚੀਮਾਂ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ, ਮੀਟਿੰਗ ਦੇ ਏਜੰਡੇ ਤੋਂ ਜਾਣੂ ਕਰਵਾਇਆ। ਇਸੇ ਤਰਾਂ ਸਥਾਨਿਕ ਗੁਰੂਘਰਾਂ ਅਤੇ ਅਗਲੇ ਆਉਣ ਵਾਲੇ ਧਾਰਮਿਕ ਪ੍ਰੋਗਰਾਮਾਂ ਅਤੇ ਸਿੱਖ ਭਾਈਚਾਰੇ ਵੱਲੋਂ ਆਪਣੀ ਪਹਿਚਾਣ ਲਈ ਕੀਤੇ ਜਾਣ ਵਾਲੇ ਹੋਰ ਨਵੇਂ ਪ੍ਰੋਗਰਾਮਾਂ ਬਾਰੇ ਵਿਚਾਰਾਂ ਹੋਈਆਂ।

ਇਸ ਮੀਟਿੰਗ ਦੇ ਅਗਲੇ ਵਿਸ਼ੇਸ਼ ਪੜਾਅ ਵਿੱਚ ਹੋਈ ਗੱਲਬਾਤ ਦਾ ਵਿਸ਼ਾ ਰਿਹਾ ਕਿ ਸਿੱਖ ਕੌਂਸ਼ਲ ਵੱਲੋਂ ਕੈਲੀਫੋਰਨੀਆਂ ਵਿੱਚ ਸਿੱਖ ਮੋਟਰ ਸਾਈਕਲ ਰਾਈਡਰ ਲਈ ਦਸਤਾਰ ਸਜਾ ਕੇ ਮੋਟਰ-ਸਾਈਕਲ ਚਲਾਉਣ ਲਈ ਬਣਨ ਵਾਲੇ ਕਾਨੂੰਨ ਵਿੱਚ ਕਿਉਂ ਅਤੇ ਕੀ ਰੁਕਾਵਟਾ ਆਈਆ ਅਤੇ ਉਨ੍ਹਾਂ ਨੂੰ ਸੁਲਝਾਉਣ ਲਈ ਕੀ ਉਪਰਾਲੇ ਹੋਣੇ ਚਾਹੀਦੇ ਹਨ। ਜਿਸ ਵਿੱਚ ਸਭ ਹਾਜ਼ਰੀਨ ਨੇ ਆਪਣੀ-ਆਪਣੀ ਸਮਝ ਅਨੁਸਾਰ ਸਹਿਯੋਗ ਪਾਉਂਦੇ ਹੋਏ ਵਿਚਾਰਾਂ ਦੀ ਸਾਂਝ ਪਾਈ।



ਅਜਿਹੇ ਸਿੱਖ ਭਾਈਚਾਰੇ ਦੇ ਮਸਲਿਆਂ ਬਾਰੇ ਸਮੂੰਹ ਸਿੱਖ ਜੱਥੇਬੰਦੀਆਂ ਅਤੇ ਗੁਰੂਘਰਾਂ ਦੇ ਪ੍ਰਬੰਧਕਾਂ ਨੇ ਸਾਂਝੇ ਤੌਰ 'ਤੇ ਸਿੱਖ ਕੌਂਸ਼ਲ ਨੂੰ ਅੱਗੇ ਹੋ ਭਾਈਚਾਰਕ ਮਸਲੇ ਸੁਲਝਾਉਣ, ਸਿੱਖੀ ਦੀ ਪਹਿਚਾਣ ਲਈ ਸਰਕਾਰੀ ਬਣਾਏ ਜਾ ਰਹੇ ਕਾਨੂੰਨਾਂ ਪ੍ਰਤੀ ਅੱਗੇ ਹੋ ਸਹੀ ਦਿਸ਼ਾ-ਨਿਰਦੇਸ਼ ਦੇਣ ਦੀ ਅਪੀਲ ਕੀਤੀ।

ਅੰਤ ਇਹ ਤਹਿ ਕੀਤਾ ਗਿਆ ਕਿ ਸਿੱਖ ਕੌਂਸ਼ਲ ਅੱਗੇ ਹੋ ਕੇ ਕੈਲੀਫੋਰਨੀਆਂ ਦੀਆਂ ਵੱਖ-ਵੱਖ ਜੱਥੇਬੰਦੀਆਂ ਦੇ ਸਹਿਯੋਗ ਨਾਲ ਸਿੱਖਾਂ ਦੀ ਪਹਿਚਾਣ ਅਤੇ ਹਿੱਤਾਂ ਦੀ ਰਾਖੇ ਲਈ ਨਵੇਂ ਕਾਨੂੰਨ ਬਣਾਉਣ ਵਿੱਚ ਹਰ ਸੰਭਵ ਯਤਨ ਕਰੇਗੀ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਇਸ ਤੋਂ ਪਹਿਲਾਂ ਵੀ ਸਿੱਖ ਭਾਈਚਾਰੇ ਨਾਲ ਸੰਬੰਧਿਤ ਅਤੇ ਪੰਜਾਬੀ ਦੇ ਵਿਸ਼ੇ ਨੂੰ ਸਕੂਲਾਂ ਅਤੇ ਕਾਲਜਾਂ ਵਿੱਚ ਲਾਗੂ ਕਰਾਉਣ ਵਰਗੇ ਬਹੁਤ ਸ਼ਲਾਘਾਯੋਗ ਕੰਮ ਕਰਵਾ ਚੁੱਕੀ ਹੈ। ਸਿੱਖ ਕੌਂਸ਼ਲ ਦੀ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਸਮੂੰਹ ਭਾਈਚਾਰੇ ਨੂੰ ਆਪਸੀ ਜੋੜ ਕੇ ਰੱਖਿਆ ਜਾਵੇ। ਇਸੇ ਅਧੀਨ ਸਭ ਹਾਜ਼ਰੀਨ ਦੀ ਸਹਿਮਤੀ ਨਾਲ ਇਹ ਤਹਿ ਕੀਤਾ ਗਿਆ ਕਿ ਸਿੱਖ ਕੌਂਸ਼ਲ ਮੋਟਰ-ਸਾਈਕਲ ਰਾਈਡਰਾਂ ਨੂੰ ਆਪਣੀ ਦਸਤਾਰ ਸਜਾ ਕੇ ਚਲਾਉਣ ਵਾਲੇ ਕਾਨੂੰਨ ਨੂੰ ਲੈ ਕੇ ਆਉਣ ਸਰਕਾਰੀ ਅਧਿਕਾਰੀਆਂ ਨਾਲ ਗੱਲਬਾਤ ਕਰੇਗੀ। ਮੀਟਿੰਗ ਦੇ ਅੰਤ ਵਿੱਚ ਸਭ ਦੇ ਸਹਿਯੋਗ ਅਤੇ ਚੰਗੇ ਸਾਰਥਕ ਨਤੀਜਿਆਂ ਦੀ ਆਸ ਕਰਦੇ ਹੋਏ ਸੁਖਦੇਵ ਸਿੰਘ ਚੀਮਾਂ ਨੇ ਸਮੂੰਹ ਹਾਜ਼ਰੀਨ ਦੀ ਧੰਨਵਾਦ ਕੀਤਾ।



# ਵੱਖ-ਵੱਖ ਧਰਮਾਂ ਦੇ ਵਫ਼ਦ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਕੀਤੀ ਮੁਲਾਕਾਤ

**• ਭਾਰਤੀ ਸਰਵ ਧਰਮ ਸੰਸਦ ਦੇ ਗੋਸਵਾਮੀ ਸੁਸ਼ੀਲ ਵੀ ਵਫ਼ਦ ਦਾ ਹਿੱਸਾ ਸਨ • ਬੈਠਕ ਤੋਂ ਬਾਅਦ ਇਸ ਦੇ ਮੈਂਬਰਾਂ ਨੇ ਮੋਦੀ ਦੀ ਅਗਵਾਈ ਦੀ ਸ਼ਲਾਘਾ ਕੀਤੀ**

ਨਵੀਂ ਦਿੱਲੀ : ਇੰਡੀਅਨ ਮਾਈਨੋਰਿਟੀਜ਼ ਫਾਊਂਡੇਸ਼ਨ ਦੀ ਅਗਵਾਈ 'ਚ 24 ਧਾਰਮਕ ਆਗੂਆਂ ਦੇ ਇਕ ਵਫ਼ਦ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਅਤੇ ਬਾਅਦ 'ਚ ਕਿਹਾ ਕਿ ਉਹ ਭਾਰਤ 'ਚ ਅੰਤਰ-ਧਰਮ ਏਕਤਾ ਦਾ ਸੰਦੇਸ਼ ਬਾਹਰੀ ਦੁਨੀਆਂ ਤਕ ਪਹੁੰਚਾਉਣਾ ਚਾਹੁੰਦੇ ਹਨ।

ਵਫ਼ਦ 'ਚ ਆਲ ਇੰਡੀਆ ਇਮਾਮ ਆਰਗੇਨਾਈਜ਼ੇਸ਼ਨ ਦੇ ਮੁਖੀ ਇਮਾਮ ਉਮਰ ਅਹਿਮਦ ਇਲਿਆਸੀ ਅਤੇ ਮਹਾਬੋਧੀ ਇੰਟਰਨੈਸ਼ਨਲ ਮੈਡੀਟੇਸ਼ਨ ਸੈਂਟਰ ਦੇ ਸੰਸਥਾਪਕ ਪ੍ਰਧਾਨ ਭੀਖੂ ਸੰਘਫ਼ੌਜ ਤੋਂ ਇਲਾਵਾ ਸਿੱਖ, ਜੈਨ, ਈਸਾਈ ਅਤੇ ਪਾਰਸੀ ਭਾਈਚਾਰੇ ਦੇ ਨੁਮਾਇੰਦੇ ਸ਼ਾਮਲ ਸਨ। ਮੋਦੀ ਨੇ ਕਿਹਾ, "ਅੱਜ ਸੰਸਦ 'ਚ ਧਾਰਮਕ ਆਗੂਆਂ ਦੇ ਵਫ਼ਦ ਨਾਲ ਮੁਲਾਕਾਤ ਕਰ ਕੇ ਖ਼ੁਸ਼ੀ ਹੋ ਰਹੀ ਹੈ। ਮੈਂ ਸਾਡੇ ਦੇਸ਼ ਦੇ ਵਿਕਾਸ ਲਈ ਉਨ੍ਹਾਂ ਦੇ ਦਿਆਲੂ ਸ਼ਬਦਾਂ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ।" ਪ੍ਰਧਾਨ ਮੰਤਰੀ ਨੇ ਮੀਟਿੰਗ ਦੀਆਂ ਕੁੱਝ ਤਸਵੀਰਾਂ ਵੀ ਸਾਂਝੀਆਂ ਕੀਤੀਆਂ।



ਭਾਰਤੀ ਸਰਵ ਧਰਮ ਸੰਸਦ ਦੇ ਗੋਸਵਾਮੀ ਸੁਸ਼ੀਲ ਵੀ ਵਫ਼ਦ ਦਾ ਹਿੱਸਾ ਸਨ। ਬੈਠਕ ਤੋਂ ਬਾਅਦ ਇਸ ਦੇ ਮੈਂਬਰਾਂ ਨੇ ਮੋਦੀ ਦੀ ਅਗਵਾਈ ਦੀ ਸ਼ਲਾਘਾ ਕੀਤੀ।

ਇਲਿਆਸੀ ਨੇ ਕਿਹਾ, "ਅਸੀਂ ਇਹ ਸੰਦੇਸ਼ ਦੇਣਾ ਚਾਹੁੰਦੇ ਹਾਂ ਕਿ ਮਨੁੱਖਤਾ ਸੱਭ ਤੋਂ ਵੱਡਾ ਧਰਮ ਹੈ। ਅਸੀਂ ਭਾਰਤ 'ਚ ਰਹਿੰਦੇ ਹਾਂ ਅਤੇ ਅਸੀਂ ਭਾਰਤੀ ਹਾਂ। ਸਾਨੂੰ ਦੇਸ਼ ਨੂੰ ਮਜ਼ਬੂਤ ਬਣਾਉਣਾ ਹੈ। ਅਸੀਂ ਇਹ ਸੰਦੇਸ਼ ਵੀ ਦਿਤਾ ਹੈ ਕਿ ਅਸੀਂ ਸਾਰੇ ਇਕਜੁੱਟ ਹਾਂ।" ਸੰਘਸੇਨਾ ਨੇ ਕਿਹਾ ਕਿ ਨਵੇਂ ਸੰਸਦ ਭਵਨ ਦਾ ਦੌਰਾ ਕਰਨਾ ਅਤੇ ਪ੍ਰਧਾਨ ਮੰਤਰੀ ਮੋਦੀ ਅਤੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਨਾਲ ਸੰਖੇਪ ਗੱਲਬਾਤ ਕਰਨਾ ਇਕ ਇਤਿਹਾਸਕ ਪਲ ਹੈ। ਉਨ੍ਹਾਂ ਕਿਹਾ, "ਦੇਸ਼ ਦੀ ਖ਼ੁਸ਼ਹਾਲੀ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ।" ਹਾਲ ਹੀ 'ਚ ਰਾਜ ਸਭਾ ਲਈ ਨਾਮਜ਼ਦ ਕੀਤੇ ਗਏ ਅਤੇ ਮੀਟਿੰਗ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਉਹ ਬਾਹਰੀ ਦੁਨੀਆਂ ਨੂੰ ਇਹ ਸੰਦੇਸ਼ ਦੇਣਾ ਚਾਹੁੰਦੇ ਹਨ ਕਿ ਭਾਰਤ ਇਕ ਰਾਸ਼ਟਰ ਵਜੋਂ ਇਕਜੁੱਟ ਹੈ ਅਤੇ ਸਰਕਾਰ 'ਨੇਸ਼ਨ ਫਸਟ' ਅਤੇ 'ਸਬਕਾ ਸਾਥ, ਸਬਕਾ ਵਿਕਾਸ' ਦੇ ਮੰਤਵ ਨਾਲ ਕੰਮ ਕਰ ਰਹੀ ਹੈ।

# ਚੋਣਾਂ ਲੜਨ ਦਾ ਹੌਸਲਾ ਗੁਆ ਚੁੱਕੀ ਹੈ ਵਿਰੋਧੀ ਧਿਰ : ਨਰੇਂਦਰ ਮੋਦੀ

**• ਦਰਸ਼ਕ ਗੈਲਰੀ 'ਚ ਬੈਠਣ ਜੋਗੇ ਰਹਿ ਜਾਣਗੇ ਵਿਰੋਧੀ ਆਗੂ • ਰਾਸ਼ਟਰਪਤੀ ਦੇ ਭਾਸ਼ਨ 'ਤੇ ਧੰਨਵਾਦ ਮਤੇ 'ਤੇ ਲੋਕ ਸਭਾ 'ਚ ਬਹਿਸ ਦਾ ਜਵਾਬ**

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਭਰੋਸਾ ਜਤਾਇਆ ਕਿ ਉਨ੍ਹਾਂ ਦੀ ਪਾਰਟੀ ਆਗਾਮੀ ਲੋਕ ਸਭਾ ਚੋਣਾਂ ਤੋਂ ਬਾਅਦ ਤੀਜੀ ਵਾਰ ਸਰਕਾਰ ਬਣਾਏਗੀ ਅਤੇ ਦੇਸ਼ ਦਾ ਮੂਡ ਦੱਸਦਾ ਹੈ ਕਿ ਆਮ ਚੋਣਾਂ 'ਚ ਭਾਜਪਾ ਨੂੰ 370 ਸੀਟਾਂ ਅਤੇ ਕੌਮੀ ਲੋਕਤੰਤਰੀ ਗਠਜੋੜ ਨੂੰ 400 ਤੋਂ ਵੱਧ ਸੀਟਾਂ ਮਿਲਣਗੀਆਂ। ਲੋਕ ਸਭਾ 'ਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ 'ਤੇ ਬਹਿਸ ਦਾ ਜਵਾਬ ਦਿੰਦੇ ਹੋਏ ਪ੍ਰਧਾਨ ਮੰਤਰੀ ਨੇ ਕਾਂਗਰਸ ਦੀ ਆਲੋਚਨਾ ਕੀਤੀ ਅਤੇ ਵਿਅੰਗਾਤਮਕ ਢੰਗ ਨਾਲ ਕਿਹਾ ਕਿ ਵਿਰੋਧੀ ਪਾਰਟੀ ਦੇ ਮੈਂਬਰਾਂ ਦੇ ਬਿਆਨਾਂ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਹੈ ਕਿ ਉਸ ਨੇ ਲੰਮੇ ਸਮੇਂ ਤਕ ਵਿਰੋਧੀ ਧਿਰ 'ਚ ਬੈਠਣ ਦਾ ਸੰਕਲਪ ਲਿਆ ਹੈ। ਉਨ੍ਹਾਂ ਕਿਹਾ, "ਸਾਡੀ ਸਰਕਾਰ ਦਾ ਤੀਜਾ ਕਾਰਜਕਾਲ ਦੂਰ ਨਹੀਂ ਹੈ। ਵੱਧ ਤੋਂ ਵੱਧ, 100-125 ਦਿਨ ਬਾਕੀ ਹਨ। ਮੈਂ ਆਮ ਤੌਰ 'ਤੇ ਅੰਕੜਿਆਂ 'ਚ ਨਹੀਂ ਜਾਂਦਾ। ਪਰ ਮੈਂ ਦੇਸ਼ ਦਾ ਮੂਡ ਵੇਖ ਰਿਹਾ ਹਾਂ। ਇਹ ਐਨ.ਡੀ.ਏ. ਨੂੰ 400 ਸੀਟਾਂ ਤੋਂ ਪਾਰ ਰੱਖੇਗਾ। ਦੇਸ਼ ਯਕੀਨੀ ਤੌਰ 'ਤੇ ਭਾਜਪਾ ਨੂੰ 370 ਸੀਟਾਂ ਦੇਵੇਗਾ।"ਇਸ ਦੌਰਾਨ ਜਦੋਂ ਪ੍ਰਧਾਨ ਮੰਤਰੀ ਨੇ 'ਅਬਕੀ ਬਾਰ' ਕਿਹਾ ਤਾਂ ਭਾਜਪਾ ਮੈਂਬਰਾਂ ਨੂੰ 'ਚਾਰ ਸੌ ਪਾਰ' ਦੇ ਨਾਅਰੇ ਲਾਉਂਦੇ ਸੁਣਿਆ ਗਿਆ। ਮੋਦੀ ਨੇ ਅਪਣੇ ਬਿਆਨ ਨੂੰ ਦੁਹਰਾਇਆ ਕਿ "ਮੈਂ ਅਗਲੇ ਹਜ਼ਾਰ ਸਾਲਾਂ ਲਈ ਦੇਸ਼ ਨੂੰ ਖ਼ੁਸ਼ਹਾਲੀ ਅਤੇ ਪ੍ਰਾਪਤੀਆਂ ਦੇ ਸਿਖਰ 'ਤੇ ਵੇਖਣਾ ਚਾਹੁੰਦਾ ਹਾਂ। ਸਾਡਾ ਤੀਜਾ ਕਾਰਜਕਾਲ ਅਗਲੇ ਹਜ਼ਾਰ ਸਾਲਾਂ ਲਈ ਇਕ ਮਜ਼ਬੂਤ ਨੀਂਹ ਰੱਖਣ ਦਾ ਕੰਮ ਕਰੇਗਾ। ਮੈਨੂੰ 140 ਕਰੋੜ ਦੇਸ਼ ਵਾਸੀਆਂ ਦੀ ਸਮਰੱਥਾ 'ਤੇ ਬਹੁਤ ਭਰੋਸਾ ਹੈ।"

ਪ੍ਰਧਾਨ ਮੰਤਰੀ ਨੇ ਅਪਣੇ ਲਗਭਗ ਪੌਣੇ ਦੋ ਘੰਟੇ ਦੇ ਭਾਸ਼ਣ 'ਚ ਕਿਹਾ, "ਮੈਂ ਵਿਰੋਧੀ ਧਿਰ ਦੇ ਸੰਕਲਪ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕਰਦਾ ਹਾਂ, ਉਨ੍ਹਾਂ ਨੇ ਲੰਮੇ ਸਮੇਂ ਤਕ ਉੱਥੇ (ਵਿਰੋਧੀ ਧਿਰ ਦੀ ਗੈਲਰੀ ਵਿੱਚ) ਬੈਠਣ ਦਾ ਸੰਕਲਪ ਲਿਆ ਹੈ।

ਜਿਵੇਂ ਤੁਸੀਂ ਕਈ ਦਹਾਕਿਆਂ ਤੋਂ ਇੱਥੇ (ਸੱਤਾਧਾਰੀ ਪਾਸੇ) ਬੈਠੇ ਸੀ, ਲੋਕ ਨਿਸ਼ਚਤ ਤੌਰ 'ਤੇ ਕਈ ਦਹਾਕਿਆਂ ਤਕ ਉੱਥੇ ਬੈਠਣ ਦੇ ਤੁਹਾਡੇ ਸੰਕਲਪ ਨੂੰ ਅਸ਼ੀਰਵਾਦ ਦੇਣਗੇ।" ਉਨ੍ਹਾਂ ਕਿਹਾ, "ਤੁਸੀਂ ਅਪਣੇ ਨਾਲੋਂ ਉੱਚੀਆਂ ਉਚਾਈਆਂ 'ਤੇ ਪਹੁੰਚੋਗੇ। ਅਗਲੀਆਂ ਚੋਣਾਂ ਤੋਂ ਬਾਅਦ, ਤੁਸੀਂ ਮਹਿਮਾਨ ਗੈਲਰੀ 'ਚ ਵਿਖਾਈ ਦੇਵੋਂਗੇ।"

ਮੋਦੀ ਨੇ ਕਿਸੇ ਦਾ ਨਾਂ ਲਏ ਬਿਨਾਂ ਕਿਹਾ ਕਿ ਵਿਰੋਧੀ ਧਿਰ 'ਚ ਕਈ ਨੌਜੁਆਨ ਸੰਸਦ ਮੈਂਬਰ ਹਨ, ਜਿਨ੍ਹਾਂ 'ਚ ਉਤਸ਼ਾਹ ਅਤੇ ਉਤਸ਼ਾਹ ਹੈ ਪਰ ਉਨ੍ਹਾਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿਤੀ ਜਾਂਦੀ ਤਾਕਿ ਉਨ੍ਹਾਂ ਦਾ ਅਕਸ ਕਿਸੇ ਹੋਰ ਦਾ ਅਕਸ ਖਰਾਬ ਨਾ ਕਰੇ।



ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਇਕ ਵਿਰੋਧੀ ਪਾਰਟੀ ਵਜੋਂ ਅਪਣੀ ਜ਼ਿੰਮੇਵਾਰੀ ਨਿਭਾਉਣ 'ਚ ਅਸਫਲ ਰਹੀ ਅਤੇ ਹੋਰ ਵਿਰੋਧੀ ਪਾਰਟੀਆਂ ਨੂੰ ਉਭਰਨ ਦਾ ਮੌਕਾ ਨਹੀਂ ਦਿਤਾ। ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਦਸ ਸਾਲ ਮਿਲੇ ਪਰ ਉਸ ਨੇ ਮਜ਼ਬੂਤ ਵਿਰੋਧੀ ਧਿਰ ਬਣਨ ਦੀ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਕਿਹਾ, "ਤੁਹਾਡੇ ਵਿਚੋਂ ਕਈਆਂ (ਵਿਰੋਧੀ ਧਿਰ) ਨੇ ਚੋਣਾਂ ਲੜਨ ਦੀ ਹਿੰਮਤ ਗੁਆ ਦਿਤੀ ਹੈ, ਕੁੱਝ ਨੇ ਪਿਛਲੀ ਵਾਰ ਸੀਟਾਂ ਬਦਲੀਆਂ ਸਨ ਅਤੇ ਇਸ ਵਾਰ ਵੀ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ।" ਕਾਂਗਰਸ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ, "ਮਲਿਕਾਰਜੁਨ ਖੜਗੇ ਜੀ ਇਕ ਘਰ ਤੋਂ ਦੂਜੇ ਘਰ ਗਏ, ਗੁਲਾਮ ਨਬੀ ਆਜ਼ਾਦ ਪਾਰਟੀ ਤੋਂ ਹੀ ਗਏ। ਇਸੇ ਪ੍ਰੋਡਕਟ ਨੂੰ ਲਾਂਚ ਕਰਨ ਦੀ ਕੋਸ਼ਿਸ਼ 'ਚ 'ਕਾਂਗਰਸ ਦੀ ਦੁਕਾਨ' ਨੂੰ ਤਾਲਾ ਲਗਾਉਣਾ ਪਿਆ ਹੈ।" ਪ੍ਰਧਾਨ ਮੰਤਰੀ ਨੇ ਉਮੀਦ ਜਤਾਈ ਕਿ ਉਨ੍ਹਾਂ ਦੀ ਸਰਕਾਰ ਤੀਜੀ ਵਾਰ ਬਣੇਗੀ ਅਤੇ ਉਨ੍ਹਾਂ ਦੇ ਤੀਜੇ ਕਾਰਜਕਾਲ 'ਚ ਭਾਰਤ ਦੁਨੀਆਂ ਦੀ ਤੀਜੀ ਸੱਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਇਸ ਤਰ੍ਹਾਂ 'ਕੈਂਸਲ ਕਲਚਰ' ਵਿਚ ਫਸ ਗਈ ਹੈ ਕਿ ਉਹ ਦੇਸ਼ ਦੀਆਂ ਸਫਲਤਾਵਾਂ ਨੂੰ ਰੱਦ ਕਰ ਰਹੀ ਹੈ। ਮੋਦੀ ਨੇ ਕਿਹਾ ਕਿ ਅੱਜ ਵਿਰੋਧੀ ਧਿਰ ਦੀ ਹਾਲਤ ਲਈ ਕਾਂਗਰਸ ਸੱਭ ਤੋਂ ਵੱਡੀ ਦੋਸ਼ੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਵਾਬ ਤੋਂ ਬਾਅਦ ਸਦਨ ਨੇ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ ਨੂੰ ਆਵਾਜ਼ ਵੋਟ ਨਾਲ ਮਨਜ਼ੂਰ ਕਰ ਲਿਆ।

ਮੋਦੀ ਨੇ ਵਿਰੋਧੀ ਧਿਰ ਵਲੋਂ ਭਾਸ਼ਣ 'ਚ ਘੱਟਗਿਣਤੀਆਂ ਦਾ ਕੋਈ ਜ਼ਿਕਰ ਨਾ ਹੋਣ ਬਾਰੇ ਕੁੱਝ ਟਿਪਣੀਆਂ 'ਤੇ ਨਿਸ਼ਾਨਾ ਲਾਉਂਦਿਆਂ ਕਿਹਾ, "ਹੋ ਸਕਦਾ ਹੈ ਕਿ ਤੁਹਾਡੇ ਕੋਲ ਘੱਟ ਗਿਣਤੀਆਂ, ਨੌਜੁਆਨਾਂ, ਕਿਸਾਨਾਂ, ਔਰਤਾਂ ਅਤੇ ਗਰੀਬਾਂ ਦਾ ਕੋਈ ਜ਼ਿਕਰ ਨਾ ਹੋਵੇ। ਹੋ ਸਕਦਾ ਹੈ ਕਿ ਜਦੋਂ ਤੁਸੀਂ ਔਰਤਾਂ ਅਤੇ ਨੌਜੁਆਨਾਂ ਦੀ ਗੱਲ ਕਰਦੇ ਹੋ ਤਾਂ ਹਰ ਕਿਸੇ ਬਾਰੇ ਗੱਲ ਨਹੀਂ ਕੀਤੀ ਜਾਂਦੀ। ਆਖ਼ਿਰ ਤੁਸੀਂ ਕਦੋਂ ਤਕ ਸਮਾਜ ਨੂੰ ਵੰਡਦੇ ਰਹੋਗੇ, ਇਸ ਦੇ ਟੁਕੜੇ-ਟੁਕੜੇ ਕਰਦੇ ਰਹੋਗੇ।"

ਮੋਦੀ ਨੇ ਵਿਰੋਧੀ ਪਾਰਟੀਆਂ ਦਾ ਹਵਾਲਾ ਦਿੰਦੇ ਹੋਏ ਕਿਹਾ, "ਨੇਤਾ ਬਦਲ ਗਏ ਹਨ, ਟੇਪ ਰੀਕਾਰਡਰ ਉਹੀ ਵੱਜ ਰਿਹਾ ਹੈ। ਕੁੱਝ ਵੀ ਨਵਾਂ ਨਹੀਂ ਆਉਂਦਾ... ਇਹ ਚੋਣਾਂ ਦਾ ਸਾਲ ਹੈ, ਕੁੱਝ ਸਖ਼ਤ ਮਿਹਨਤ ਕਰਦੇ, ਕੁੱਝ ਨਵਾਂ ਕੱਢ ਕੇ ਲਿਆਉਂਦੇ, ਜਨਤਾ ਨੂੰ ਸੰਦੇਸ਼ ਦੇਣ ਲਈ।" ਪ੍ਰਧਾਨ ਮੰਤਰੀ ਨੇ ਕਿਹਾ, "ਜਦੋਂ ਅਸੀਂ ਦੇਸ਼ ਨੂੰ ਤੀਜੀ ਅਰਥਵਿਵਸਥਾ ਬਣਾਉਣ ਦੀ ਗੱਲ ਕਰਦੇ ਹਾਂ ਤਾਂ ਕਾਂਗਰਸ ਦੇ ਸਾਥੀ ਮਜ਼ਾਕ ਉਡਾਉਂਦੇ ਹਨ। ਪਰ 2014 ਦੇ ਅੰਤਰਿਮ ਬਜਟ 'ਚ ਤਤਕਾਲੀ ਯੂ.ਪੀ.ਏ. ਵਿੱਤ ਮੰਤਰੀ ਨੇ ਵੀ ਭਾਰਤ ਦੇ ਦੁਨੀਆਂ ਦੀ 11ਵੀਂ ਅਰਥਵਿਵਸਥਾ ਬਣਨ 'ਤੇ ਬਹੁਤ ਮਾਣ ਜ਼ਾਹਰ ਕੀਤਾ ਸੀ ਅਤੇ ਅਗਲੇ ਤਿੰਨ ਦਹਾਕਿਆਂ ਯਾਨੀ 2044 ਤਕ ਭਾਰਤ ਦੀ ਜੀ.ਡੀ.ਪੀ. ਨੂੰ ਅਮਰੀਕਾ ਅਤੇ ਚੀਨ ਤੋਂ ਬਾਅਦ ਤੀਜੇ ਸਥਾਨ 'ਤੇ ਲਿਜਾਣ ਦਾ ਭਰੋਸਾ ਜ਼ਾਹਰ ਕੀਤਾ ਸੀ।" ਮੋਦੀ ਨੇ ਕਿਹਾ ਕਿ ਉਦੋਂ ਕਾਂਗਰਸ ਦੇ ਲੋਕਾਂ ਨੂੰ ਦੁਨੀਆਂ ਦੀ 11ਵੀਂ ਸੱਭ ਤੋਂ ਵੱਡੀ ਅਰਥਵਿਵਸਥਾ ਬਣਨ 'ਤੇ ਮਾਣ ਸੀ ਪਰ ਅੱਜ ਉਨ੍ਹਾਂ ਨੂੰ ਪੰਜਵੀਂ ਆਰਥਕ ਮਹਾਸ਼ਕਤੀ ਬਣਨ 'ਤੇ ਮਾਣ ਨਹੀਂ ਹੈ।

ਉਨ੍ਹਾਂ ਕਿਹਾ, "ਕਾਂਗਰਸ ਦੇ ਲੋਕਾਂ ਨੇ ਸੁਪਨੇ ਵੇਖਣ ਦੀ ਸ਼ਕਤੀ ਗੁਆ ਦਿਤੀ ਹੈ, ਮਤਾ ਤਾਂ ਦੂਰ ਦੀ ਗੱਲ ਹੈ। ਪਰ ਅਸੀਂ ਵਿਸ਼ਵਾਸ ਨਾਲ ਤੁਹਾਡੇ ਸਾਹਮਣੇ ਖੜ੍ਹੇ ਹਾਂ, ਇਸ ਪਵਿੱਤਰ ਸਦਨ 'ਚ, ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਤੀਹ ਸਾਲ ਨਹੀਂ ਲੰਘਣ ਦੇਵਾਂਗੇ। ਇਹ ਮੋਦੀ ਦੀ ਗਰੰਟੀ ਹੈ। ਮੇਰੇ ਤੀਜੇ ਕਾਰਜਕਾਲ 'ਚ ਭਾਰਤ ਦੁਨੀਆਂ ਦੀ ਤੀਜੀ ਆਰਥਕ ਮਹਾਸ਼ਕਤੀ ਬਣ ਜਾਵੇਗਾ।"

ਉਨ੍ਹਾਂ ਕਿਹਾ, "ਅਸੀਂ ਗਰੀਬਾਂ ਲਈ 4 ਕਰੋੜ ਅਤੇ ਸ਼ਹਿਰੀ ਗਰੀਬਾਂ ਲਈ 80 ਲੱਖ ਮਕਾਨ ਬਣਾਏ ਹਨ। ਜੇ ਇਹ ਮਕਾਨ ਕਾਂਗਰਸ ਦੀ ਰਫਤਾਰ ਨਾਲ ਬਣਦੇ ਤਾਂ ਇਸ ਵਿਚ 100 ਸਾਲ ਲੱਗ ਜਾਂਦੇ ਅਤੇ ਪੰਜ ਪੀੜ੍ਹੀਆਂ ਬੀਤ ਜਾਂਦੀਆਂ। ਅਸੀਂ 10 ਸਾਲਾਂ 'ਚ 40,000 ਕਿਲੋਮੀਟਰ ਰੇਲਵੇ ਰੂਟਾਂ ਦਾ ਬਿਜਲੀਕਰਨ ਕੀਤਾ ਹੈ। ਜੇਕਰ ਦੇਸ਼ ਕਾਂਗਰਸ ਦੀ ਰਫਤਾਰ ਨਾਲ ਚੱਲ ਰਿਹਾ ਹੁੰਦਾ ਤਾਂ ਇਸ ਕੰਮ ਨੂੰ ਕਰਨ 'ਚ 80 ਸਾਲ ਲੱਗ ਜਾਂਦੇ। ਚਾਰ ਪੀੜ੍ਹੀਆਂ ਬੀਤ ਜਾਣਗੀਆਂ।"

ਉਨ੍ਹਾਂ ਕਿਹਾ, "ਕਾਂਗਰਸ ਨੇ ਕਦੇ ਵੀ ਦੇਸ਼ ਦੀ ਤਾਕਤ 'ਤੇ ਭਰੋਸਾ ਨਹੀਂ ਕੀਤਾ। ਉਹ ਅਪਣੇ ਆਪ ਨੂੰ ਸ਼ਾਸਕ ਮੰਨਦੇ ਰਹੇ ਅਤੇ ਲੋਕਾਂ ਨੂੰ ਘੱਟ ਸਮਝਦੇ ਰਹੇ ਅਤੇ ਨੀਵਾਂ ਵਿਖਾਉਂਦੇ ਰਹੇ।" ਉਨ੍ਹਾਂ ਨੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਭਾਸ਼ਣ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦਾ ਮੰਨਣਾ ਸੀ ਕਿ ਦੇਸ਼ ਦੇ ਲੋਕ ਆਲਸੀ ਹਨ ਅਤੇ ਦੂਜੇ ਦੇਸ਼ਾਂ ਦੇ ਨਾਗਰਿਕਾਂ ਨਾਲੋਂ ਘੱਟ ਬੁੱਧੀ ਰਖਦੇ ਹਨ।

ਮੋਦੀ ਨੇ ਕਿਹਾ, "ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਕ ਵਾਰ ਕਿਹਾ ਸੀ ਕਿ ਬਦਕਿਸਮਤੀ ਨਾਲ ਸਾਡੀ ਆਦਤ ਇਹ ਹੈ ਕਿ ਜਦੋਂ ਕੋਈ ਸ਼ੁਭ ਕੰਮ ਪੂਰਾ ਹੋਣ ਵਾਲਾ ਹੁੰਦਾ ਹੈ ਤਾਂ ਅਸੀਂ ਸੰਤੁਸ਼ਟੀ ਤੋਂ ਪੀੜਤ ਹੁੰਦੇ ਹਾਂ ਅਤੇ ਮੁਸ਼ਕਲ ਆਉਣ 'ਤੇ ਨਿਰਾਸ਼ ਹੋ ਜਾਂਦੇ ਹਾਂ। ਕਈ ਵਾਰ ਅਜਿਹਾ ਲਗਦਾ ਹੈ ਕਿ ਪੂਰੇ ਦੇਸ਼ ਨੇ ਹਾਰ ਦੀ ਭਾਵਨਾ ਨੂੰ ਅਪਣਾ ਲਿਆ ਹੈ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਕਾਂਗਰਸ ਦੇ ਲੋਕਾਂ ਨੂੰ ਵੇਖ ਕੇ ਲਗਦਾ ਹੈ ਕਿ ਇੰਦਰਾ ਜੀ ਦੇਸ਼ ਦੇ ਲੋਕਾਂ ਦਾ ਸਹੀ ਮੁਲਾਂਕਣ ਨਹੀਂ ਕਰ ਸਕੀ, ਪਰ ਉਨ੍ਹਾਂ ਨੇ ਕਾਂਗਰਸ ਦਾ ਸਹੀ ਮੁਲਾਂਕਣ ਕੀਤਾ ਸੀ। ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਪਹਿਲੇ ਕਾਰਜਕਾਲ 'ਚ ਯੂ.ਪੀ.ਏ. ਸਰਕਾਰ ਦੌਰਾਨ ਖੱਡਿਆਂ ਨੂੰ ਭਰਨ, ਦੂਜੇ ਕਾਰਜਕਾਲ 'ਚ ਨਵੇਂ ਭਾਰਤ ਦੀ ਨੀਂਹ ਰੱਖਣ ਅਤੇ ਤੀਜੇ ਕਾਰਜਕਾਲ 'ਚ ਵਿਕਸਤ ਭਾਰਤ ਦੇ ਨਿਰਮਾਣ ਨੂੰ ਨਵੀਂ ਪ੍ਰੇਰਣਾ ਦੇਣ ਲਈ ਸਮੇਂ ਅਤੇ ਊਰਜਾ ਦੀ ਵਰਤੋਂ ਕੀਤੀ। ਉਨ੍ਹਾਂ ਨੇ ਅਪਣੇ ਪਹਿਲੇ ਕਾਰਜਕਾਲ 'ਚ ਲਾਗੂ ਕੀਤੀਆਂ ਗਈਆਂ ਕਈ ਯੋਜਨਾਵਾਂ ਜਿਵੇਂ ਸਵੱਛ ਭਾਰਤ, ਉਜਵਲਾ, ਆਯੁਸ਼ਮਾਨ ਭਾਰਤ, ਬੇਟੀ ਬਚਾਓ, ਬੇਟੀ ਪੜ੍ਹਾਓ, ਸੁਗਮਿਆ ਭਾਰਤ, ਡਿਜੀਟਲ ਇੰਡੀਆ ਆਦਿ ਦਾ ਵੀ ਜ਼ਿਕਰ ਕੀਤਾ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਦੂਜੇ ਕਾਰਜਕਾਲ 'ਚ ਦੇਸ਼ ਨੇ ਧਾਰਾ 370 ਨੂੰ ਖਤਮ ਕਰਨਾ, ਨਾਰੀ ਸ਼ਕਤੀ ਵੰਦਨ ਐਕਟ ਨੂੰ ਲਾਗੂ ਕਰਨਾ, ਪੁਲਾੜ ਤੋਂ ਲੈ ਕੇ ਓਲੰਪਿਕ ਤਕ ਅਤੇ ਹਥਿਆਰਬੰਦ ਬਲਾਂ ਤੋਂ ਲੈ ਕੇ ਸੰਸਦ ਤਕ ਨਾਰੀ ਸ਼ਕਤੀ ਦੀ ਸ਼ਕਤੀ ਨੂੰ ਗੂੰਜਦੇ ਵੇਖਿਆ। ਉੱਤਰ ਤੋਂ ਦੱਖਣ ਤਕ, ਪੂਰਬ ਤੋਂ ਪੱਛਮ ਤਕ, ਲੋਕਾਂ ਨੇ ਦਹਾਕਿਆਂ ਤੋਂ ਰੁਕੀਆਂ, ਗੁੰਮੀਆਂ, ਲਟਕਦੀਆਂ ਯੋਜਨਾਵਾਂ ਨੂੰ ਸਮੇਂ ਸਿਰ ਪੂਰਾ ਹੁੰਦੇ ਵੇਖਿਆ। ਬਰਤਾਨਵੀ ਸ਼ਾਸਨ ਦੇ ਪੁਰਾਣੇ ਕਾਨੂੰਨ ਜੋ ਸਜ਼ਾ ਮੁਖੀ ਸਨ, ਨਿਆਂ ਦੇ ਜ਼ਾਬਤੇ ਤਕ ਅੱਗੇ ਵਧੇ। ਸਾਡੀ ਸਰਕਾਰ ਨੇ ਸੈਂਕੜੇ ਅਜਿਹੇ ਕਾਨੂੰਨਾਂ ਨੂੰ ਰੱਦ ਕਰ ਦਿਤਾ ਜੋ ਅਪ੍ਰਸੰਗਿਕ ਹੋ ਗਏ ਸਨ।

ਉਨ੍ਹਾਂ ਕਿਹਾ ਕਿ ਦੂਜੇ ਕਾਰਜਕਾਲ 'ਚ ਭਗਵਾਨ ਰਾਮ ਨਾ ਸਿਰਫ ਘਰ ਪਰਤੇ, ਸਗੋਂ ਇਕ ਮੰਦਰ ਵੀ ਬਣਾਇਆ ਗਿਆ, ਜੋ ਭਾਰਤ ਨੂੰ ਨਵੀਂ ਊਰਜਾ 'ਚ ਰੱਖਦਾ ਰਹੇਗਾ। ਉਨ੍ਹਾਂ ਕਿਹਾ, "ਸਾਡੀ ਸਰਕਾਰ ਗਰੀਬਾਂ ਨੂੰ ਖ਼ੁਸ਼ਹਾਲ ਬਣਾਉਣ ਲਈ ਕਈ ਯਤਨ ਕਰ ਰਹੀ ਹੈ ਤਾਂ ਜੋ ਹਰ ਕੋਨੇ ਤੋਂ ਗਰੀਬੀ ਦੂਰ ਕੀਤੀ ਜਾ ਸਕੇ।" ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਨੇ ਓ.ਬੀ.ਸੀ. ਨਾਲ ਬੇਇਨਸਾਫੀ ਕੀਤੀ ਹੈ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਦੇ ਨੇਤਾਵਾਂ ਦਾ ਅਪਮਾਨ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਹਾਲ ਹੀ 'ਚ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦੇਣ ਦਾ ਐਲਾਨ ਕੀਤਾ ਸੀ, ਜਿਨ੍ਹਾਂ ਨੂੰ ਕਾਂਗਰਸ ਨੇ 1987 'ਚ ਵਿਰੋਧੀ ਧਿਰ ਦੇ ਨੇਤਾ ਦੇ ਤੌਰ 'ਤੇ ਮਨਜ਼ੂਰ ਕਰਨ ਤੋਂ ਇਨਕਾਰ ਕਰ ਦਿਤਾ ਸੀ।

ਉਨ੍ਹਾਂ ਕਿਹਾ ਕਿ ਕਾਂਗਰਸ ਦੇ ਲੋਕ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਮੋਦੀ ਸਰਕਾਰ 'ਚ ਓ.ਬੀ.ਸੀ. ਲੋਕਾਂ ਦੇ ਕਿੰਨੇ ਅਹੁਦੇ ਬੈਠੇ ਹਨ। ਮੋਦੀ ਨੇ ਅਪਣੇ ਵਲ ਇਸ਼ਾਰਾ ਕਰਦਿਆਂ ਕਿਹਾ, "ਉਹ ਸੱਭ ਤੋਂ ਵੱਡੇ ਓ.ਬੀ.ਸੀ. ਨੂੰ ਨਹੀਂ ਵੇਖਦੇ। ਉਹ ਅਪਣੀਆਂ ਅੱਖਾਂ ਬੰਦ ਕਰ ਕੇ ਕਿੱਥੇ ਬੈਠਦੇ ਹਨ?" ਉਨ੍ਹਾਂ ਕਿਹਾ ਕਿ ਪਿਛਲੀ ਯੂ.ਪੀ.ਏ. ਸਰਕਾਰ ਦੌਰਾਨ ਨੈਸ਼ਨਲ ਐਡਵਾਈਜ਼ਰੀ ਕੌਂਸਲ ਨਾਂ ਦੀ ਇਕ ਸੰਸਥਾ ਬਣਾਈ ਗਈ ਸੀ, ਕਾਂਗਰਸ ਨੂੰ ਵੇਖਣਾ ਚਾਹੀਦਾ ਹੈ ਕਿ ਓ.ਬੀ.ਸੀ. ਦਾ ਇਕ ਵੀ ਅਹੁਦੇਦਾਰ ਸੀ ਜਾਂ ਨਹੀਂ।

ਮੋਦੀ ਨੇ ਕਿਹਾ ਕਿ ਪਿਛਲੇ 10 ਸਾਲਾਂ 'ਚ ਉਨ੍ਹਾਂ ਦੀ ਸਰਕਾਰ 'ਚ ਮਹਿਲਾ ਮਜ਼ਬੂਤੀਕਰਨ ਲਈ ਕਈ ਯਤਨ ਕੀਤੇ ਗਏ ਹਨ ਅਤੇ ਅੱਜ ਮਾਵਾਂ-ਭੈਣਾਂ ਨੂੰ ਘਰ ਦਾ ਮੁਖੀ ਮੰਨਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦਾ ਕੋਈ ਅਜਿਹਾ ਖੇਤਰ ਨਹੀਂ ਹੈ ਜਿੱਥੇ ਦੇਸ਼ ਦੀ ਧੀ ਲਈ ਦਰਵਾਜ਼ੇ ਬੰਦ ਹੋਣ। ਪੇਂਡੂ ਅਰਥਵਿਵਸਥਾ 'ਚ ਔਰਤਾਂ ਦੀ ਭੂਮਿਕਾ 'ਤੇ ਚਾਨਣਾ ਪਾਉਂਦਿਆਂ ਮੋਦੀ ਨੇ ਕਿਹਾ, "ਅੱਜ ਦੇਸ਼ 'ਚ ਲਗਭਗ ਇਕ ਕਰੋੜ ਲਖਪਤੀ ਦੀਦੀ ਹਨ ਅਤੇ ਸਾਡੇ ਆਉਣ ਵਾਲੇ ਕਾਰਜਕਾਲ 'ਚ ਤਿੰਨ ਕਰੋੜ 'ਲਖਪਤੀ ਦੀਦੀ' ਹੋਣਗੀਆਂ।"

ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਦੌਰਾਨ ਖੇਤੀਬਾੜੀ ਲਈ ਕੁਲ ਬਜਟ 25,000 ਕਰੋੜ ਰੁਪਏ ਸੀ, ਜੋ ਇਸ ਸਰਕਾਰ 'ਚ 1.25 ਲੱਖ ਕਰੋੜ ਰੁਪਏ ਹੈ। ਮੋਦੀ ਨੇ ਕਿਹਾ ਕਿ ਭਾਰਤ 'ਚ ਨੌਜੁਆਨਾਂ ਲਈ ਪਹਿਲਾਂ ਨਾਲੋਂ ਜ਼ਿਆਦਾ ਮੌਕੇ ਹਨ। ਪ੍ਰਧਾਨ ਮੰਤਰੀ ਦਾ ਤਕਰੀਬਨ ਇਕ ਘੰਟਾ 40 ਮਿੰਟ ਦਾ ਭਾਸ਼ਣ ਖਤਮ ਹੋਣ ਤੋਂ ਬਾਅਦ ਕਈ ਕੇਂਦਰੀ ਮੰਤਰੀਆਂ ਅਤੇ ਸੱਤਾਧਾਰੀ ਬੈਂਚਾਂ ਨੇ ਮੇਜ਼ ਥਪਥਪਾਏ, ਤਾੜੀਆਂ ਵਜਾਈਆਂ ਅਤੇ 'ਮੋਦੀ ਮੋਦੀ' ਦੇ ਨਾਅਰੇ ਲਗਾਏ।

# ਇਮਰਾਨ ਖ਼ਾਨ ਤੇ ਕੁਰੈਸ਼ੀ ਨੂੰ ਮਿਲੀ ਜੇਲ੍ਹ ਦੀ ਵਰਦੀ, ਕਰਨੀ ਹੋਵੇਗੀ ਮਜ਼ਦੂਰੀ





ਅੰਮ੍ਰਿਤਸਰ : ਰਾਵਲਪਿੰਡੀ ਦੀ ਅਡਿਆਲਾ ਜੇਲ੍ਹ 'ਚ ਬੰਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਤੇ ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਦੀਆਂ ਮੁਸ਼ਕਲਾਂ ਘੱਟਣ ਦੀ ਬਜਾਏ ਵਧਦੀਆਂ ਜਾ ਰਹੀਆਂ ਹਨ। ਪਾਕਿਸਤਾਨੀ ਮੀਡੀਆ ਰਿਪੋਰਟਾਂ ਮੁਤਾਬਿਕ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਪਾਰਟੀ ਦੇ ਦੋਵੇਂ ਸੀਨੀਅਰ ਨੇਤਾਵਾਂ ਨੂੰ ਹਾਈ-ਪ੍ਰੋਫਾਈਲ ਕੈਦੀ ਹੋਣ ਦੇ ਬਾਵਜੂਦ ਜੇਲ੍ਹ ਅੰਦਰ ਮਜ਼ਦੂਰਾਂ ਵਜੋਂ ਕੰਮ ਕਰਨਾ ਪਵੇਗਾ। ਜੇਲ੍ਹ ਮੈਨੂਅਲ ਅਨੁਸਾਰ ਦੋਹਾਂ ਆਗੂਆਂ ਨੂੰ ਜੇਲ੍ਹ 'ਚ ਪਹਿਨਣ ਲਈ ਵਰਦੀਆਂ ਦੇ 2-2 ਸੈੱਟ ਦਿੱਤੇ ਗਏ ਹਨ। ਹਾਲਾਂਕਿ ਇਮਰਾਨ ਖ਼ਾਨ ਲਈ ਜੇਲ੍ਹ ਦੀ ਵਰਦੀ ਪਹਿਨਣੀ ਲਾਜ਼ਮੀ ਨਹੀਂ ਕਿਉਂਕਿ ਉਹ ਕਈ ਹੋਰ ਮਾਮਲਿਆਂ 'ਚ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਹਨ, ਪਰ ਕੁਰੈਸ਼ੀ ਨੂੰ ਜੇਲ੍ਹ ਦੀ ਵਰਦੀ ਪਹਿਨਣੀ ਹੋਵੇਗੀ। ਪਾਕਿ ਦੀ ਇਕ ਵਿਸ਼ੇਸ਼ ਅਦਾਲਤ ਨੇ ਦੋਹਾਂ ਨੇਤਾਵਾਂ ਨੂੰ ਸਾਈਫ਼ਰ ਮਾਮਲੇ 'ਚ ਦੋਸ਼ੀ ਕਰਾਰ ਦਿੰਦਿਆਂ 10-10 ਸਾਲ ਦੀ ਸਜ਼ਾ ਸੁਣਾਈ ਹੈ, ਹਾਲਾਂਕਿ ਖ਼ਾਨ ਨੂੰ ਇਸ ਸਜ਼ਾ ਤੋਂ ਇਲਾਵਾ 2 ਹੋਰ ਵੱਖ-ਵੱਖ ਮਾਮਲਿਆਂ 'ਚ 21 ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਮਰਾਨ ਖਾਨ (71) ਤੇ ਸ਼ਾਹ ਮਹਿਮੂਦ ਕੁਰੈਸ਼ੀ (67) ਨੂੰ ਰਾਵਲਪਿੰਡੀ ਦੀ ਅਡਿਆਲਾ ਜੇਲ੍ਹ 'ਚ ਹਾਈ-ਪ੍ਰੋਫਾਈਲ ਕੈਦੀਆਂ ਵਜੋਂ ਵੱਖਰੇ ਤੌਰ 'ਤੇ ਉੱਚ ਸ਼੍ਰੇਣੀ ਦੀ ਬੈਰਕ 'ਚ ਰੱਖਿਆ ਗਿਆ ਹੈ, ਜਿਥੇ ਉਹ ਸਹੂਲਤਾਂ ਦਾ ਲਾਭ ਲੈ ਸਕਣਗੇ। ਲਿਖਤੀ ਹੁਕਮਾਂ ਅਨੁਸਾਰ ਦੋਵੇਂ ਕੈਦੀਆਂ ਨੂੰ ਜੇਲ੍ਹ ਦੇ ਅੰਦਰ ਮਜ਼ਦੂਰੀ ਕਰਨੀ ਪਵੇਗੀ। ਪ੍ਰਾਪਤ ਜਾਣਕਾਰੀ ਅਨੁਸਾਰ ਰਾਵਲਪਿੰਡੀ ਜ਼ਿਲ੍ਹਾ ਜੇਲ੍ਹ ਦੀ ਰਸੋਈ, ਹਸਪਤਾਲ, ਬਗੀਚੇ ਆਦਿ 'ਚ ਹਾਈ-ਪ੍ਰੋਫਾਈਲ ਕੈਦੀਆਂ ਨੂੰ ਆਮ ਕੈਦੀਆਂ 'ਚ ਰੱਖਣ ਦੀ ਸੰਭਾਵਨਾ ਨਹੀਂ ਹੈ। ਇਮਰਾਨ ਖ਼ਾਨ ਤੇ ਕੁਰੈਸ਼ੀ ਨੂੰ ਵੀ ਆਪਣੇ ਲਈ ਆਪ ਖਾਣਾ ਬਣਾਉਣਾ ਪੈ ਸਕਦਾ ਹੈ। ਦੱਸਣਯੋਗ ਹੈ ਕਿ ਇਮਰਾਨ ਖ਼ਾਨ ਪੀ. ਟੀ. ਆਈ. ਪਾਰਟੀ ਦੇ ਸੰਸਥਾਪਕ ਤੇ ਕੁਰੈਸ਼ੀ ਉਪ ਪ੍ਰਧਾਨ ਹਨ।

# ਨਵਜੋਤ ਸਿੱਧੂ ਨੇ ਪੜ੍ਹੇ ਭਾਜਪਾ ਦੇ ਕਸੀਦੇ, ਵਿਰੋਧ ਕਰ ਰਹੇ ਕਾਂਗਰਸੀਆਂ ਨੂੰ ਦੋ ਟੁੱਕ 'ਚ ਜਵਾਬ



ਅੰਮ੍ਰਿਤਸਰ : ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਸਪੱਸ਼ਟ ਕੀਤਾ ਹੈ ਕਿ ਮੇਰੀ ਭਾਜਪਾ ਨਾਲ ਕੋਈ ਲੜਾਈ ਨਹੀਂ ਹੈ ਪਰ ਜਿਹੜੇ ਕਾਂਗਰਸੀ ਆਗੂ ਹੁਣ ਮੇਰਾ ਦੁਸ਼ਮਣ ਬਣ ਕੇ ਬਿਨਾਂ ਕਿਸੇ ਕਾਰਨ ਮੇਰਾ ਵਿਰੋਧ ਕਰ ਰਹੇ ਹਨ, ਉਨ੍ਹਾਂ ਦੇ ਪੱਲੇ ਕੁਝ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਆਗੂ ਰੇਤ ਮਾਫੀਆ, ਨਸ਼ਾਖੋਰੀ ਦੀ ਕਮਾਈ ਨਾਲ ਵਿਦੇਸ਼ਾਂ ਵਿਚ ਨਿੱਜੀ ਜਾਇਦਾਦਾਂ ਬਣਾਉਣ ਵਾਲੇ ਜੱਲਾਦ ਹਨ, ਜਿਸ ਕਾਰਨ ਪਾਰਟੀ ਦੀ ਬਰਬਾਦੀ ਹੋ ਰਹੀ ਹੈ। ਇਕ ਪ੍ਰੈੱਸ ਇੰਟਰਵਿਊ ਦੌਰਾਨ ਸਿੱਧੂ ਨੇ ਕਿਹਾ ਕਿ ਭਾਜਪਾ 2024 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ 400 ਸੀਟਾਂ ਦਾ ਕੋਟਾ ਜਿੱਤਣ ਲਈ ਜੋੜ-ਤੋੜ ਦੀ ਰਾਜਨੀਤੀ ਵਿਚ ਸਰਗਰਮ ਭੂਮਿਕਾ ਨਿਭਾਅ ਰਹੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਹੁਣ ਬਿਹਾਰ ਤੋਂ ਬਾਅਦ ਪੰਜਾਬ ਵਿਚ ਭਾਜਪਾ ਇਕ ਅਜਿਹੇ ਆਗੂ ਦੀ ਭਾਲ ਵਿਚ ਹੈ, ਜੋ ਨਾ ਤਾਂ ਚੱਲਿਆ ਹੋਇਆ ਕਾਰਤੂਸ ਹੋਵੇ, ਸਿੱਖ ਚਿਹਰਾ ਹੋਣ ਦੇ ਨਾਲ ਈਮਾਨਦਾਰ, ਬੇਦਾਗ ਪ੍ਰਭਾਵਸ਼ਾਲੀ ਹੋਣ ਤੋਂ ਇਲਾਵਾ ਯੋਗ ਆਗੂ ਵੀ ਹੋਵੇ ਤਾਂ ਕਿ ਪੰਜਾਬ ਦੀਆਂ ਕੁੱਲ 13 ਲੋਕ ਸਭਾ ਸੀਟਾਂ ਵਿਚ ਵੱਧ ਤੋਂ ਵੱਧ ਜਿੱਤ ਹਾਸਲ ਕੀਤੀ ਜਾ ਸਕੇ।

ਨਵਜੋਤ ਸਿੱਧੂ ਨੇ ਕਿਹਾ ਕਿ ਮੈਂ ਕਦੇ ਵੀ ਭਾਜਪਾ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਨਹੀਂ ਕੀਤੀ ਕਿਉਂਕਿ ਬੀਤੇ ਦੌਰ ਵਿਚ ਭਾਜਪਾ ਹਾਈਕਮਾਨ ਵਲੋਂ ਬਾਦਲਾਂ ਭਾਵ ਸ਼੍ਰੋਮਣੀ ਅਕਾਲੀ ਦਲ ਨਾਲ ਸਮਝੌਤਾ ਕਰਨ ਨਾਲ ਮੇਰੇ ਮਨ ਨੂੰ ਠੇਸ ਪਹੁੰਚੀ ਸੀ। ਉਨ੍ਹਾਂ ਨੇ ਬਾਦਲਾਂ ਨੂੰ ਚੁਣਿਆ ਪਰ ਮੈਂ ਕਾਂਗਰਸ ਪਾਰਟੀ ਵਿਚ ਸਰਗਰਮ ਸੀ। ਨਵਜੋਤ ਸਿੱਧੂ ਨੇ ਸਪੱਸ਼ਟ ਕੀਤਾ ਕਿ ਪੰਜਾਬ ਵਿਚ ਪਿਛਲੀਆਂ ਵਿਧਾਨ ਸਭਾ ਚੋਣਾਂ ਹੋਣ ਤੋਂ ਪਹਿਲਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉਨ੍ਹਾਂ ਨੂੰ ਦਿੱਲੀ ਬੁਲਾ ਕੇ ਪੁੱਛਿਆ ਸੀ ਕਿ ਜੇਕਰ ਭਾਜਪਾ-ਸ਼ ?ਰੋਮਣੀ ਅਕਾਲੀ ਦਲ ਇਕੱਠੇ ਮਿਲ ਕੇ ਵਿਧਾਨ ਸਭਾ ਚੋਣਾਂ ਲੜਦੇ ਹਨ ਤਾਂ ਕਿੰਨੀਆਂ ਸੀਟਾਂ ਆਉਣਗੀਆਂ ਤਾਂ ਮੇਰਾ ਜਵਾਬ ਸੀ ਜ਼ੀਰੋ ਪਰ ਮੈਂ ਅਮਿਤ ਸ਼ਾਹ ਨੂੰ ਸਪੱਸ਼ਟ ਕਰ ਦਿੱਤਾ ਸੀ ਕਿ ਜੇਕਰ ਭਾਜਪਾ ਇਕੱਲਿਆਂ ਚੋਣ ਲੜਦੀ ਹੈ ਤਾਂ ਘੱਟ ਤੋਂ ਘੱਟ 70 ਸੀਟਾਂ ਆਉਣੀਆਂ ਲਾਜ਼ਮੀ ਸਨ। ਮੇਰੀ ਕਾਰਜਸ਼ੈਲੀ ਤੋਂ ਖੁਸ਼ ਹੋ ਕੇ ਅਮਿਤ ਸ਼ਾਹ ਨੇ ਮੇਰੇ 'ਤੇ ਰਾਜ ਸਭਾ ਦੀ ਸੀਟ ਦੇਣ ਲਈ ਕਾਫੀ ਦਬਾਅ ਪਾਇਆ ਸੀ ਪਰ ਮੈਂ ਦੱਸਿਆ ਸੀ ਕਿ ਮੈਂ ਪੰਜਾਬ ਦੀ ਜਨਤਾ ਕੋਲੋਂ ਜਿੱਤ ਹਾਸਲ ਕਰਕੇ ਸਿਰਫ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਦਾ ਇੱਛੁਕ ਹਾਂ। ਜਦੋਂ ਸਿੱਧੂ ਤੋਂ ਪੁੱਛਿਆ ਗਿਆ ਕਿ ਹੁਣ 2024 ਦੀਆਂ ਲੋਕ ਸਭਾ ਚੋਣਾਂ ਲਈ ਤੁਸੀਂ ਕਾਂਗਰਸ ਨੂੰ ਅਲਵਿਦਾ ਕਹਿ ਕਿ ਭਾਜਪਾ ਵਿਚ ਸ਼ਾਮਲ ਹੋਵੋਗੇ ਤਾਂ ਸਿੱਧੂ ਨੇ ਸਪੱਸ਼ਟ ਕੀਤਾ ਕਿ 'ਇਹ ਮੇਰੇ ਕਿਰਦਾਰ ਦਾ ਟੈਸਟ ਹੋਵੇਗਾ' ਭਾਵ ਸਿੱਧੂ ਦੇ ਇਸ ਬਿਆਨ ਤੋਂ ਸਪੱਸ਼ਟ ਹੁੰਦਾ ਹੈ ਕਿ ਉਹ ਭਾਜਪਾ ਵਿਚ ਆ ਕੇ ਆਪਣੀ ਵਾਪਸੀ ਕਰਨਾ ਚਾਹੁੰਦੇ ਹਨ।

# ਖਹਿਰਾ ਮਾਮਲੇ ਨੂੰ ਲੈ ਕੇ ਹਾਈਕੋਰਟ 'ਚ ਸੁਣਵਾਈ, ਗੈਂਗਸਟਰ ਵਲੋਂ ਜਾਨੋਂ ਮਾਰਨ ਦੀ ਧਮਕੀ



ਚੰਡੀਗੜ੍ਹ : ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਗੈਂਗਸਟਰਾਂ ਤੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਜਾਣਕਾਰੀ ਮੁਤਾਬਕ ਸੁਖਪਾਲ ਸਿੰਘ ਖਹਿਰਾ 'ਤੇ ਦਰਜ ਐੱਫ. ਆਈ. ਆਰ. ਸਬੰਧੀ ਅੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਸੁਣਵਾਈ ਹੋਈ। ਸੁਣਵਾਈ ਦੌਰਾਨ ਸੁਖਪਾਲ ਖਹਿਰਾ ਨੇ ਆਪਣੇ ਜ਼ਮਾਨਤ ਦੇ ਹੁਕਮਾਂ 'ਚ ਸੋਧ ਦੀ ਮੰਗ ਕਰਦਿਆਂ ਕਿਹਾ ਕਿ ਜ਼ਮਾਨਤ ਦੇ ਹੁਕਮਾਂ ਤਹਿਤ ਉਨ੍ਹਾਂ ਨੇ ਆਪਣਾ ਲਾਇਸੈਂਸ ਹਥਿਆਰ ਜਮ ?ਹਾਂ ਕਰਵਾ ਦਿੱਤਾ ਹੈ ਪਰ ਉਨ੍ਹਾਂ ਨੂੰ ਗੈਂਗਸਟਰ ਅਰਸ਼ ਡੱਲਾ ਵਲੋਂ ਧਮਕੀਆਂ ਮਿਲ ਰਹੀਆਂ ਹਨ।

ਇਸ ਲਈ ਉਨ੍ਹਾਂ ਨੂੰ ਆਤਮ ਰੱਖਿਆ ਲਈ ਹਥਿਆਰ ਵਾਪਸ ਕਰ ਦਿੱਤਾ ਜਾਵੇ। ਹਾਈਕੋਰਟ ਨੇ ਇਸ ਅਰਜ਼ੀ 'ਤੇ ਵੀ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ 14 ਫਰਵਰੀ ਤੱਕ ਜਵਾਬ ਦਾਖ਼ਲ ਕਰਨ ਦੇ ਹੁਕਮ ਦਿੱਤੇ ਹਨ।

ਦਰਅਸਲ ਕਪੂਰਥਲਾ ਪੁਲਸ ਨੇ ਸੁਖਪਾਲ ਸਿੰਘ ਖਹਿਰਾ ਅਤੇ ਉਨ੍ਹਾਂ ਦੇ 2 ਕਥਿਤ ਸਾਥੀਆਂ ਖ਼ਿਲਾਫ਼ ਨਸ਼ਿਆਂ ਦੇ ਮਾਮਲੇ 'ਚ ਗਵਾਹ ਨੂੰ ਧਮਕਾਉਣ ਦੇ ਇਲਜ਼ਾਮਾਂ 'ਚ ਮਾਮਲਾ ਦਰਜ ਕੀਤਾ ਗਿਆ ਸੀ।

ਇਸ ਮਾਮਲੇ ਵਿੱਚ ਕਪੂਰਥਲਾ ਕੋਰਟ ਨੇ ਸੁਖਪਾਲ ਸਿੰਘ ਖਹਿਰਾ ਨੂੰ ਜ਼ਮਾਨਤ 15 ਜਨਵਰੀ ਨੂੰ ਦੇ ਦਿੱਤੀ ਸੀ। ਇਸ ਐੱਫ. ਆਈ. ਆਰ. ਨੂੰ ਰੱਦ ਕਰਨ ਦੇ ਲਈ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਅਤ ਹਰਿਆਣਾ ਹਾਈਕੋਰਟ ਦਾ ਵੀ ਰੁੱਖ ਕੀਤਾ ਸੀ।


American Freight Corp.
ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ
ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)
ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ
ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver
With 2 Year Experience




(209) 405-1544
127 Darcy Parkway, Lathrop, CA 95330

# NRI ਸੂਬੇ ਦੀ ਤਰੱਕੀ 'ਚ ਭਾਈਵਾਲ ਬਣਨ : ਭਗਵੰਤ ਮਾਨ

## *ਪਠਾਨਕੋਟ ਇਲਾਕੇ ਨੂੰ ਸੈਰ-ਸਪਾਟਾ ਕੇਂਦਰ ਵਜੋਂ ਵਿਕਸਤ ਕਰਨ ਦੀ ਯੋਜਨਾ*



ਪਠਾਨਕੋਟ : ਮੁੱਖ ਮੰਤਰੀ ਭਗਵੰਤ ਮਾਨ ਨੇ ਵਿਸ਼ਵ ਭਰ ਵਿੱਚ ਵਸਦੇ ਪਰਵਾਸੀ ਭਾਰਤੀ ਭਾਈਚਾਰੇ ਨੂੰ ਪੰਜਾਬ ਦੇ ਅਰਥਚਾਰੇ ਨੂੰ ਦੁਨੀਆ ਭਰ 'ਚ ਮੋਹਰੀ ਬਣਾਉਣ ਲਈ ਇੱਥੇ ਖੁੱਲ੍ਹੇ ਦਿਲ ਨਾਲ ਨਿਵੇਸ਼ ਕਰਨ ਅਤੇ ਕਾਰੋਬਾਰ ਸ਼ੁਰੂ ਕਰਨ ਦਾ ਸੱਦਾ ਦਿੱਤਾ ਹੈ। ਉਹ ਅੱਜ ਜ਼ਿਲ੍ਹਾ ਪਠਾਨਕੋਟ ਦੇ ਚਮਰੋੜ ਵਿੱਚ ਐੱਨਆਰਆਈ ਭਾਈਚਾਰੇ ਨਾਲ ਰੱਖੀ ਮਿਲਣੀ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਲਾਲ ਚੰਦ ਕਟਾਰੂਚੱਕ, ਬ੍ਰਮਸ਼ੰਕਰ ਜਿੰਪਾ, ਬਟਾਲਾ ਦੇ ਵਿਧਾਇਕ ਸ਼ੇਰ ਕਲਸੀ, ਜ਼ਿਲ੍ਹਾ ਪ੍ਰਧਾਨ ਠਾਕੁਰ, ਅਮਿਤ ਸਿੰਘ ਮੰਟੂ, ਵਿਭੂਤੀ ਸ਼ਰਮਾ, ਡਾ. ਸੰਜੀਵ ਤਿਵਾੜੀ, ਡਿਪਟੀ ਕਮਿਸ਼ਨਰ ਆਦਿੱਤਿਆ ਉੱਪਲ, ਐੱਨਆਰਆਈ ਸਭਾ ਦੀ ਪੰਜਾਬ ਪ੍ਰਧਾਨ ਪਰਵਿੰਦਰ ਕੌਰ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਮੁੱਖ ਮੰਤਰੀ ਨੇ ਕਿਹਾ ਕਿ ਪਠਾਨਕੋਟ ਦਾ ਇਹ ਨਿਆਮਤਾਂ ਭਰਿਆ ਅਤੇ ਜਰਖੇਜ਼ ਨੀਮ ਪਹਾੜੀ ਇਲਾਕਾ ਹੁਣ ਤੱਕ ਵਿਸਰਿਆ ਰਿਹਾ ਹੈ। ਇੱਥੋਂ ਦਾ ਵਾਤਾਵਰਨ ਬਹੁਤ ਖ਼ੂਬਸੂਰਤ ਹੋਣ ਕਰ ਕੇ ਇੱਥੇ ਸੈਰ ਸਪਾਟਾ ਵਿਕਸਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮਿਨੀ ਗੋਆ ਦੇ ਨਾਂ ਨਾਲ ਮਸ਼ਹੂਰ ਇਸ ਇਲਾਕੇ ਨੂੰ ਵਿਕਸਤ ਕਰਨ ਦੇ ਉਦੇਸ਼ ਹਿੱਤ ਹੀ ਇਹ ਮੀਟਿੰਗ ਰੱਖੀ ਗਈ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਇਸ ਤਹਿਤ ਤਾਜ ਅਤੇ ਹਯਾਤ ਹੋਟਲ ਵਾਲਿਆਂ ਨੇ ਇੱਥੇ ਅੱਠ-ਅੱਠ ਏਕੜ ਵਿੱਚ ਹੋਟਲ ਬਣਾਉਣ ਸਬੰਧੀ ਗੱਲਬਾਤ ਆਰੰਭੀ ਹੈ। ਇਹ ਹੋਟਲ ਇੱਥੇ ਰਣਜੀਤ ਸਾਗਰ ਡੈਮ ਦੀ ਝੀਲ ਅੰਦਰਲੇ ਕੁਦਰਤੀ ਟਾਪੂ ਵਿੱਚ ਬਣਨਗੇ ਅਤੇ ਵੈਸ਼ਨੋ ਦੇਵੀ, ਡਲਹੌਜ਼ੀ, ਧਰਮਸ਼ਾਲਾ ਤੇ ਹੋਰ ਪਹਾੜੀ ਸਥਾਨਾਂ ਨੂੰ ਜਾਣ ਵਾਲੇ ਸੈਲਾਨੀਆਂ ਲਈ ਇਹ ਹੋਟਲ ਖਿੱਚ ਦਾ ਕੇਂਦਰ ਬਣਨਗੇ। ਸਿਰਫ਼ ਇਹੀ ਨਹੀਂ ਇੱਥੇ ਰਾਵੀ ਦਰਿਆ ਦੇ ਪਾਣੀ ਨਾਲ ਸ਼ਾਹਪੁਰਕੰਡੀ ਡੈਮ ਵੀ ਉਸਾਰਿਆ ਜਾ ਰਿਹਾ ਹੈ ਜਿੱਥੋਂ 206 ਮੈਗਾਵਾਟ ਬਿਜਲੀ ਦੀ ਪੈਦਾਵਾਰ ਹੋਵੇਗੀ। ਮੁੱਖ ਮੰਤਰੀ ਨੇ ਪੰਜਾਬੀਆਂ ਨੂੰ ਕਿਹਾ ਕਿ ਨੌਕਰੀਆਂ ਮੰਗਣ ਦੀ ਥਾਂ ਉਹ ਨੌਕਰੀਆਂ ਦੇਣ ਵਾਲੇ ਬਣਨ। ਉਨ੍ਹਾਂ ਚਮਰੋੜ (ਮਿਨੀ ਗੋਆ) ਵਿੱਚ ਸੈਲਾਨੀਆਂ ਲਈ ਜੈਟਸਕੀਅ (ਸਪੀਡ ਬੋਟਿੰਗ), ਮੋਟਰ ਪੈਰਾਗਲਾਈਡਿੰਗ ਅਤੇ ਹੌਟ ਏਅਰ ਬੈਲੂਨ ਸ਼ੁਰੂ ਕਰਨ ਦਾ ਐਲਾਨ ਵੀ ਕੀਤਾ। ਇਹ ਐਲਾਨ ਉਨ੍ਹਾਂ ਸਮਾਗਮ ਖ਼ਤਮ ਹੋਣ ਤੋਂ ਬਾਅਦ ਇਨ੍ਹਾਂ ਤਿੰਨੋਂ ਸਰਗਰਮੀਆਂ ਦਾ ਪ੍ਰਦਰਸ਼ਨ ਦੇਖਣ ਮਗਰੋਂ ਕੀਤਾ। ਉਨ੍ਹਾਂ ਕਿਹਾ ਕਿ ਇਸ ਜਗ ?ਹਾ 'ਤੇ ਪਹਿਲਾਂ ਹੀ ਦੋ ਕਿਸ਼ਤੀਆਂ ਚੱਲ ਰਹੀਆਂ ਹਨ, ਇਸ ਕਰ ਕੇ ਇੱਥੇ ਸੈਰ-ਸਪਾਟੇ ਦੀ ਸੰਭਾਵਨਾ ਨੂੰ ਦੇਖਦੇ ਹੋਏ ਇਹ ਤਿੰਨੋਂ ਸਰਗਰਮੀਆਂ ਵੀ ਸ਼ੁਰੂ ਕੀਤੀਆਂ ਜਾਣਗੀਆਂ। ਸ਼੍ਰੋਮਣੀ ਅਕਾਲੀ ਦਲ ਦੀ 'ਪੰਜਾਬ ਬਚਾਓ ਯਾਤਰਾ' 'ਤੇ ਤਨਜ਼ ਕੱਸਦਿਆਂ ਉਨ੍ਹਾਂ ਕਿਹਾ ਕਿ 15 ਸਾਲਾਂ ਤੋਂ ਸੂਬੇ ਨੂੰ ਅੰਨ੍ਹੇਵਾਹ ਲੁੱਟਣ ਮਗਰੋਂ ਹੁਣ ਉਹ ਕਿਸ ਤੋਂ ਸੂਬੇ ਨੂੰ ਬਚਾਉਣ ਦਾ ਰੌਲਾ ਪਾ ਰਹੇ ਹਨ। ਕੁਲਦੀਪ ਧਾਲੀਵਾਲ ਨੇ ਦੱਸਿਆ ਕਿ ਅੱਜ ਇੱਥੇ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਨਾਲ ਸਬੰਧਤ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਸੁਣਨ ਲਈ ਇਹ ਮਿਲਣੀ ਕੀਤੀ ਗਈ ਹੈ।

# ਅਗਲੇ ਵਿੱਤੀ ਵਰ੍ਹੇ ਤੋਂ ਖੇਡਾਂ ਲਈ ਵੱਡਾ ਬਜਟ ਰੱਖਾਂਗੇ: ਮੁੱਖ ਮੰਤਰੀ

## *ਭਗਵੰਤ ਮਾਨ ਨੇ 11 ਖਿਡਾਰੀਆਂ ਨੂੰ ਪੀਸੀਐੱਸ ਤੇ ਪੀਪੀਐਸ ਨੌਕਰੀਆਂ ਦੇ ਨਿਯੁਕਤੀ ਪੱਤਰ ਦਿੱਤੇ*



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇੱਥੇ ਕਿਹਾ ਕਿ ਪੰਜਾਬ ਸਰਕਾਰ ਅਗਲੇ ਵਿੱਤੀ ਵਰ੍ਹੇ ਤੋਂ ਨਸ਼ਾ ਵਿਰੋਧੀ ਮੁਹਿੰਮ ਨੂੰ ਹੁਲਾਰਾ ਦੇਣ ਲਈ ਖੇਡਾਂ ਵਾਸਤੇ ਵੱਡਾ ਬਜਟ ਰੱਖੇਗੀ ਤਾਂ ਜੋ ਸੂਬੇ ਵਿੱਚ ਖੇਡ ਸਭਿਆਚਾਰ ਪ੍ਰਫੁੱਲਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ 'ਰੁਜ਼ਗਾਰ ਮਿਸ਼ਨ' ਵੀ ਜਵਾਨੀ ਨੂੰ ਸਹੀ ਮੋੜਾ ਦੇਣ ਲਈ ਹੈ ਤੇ ਇਸੇ ਤਹਿਤ ਹਰ ਵਰ੍ਹੇ ਪੁਲੀਸ 'ਚ ਰੈਗੂਲਰ 2100 ਅਸਾਮੀਆਂ ਦੀ ਭਰਤੀ ਦਾ ਇਸ਼ਤਿਹਾਰ ਦਿੱਤਾ ਜਾਂਦਾ ਹੈ।

ਮੁੱਖ ਮੰਤਰੀ ਨੇ ਅੱਜ ਆਪਣੀ ਰਿਹਾਇਸ਼ 'ਤੇ ਨਵੇਂ ਬਣੇ ਆਡੀਟੋਰੀਅਮ 'ਚ 11 ਖਿਡਾਰੀਆਂ ਨੂੰ ਪੀਸੀਐੱਸ ਅਤੇ ਪੀਪੀਐੱਸ ਦੀਆਂ ਨੌਕਰੀਆਂ ਦੇ ਨਿਯੁਕਤੀ ਪੱਤਰ ਸੌਂਪੇ। ਉਨ੍ਹਾਂ ਕਿਹਾ ਕਿ ਜਿਵੇਂ ਸਰਕਾਰੀ ਨੌਕਰੀਆਂ ਨੇ ਪਰਵਾਸ ਨੂੰ ਪੁੱਠਾ ਗੇੜ ਦਿੱਤਾ ਹੈ, ਉਸੇ ਤਰ੍ਹਾਂ ਖੇਡਾਂ ਦੇ ਖੇਤਰ 'ਚ ਵੀ ਤਬਦੀਲੀ ਆਵੇਗੀ। ਦੂਜੇ ਸੂਬਿਆਂ ਦੇ ਖਿਡਾਰੀ ਵੀ ਪੰਜਾਬ ਸਰਕਾਰ ਦਾ ਹਿੱਸਾ ਬਣਨ ਵਾਸਤੇ ਤਿਆਰ ਹੋਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਹਾਕੀ ਦੀ ਪੁਰਾਣੀ ਸ਼ਾਨ ਬਹਾਲ ਕਰੇਗੀ। ਉਨ੍ਹਾਂ ਕਿਹਾ ਪੰਜਾਬ ਦਾ ਅੰਨਦਾਤਾ ਦੇਸ਼ ਦਾ ਢਿੱਡ ਭਰਦਾ ਹੈ ਅਤੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਪੰਜਾਬ ਦੇ ਸੂਰਬੀਰ ਪੁੱਤਰਾਂ ਵੱਲੋਂ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਸੂਬਾ ਦੇਸ਼ ਲਈ ਖਿਡਾਰੀ ਵੀ ਪੈਦਾ ਕਰਦਾ ਹੈ। ਉਨ੍ਹਾਂ ਵਿਰੋਧੀਆਂ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਪਹਿਲੇ ਮੁੱਖ ਮੰਤਰੀਆਂ ਨੇ ਖੇਡਾਂ ਪ੍ਰਤੀ ਉਦਾਸੀਨ ਰਵੱਈਆ ਅਪਣਾਈ ਰੱਖਿਆ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕੌਮਾਂਤਰੀ ਮੁਕਾਬਲਿਆਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਸਾਰੇ 100 ਫੀਸਦੀ ਖਿਡਾਰੀਆਂ ਨੂੰ ਨੌਕਰੀਆਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਸੂਬਾ ਸਰਕਾਰ ਦੀ ਮੁਹਿੰਮ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਸਭ ਤੋਂ ਅਸਰਦਾਰ ਸਾਧਨ ਹੋ ਸਕਦਾ ਹੈ। ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਅੱਜ ਦੀਆਂ ਨਿਯੁਕਤੀਆਂ ਉਭਰਦੇ ਖਿਡਾਰੀਆਂ ਨੂੰ ਵੀ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕਰਨਗੀਆਂ। ਮੁੱਖ ਮੰਤਰੀ ਨੇ ਸਮਾਗਮ ਮਗਰੋਂ ਖਿਡਾਰੀਆਂ ਨਾਲ ਗੱਲਬਾਤ ਵੀ ਕੀਤੀ। ਹਾਕੀ ਖਿਡਾਰੀ ਹਰਮਨਪ੍ਰੀਤ ਸਿੰਘ ਨੇ ਕਿਹਾ ਕਿ ਉਸ ਨੇ 2021 ਵਿੱਚ ਤਮਗਾ ਜਿੱਤਿਆ ਸੀ ਪਰ ਅੱਜ ਇਹ ਨੌਕਰੀ ਮਿਲੀ ਹੈ। ਬਾਕੀ ਖਿਡਾਰੀਆਂ ਨੇ ਵੀ ਆਪਣਾ ਤਜਰਬੇ ਵੀ ਸਾਂਝੇ ਕੀਤੇ। ਅੱਜ ਹਰਮਨਪ੍ਰੀਤ ਸਿੰਘ, ਮਨਦੀਪ ਸਿੰਘ, ਵਰੁਣ ਕੁਮਾਰ, ਸ਼ਮਸ਼ੇਰ ਸਿੰਘ ਅਤੇ ਦਿਲਪ੍ਰੀਤ ਸਿੰਘ (ਹਾਕੀ ਤੋਂ) ਅਤੇ ਹਰਮਨਪ੍ਰੀਤ ਕੌਰ (ਕ੍ਰਿਕਟ) ਤੇ ਤੇਜਿੰਦਰ ਤੂਰ (ਸ਼ਾਟ ਪੁੱਟ) ਨੂੰ ਪੀਪੀਐੱਸ ਅਤੇ ਚਾਰ ਹਾਕੀ ਖਿਡਾਰੀਆਂ ਰੁਪਿੰਦਰਪਾਲ ਸਿੰਘ, ਸਿਮਰਨਜੀਤ ਸਿੰਘ, ਹਾਰਦਿਕ ਸਿੰਘ ਅਤੇ ਗੁਰਜੰਟ ਸਿੰਘ ਨੂੰ ਪੀਸੀਐੱਸ ਨਿਯੁਕਤ ਕੀਤਾ ਗਿਆ ਹੈ।

# ਵੰਡ-ਪਾਊ ਤਾਕਤਾਂ ਦਾ ਢੁੱਕਵਾਂ ਜੁਆਬ ਦੇਣ ਨੌਜਵਾਨ: ਭਗਵੰਤ ਮਾਨ

## *ਰੁਜ਼ਗਾਰ ਮਿਸ਼ਨ ਗੈਰਕਾਨੂੰਨੀ ਏਜੰਟਾਂ ਤੋਂ ਛੁਟਕਾਰਾ ਦਿਵਾਏਗਾ; ਨੌਜਵਾਨਾਂ ਨੂੰ ਨਿਯੁਕਤੀ ਪੱਤਰ ਦਿੱਤੇ*



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਨੌਜਵਾਨਾਂ ਨੂੰ ਸੂਬੇ ਵਿਚ ਜ਼ਹਿਰ ਫੈਲਾਉਣ ਵਾਲੀਆਂ ਵੰਡ ਪਾਊ ਤਾਕਤਾਂ ਤੋਂ ਸੁਚੇਤ ਰਹਿਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਨੌਜਵਾਨ ਸਬਰ ਤੋਂ ਕੰਮ ਲੈਣ ਅਤੇ ਇਨ੍ਹਾਂ ਤਾਕਤਾਂ ਦੇ ਗੁਮਰਾਹਕੁੰਨ ਪ੍ਰਚਾਰ ਦਾ ਸ਼ਿਕਾਰ ਨਾ ਹੋਣ। ਉਨ੍ਹਾਂ ਕਿਹਾ ਕਿ ਇਹ ਪੰਜਾਬ ਵਿਰੋਧੀ ਤਾਕਤਾਂ ਸੂਬੇ ਦੀ ਤਰੱਕੀ ਤੇ ਖ਼ੁਸ਼ਹਾਲੀ ਨੂੰ ਲੀਹੋਂ ਲਾਹੁਣਾ ਚਾਹੁੰਦੀਆਂ ਹਨ। ਉਨ੍ਹਾਂ ਭਰੋਸਾ ਜ਼ਾਹਿਰ ਕੀਤਾ ਕਿ ਸੂਬੇ ਦੇ ਸਮਝਦਾਰ ਨੌਜਵਾਨ ਅਜਿਹੇ ਏਜੰਡੇ ਵਿੱਚ ਨਹੀਂ ਫਸਣਗੇ ਅਤੇ ਇਨ੍ਹਾਂ ਤਾਕਤਾਂ ਨੂੰ ਢੁੱਕਵਾਂ ਜਵਾਬ ਦੇਣਗੇ। ਮੁੱਖ ਮੰਤਰੀ ਨੇ ਅੱਜ ਇੱਥੇ ਨਿਯੁਕਤੀ ਪੱਤਰ ਸੌਂਪਣ ਮੌਕੇ ਕਰਵਾਏ ਸਮਾਗਮਾਂ ਵਿਚ ਕਿਹਾ ਕਿ ਪੰਜਾਬ ਸਰਕਾਰ ਦਾ 'ਰੁਜ਼ਗਾਰ ਮਿਸ਼ਨ' ਸੂਬੇ ਦੇ ਨੌਜਵਾਨਾਂ ਨੂੰ ਗੈਰਕਾਨੂੰਨੀ ਏਜੰਟਾਂ ਦਾ ਸ਼ਿਕਾਰ ਹੋਣ ਤੋਂ ਠੱਲ ਪਾਵੇਗਾ ਤੇ ਸੂਬੇ ਦੇ ਸਮਾਜਿਕ ਤੇ ਆਰਥਿਕ ਵਿਕਾਸ ਵਿਚ ਭਾਈਵਾਲ ਬਣਾਏਗਾ। ਉਨ੍ਹਾਂ ਬਤੌਰ ਸੰਸਦ ਮੈਂਬਰ ਗੈਰਕਾਨੂੰਨੀ ਟਰੈਵਲ ਏਜੰਟਾਂ ਖਿਲਾਫ ਆਵਾਜ਼ ਉਠਾਈ ਸੀ ਤੇ ਪੰਜਾਬ ਸਰਕਾਰ ਨੇ ਹੁਣ ਗੈਰ ਕਾਨੂੰਨੀ ਟਰੈਵਲ ਏਜੰਟਾਂ ਨਾਲ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਹੈ। ਉਨ੍ਹਾਂ ਕਿਹਾ ਕਿ ਪਰਵਾਸ ਐਕਟ ਵਿੱਚ ਵੀ ਲੋੜੀਦੀਆਂ ਸੋਧਾਂ ਕੀਤੀਆਂ ਗਈਆਂ ਹਨ ਤਾਂ ਕਿ ਅਜਿਹੇ ਟਰੈਵਲ ਏਜੰਟਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਯਕੀਨੀ ਬਣਾਈ ਜਾ ਸਕੇ। ਮੁੱਖ ਮੰਤਰੀ ਨੇ ਅੱਜ ਸਿੱਖਿਆ, ਉਚੇਰੀ ਸਿੱਖਿਆ, ਵਿੱਤ, ਆਮ ਰਾਜ ਪ੍ਰਬੰਧ, ਸਹਿਕਾਰਤਾ, ਬਿਜਲੀ ਤੇ ਹੋਰ ਵਿਭਾਗਾਂ ?ਵਿੱਚ ਭਰਤੀ ਲਈ 518 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ। ਉਨ੍ਹਾਂ ਕਿਹਾ ਕਿ ਰੁਜ਼ਗਾਰ ਮਿਸ਼ਨ ਦੀ ਬਦੌਲਤ ਹੁਣ ਪਰਵਾਸ ਨੂੰ ਪੁੱਠਾ ਗੇੜਾ ਪੈਣ ਲੱਗਾ ਹੈ ਅਤੇ ਨੌਜਵਾਨ ਇੱਥੇ ਆ ਕੇ ਨੌਕਰੀਆਂ ਕਰਨ ਲੱਗੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਮੁਕਾਬਲਾ ਪ੍ਰੀਖਿਆਵਾਂ ਲਈ ਸਿਖਲਾਈ ਦੇਣ ਸਬੰਧੀ ਅੱਠ ਹਾਈ-ਟੈਕ ਕੇਂਦਰ ਖੋਲ੍ਹੇ ਜਾ ਰਹੇ ਹਨ। ਮੁੱਖ ਮੰਤਰੀ ਨੇ ਵਿਅੰਗ ਕਸਦਿਆਂ ਆਖਿਆ ਕਿ ਸੂਬੇ ਦਾ ਇੱਕ ਸਾਬਕਾ ਵਿੱਤ ਮੰਤਰੀ ਨੌਂ ਸਾਲਾਂ ਤੱਕ 'ਸਰਕਾਰੀ ਖ਼ਜ਼ਾਨਾ ਖਾਲੀ ਹੈ' ਦਾ ਗੁਮਰਾਹਕੁੰਨ ਰਾਗ ਅਲਾਪਦਾ ਰਿਹਾ, ਜਿਸ ਨਾਲ ਨੌਜਵਾਨਾਂ ਦੇ ਹੌਸਲੇ ਨੂੰ ਵੱਡੀ ਸੱਟ ਵੱਜੀ।

# ਸ਼ਹੀਦ ਸੁੱਖਪ੍ਰੀਤ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ



ਅਜਨਾਲਾ : ਜੰਮੂ ਕਸ਼ਮੀਰ ਦੇ ਸਾਂਬਾ ਵਿੱਚ ਡਿਊਟੀ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਸ਼ਹੀਦ ਹੋਏ ਭਾਰਤੀ ਫੌਜ ਦੀ 24 ਸਿੱਖ ਰੈਜੀਮੈਂਟ ਦੇ ਸਿਪਾਹੀ ਸੁੱਖਪ੍ਰੀਤ ਸਿੰਘ ਦੀ ਮ੍ਰਿਤਕ ਦੇਹ ਅੱਜ ਉਸ ਦੇ ਜੱਦੀ ਪਿੰਡ ਨੰਗਲ (ਅਜਨਾਲਾ) ਵਿੱਚ ਲਿਆਂਦੀ ਗਈ।

ਇੱਥੇ ਪੂਰੇ ਸਰਕਾਰੀ ਸਨਮਾਨਾਂ ਨਾਲ ਸ਼ਹੀਦ ਜਵਾਨ ਦਾ ਅੰਤਿਮ ਸੰਸਕਾਰ ਕੀਤਾ ਗਿਆ। ਇਸ ਮੌਕੇ ਪਹੁੰਚੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸ਼ਹੀਦ ਦੀ ਦੇਹ 'ਤੇ ਫੁੱਲ ਮਾਲਾਵਾਂ ਚੜ੍ਹਾ ਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਉਨ੍ਹਾਂ ਸ਼ਹੀਦ ਦੇ ਪਰਿਵਾਰ ਨੂੰ ਭਰੋਸਾ ਦਿਵਾਇਆ ਕਿ ਲੋੜੀਂਦੀ ਕਾਗਜ਼ੀ ਕਾਰਵਾਈ ਪੂਰੀ ਕਰ ਲੈਣ ਮਗਰੋਂ ਪਰਿਵਾਰ ਨੂੰ ਪੰਜਾਬ ਸਰਕਾਰ ਵੱਲੋਂ ਬਣਦੀ ਹਰ ਸਹੂਲਤ ਤੇ ਮਦਦ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸ਼ਹੀਦ ਦੇ ਪਿਤਾ ਅਤੇ ਦਾਦਾ ਜੀ ਵੀ ਫੌਜ ਵਿੱਚੋਂ ਸੇਵਾਮੁਕਤ ਹੋਏ ਹਨ ਅਤੇ ਦੇਸ਼ ਭਗਤੀ ਦੀ ਭਾਵਨਾ ਰੱਖਣ ਵਾਲੇ ਇਸ ਪਰਿਵਾਰ ਨਾਲ ਪੰਜਾਬ ਸਰਕਾਰ ਪੂਰੀ ਤਰ੍ਹਾਂ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਦੇ ਪਰਿਵਾਰ ਨੂੰ ਬਣਦੀ ਮਦਦ ਮਿਲਣ ਵਿੱਚ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਹੁਣ ਐਸ ਵੇਲੇ ਲੋੜ ਹੈ ਇਸ ਗੱਲ ਦੀ ਕਿ ਇਸ ਮਾਮਲੇ ਨੂੰ ਪਾਰਟੀਬਾਜ਼ੀ ਦੇ ਸਵਾਲ ਤੋਂ ਉਚਾ ਰੱਖ ਕੇ ਸਿਰੇ ਚਾੜ੍ਹਨ ਦਾ ਉਪਰਾਲਾ ਕੀਤਾ ਜਾਏ। ਸ਼੍ਰੋਮਣੀ ਗੁਰਦੁਆਰਾ ਕਮੇਟੀ, ਸ੍ਰੀ ਦਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ, ਨਨਕਾਣਾ ਸਾਹਿਬ ਕਮੇਟੀ ਤੇ ਪੰਜਾ ਸਾਹਿਬ ਆਦਿ ਕਮੇਟੀਆਂ ਤੇ ਚੀਫ਼ ਖ਼ਾਲਸਾ ਦੀਵਾਨ ਤੇ ਹੋਰ ਜਿਹੜੇ ਜਥੇ ਯੋਗ ਸਮਝੇ ਜਾਣ ਉਨ੍ਹਾਂ ਦੇ ਪ੍ਰਤੀਨਿਧ ਲੈ ਕੇ ਇਕ ਕਮੇਟੀ ਬਣਾਈ ਜਾਏ। ਇਹ ਕਮੇਟੀ ਡਾਕਟਰ ਅੰਬੇਡਕਰ ਨਾਲ ਲਿਖਾ ਪੜ੍ਹੀ ਸ਼ੁਰੂ ਕਰੇ। ਪੰਥ ਦੇ ਚੋਣਵੇਂ ਵਿਦਵਾਨਾਂ ਤੇ ਪ੍ਰਤਿਸ਼ਠਿਤ ਸੱਜਣਾਂ ਨੂੰ ਉਨ੍ਹਾਂ ਦੇ ਪਾਸ ਭੇਜੇ ਜਿਹੜੇ ਕਿ ਆਪਣੀ ਵਿਦਵਤਾ ਨਾਲ ਸਿੱਖ ਧਰਮ ਸਬੰਧੀ ਵਾਕਫ਼ੀਅਤ ਬਹਮ ਪੁਚਾ ਸਕਣ। ਉਨ੍ਹਾਂ ਲਈ ਉਸ ਤਰ੍ਹਾਂ ਦਾ ਸਿੱਖ ਲਿਟਰੇਚਰ ਤਿਆਰ ਕਰਾਇਆ ਜਾਏ ਜੋ ਉਨ੍ਹਾਂ ਦੇ ਦਿਲਾਂ ਪਰ ਅਪੀਲ ਕਰਨ ਵਾਲਾ ਹੋਵੇ।

ਆਮ ਹਿੰਦੂ ਮੁਖੀਆਂ ਨੂੰ ਆਮ ਕਰਕੇ ਤੇ ਮਾਲਵੀਆ ਜੀ ਨੂੰ ਖਾਸ ਕਰਕੇ ਮਿਲਾਇਆ ਜਾਏ। ਉਨ੍ਹਾਂ ਨੂੰ ਦੱਸਿਆ ਜਾਏ ਕਿ ਜੇ ਇਨ੍ਹਾਂ ਨੇ ਹਿੰਦੂ ਧਰਮ ਛੱਡਣਾ ਹੀ ਹੈ ਤਦ ਮੁਸਲਮਾਨ ਤੇ ਈਸਾਈ ਹੋਣ ਨਾਲੋਂ ਇਨ੍ਹਾਂ ਦਾ ਸਿੱਖ ਬਣਨਾ ਚੰਗਾ ਹੈ। ਜੇ ਉਹ ਡਾਕਟਰ ਅੰਬੇਡਕਰ ਨੂੰ ਮਿਲ ਕੇ ਇਸ ਗੱਲ ਦੀ ਪ੍ਰੇਰਨਾ ਕਰਨ ਕਿ ਜੇ ਉਨ੍ਹਾਂ ਹਿੰਦੂ ਨਹੀਂ ਰਹਿਣਾ ਤਦ ਉਹ ਸਿੱਖ ਬਣਨ ਤਦ ਇਹਦਾ ਅਸਰ ਚੰਗਾ ਰਹੇਗਾ।

ਮਾਲਵੀਆ ਜੀ ਨੇ ਗੁਰਦੁਆਰਾ ਲਹਿਰ ਦੇ ਦਿਨਾਂ ਵਿਚ ਤਕਰੀਰਾਂ ਕਰਦੇ ਹੋਏ ਕਈ ਵਾਰ ਕਿਹਾ ਸੀ ਕਿ ਹਰ ਹਿੰਦੂ ਘਰ ਨੂੰ ਆਪਣਾ ਘੱਟੋ ਘੱਟ ਇਕ ਇਕ ਲੜਕਾ ਸਿੰਘ ਬਣਾਉਣਾ ਚਾਹੀਦਾ ਹੈ ਤਾਂ ਜੋ ਇਸ ਦੇਸ਼ ਤੇ ਕੌਮਾਂ ਦੀ ਸੇਵਕ ਜਮਾਤ ਦੀ ਗਿਣਤੀ ਘੱਟੋ ਘੱਟ ਇਕ ਕਰੋੜ ਹੋ ਜਾਏ, ਐਸ ਵੇਲੇ ਜੇ ਮਾਲਵੀਆ ਜੀ ਇਸ ਪਾਸੇ ਜ਼ਰਾ ਕੁ ਤਵੱਜੋ ਕਰਨ ਤਦ ਉਨ੍ਹਾਂ ਦੀ ਆਸਾ ਪੂਰਨ ਹੋ ਸਕਦੀ ਹੈ।

ਸਿੱਖ ਮੁਖੀਆਂ ਨੂੰ ਜਾਗਣਾ ਚਾਹੀਦਾ ਹੈ ਤੇ ਇਸ ਮਾਮਲੇ ਨੂੰ ਪੂਰੇ ਵਿਚਾਰ ਤੇ ਯਤਨ ਨਾਲ ਹੱਥ ਵਿਚ ਲੈਣਾ ਚਾਹੀਦਾ ਹੈ।

ਅਸਾਂ ਬੜੀ ਖੁਸ਼ੀ ਨਾਲ ਸੁਣਿਆ ਹੈ ਕਿ ਚੀਫ਼ ਖਾਲਸਾ ਦੀਵਾਨ ਨੇ ਪ੍ਰੋਫੈਸਰ ਜੋਧ ਸਿੰਘ ਜੀ ਨੂੰ ਇਸ ਕਾਰਜ ਲਈ ਡਾਕਟਰ ਸਾਹਿਬ ਪਾਸ ਜਾਣ ਵਾਸਤੇ ਨੀਯਤ ਕੀਤਾ ਹੈ।

**ਖਾਲਸਾ ਸਮਾਚਾਰ 19 ਦਸੰਬਰ 1935, ਜਿਲਦ 37, ਅੰਕ 6, ਪੰਨਾ-7**

**ਡਾਕਟਰ ਨੰਦ ਸਿੰਘ**

ਡਾਕਟਰ ਅੰਬੇਡਕਰ ਦੇ ਸਾਥੀਆਂ ਨੇ ਸਿੱਖ ਲਿਟਰੇਚਰ ਪੜ੍ਹਨ ਦੀ ਇੱਛਾ ਜ਼ਾਹਿਰ ਕੀਤੀ ਸੀ ਕਿ ਸਿੱਖ ਧਰਮ ਬਾਬਤ ਉਹ ਕੁਝ ਸਮਝਣਾ




ਚਾਹੁੰਦੇ ਸਨ। ਅਖ਼ਬਾਰਾਂ ਵਿਚ ਛਪ ਰਿਹਾ ਹੈ ਕਿ ਡਾਕਟਰ ਨੰਦ ਸਿੰਘ ਜੀ ਫਿਲੌਰ ਨੇ ਡਾਕਟਰ ਅੰਬੇਡਕਰ ਨੂੰ ਤਾਰ ਦਿੱਤੀ ਹੈ ਜਿਸ ਵਿਚ ਉਨ੍ਹਾਂ ਨੇ ਲਿਖਿਆ ਹੈ ਕਿ ਸਿੱਖਾਂ ਵਿਚ ਜੱਟ ਤੇ ਨਾਨ ਜੱਟ ਦਾ ਸਵਾਲ ਜ਼ੋਰਾਂ 'ਤੇ ਹੈ...ਆਦਿ। ਇਨ੍ਹਾਂ ਦਾ ਮਤਲਬ ਜੋ ਕੁਝ ਆਮ ਲੋਕ ਸਮਝ ਰਹੇ ਹਨ ਉਹ ਇਹ ਹੈ ਕਿ ਡਾਕਟਰ ਨੰਦ ਸਿੰਘ ਜੀ ਨੇ ਡਾਕਟਰ ਅੰਬੇਡਕਰ ਨੂੰ ਇਹ ਤਾਰ ਦੇ ਕੇ ਜਾਣੇ ਜਾਂ ਅਣਜਾਣੇ ਸਿੱਖ ਧਰਮ ਵਲੋਂ ਉਪਰਾਮ ਕੀਤਾ ਹੈ।

ਸਿੱਖ ਧਰਮ ਵਿਚ ਜਾਤ ਪੁਰ ਕੋਈ ਵਿਸ਼ਵਾਸ ਨਹੀਂ ਰੱਖਦਾ। ਗੁਰੂ ਸਾਹਿਬਾਨ ਦੀ ਪਵਿੱਤਰ ਬਾਣੀ, ਗੁਰੂ ਸਾਹਿਬਾਨ ਦੀ ਜ਼ਿੰਦਗੀ ਦੇ ਵਾਕਿਆਤ ਤੇ ਸਿੱਖਾਂ ਦੀ ਵਰਤੋਂ ਬਾਬਤ ਲਿਖੇ ਗਏ ਇਤਿਹਾਸ ਇਸ ਗੱਲ 'ਤੇ ਇਕ ਜ਼ੁਬਾਨ ਹਨ ਕਿ ਸਿੱਖ ਧਰਮ ਵਿਚ ਜਾਤ ਲਈ ਕੋਈ ਥਾਉਂ ਨਹੀਂ। ਸਿੱਖ ਧਰਮ, ਹਿੰਦੂਆਂ, ਮੁਸਲਮਾਨਾਂ ਅਤੇ ਅੰਗਰੇਜ਼ਾਂ ਲਿਖਤ ਇਤਿਹਾਸ ਦੇ ਵਿਚੋਂ ਸੈਂਕੜੇ ਪ੍ਰਮਾਣ ਦੱਸੇ ਜਾ ਸਕਦੇ ਹਨ ਜਿਨ੍ਹਾਂ ਵਿਚ ਇਸ ਗੱਲ 'ਤੇ ਵਿਸਥਾਰ ਨਾਲ ਚਾਨਣਾ ਪਾਇਆ ਗਿਆ ਹੈ ਕਿ ਸਿੱਖ ਧਰਮ ਅਸੂਲੀ ਤੌਰ 'ਤੇ ਜਾਤਾਂ ਦਾ ਕਾਇਲ ਨਹੀਂ, ਪ੍ਰੰਤੂ ਨੰਦ ਸਿੰਘ ਜੀ ਦਾ ਸਿੱਖ ਹੋ ਕੇ ਡਾਕਟਰ ਅੰਬੇਡਕਰ ਨੂੰ ਇਹ ਗੱਲ ਲਿਖਣੀ ਕਿ ਸਿੱਖਾਂ ਵਿਚ ਜ਼ਾਤ ਹੈ, ਜੱਟ ਨਾਨ ਜੱਟ ਦਾ ਨਿਰਣਾ ਹੈ, ਇਕ ਅਨੋਖੀ ਗੱਲ ਹੈ।

ਮੁਸਲਮਾਨਾਂ ਵਿਚ ਬੇਅੰਤ ਫਿਰਕੇ ਹਨ ਤੇ ਉਨ੍ਹਾਂ ਦੀ ਆਪੋ ਵਿਚ ਹੀ ਖਿਚਾ ਖਿੱਚੀ ਅਖੀਰਲੇ ਦਰਜੇ 'ਤੇ ਪੁੱਜ ਗਈ ਹੈ। ਪਰ ਡਾਕਟਰ ਅੰਬੇਡਕਰ ਨੂੰ ਇਸਲਾਮ ਦੀ ਗੋਦ ਵਿਚ ਲੈਣ ਲਈ ਹੋ ਰਹੀਆਂ ਸਰਗਰਮੀਆਂ ਦੇ ਸਮੇਂ ਕਿਸੇ ਇਕ ਮੁਸਲਮਾਨ ਨੂੰ ਇਸ ਗੱਲ ਦੀ ਲੋੜ ਨਹੀਂ ਪਈ ਕਿ ਉਹ ਮੁਸਲਮਾਨਾਂ ਦੇ ਇਨ੍ਹਾਂ ਫ਼ਰਕਾਂ ਨੂੰ ਅੰਬੇਡਕਰ ਦੀ ਦ੍ਰਿਸ਼ਟੀਗੋਚਰ ਕਰੇ।

ਈਸਾਈਆਂ ਵਿਚ ਵੀ ਕਈ ਫ਼ਿਰਕੇ ਹਨ। ਆਰੀਆ ਸਮਾਜ ਦੇ ਮਤਭੇਦ ਵੀ ਹੱਦੋਂ ਵਧੇ ਹੋਏ ਹਨ। ਇਨ੍ਹਾਂ ਵਲੋਂ ਡਾਕਟਰ ਅੰਬੇਡਕਰ ਨਾਲ ਹੋਰ ਹੀ ਪ੍ਰੀਤੀ ਪ੍ਰੇਰਨਾ ਦੇ ਸਮੇਂ ਵਿਚ ਕਿਸੇ ਨੂੰ ਇਸ ਗੱਲ ਦੀ ਜ਼ਰੂਰਤ ਨਹੀਂ ਭਾਸੀ ਕਿ ਉਨ੍ਹਾਂ ਨੂੰ ਉਪਰਾਮ ਕਰਨ। ਪ੍ਰੰਤੂ ਡਾਕਟਰ ਨੰਦ ਸਿੰਘ ਜੀ ਇਕ ਸੱਜਣ ਹਨ, ਜਿਨ੍ਹਾਂ ਦੂਜੇ ਮੱਤਾਂ ਨਾਲੋਂ ਆਪਣੇ ਵਿਚ ਘਟ ਫਰਕ ਹੁੰਦਿਆਂ ਵੀ ਇਸ ਗੱਲ ਦੀ ਕੋਸ਼ਿਸ਼ ਕੀਤੀ ਹੈ ਕਿ ਸਿੱਖਾਂ ਨੂੰ ਉਨ੍ਹਾਂ ਲੋਕਾਂ ਦੇ ਸਾਹਮਣੇ ਬਦਨਾਮ ਕਰਨ ਜਿਨ੍ਹਾਂ ਨੂੰ ਦਿਲ ਵਿਚ ਕਿ ਸਿੱਖੀ ਲਈ ਖਿੱਚ ਦੀ ਕੋਈ ਰਿਸ਼ਮ ਭਾਵੇਂ ਕਿਸੇ ਹੀ ਪਹਿਲੂ ਤੋਂ ਹੋ ਆਈ ਹੈ।

**(ਚਲਦਾ)**






ਵਿਸ਼ਵ ਪ੍ਰਸਿੱਧ ਗੁਰਮਤਿ ਸੰਗੀਤ ਦੇ ਸ਼ੋਮਣੀ ਕੀਰਤਨੀਏ ਡਾ. ਗੁਰਨਾਮ ਸਿੰਘ ਨੇ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਗੁਰਮਤਿ ਸੰਗੀਤ ਪਰੰਪਰਾ ਨੂੰ ਵਰਤਮਾਨ ਸਮੇਂ ਪੁਨਰ ਸੁਰਜੀਤ ਕਰਨ ਵਿੱਚ ਵਿਲੱਖਣ ਯੋਗਦਾਨ ਪਾਇਆ ਹੈ। ਆਪ ਦੇਸ਼ ਵਿਦੇਸ਼ ਦੀਆਂ ਯੂਨੀਵਰਸਿਟੀਆਂ ਵਿੱਚ ਪਿਛਲੇ 40 ਵਰ੍ਹਿਆਂ ਤੋਂ ਬਤੌਰ ਡੀਨ ਤੇ ਪ੍ਰੋਫੈਸਰ ਕਾਰਜ ਕਰਦੇ ਆ ਰਹੇ ਹਨ। ਆਪਨੂੰ ਗੁਰਮਤਿ ਸੰਗੀਤ ਵਿੱਚ ਭਾਰਤ ਦਾ ਸਰਵੋਤਮ ਰਾਸ਼ਟਰਪਤੀ ਐਵਾਰਡ, ਸ਼੍ਰੋਮਣੀ ਰਾਗੀ ਐਵਾਰਡ ਅਤੇ ਗਲੋਬਲ ਪੱਧਰ ਉੱਤੇ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਸਨਮਾਨ ਦਿੱਤੇ ਜਾ ਚੁੱਕੇ ਹਨ। ਗੁਰੂ ਕਿਰਪਾ ਦੁਆਰਾ ਆਪਨੇ ਆਪਣੀ ਆਵਾਜ਼ ਵਿੱਚ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਰਾਗਾਂ ਤੇ ਮਿਸ਼ਰਤ ਰਾਗਾਂ ਦਾ 1999 ਵਿੱਚ ਵਿਸ਼ਾਲ ਰਿਕਾਰਡਿੰਗ ਕਰਵਾਈ। ਵੱਖ ਵੱਖ ਆਡੀਓ ਵਿਜ਼ੂਅਲ ਕੰਪਨੀਆਂ ਤੇ ਯੂਟਿਊਬ ਉੱਤੇ ਆਪਦੀਆਂ ਅਨੇਕ ਕੀਰਤਨ ਰਿਕਾਰਡਿੰਗਜ਼ ਹਨ। ਯੂਨੀਵਰਸਿਟੀਆਂ, ਕਾਲਜਾਂ ਸਕੂਲਾਂ ਵਿੱਚ ਪੀ. ਐਚਡੀ ਤੱਕ ਗੁਰਮਤਿ ਸੰਗੀਤ ਸਬਜੈਕਟ ਵਜੋਂ ਲਾਗੂ ਕਰਵਾਇਆ, ਪੜ੍ਹਾਇਆ ਅਤੇ ਦੇਸ਼ ਵਿਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿੱਚ ਕਈ ਗੁਰਮਤਿ ਸੰਗੀਤ ਵਿਭਾਗਾਂ ਦੀ ਸਥਾਪਨਾ ਕਰਵਾਈ। -ਨਾਰਥ ਅਮਰੀਕਾ ਵਿੱਚ ਆਪਨੇ ਰਾਗਾਤਮਕ ਕੀਰਤਨ ਦਰਬਾਰਾਂ ਤੇ ਗੁਰਮਤਿ ਸੰਗੀਤ ਸਿਖਲਾਈ ਕੈਂਪਾਂ ਦੁਆਰਾ ਵੱਡੀ ਸੇਵਾ ਨਿਭਾਈ ਹੈ। -21 ਪੁਸਤਕਾਂ 32 ਸੰਪਾਦਿਤ ਪੁਸਤਕਾਂ ਤੇ 200 ਤੋਂ ਵੱਧ ਖੋਜ ਲੇਖ ਲਿਖੇ ਹਨ। ਇਸ ਤੋਂ ਇਲਾਵਾ ਕਈ ਵਿਦਿਆਰਥੀਆਂ ਨੂੰ ਪੀਐਚ ਡੀ ਤੱਕ ਦਾ ਅਧਿਆਪਨ ਕਰਵਾਇਆ ਹੈ। -ਸ੍ਰੀ ਦਰਬਾਰ ਸਾਹਿਬ ਤੋਂ ਤੰਤੀ ਸਾਜ਼ ਲਾਗੂ ਕਰਵਾਉਣ ਵਿੱਚ ਆਪਦੀ ਪ੍ਰਮੁਖ ਭੂਮਿਕਾ ਰਹੀ ਹੈ। ਸਾਨੂੰ ਪ੍ਰਸੰਨਤਾ ਹੈ ਕਿ 'ਸਾਡੇ ਲੋਕ' ਅਦਾਰੇ ਲਈ ਡਾ. ਸਾਹਿਬ ਨੇ ਗੁਰਮਤਿ ਸੰਬੰਧੀ ਜਾਣਕਾਰੀ ਭਰਪੂਰ ਰਚਨਾ ਭੇਜੀ ਹੈ। ਇਸ ਹਫਤੇ ਤੋਂ ਅਸੀਂ ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਡਾ. ਗੁਰਨਾਮ ਸਿੰਘ ਜੀ ਵਲੋਂ 'ਸਾਡੇ ਲੋਕ' ਦੇ ਪਾਠਕਾਂ ਲਈ ਲੜੀਵਾਰ ਆਰਟੀਕਲ ਛਾਪਕੇ ਮਾਣ ਹਾਸਲ ਕਰ ਰਹੇ ਹਾਂ : -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤਕ ਮਹੱਤਵ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਸ਼ਵ ਭਾਈਚਾਰੇ ਨੂੰ ਗੁਰੂ ਸਾਹਿਬਾਨ ਦਾ ਵਲੋਂ ਵਡਮੁੱਲਾ ਯੋਗਦਾਨ ਹੈ। ਇਹ ਗ੍ਰੰਥ ਕੇਵਲ ਸਿੱਖ ਧਰਮ ਲਈ ਹੀ ਮਹੱਤਵਪੂਰਣ ਨਹੀਂ ਸਗੋਂ ਸਮੁੱਚੀ ਮਾਨਵਤਾ ਨੂੰ ਅਧਿਆਤਮਕ ਰੋਸ਼ਨੀ ਪ੍ਰਦਾਨ ਕਰ ਰਿਹਾ ਹੈ। ਅਨੁਭਵੀ ਗੁਰੂਆਂ, ਸੰਤਾਂ, ਭਗਤਾਂ ਦੇ ਅਧਿਆਤਮਕ ਗਿਆਨ ਤੇ ਬੋਧ ਵਿਸ਼ਵ ਵਿਚ ਅਜਿਹੇ ਧਰਮ ਗ੍ਰੰਥ ਤਾਂ ਰਚੇ ਗਏ ਜਿਨ੍ਹਾਂ ਵਿਚ ਕੇਵਲ ਸੰਬੰਧਤ ਧਰਮ ਗੁਰੂਆਂ ਅਤੇ ਪੈਰੋਕਾਰਾਂ ਦੀ ਬਾਣੀ ਦਰਜ ਹੈ ਪਰੰਤੂ ਗੁਰੂ ਗ੍ਰੰਥ ਸਾਹਿਬ ਐਸਾ ਧਰਮ ਗ੍ਰੰਥ ਹੈ ਜਿਸ ਵਿਚ ਦੂਜੇ ਧਰਮਾਂ, ਜਾਤਾਂ ਅਤੇ ਖਿੱਤਿਆਂ ਦੇ ਅਨੁਭਵੀ ਸੰਤ ਮਹਾਂਪੁਰਖਾਂ ਦਾ ਅਧਿਆਤਮ ਬੋਧ ਤੇ ਗਿਆਨ ਬਾਣੀ ਰੂਪ ਵਿਚ ਸੰਕਲਨ ਕਰਕੇ ਇਕ ਨਿਵੇਕਲੀ ਮਿਸਾਲ ਕਾਇਮ ਕੀਤੀ ਗਈ ਹੈ। ਜਨ ਸਾਧਾਰਨ ਦੀ ਬੋਲੀ ਤੇ ਸਾਡੀ ਆਪਣੀ ਗੁਰਮੁਖੀ ਲਿਪੀ ਵਿਚ ਲਿਖਤ ਹੋਣਾ ਵੀ ਇਸ ਗ੍ਰੰਥ ਦੀ ਇਕ ਹੋਰ ਵਿਸ਼ੇਸ਼ਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਦਾ ਕਾਰਜ ਸਿੱਖ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਵਿਚ ਸੰਪੂਰਨ ਕੀਤਾ। ਇਸ ਗ੍ਰੰਥ ਨੂੰ ਲਿਖਣ ਦਾ ਕਾਰਜ ਭਾਈ ਗੁਰਦਾਸ ਜੀ (ਜੋ ਆਪਣੇ ਸਮੇਂ ਦੇ ਮਹਾਨ ਵਿਦਵਾਨ ਸਨ) ਨੇ ਕੀਤਾ। ਗੁਰੂ ਅਰਜਨ ਦੇਵ ਜੀ ਨੇ ਇਸ ਗ੍ਰੰਥ ਵਿਚ ਆਪਣੇ ਤੋਂ ਪੂਰਵਲੇ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਸੰਤਾਂ ਭਗਤਾਂ ਦੀ ਬਾਣੀ ਨੂੰ ਇਕੱਤਰ ਕਰ ਇਹ ਮਹਾਨ ਕਾਰਜ ਸੰਪੂਰਨ ਕੀਤਾ। ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਰਜ ਕੀਤੀ ਅਤੇ ਆਪਣੇ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਦਾ ਦਰਜਾ ਦਿਤਾ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਨੇਕ ਦ੍ਰਿਸ਼ਟੀਆਂ ਤੋਂ ਅਧਿਐਨ ਹੁੰਦਾ ਆ ਰਿਹਾ ਹੈ।

ਸੰਗੀਤ ਦੀ ਦ੍ਰਿਸ਼ਟੀ ਤੋਂ ਵਾਚੀਏ ਤਾਂ ਇਸ ਦਾ ਸੰਗੀਤ ਸਕੰਲਨ ਅਤੇ ਇਸ ਦੇ ਸ਼ਬਦ ਕੀਰਤਨ ਦਾ ਸੰਗੀਤਕ ਪ੍ਰਯੋਜਨ ਇਸ ਗ੍ਰੰਥ ਨੂੰ ਸੰਗੀਤ ਪੱਖੋਂ ਅਧਿਐਨ ਲਈ ਵਿਸ਼ੇਸ਼ ਬਣਾਉਂਦਾ ਹੈ। ਭਾਰਤੀ ਸੰਗੀਤ ਦੇ ਸਦੀਆਂ ਤੋਂ ਸਥਾਪਤ ਮੋਕਸ਼ ਪ੍ਰਾਪਤੀ ਦੇ ਲਕਸ਼ ਦੇ ਵਿਸ਼ੇਸ਼ ਸਰੋਤ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਧਾਂਤਕ ਤੇ ਵਿਵਹਾਰਕ ਵਿਰਾਸਤ ਦਾ ਵਿਸ਼ੇਸ਼ ਸ੍ਰੋਤ ਹੈ। ਇਸੇ ਤਰ੍ਹਾਂ ਭਾਰਤੀ ਸੰਗੀਤ ਦੇ 500 ਸਾਲਾਂ ਦੇ ਇਤਿਹਾਸ ਨਾਲ ਪੂਰਨ ਸਾਂਝ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਬਿਨਾ ਅਧੂਰੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਧਾਰਨ ਪਾਠ ਅਤੇ ਤਤਕਰੇ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਨ ਨੇ ਇਸ ਗ੍ਰੰਥ ਦੇ ਸੰਕਲਨ ਦਾ ਆਧਾਰ ਸੰਗੀਤ ਨੂੰ ਬਣਾਇਆ ਹੈ। ਸਮੁੱਚੀ ਬਾਣੀ ਨੂੰ ਵੱਖ ਵੱਖ 31 ਰਾਗਾਂ ਅਨੁਸਾਰ ਵਰਗੀਕ੍ਰਿਤ ਕੀਤਾ ਗਿਆ ਹੈ। ਹਰ ਰਾਗ ਵਿਚ ਪਹਿਲਾਂ ਗੁਰੂ ਸਾਹਿਬਾਨ ਅਤੇ ਬਾਅਦ ਵਿਚ ਸੰਤਾਂ ਭਗਤਾਂ ਅਤੇ ਹੋਰ ਬਾਣੀਕਾਰਾਂ ਦੀ ਬਾਣੀ ਦਰਜ ਹੈ।

ਰਾਗਾਂ ਅਨੁਸਾਰ ਅੰਕਿਤ ਇਸ ਬਾਣੀ ਨੂੰ ਵੱਖ ਵੱਖ ਸੰਗੀਤ ਸੰਕੇਤਾਂ, ਸਿਰਲੇਖਾਂ ਅਤੇ ਹਵਾਲਿਆਂ ਨਾਲ ਸੰਗੀਤ ਬੱਧ ਕੀਤਾ ਗਿਆ ਹੈ। ਇਹ ਸੰਗੀਤਕ ਸੰਕੇਤ ਤੇ ਸਿਰਲੇਖ ਰਾਗ, ਮਹਲਾ, ਰਹਾਉ ਬਾਣੀ-ਕਾਵਿ ਰੂਪ ਗਾਇਨ ਰੂਪ, ਅੰਕ, ਘਰੁ, ਜਤਿ, ਧੁਨੀ ਆਦਿ ਹਨ।

ਇਸ ਗ੍ਰੰਥ ਦੇ ਸੰਗੀਤ ਵਿਧਾਨ ਦੇ ਅੰਤਰਗਤ ਸ਼ਬਦ ਦੀ ਕੀਰਤਨ ਹਿਤ ਰਾਗ, ਕਾਵਿ/ਗਾਇਨ ਰੂਪ, ਸ਼ੈਲੀ, ਧੁਨੀ, ਘਰੁ ਤੇ ਹੋਰ ਤਾਲ ਸੰਕੇਤ, ਅੰਕ, ਰਹਾਉ, ਸਿਧੇ ਤੌਰ 'ਤੇ ਪ੍ਰਯੋਗੀ ਮਹੱਤਵ ਰੱਖਦੇ ਹਨ। ਇਨ੍ਹਾਂ ਦੀ ਕਾਰਜ ਪ੍ਰਕਿਰਿਆ ਸਰਬ ਪ੍ਰਥਮ ਰਹਾਉ ਤੋਂ ਆਰੰਭ ਹੁੰਦੀ ਹੈ। ਰਹਾਉ ਵਿਚ ਕਿਉਂ ਜੋ ਸ਼ਬਦ ਦਾ ਕੇਂਦਰੀ ਭਾਵ ਹੈ ਇਸ ਲਈ ਇਸ ਦਾ ਗਾਇਨ ਸਥਾਈ ਵਜੋਂ ਸਬੰਧਿਤ ਨਿਰਧਾਰਤ ਰਾਗ, ਨਿਰਧਾਰਤ ਗਾਇਨ ਰੂਪ ਤੇ ਨਿਰਧਾਰਤ ਤਾਲ ਜਾਂ ਕਾਵਿ ਰੂਪ ਦੀ ਛੰਦ ਯੋਜਨਾ ਅਨੁਸਾਰ ਅਰੰਭਿਆ ਜਾਂਦਾ ਹੈ। ਵਿਭਿੰਨ ਅੰਕਾਂ ਅਨੁਸਾਰ ਵਿਭਾਜਿਤ ਅੰਤਰੇ, ਰਹਾਉ ਤੋਂ ਬਾਅਦ ਕ੍ਰਮਵਾਰ ਗਾਏ ਜਾਂਦੇ ਹਨ। ਇਸ ਵਿਧੀ ਦੁਆਰਾ ਕੀਤੇ ਗਏ ਗਾਇਨ ਸਮੇਂ ਸਵੈ ਹਉਮੈ ਦਾ ਤਿਆਗ, ਸੰਪੂਰਣ ਸਪਰਪਣ ਕਲਾਤਮਿਕਤਾ ਨਾਲੋਂ ਸ਼ਬਦ ਦੀ ਪ੍ਰਧਾਨਤਾ ਨੂੰ ਪ੍ਰਮੁੱਖਤਾ ਦਿਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਸੰਗੀਤ ਪ੍ਰਬੰਧ ਨਾਲ ਸੰਬੰਧਿਤ ਹੋਰ ਸੰਗੀਤਕ ਵਿਸ਼ੇਸ਼ਤਾਵਾਂ ਵੀ ਹਨ।

ਗੁਰੂ ਸਾਹਿਬ ਨੇ ਰਾਗਾਂ ਦਾ ਨਵੀਨ ਵਰਗੀਕਰਣ ਕੀਤਾ ਹੈ ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਪੂਰੀ ਤਰ੍ਹਾਂ ਸਪਸ਼ਟ ਹੈ। ਇਸ ਅਨੁਸਾਰ ਆਪ ਨੇ ਸਾਨੂੰ ਮੱਧਕਾਲੀਨ ਰਾਗ ਰਾਗਣੀ ਵਰਗੀਕਰਣ ਦੇ ਅਵਿਗਿਆਨਕ ਝਮੇਲਿਆਂ ਤੋਂ ਮੁਕਤ ਕਰਕੇ ਸਮੂਹ ਰਾਗਾਂ ਨੂੰ 'ਰਾਗ' ਵਜੋਂ ਸਵੀਕਾਰ ਕੀਤਾ ਹੈ। ਗੁਰੂ ਸਾਹਿਬ ਨੇ ਕਿਧਰੇ ਵੀ ਰਾਗਣੀ ਸ਼ਬਦ ਦਾ ਪ੍ਰਯੋਗ ਨਹੀਂ ਕੀਤਾ।

ਗੁਰੂ ਸਾਹਿਬਾਨ ਨੇ ਬਾਣੀ ਦੇ ਹੋਰ ਵਧੇਰੇ ਸੰਚਾਰ ਲਈ ਵਿਭਿੰਨ ਇਲਾਕਿਆਂ ਦੀ ਲੋਕ ਪਰੰਪਰਾ ਵਿਚੋਂ ਵਿਕਸਿਤ ਰਾਗਾਂ ਨੂੰ ਬਾਣੀ ਦੇ ਗਾਇਨ ਹਿਤ ਪ੍ਰਯੋਗ ਕੀਤਾ ਹੈ, ਜਿਨ੍ਹਾਂ ਵਿਚੋਂ ਮਾਝ, ਆਸਾ, ਆਸਾ ਕਾਫ਼ੀ, ਬਿਹਾਗੜਾ, ਤਿਲੰਗ, ਸੂਹੀ, ਮਾਰੂ, ਤੁਖਾਰੀ ਆਦਿ ਰਾਗ ਵਿਸ਼ੇਸ਼ ਹਨ। ਇਸਦੇ ਨਾਲ ਹੀ ਗੁਰੂ ਸਾਹਿਬ ਨੇ ਦੱਖਣੀ ਭਾਰਤੀ ਸੰਗੀਤ ਪੱਧਤੀ ਦੇ ਰਾਗਾਂ ਦਾ ਪ੍ਰਯੋਗ ਵੀ ਕੀਤਾ ਹੈ, ਜਿਵੇਂ ਗਉੜੀ ਦੱਖਣੀ, ਵਡਹੰਸ ਦੱਖਣੀ, ਬਿਲਾਵਲ ਦੱਖਣੀ, ਰਾਮਕਲੀ ਦੱਖਣੀ, ਮਾਰੂ ਦੱਖਣੀ, ਪ੍ਰਭਾਤੀ ਦੱਖਣੀ ਇਸ ਪ੍ਰਯੋਗ ਦੁਆਰਾ ਗੁਰੂ ਸਾਹਿਬਾਨ ਨੇ ਵਿਭਿੰਨ ਇਲਾਕਿਆਂ ਦੀ ਸੰਸਕ੍ਰਿਤੀ ਨਾਲ ਜੁੜ ਕੇ ਬਾਣੀ ਦੇ ਅਧਿਆਤਮਕ ਅਨੁਭਵ ਅਤੇ ਬੋਧ ਨੂੰ ਸੰਚਾਰਿਤ ਕੀਤਾ।

ਰਾਗ ਧਿਆਨ ਪਰੰਪਰਾ ਰਾਗ ਦੇ ਸਰੂਪ ਨੂੰ ਸਾਖਸ਼ਾਤ ਰੂਪ ਵਿਚ ਅਨੁਭਵ ਕਰਨ ਅਤੇ ਸਮਝਣ ਦੇ ਉਦੇਸ਼ ਦੀ ਪੂਰਤੀ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਸੰਗੀਤ ਦੇ ਰਾਗ ਧਿਆਨਾਂ ਦੇ ਮੁਕਾਬਲੇ ਵਿਚ ਗੁਰਬਾਣੀ ਦੇ ਆਸ਼ੇ ਅਨੁਸਾਰ ਰਾਗ ਧਿਆਨ ਰਚੇ ਹਨ। ਗੁਰਬਾਣੀ ਦੇ ਇਨ੍ਹਾਂ ਰਾਗ ਧਿਆਨਾਂ ਨੂੰ, ਵਿਭਿੰਨ ਰਾਗਾਂ ਨੂੰ ਅਧਿਆਤਮਕ ਅਰਥ ਪ੍ਰਦਾਨ ਕੀਤੇ ਹਨ। ਸਿਰੀ, ਗੂਜਰੀ, ਸੋਰਠਿ, ਧਨਾਸਰੀ ਅਤੇ ਹੋਰ ਰਾਗਾਂ ਸਬੰਧੀ ਰਾਗ ਧਿਆਨ ਰੂਪ ਵਿਚ ਫੁਰਮਾਨ ਇਨ੍ਹਾਂ ਰਾਗਾਂ ਦਾ ਅਧਿਆਤਮਕ ਮਹੱਤਵ ਉਜਾਗਰ ਕਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦੀ ਅਗਲੇਰੀ ਮਹੱਤਵਪੂਰਨ ਇਕਾਈ ਗਾਇਨ ਸ਼ੈਲੀ ਹੈ ਜੋ ਇਸ ਬਾਣੀ ਦੇ ਭਾਵਾਂ ਨੂੰ ਗਾਇਨ ਦੀਆਂ ਸ਼ੈਲੀਆਂ ਹਨ ਜੋ ਬਾਣੀ ਦੇ ਭਾਵਾਂ ਨੂੰ ਗਾਇਨ ਦੁਆਰਾ ਸਪੱਸ਼ਟ ਕਰਨ ਵਿਚ ਸਹਾਈ ਹੁੰਦੀ ਹੈ। ਇਸ ਸੰਗੀਤ ਵਿਧਾਨ ਵਿਚ ਮੁੱਖ ਤੌਰ 'ਤੇ ਸ਼ਾਸਤਰੀ ਅੰਗ ਅਤੇ ਦੇਸੀ ਅੰਗ ਦੀਆਂ ਗਾਇਨ ਸ਼ੈਲੀਆਂ ਪ੍ਰਯੋਗ ਕੀਤੀਆਂ ਗਈਆਂ ਹਨ। ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ ਅਧੀਨ ਪ੍ਰਬੰਧ, ਧਰੁਪਦ ਆਦਿ ਅਤੇ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਅਧੀਨ ਵਾਰ, ਛੰਤ, ਅਲਾਹੁਣੀਆਂ ਆਦਿ ਵਿਸ਼ੇਸ਼ ਹਨ। ਇਥੇ ਇਹ ਵੀ ਵਰਣਨਯੋਗ ਹੈ ਕਿ ਇਨ੍ਹਾਂ ਗਾਇਨ ਸ਼ੈਲੀਆਂ ਦੇ ਗਾਇਨ ਸ਼ੈਲੀਆਂ ਦੇ ਗਾਇਨ ਹਿਤ ਇਨ੍ਹਾਂ ਦੀ ਪ੍ਰਕ੍ਰਿਤੀ ਅਨੁਸਾਰ ਮਾਰਗੀ ਜਾਂ ਦੇਸੀ ਰਾਗਾਂ ਦਾ ਪ੍ਰਯੋਗ ਗੁਰਮਤਿ ਸੰਗੀਤ ਦੀ ਵਿਸ਼ੇਸ਼ਤਾ ਹੈ।

ਗੁਰਬਾਣੀ ਅਧੀਨ ਸ਼ਬਦ ਕੀਰਤਨ ਦੇ ਪ੍ਰਸਤੁਤਕਾਰ ਲਈ ਉਸ ਖਾਲਕ ਦੇ ਹੁਕਮ ਰੂਪ ਧੁਰ ਕੀ ਬਾਣੀ ਨੂੰ ਸਹਿਜ ਰੂਪ ਵਿਚ ਪੂਰਨ ਸਮਰਪਣ ਸਹਿਤ ਹਉਂ ਤੇ ਮੈਂ ਰਹਿਤ ਹੋ ਕੇ ਗਾਇਨ ਕਰਨ ਦਾ ਆਦਰਸ਼ ਸਿਰਜਿਆ ਗਿਆ ਹੈ। ਕੀਰਤਨ ਦਾ ਇਹੋ ਸੰਗੀਤ ਮਾਰਗ ਇਲਾਹੀ ਕੀਰਤਨ ਦੀ ਮਰਿਯਾਦਾ ਨਿਰਧਾਰਤ ਕਰਦਾ ਹੈ ਜਿਸ ਦੇ ਪਾਲਣ ਨਾਲ ਸੰਗੀਤ ਸਾਧਨਾਂ ਦੇ ਰਸਤੇ ਆਸਾਨ ਹੋ ਜਾਂਦੇ ਹਨ ਅਤੇ ਕੀਰਤਨ ਦੁਆਰਾ ਸ਼ਬਦ ਸਾਡੇ ਮਨਾਂ ਵਿਚ ਸ਼ਬਦ ਦਾ ਵਾਸ ਹੁੰਦਾ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਸੰਗੀਤ ਪਰੰਪਰਾ ਦੇ ਆਧਾਰ ਗ੍ਰੰਥ ਵਜੋਂ ਗੁਰਮਤਿ ਸੰਗੀਤ ਦੇ ਸਮੂਹ ਸਿਧਾਂਤ ਬੀਜ ਰੂਪ ਵਿਚ ਇਸ ਗ੍ਰੰਥ ਵਿਚੋਂ ਹੀ ਪ੍ਰਾਪਤ ਹੁੰਦੇ ਹਨ। ਗੁਰਮਤਿ ਸੰਗੀਤ ਦੀ 500 ਸਾਲ ਤੋਂ ਵਧੇਰੇ ਪ੍ਰਚਲਿਤ ਵਿਵਹਾਰਕ ਪਰੰਪਰਾ ਨੂੰ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਕਸਵੱਟੀ ਉਤੇ ਹੀ ਪਰਖਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਪ੍ਰਬੰਧ ਦੁਆਰਾ ਸਿਰਜਤ ਗੁਰਮਤਿ ਸੰਗੀਤ ਪਰੰਪਰਾ ਦੀ ਮਹਾਨਤਾ ਨੂੰ ਵਿਸ਼ਵ ਅਧਿਆਤਮਕ ਸੰਗੀਤ ਪਰੰਪਰਾਵਾਂ ਅਤੇ ਭਗਤੀ ਸੰਗੀਤ, ਸੂਫੀ ਸੰਗੀਤ ਆਦਿ ਵਰਗੀਆਂ ਪਰੰਪਰਾਵਾਂ ਨਾਲ ਤੁਲਨਾਤਮਕ ਅਧਿਐਨ ਕਰਕੇ ਇਸ ਸਬੰਧੀ ਅਸੀਂ ਹੋਰ ਵੀ ਸਾਰਥਿਕ ਸਿੱਟਿਆਂ ਦੀ ਪ੍ਰਾਪਤੀ ਕਰ ਸਕਦੇ ਹਾਂ। ਨਿਸ਼ਚੇ ਹੀ ਇਸ ਕਿਸਮ ਦਾ ਅਧਿਐਨ ਸਮੂਹ ਪੰਜਾਬੀਆਂ, ਭਾਰਤੀਆਂ ਅਤੇ ਵਿਸ਼ਵ ਦੇ ਅਧਿਐਨਕਾਰਾਂ ਲਈ ਗੌਰਵਸ਼ਾਲੀ ਹੋਵੇਗਾ।




Gurdwara Nanak Darbar Sahib
126 South Cherry Street, Olathe, KS- 66061
A Granthi Singh is needed
Expert in playing tabla · Expert in doing kirtan · Can read pure Path · Knows English.
From where received Education · From which place he learned Santhya and Kirtan
How many years of experience · If there is any video, it should be attached
(913) 256-9498
Submitted Copy
gnds@kcsikh.org
suchasingh60@gmail.com

# ਗੁਰਦੁਆਰਾ ਚੋਣਾਂ ਲਈ ਵੋਟਰਾਂ ਦੀ ਗਿਣਤੀ ਵਿੱਚ ਵੱਡਾ ਘਾਟਾ ਗੰਭੀਰ ਚਿੰਤਾ ਅਤੇ ਚਿੰਤਨ ਦਾ ਵਿਸ਼ਾ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਿਟਾਇਰਡ ਕਰਮਚਾਰੀਆਂ ਵੱਲੋਂ ਰਜਿਸਟਰ ਕਰਵਾਈ ਗਈ ਸੇਵਾ ਮੁਕਤ ਕਰਮਚਾਰੀ ਵੈਲਫੇਅਰ ਐਸੋਸੀਏਸ਼ਨ ਵੱਲੋ ਏਸੇ ਸਾਲ ਹੋਣ ਜਾ ਰਹੀਆਂ ਸੰਭਾਵਤ ਚੋਣਾਂ ਲਈ ਵੋਟਰ ਬਣਨ ਵਿੱਚ ਦਿਖਾਈ ਜਾ ਰਹੀ ਅਣਗਹਿਲੀ ਅਤੇ ਅਵੇਸਲੇਪਣ ਤੇ ਚਿੰਤਾ ਪ੍ਰਗਟਾਈ ਹੈ। ਐਸੋਸੀਏਸ਼ਨ ਦੇ ਪਧਾਨ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਜੋਗਿੰਦਰ ਸਿੰਘ ਅਦਲੀਵਾਲ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਗੁ



ਪ੍ਰ ਕਮੇਟੀ ਸਿੱਖ ਜਗਤ ਦੀ ਸਰਵਉਚ ਧਾਰਮਕ ਪ੍ਰਤੀਨਿੱਧ ਸੰਸਥਾ ਹੈ ਅਤੇ ਸਮੁੱਚੇ ਵਿਸ਼ਵ ਇਹ ਵਾਹਦ ਧਾਰਮਕ ਸੰਸਥਾ ਹੈ ਜੋ ਪੰਜ ਸਾਲ ਲਈ ਪਰਜਾਤੰਤਰਿਕ ਵਿਧੀ ਵਿਧਾਨ ਰਾਹੀਂ ਸਿੱਖ ਵੋਟਰਾਂ ਵੱਲੋ ਚੁਣੀ ਜਾਂਦੀ ਹੈ । ਇਹ ਅਧਿਕਾਰ ਸਾਡੇ ਪੁਰਖਿਆਂ ਵੱਲੋਂ ਅਥਾਹ ਤਸ਼ੱਦਦ, ਜੇਲ੍ਹਾਂ, ਕੁਰਕੀਆਂ ਅਤੇ ਸ਼ਹਾਦਤਾਂ ਦੀ ਕੀਮਤ ਤੇ ਪ੍ਰਾਪਤ ਕੀਤਾ ਗਿਆ ਹੈ।

ਸ ਅਦਲੀਵਾਲ ਨੇ ਕਿਹਾ ਹੈ ਕਿ ਇੱਕ ਪਾਸੇ ਤਾਂ ਸਮੇਂ ਦੀਆਂ ਸਰਕਾਰਾਂ ਇਸ ਸੰਸਥਾ ਦਾ ਪ੍ਰਤੀਨਿੱਧ ਸਰੂਪ ਖਤਮ ਕਰਨ ਲਈ ਸਮੇਂ ਸਿਰ ਚੋਣ ਕਰਵਉਣ ਤੋਂ ਪਾਸਾ ਵੱਟ ਰਹੀਆਂ ਹਨ ਤੇ ਦੂਜੇ ਪਾਸੇ ਸਿੱਖਾਂ ਅੰਦਰ ਵੀ ਇਸ ਮਹਾਨ ਸੰਸਥਾ ਦਾ ਪਰਜਾਤੰਤਰਿਕ ਸਰੂਪ ਕਾਇਮ ਰੱਖਣ ਵਿੱਚ ਦਿਲਚਸਪੀ ਘੱਟ ਰਹੀ ਲੱਗ ਰਹੀ ਹੈ।

ਉਹਨਾਂ ਕਿਹਾ ਕਿ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਅਕਤੂਬਰ ਮਹੀਨੇ ਦੇ ਆਖਰੀ ਹਫ਼ਤੇ ਗੁਰਦੁਆਰਾ ਚੋਣਾਂ ਲਈ ਬਤੌਰ ਵੋਟਰ ਰਜਿਸਟਰ ਹੋਣ ਲਈ 15 ਨਵੰਬਰ ਤੱਕ ਦਾ ਸਮਾਂ ਦਿੱਤਾ ਗਿਆ ਸੀ ਪਰ ਚਿੰਤਾਜਨਕ ਹੈ ਕਿ 10 ਨਵੰਬਰ ਤੀਕ ਕੇਵਲ 29% ਵੋਟਰਾਂ ਨੇ ਹੀ ਰਜਿਸਟ੍ਰੇਸ਼ਨ ਕਰਵਾਈ ਸੀ।

ਉਹਨਾਂ ਹੋਰ ਕਿਹਾ ਕਿ ਘੱਟ ਰਜਿਸਟ੍ਰੇਸ਼ਨ ਦੇ ਮੱਦੇ ਨਜਰ ਸਿੱਖ ਜਥੇਬੰਦੀਆਂ ਦੇ ਅਸਰਾਰ ਤੇ ਰਜਿਸਟ੍ਰੇਸ਼ਨ ਦੀ ਤਰੀਕ ਵਧਾ 29 ਫਰਵਰੀ, 2024 ਕੀਤੀ ਗਈ ਹੈ। ਪਰ ਅਜੇ ਵੀ ਜਿਨ੍ਹਾ ਸਿੱਖਾਂ ਵੱਲੋ ਰਜਿਸਟ ?ਰੇਸ਼ਨ ਫਾਰਮ ਨਹੀ ਭਰੇ ਗਏ ਉਹ ਸਮਝ ਰਹੇ ਹਨ ਕਿ ਅਜੇ 29 ਫਰਵਰੀ ਅਜੇ ਬਹੁਤ ਦੂਰ ਹੈ ।

ਸੇਵਾ ਮੁਕਤ ਕਰਮਚਾਰੀ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਜੋਗਿੰਦਰ ਸਿੰਘ ਅਦਲੀਵਾਲ, ਸ ਕੁਲਵੰਤ ਸਿੰਘ ਰੰਧਾਵਾ, ਸ ਰਘਬੀਰ ਸਿੰਘ ਰਾਜਾ ਸਾਂਸੀ, ਸ ਦਿਲਜੀਤ ਸਿੰਘ ਬੇਦੀ, ਸ ਬਲਵਿੰਦਰ ਸਿੰਘ ਜੋੜਾ ਸਿੰਘਾ, ਦਿਲਮੇਘ ਸਿੰਘ ਖੱਟੜਾ ਡਾ. ਰੂਪ ਸਿੰਘ ਵੱਲੋਂ ਵੱਲੋ ਸਮੁੱਚੇ ਸਿੱਖ ਜਗਤ ਨੂੰ ਅਪੀਲ ਕੀਤੀ ਗਈ ਹੈ ਕਿ ਆਪਣੇ ਪੁਰਖਿਆਂ ਅਥਾਹ ਘਲਣਾਵਾਂ ਅਤੇ ਕੁਰਬਾਨੀਆਂ ਨਾਲ ਸਿਰਜੀ ਇਹ ਮਹਾਨ ਧਾਰਮਕ ਸੰਸਥਾ ਦਾ ਪਰਜਾਤੰਤਰਿਕ ਸਰੂਪ ਬਚਾਈ ਰੱਖਣ ਲਈ ਸਾਰੇ ਕੰਮ ਛੱਡ ਕੇ ਆਪਣੀ ਵੋਟ ਬਣਾਓ ਤਾਂ ਜੋ ਸਮਾਂ ਅਉਣ ਤੇ ਪੰਥਕ ਰਹਿਣੀ- ਬਹਿਣੀ, ਕਥਨੀ-ਕਰਣੀ ਵਾਲੇ ਸੇਵਾਦਾਰਾਂ ਦੇ ਹੱਥਾਂ ਵਿੱਚ ਇਸ ਵੱਕਾਰੀ ਸੰਸਥਾ ਦਾ ਪ੍ਰਬੰਧ ਸੌਂਪਿਆ ਜਾ ਸਕੇ।

# ਈਰਾਨ ਦਾ ਵ.ਫ਼ਦ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਪੁੱਜਾ

## *ਵ.ਫ਼ਦ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਹਰਜਿੰਦਰ ਸਿੰਘ ਧਾਮੀ ਨਾਲ ਕੀਤੀ ਮੁਲਾਕਾਤ*



ਅੰਮ੍ਰਿਤਸਰ - ਈਰਾਨ ਤੋਂ ਇੱਕ ਵਫ਼ਦ ਨੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚ ਕੇ ਕੇਂਦਰੀ ਸਿੱਖ ਅਸਥਾਨ ਦੇ ਦਰਸ਼ਨ ਕੀਤੇ। ਇਸ ਵਫ਼ਦ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੁਲਾਕਾਤ ਵੀ ਕੀਤੀ।

ਈਰਾਨ ਤੋਂ ਆਏ ਇਸ ਵਫ਼ਦ ਵਿਚ ਅਲ-ਮੁਸਤਫ਼ਾ ਅੰਤਰਰਾਸ਼ਟਰੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਅਲੀ ਅੱਬਾਸੀ, ਯੂਨੀਵਰਸਿਟੀ ਦੇ ਭਾਰਤ ਵਿੱਚ ਮੁੱਖ ਪ੍ਰਤੀਨਿਧੀ ਡਾ. ਰਜ਼ਾ ਸ਼ੇਕਰੀ, ਡਾ. ਅੱਬਾਸੀ ਦੇ ਨਿਜੀ ਸਹਾਇਕ ਡਾ. ਮੁਰਤਜ਼ਾ ਸ਼ਾਨੀ, ਯੂਨਵਰਸਿਟੀ ਦੇ ਡਿਪਟੀ (ਅੰਤਰਰਾਸ਼ਟਰੀ) ਡਾ. ਅਥਰ ਜਾਫ਼ਰੀ, ਦਿੱਲੀ ਯੂਨੀਵਰਸਿਟੀ ਤੋਂ ਡਾ. ਅਲੀ ਅਕਬਰ ਸ਼ਾਹ, ਸ਼ਾਮਲ ਸਨ। ਇਸ ਮੌਕੇ ਸ਼ ?ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ ਓਐਸਡੀ ਸਤਬੀਰ ਸਿੰਘ ਧਾਮੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪੰਜਾਬੀ ਭਾਸ਼ਾ ਪ੍ਰਚਾਰ ਕਮੇਟੀ ਦੇ ਕਨਵੀਨਰ ਰਜਿੰਦਰ ਸਿੰਘ ਵਿਰਾਸਤ ਵੀ ਮੌਜੂਦ ਰਹੇ। ਈਰਾਨ ਦੇ ਵਫ਼ਦ ਨੇ ਸਿੱਖ ਆਗੂਆਂ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਨੂੰ ਈਰਾਨ ਆ ਕੇ ਉਥੇ ਮੌਜੂਦ ਸਿੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਸੱਦਾ ਦਿੱਤਾ। ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਫ਼ਦ ਮੈਂਬਰਾਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਲੋਈ ਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨ ਦਿੱਤਾ ਗਿਆ।

# 'ਭਰਦਾਨ' ਦੀ ਯਾਤਰਾ ਉਤੇ ਗੜ੍ਹੇਮਾਰੀ ?



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਇਹ ਹੁਣੇ ਹੁਣੇ ਲੰਘਿਆ ਪਹਿਲੀ ਫਰਵਰੀ ਦਾ ਦਿਨ ਸੀ। ਨਵਾਂ ਸ਼ਹਿਰ ਜਿਲ੍ਹੇ ਦੇ ਸਾਡੇ ਪਿੰਡ ਵਿੱਚ ਸੁਵਖਤੇ ਹੀ ਮੀਂਹ ਪੈਣ ਲੱਗ ਪਿਆ ਤੇ ਨਾਲ ਹੀ ਗੜ੍ਹੇ ਪੈਣੇ ਸ਼ੁਰੂ ਹੋ ਗਏ! ਮੈਂ ਆਪਣੇਇਲਾਕੇ ਦੀ ਗੜ੍ਹੇ ਮਾਰੀ ਦੇਖ ਕੇ ਮਾਝੇ ਮਾਲਵੇ ਦੇ ਕਈ ਦੋਸਤਾਂ ਤੋਂ ਉਨ੍ਹਾਂ ਦੇ ਇਲਾਕਿਆਂ ਦੇ ਮੌਸਮ ਬਾਰੇ ਪਤਾ ਕੀਤਾ। ਪਤਾ ਲੱਗਿਆ ਕਿ ਅੱਜ ਤਕਰੀਬਨ ਸਾਰੇ ਪੰਜਾਬ ਵਿੱਚ ਹੀ ਗੜ੍ਹੇ ਪਏ ਹਨ।

ਅੰਦਰ ਬਹਿ ਕੇ ਜਦ ਮੈਂ ਖਬਰਾਂ ਪੜ੍ਹੀਆਂ ਸੁਣੀਆਂ ਤਾਂ ਪਤਾ ਲੱਗਾ ਕਿ ਅੱਜ ਬਾਦਲ ਦਲ ਵਾਲੇ ਆਪਣੇ 'ਭਰਦਾਨ' ਦੀ ਅਗਵਾਈ ਹੇਠ (ਮੈਥੋਂ)'ਪੰਜਾਬ ਬਚਾਉ' ਯਾਤਰਾ ਸ਼ੁਰੂ ਕਰ ਰਹੇ ਹਨ!

ਮੈਨੂੰ ਹਿੰਦੀ ਦਾ ਇਹ ਅਖਾਣ ਚੇਤੇ ਆ ਗਿਆ- 'ਸਿਰ ਮੁੰਡਾਤੇ ਕੋ ਓਹਲੇ ਪੜੇ !' (ਓਹਲੇ ਮਤਲਬ ਗੜ੍ਹੇ) ਚਲੋ ਜੀ ਫਿਰ ਮੈਂ ਪੜ੍ਹਨ ਵਾਸਤੇ ਆਪਣੀ ਅਲਮਾਰੀ 'ਚੋਂ ਕੋਈ ਕਿਤਾਬ ਕੱਢੀ। ਕਿਤਾਬ ਹੱਥ ਆ ਗਈ ਚਾਚੇ ਚੰਡੀਗੜ੍ਹੀਏ ਦੀ, ਜਿਸਦਾ 'ਸਰਵਰਕ' ਐ 'ਮੈਨੂੰ ਮੈਥੋਂ ਬਚਾਉ'! ਇਹ ਦੇਖਕੇ ਮੈਨੂੰ ਇਹ ਇਬਾਰਤ ਲਿਖਣ ਦਾ ਫੁਰਨਾ ਫੁਰਿਆ! ਰਾਮ ਸਰੂਪ ਅਣਖੀ ਜੀ ਦੇ ਇਲਾਕੇ ਵਾਲੇ ਇੱਕ ਪੱਤਰਕਾਰ ਮਿੱਤਰ ਤੋਂ ਇਸ ਸਰਵਰਕ ਉੱਤੇ ਮਨਚਾਹੀ 'ਕਲਾਕਾਰੀ' ਕਰਵਾਈ!

ਮੈਨੂੰ ਲਗਦਾ ਹੈ ਕਿ ਪੰਜਾਬ ਦੀ ਸਿਆਸਤ ਬਾਰੇ ਆਮ ਜਿਹੀ ਜਾਣਕਾਰੀ ਰੱਖਣ ਵਾਲ? ਸੱਜਣ ਵੀ ਚਾਚੇ ਚੰਡੀਗੜ੍ਹੀਏ ਦੀ ਕਿਤਾਬ ਦੇ ਸਰਵਰਕ ਨਾਲ 'ਧੰਨਵਾਦ ਸਹਿਤ' ਕੀਤੀ ਗਈ ਛੇੜ-ਛਾੜ ਨੂੰ ਪਸੰਦ ਕਰਨਗੇ ਅਤੇ ਮੇਰੀ ਇਸ ਲਿਖਤ ਨਾਲ? ਵੀ ਸਹਿਮਤ ਜਰੂਰ ਹੋਣਗੇ!







# 'ਲੋਕਤੰਤਰ ਦੀ ਹੱਤਿਆ' ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ : ਸੁਪਰੀਮ ਕੋਰਟ

## *ਚੰਡੀਗੜ੍ਹ ਮੇਅਰ ਚੋਣ ਵਿਵਾਦ ਬਾਰੇ ਰਿਟਰਨਿੰਗ ਅਧਿਕਾਰੀ ਦੀ ਝਾੜ-ਝੰਬ*

ਨਵੀਂ ਦਿੱਲੀ : ਚੰਡੀਗੜ੍ਹ ਮੇਅਰ ਚੋਣ ਵਿਵਾਦ ਨੂੰ ਲੈ ਕੇ ਸੁਪਰੀਮ ਕੋਰਟ ਨੇ ਸਖ਼ਤ ਟਿੱਪਣੀ ਕਰਦੇ ਹੋਏ ਕਿਹਾ ਹੈ ਕਿ 'ਲੋਕਤੰਤਰ ਦੀ ਹੱਤਿਆ' ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਸਰਬ-ਉੱਚ ਅਦਾਲਤ ਨੇ ਚੰਡੀਗੜ੍ਹ ਮੇਅਰ ਚੋਣਾਂ ਕਰਵਾਉਣ ਵਾਲੇ ਰਿਟਰਨਿੰਗ ਅਫ਼ਸਰ ਨੂੰ ਫਿਟਕਾਰ ਲਗਾਉਂਦੇ ਹੋਏ ਕਿਹਾ ਹੈ ਕਿ ਇਹ ਸਪੱਸ਼ਟ ਹੈ ਕਿ ਰਿਟਰਨਿੰਗ ਅਫ਼ਸਰ ਨੇ ਬੈਲਟ ਪੇਪਰਾਂ 'ਚ ਗੜਬੜੀ ਕੀਤੀ ਹੈ। ਚੀਫ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ 'ਚ ਤਿੰਨ ਜੱਜਾਂ ਨੇ ਮਾਮਲੇ ਦੀ ਸੁਣਵਾਈ ਕੀਤੀ। ਚੀਫ ਜਸਟਿਸ ਨੇ ਪ੍ਰੀਜ਼ਾਈਡਿੰਗ ਅਫਸਰ ਦਾ ਉਹ ਵੀਡੀਓ ਵੀ ਵੇਖਿਆ, ਜਿਸ 'ਚ ਉਹ ਵੋਟਾਂ ਨੂੰ ਕਥਿਤ ਤੌਰ 'ਤੇ ਰੱਦ ਕਰ ਰਹੇ ਹਨ। ਚੀਫ ਜਸਟਿਸ ਨੇ ਚੋਣ ਦਾ ਪੂਰਾ ਵੀਡੀਓ ਪੇਸ਼ ਕਰਨ ਲਈ ਕਿਹਾ ਹੈ ਤੇ ਨੋਟਿਸ ਵੀ ਜਾਰੀ ਕੀਤਾ ਹੈ। ਅਦਾਲਤ ਨੇ ਕਿਹਾ ਹੈ ਕਿ ਕੀ ਇਹ ਰਿਟਰਨਿੰਗ ਅਫ਼ਸਰ ਦਾ ਵਿਵਹਾਰ ਹੈ? ਇਸ ਵਿਅਕਤੀ 'ਤੇ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਅਦਾਲਤ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਰਾਹੀਂ ਬੈਲਟ ਬਾਕਸ, ਵੀਡੀਓਗ੍ਰਾਫੀ



ਤੇ ਹੋਰ ਸਮੱਗਰੀ ਸਹਿਤ ਚੋਣ ਪ੍ਰਕਿਰਿਆ ਦਾ ਪੂਰਾ ਰਿਕਾਰਡ ਮੰਗਿਆ ਹੈ। ਚੀਫ ਜਸਟਿਸ ਡੀ.ਵਾਈ. ਚੰਦਰਚੂੜ ਨੇ ਕਿਹਾ ਕਿ ਇਹ ਲੋਕਤੰਤਰ ਦਾ ਮਜਾਕ ਹੈ, ਜੋ ਕੁਝ ਹੋਇਆ ਉਹ ਹੈਰਾਨ ਕਰਨ ਵਾਲਾ ਹੈ। ਅਸੀਂ ਇਸ ਤਰ੍ਹਾਂ ਲੋਕਤੰਤਰ ਦੀ ਹੱਤਿਆ ਨਹੀਂ ਹੋਣ ਦੇਵਾਂਗੇ। ਅਦਾਲਤ ਇਸ ਮਾਮਲੇ ਦੀ ਅਗਲੀ ਸੁਣਵਾਈ 12 ਫਰਵਰੀ ਨੂੰ ਕਰੇਗੀ। ਸੁਪਰੀਮ ਕੋਰਟ ਨੇ 7 ਫਰਵਰੀ ਨੂੰ ਹੋਣ ਵਾਲੀ ਚੰਡੀਗੜ੍ਹ ਨਗਰ ਨਿਗਮ ਦੀ ਪਹਿਲੀ ਬੈਠਕ ਨੂੰ ਵੀ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਸੁਪਰੀਮ ਕੋਰਟ 'ਆਪ' ਕੌਂਸਲਰ ਕੁਲਦੀਪ ਸਿੰਘ ਵਲੋਂ ਪੰਜਾਬ ਤੇ ਹਰਿਆਣਾ ਦੇ ਆਦੇਸ਼ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਹੈ। ਹਾਈ ਕੋਰਟ ਨੇ ਚੰਡੀਗੜ੍ਹ 'ਚ ਨਵੇਂ ਮੇਅਰ ਦੀ ਚੋਣ ਦੀ ਮੰਗ ਕਰਨ ਵਾਲੀ ਪਾਰਟੀ ਨੂੰ ਅੰਤਰਿਮ ਰਾਹਤ ਦੇਣ ਤੋ ਇਨਕਾਰ ਕਰ ਦਿੱਤਾ ਸੀ।

# ਗੈਂਗਸਟਰ ਗੋਲਡੀ ਬਰਾੜ ਦੇ ਕਹਿਣ 'ਤੇ ਚਲਾਈ ਸੀ ਬਿਜ਼ਨੈਸਮੈਨ ਦੀ ਕੋਠੀ 'ਤੇ ਗੋਲੀ

ਚੰਡੀਗੜ੍ਹ : ਦੋ ਕਰੋੜ ਦੀ ਰੰਗਦਾਰੀ ਨਾ ਦੇਣ 'ਤੇ ਵਿਦੇਸ਼ ਬੈਠੇ ਗੈਗਸਟਰ ਗੋਲਡੀ ਬਰਾੜ ਨੇ ਬਿਜ਼ਨੈੱਸਮੈਨ ਕੁਲਦੀਪ ਦੀ ਸੈਕਟਰ-5 ਸਥਿਤ ਕੋਠੀ 'ਤੇ ਫਾਈਰਿੰਗ ਕਰਵਾਈ ਸੀ। ਚੰਡੀਗੜ੍ਹ ਪੁਲਸ ਨੇ ਗੋਰਖਪੁਰ ਤੋਂ ਫੜੇ ਗਏ ਗੁਰਗੇ ਬਨੂੜ ਕਾਲੋਨੀ ਨਿਵਾਸੀ ਅੰਮ੍ਰਿਤਪਾਲ ਸਿੰਘ ਉਰਫ ਗੁੱਜਰ, ਬਨੂੜ ਅਬਰਾਵਾਂ 'ਚ ਦੇਵੀਨਗਰ ਨਿਵਾਸੀ ਕਮਲਪ੍ਰੀਤ ਸਿੰਘ ਅਤੇ ਡੇਰਾਬਸੀ ਨਿਵਾਸੀ ਪ੍ਰੇਮ ਸਿੰਘ ਨੂੰ ਚੰਡੀਗੜ੍ਹ ਲਿਆ ਕੇ ਜ਼ਿਲ੍ਹਾ ਅਦਾਲਤ 'ਚ ਪੇਸ਼ ਕੀਤਾ। ਅਦਾਲਤ ਨੇ ਤਿੰਨਾਂ ਮੁਲਜ਼ਮਾਂ ਨੂੰ ਦੋ ਦਿਨ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ। ਉਥੇ ਹੀ ਪੁਲਸ ਮਾਮਲੇ 'ਚ ਹਥਿਆਰ ਅਤੇ ਲੁਕਣ ਦੀ ਜਗ ?ਹਾ ਮੁਹੱਈਆ ਕਰਵਾਉਣ ਵਾਲੇ ਕਾਸ਼ੀ ਉਰਫ ਸ਼ੁਭਮ ਗਿੱਲ ਤੋਂ ਸਾਮਾਨ ਰਿਕਵਰ ਕਰਨ 'ਚ ਲੱਗੀ ਹੋਈ ਹੈ। ਐੱਸ. ਐੱਸ. ਪੀ. ਕੰਵਰਦੀਪ ਕੌਰ ਨੇ ਦੱਸਿਆ ਕਿ ਸੈਕਟਰ-5 ਨਿਵਾਸੀ ਬਿਜ਼ਨੈੱਸਮੈਨ ਦੀ ਕੋਠੀ 'ਤੇ ਫਾਈਰਿੰਗ ਮਾਮਲੇ 'ਚ ਗੈਂਗਸਟਰ ਗੋਲਡੀ ਬਰਾੜ ਦੇ ਗੁਰਗੇ ਨੂੰ ਫੜ੍ਹਨ ਲਈ ਸੈਕਟਰ-3 ਥਾਣਾ ਪੁਲਸ, ਆਪ੍ਰੇਸ਼ਨ ਸੈੱਲ ਇੰਚਾਰਜ ਸ਼ੇਰ ਸਿੰਘ ਅਤੇ ਡਿਸਟ੍ਰਿਕ ਕ੍ਰਾਈਮ ਸੈੱਲ ਦੀ ਟੀਮ ਬਣਾਈ ਸੀ। ਪੁਲਸ ਨੇ ਮਾਮਲੇ ਦੀ ਜਾਂਚ ਕਰਦੇ ਹੋਏ ਕਾਸ਼ੀ ਸਿੰਘ ਉਰਫ ਹੈਰੀ ਅਤੇ ਗੁਰਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ। ਪੁਲਸ ਨੇ ਗੁਰਵਿੰਦਰ ਸਿੰਘ ਦੀ ਨਿਸ਼ਾਨਦੇਹੀ 'ਤੇ 28



ਜਨਵਰੀ ਨੂੰ ਰਾਜਪੁਰਾ ਨਿਵਾਸੀ ਕਾਸ਼ੀ ਸਿੰਘ ਉਰਫ ਹੈਰੀ ਨੂੰ ਫੜਿਆ ਸੀ। ਮੁਲਜ਼ਮਾਂ ਨੇ ਗੋਲੀ ਚਲਾਉਣ ਵਾਲੇ ਅੰਮ੍ਰਿਤਪਾਲ ਸਿੰਘ ਅਤੇ ਕਮਲਪ੍ਰੀਤ ਸਿੰਘ ਨੂੰ ਬਨੂੜ 'ਚ ਰਹਿਣ ਲਈ ਜਗ ?ਹਾ ਦਿੱਤੀ ਸੀ। ਇਸ ਤੋਂ ਬਾਅਦ ਪੁਲਸ ਨੇ ਬਨੂੜ ਨਿਵਾਸੀ ਸ਼ੁਭਮ ਕੁਮਾਰ ਉਰਫ਼ ਗਿਰੀ ਨੂੰ ਫੜਿਆ ਸੀ। ਉਸਨੇ ਦੱਸਿਆ ਸੀ ਕਿ ਮੁਲਜ਼ਮ ਅੰਮ੍ਰਿਤਪਾਲ ਅਤੇ ਕਮਲਪ੍ਰੀਤ ਸਿੰਘ ਵਲੋਂ ਫਾਈਰਿੰਗ ਤੋਂ ਬਾਅਦ ਉਸਨੇ ਪਿਸਤੌਲ ਆਪਣੇ ਕੋਲ ਰੱਖਿਆ ਸੀ। 4 ਫਰਵਰੀ ਨੂੰ ਸੂਚਨਾ ਮਿਲੀ ਸੀ ਕਿ ਅੰਮ੍ਰਿਤਪਾਲ ਸਿੰਘ ਅਤੇ ਕਮਲਪ੍ਰੀਤ ਸਿੰਘ ਆਪਣੇ ਤੀਸਰੇ ਸਾਥੀ ਨਾਲ ਬਿਹਾਰ 'ਚ ਲੁਕੇ ਹੋਏ ਹਨ। ਚੰਡੀਗੜ੍ਹ ਪੁਲਸ ਦੇ ਆਪ੍ਰੇਸ਼ਨ ਸੈੱਲ, ਜ਼ਿਲ੍ਹਾ ਕ੍ਰਾਈਮ ਸੈੱਲ ਅਤੇ ਪੰਜਾਬ ਪੁਲਸ ਦੀ ਐਂਟੀ ਗੈਂਗਸਟਰ ਟਾਸਕ ਫਾਰਸ ਨੇ ਜੁਆਇੰਟ ਆਪ੍ਰੇਸ਼ਨ ਕਰ ਕੇ ਬਨੂੜ ਕਾਲੋਨੀ ਨਿਵਾਸੀ ਅੰਮ੍ਰਿਤਪਾਲ ਸਿੰਘ ਉਰਫ਼ ਗੁੱਜਰ, ਬਨੂੜ ਦੇ ਅਬਰਾਵਾਂ ਵਿਚ ਦੇਵੀਨਗਰ ਨਿਵਾਸੀ ਕਮਲਪ੍ਰੀਤ ਸਿੰਘ ਅਤੇ ਡੇਰਾਬਸੀ ਨਿਵਾਸੀ ਪ੍ਰੇਮ ਸਿੰਘ ਨੂੰ ਗੋਰਖਪੁਰ ਦੇ ਰੇਲਵੇ ਸਟੇਸ਼ਨ ਕੋਲੋਂ ਗ੍ਰਿਫ਼ਤਾਰ ਕੀਤਾ ਸੀ।

**ਨੇਪਾਲ ਭੱਜਣ ਦੀ ਫਿਰਾਕ 'ਚ ਸਨ ਗੁਰਗੇ**

ਪੁੱਛਗਿੱਛ ਤੋਂ ਸਾਹਮਣੇ ਆਇਆ ਕਿ ਕੋਠੀ 'ਚ ਫਾਈਰਿੰਗ ਕਰਨ ਵਾਲੇ ਗੁਰਗੇ ਪੁਲਸ ਤੋਂ ਬਚਣ ਲਈ ਨੇਪਾਲ ਭੱਜਣ ਦੀ ਫਿਰਾਕ 'ਚ ਸਨ। ਨੇਪਾਲ ਤਕ ਪਹੁੰਚਣ ਦਾ ਸਾਰਾ ਇੰਤਜ਼ਾਮ ਗੋਲਡੀ ਬਰਾੜ ਕਰ ਰਿਹਾ ਸੀ। ਜਾਂਚ 'ਚ ਸਾਹਮਣੇ ਆਇਆ ਕਿ ਪ੍ਰੇਮਪਾਲ ਹੀ ਅੰਮ੍ਰਿਤਪਾਲ ਸਿੰਘ ਅਤੇ ਕਮਲਪ੍ਰੀਤ ਸਿੰਘ ਨੂੰ ਚੰਡੀਗੜ੍ਹ ਤੋਂ ਬਿਹਾਰ ਤਕ ਲੈ ਕੇ ਗਿਆ ਸੀ। ਮੁਲਜ਼ਮ ਬਿਹਾਰ ਤੋਂ ਸਿੱਧਾ ਨੇਪਾਲ ਜਾਣ ਦੀ ਫਿਰਾਕ 'ਚ ਸਨ।

# ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਅਹੁਦੇ ਤੋਂ ਅਸਤੀਫ਼ਾ

## ਰਾਜ ਸਰਕਾਰ ਨਾਲ ਕੁੜੱਤਣ ਭਰੇ ਸਬੰਧਾਂ ਕਾਰਨ ਚਰਚਾ ਵਿੱਚ ਰਹੇ

ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਅੱਜ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਭੇਜੇ ਚਾਰ ਸਤਰਾਂ ਦੇ ਪੱਤਰ ਵਿੱਚ ਸ੍ਰੀ ਪੁਰੋਹਿਤ ਨੇ ਅਸਤੀਫ਼ੇ ਲਈ ਕੁੱਝ ਮਜਬੂਰੀਆਂ ਅਤੇ ਨਿੱਜੀ ਕਾਰਨਾਂ ਦਾ ਹਵਾਲਾ ਦਿੱਤਾ ਹੈ। ਰਾਜਪਾਲ ਦੇ ਅਚਨਚੇਤ ਅਸਤੀਫ਼ੇ ਕਾਰਨ ਅਫ਼ਵਾਹਾਂ ਦਾ ਬਾਜ਼ਾਰ ਗਰਮ ਹੈ। ਉਹ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ ਸਨ ਤੇ ਉਨ੍ਹਾਂ ਦੋਵਾਂ ਅਹੁਦਿਆਂ ਤੋਂ ਅਸਤੀਫ਼ਾ ਦਿੱਤਾ ਹੈ। ਬਨਵਾਰੀ ਲਾਲ ਪੁਰੋਹਿਤ ਨੇ ਪਹਿਲੀ ਸਤੰਬਰ 2021 ਨੂੰ ਅਹੁਦਾ ਸੰਭਾਲਿਆ ਸੀ। ਉਹ ਤਾਮਿਲਨਾਡੂ ਅਤੇ ਅਸਾਮ ਦੇ ਰਾਜਪਾਲ ਵੀ ਰਹਿ ਚੁੱਕੇ ਹਨ। ਮਹਾਰਾਸ਼ਟਰ ਸੂਬੇ ਨਾਲ ਸਬੰਧਤ ਸ੍ਰੀ ਪੁਰੋਹਿਤ ਨਾਗਪੁਰ ਸੰਸਦੀ ਹਲਕੇ ਤੋਂ ਤਿੰਨ ਵਾਰੀ ਸੰਸਦ ਮੈਂਬਰ ਰਹਿ ਚੁੱਕੇ ਹਨ। ਉਹ ਇੱਕ ਵਾਰੀ ਕਾਂਗਰਸ ਅਤੇ ਦੋ ਵਾਰੀ ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਰਹੇ। ਪੰਜਾਬ ਦੇ ਮਾਮਲੇ ਵਿੱਚ ਅਹੁਦਾ ਛੱਡ ਰਹੇ ਰਾਜਪਾਲ ਦਾ ਸੇਵਾ ਕਾਲ ਅਕਸਰ ਚਰਚਾ ਵਿੱਚ ਰਿਹਾ ਹੈ। ਉਨ੍ਹਾਂ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਲਗਾਤਾਰ ਪੱਤਰ ਭੇਜ ਕੇ ਠਿੱਠ ਹੀ ਨਹੀਂ ਕੀਤਾ ਸਗੋਂ ਕਈ ਮਾਮਲਿਆਂ 'ਤੇ ਸਪੱਸ਼ਟੀਕਰਨ ਅਤੇ ਸਵਾਲਾਂ ਦੇ ਜਵਾਬ ਵੀ ਮੰਗੇ। ਇਸ ਕਰਕੇ



ਰਾਜ ਭਵਨ ਅਤੇ ਸਰਕਾਰ ਦਰਮਿਆਨ ਕੁੜੱਤਣ ਭਰੇ ਸਬੰਧ ਬਣੇ ਰਹੇ। ਰਾਜਪਾਲ ਨੇ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਕਈ ਬਿੱਲਾਂ ਨੂੰ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ ਸੀ। ਇਸ ਕਰਕੇ ਰਾਜ ਭਵਨ ਤੇ ਸਰਕਾਰ ਦਰਮਿਆਨ ਚੱਲ ਰਹੀ ਖਿੱਚੋਤਾਣ ਦਾ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚ ਗਿਆ ਸੀ। ਇਸ ਸਮੇਂ ਦੌਰਾਨ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਰਾਜਪਾਲ ਨੂੰ ਪੱਤਰਾਂ ਦੇ ਹੀ ਜਵਾਬ ਨਹੀਂ ਸਨ ਦਿੱਤੇ ਸਗੋਂ ਸਖਤ ਟਿੱਪਣੀਆਂ ਵੀ ਕੀਤੀਆਂ ਸਨ। ਪੁਰੋਹਿਤ ਨੇ ਸੂਬੇ ਦੇ ਸਰਹੱਦੀ ਜ਼ਿਲ੍ਹਿਆਂ ਦਾ ਕਈ ਵਾਰੀ ਦੌਰਾ ਕਰਕੇ ਨਾਜਾਇਜ਼ ਖਣਨ ਅਤੇ ਨਸ਼ਿਆਂ ਦੀ ਤਸਕਰੀ ਵਰਗੇ ਮਾਮਲਿਆਂ 'ਤੇ ਵੀ ਖੁੱਲ੍ਹੀ ਬਿਆਨਬਾਜ਼ੀ ਕਰਨ ਤੋਂ ਗੁਰੇਜ਼ ਨਹੀਂ ਸੀ ਕੀਤਾ। ਮਹੱਤਵਪੂਰਨ ਤੱਥ ਇਹ ਹੈ ਕਿ ਪਿਛਲੇ ਕਈ ਮਹੀਨਿਆਂ ਤੋਂ ਸਰਕਾਰ ਖਾਸ ਕਰ ਮੁੱਖ ਮੰਤਰੀ ਤੇ ਰਾਜਪਾਲ ਦੀ ਇੱਕ ਦੂਜੇ ਪ੍ਰਤੀ ਸੁਰ ਬਦਲੀ ਹੋਈ ਸੀ।

# ਕੁਦਰਤੀ ਜਲ ਸਰੋਤਾਂ ਨੂੰ ਬਚਾਉਣ ਦੀ ਲੋੜ: ਸੰਤ ਸੀਚੇਵਾਲ

ਜਲੰਧਰ : ਨਿਰਮਲ ਕੁਟੀਆ ਸੀਚੇਵਾਲ ਵਿਖੇ ਅੱਜ ਵਿਸ਼ਵ ਜਲਗਾਹ ਦਿਵਸ ਮਨਾਇਆ ਗਿਆ ਤਾਂ ਜੋ ਪਾਣੀਆਂ ਦੇ ਕੁਦਰਤੀ ਸਰੋਤਾਂ ਦੀ ਸੰਭਾਲ ਹੋ ਸਕੇ। ਇਸ ਸਮਾਗਮ ਦੌਰਾਨ ਹੀ ਇਲਾਕੇ ਭਰ ਦੀਆਂ ਸੰਗਤਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਜਨਮ ਦਿਨ ਮੌਕੇ ਉਨ੍ਹਾਂ ਦੀ ਲੰਮੀ ਉਮਰ ਤੇ ਸਿਹਤਯਾਬੀ ਲਈ ਅਰਦਾਸ ਕੀਤੀ। ਸੰਤ ਸੀਚੇਵਾਲ ਪੰਜਾਬ ਦੀਆਂ ਜਲਗਾਹਾਂ ਦਾ ਜ਼ਿਕਰ ਕਰਦਿਆ ਕਿਹਾ ਕਿ ਹਰੀਕੇ ਪੱਤਣ, ਕਾਂਜਲੀ ਰੋਪੜ ਦੀਆਂ ਝੀਲਾਂ ਕੌਮਾਂਤਰੀ ਪੱਧਰ ਦੀਆਂ ਪਛਾਣ ਰੱਖਦੀਆਂ ਹਨ ਪਰ ਇਨ੍ਹਾਂ ਜਲਗਾਹਾਂ ਦੇ ਵੱਡੇ ਹਿੱਸੇ 'ਤੇ ਨਾਜਾਇਜ਼ ਕਬਜ਼ੇ ਹੋ ਚੁੱਕੇ ਹਨ ਜੋ ਚਿੰਤਾ ਦਾ ਵਿਸ਼ਾ ਹਨ। ਉਨ੍ਹਾਂ ਕਿਹਾ ਕਿ ਪਾਣੀਆਂ ਦੇ ਪੱਖ ਤੋਂ ਪੰਜਾਬ ਬੜੇ ਗੰਭੀਰ



ਸੰਕਟ ਵਿੱਚੋਂ ਲੰਘ ਰਿਹਾ ਹੈ ਤੇ ਅਜਿਹੇ ਸਮੇਂ ਦੌਰਾਨ ਇਨ੍ਹਾਂ ਪਾਣੀਆਂ ਦੇ ਕੁਦਰਤੀ ਜਲਸਰੋਤਾਂ ਨੂੰ ਬਚਾਉਣ ਦੀ ਸਖਤ ਲੋੜ ਹੈ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਵੱਲੋਂ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਉਨ੍ਹਾਂ ਦੇ ਜਨਮ ਦਿਨ ਮੌਕੇ ਵਧਾਈਆਂ ਦਿੱਤੀਆਂ ਗਈਆਂ। ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਚੇਵਾਲ ਦੇ ਜਨਮ ਦਿਨ ਮੌਕੇ ਜਿੱਥੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਆਗੂਆਂ ਨੇ ਵਧਾਈਆਂ ਦਿੱਤੀਆਂ। ਰਾਸ਼ਟਰਪਤੀ ਦਰੋਪਦੀ ਮੁਰਮੂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚਿੱਠੀ ਰਾਹੀਂ ਜਨਮ ਦਿਨ ਦੀਆਂ ਵਧਾਈਆਂ ਭੇਜੀਆਂ।

# ਸਰਕਾਰ ਵੱਲੋਂ ਸਿੱਖ ਭਾਵਨਾਵਾਂ ਨੂੰ ਵਾਰ-ਵਾਰ ਸੱਟ ਮਾਰਨਾ ਦੁਖਦਾਈ: ਧਾਮੀ

ਅੰਮ੍ਰਿਤਸਰ : ਭਗਵੰਤ ਮਾਨ ਸਰਕਾਰ ਵੱਲੋਂ ਵਾਰ-ਵਾਰ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਦੀ ਕਾਰਵਾਈ ਦੁੱਖਦਾਈ ਹੈ ਜਿਸ ਨਾਲ ਪੂਰੇ ਸਿੱਖ ਜਗਤ ਅੰਦਰ ਭਾਰੀ ਰੋਸ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅੱਜ ਇੱਥੇ ਕੀਤਾ। ਉਨ੍ਹਾਂ ਕਿਹਾ ਕਿ ਮਾਨਸਾ ਜ਼ਿਲ੍ਹੇ ਦੇ ਕਸਬਾ ਬੋਹਾ ਸਥਿਤ ਗੁਰਦੁਆਰੇ ਵਿੱਚ ਪੁਲੀਸ ਵੱਲੋਂ ਰਾਤ ਵੇਲੇ ਜਬਰੀ ਦਾਖਲ ਹੋ ਕੇ ਸੇਵਾਦਾਰਾਂ ਦੀ ਕੁੱਟਮਾਰ ਕਰਨੀ ਸਰਾਸਰ ਗੁਰਦੁਆਰੇ ਦੀ ਮਰਿਆਦਾ ਦੀ ਉਲੰਘਣਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਜਿਸ ਤਰ੍ਹਾਂ ਸਿੱਖ ਭਾਵਨਾਵਾਂ ਅਤੇ ਗੁਰਮਰਿਆਦਾ ਵਿਰੁੱਧ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਇਸ ਨਾਲ ਆਮ ਆਦਮੀ ਪਾਰਟੀ ਦਾ ਸਿੱਖ ਵਿਰੋਧੀ ਚਿਹਰਾ ਲੋਕਾਂ ਸਾਹਮਣੇ ਆ ਗਿਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਗੁਰਦੁਆਰਾ ਅਕਾਲ ਬੁੰਗਾ ਸਾਹਿਬ, ਸੁਲਤਾਨਪੁਰ ਲੋਧੀ ਵਿੱਚ ਪੰਜਾਬ ਪੁਲੀਸ ਵੱਲੋਂ ਕੀਤੀ ਗਈ ਗੋਲੀਬਾਰੀ ਦੀ ਕਾਰਵਾਈ ਨੇ ਸੰਗਤ ਦੇ ਮਨਾਂ ਨੂੰ ਭਾਰੀ ਠੇਸ ਪਹੁੰਚਾਈ ਤੇ ਹੁਣ ਮਾਨਸਾ 'ਚ ਗੁਰਦੁਆਰੇ ਦੀ ਮਰਿਆਦਾ ਤੇ ਪਵਿੱਤਰਤਾ ਨੂੰ ਦਰਕਿਨਾਰ ਕਰ ਕੇ ਪੁਲੀਸ ਵੱਲੋਂ ਸਿੱਖ ਭਾਵਨਾਵਾਂ ਤਾਰ-ਤਾਰ ਕੀਤੀਆਂ ਗਈਆਂ ਹਨ।



ਸ੍ਰੀ ਧਾਮੀ ਨੇ ਕਿਹਾ ਕਿ ਮਾਨਸਾ ਘਟਨਾ ਦੀ ਸੀਸੀਟੀਵੀ ਫੁਟੇਜ ਵਿੱਚ ਬਿਲਕੁਲ ਸਪੱਸ਼ਟ ਨਜ਼ਰ ਆ ਰਿਹਾ ਹੈ ਕਿ ਕਿਵੇਂ ਪੁਲੀਸ ਦੇ ਕੁੱਝ ਕਰਮਚਾਰੀ ਕੰਧ ਟੱਪ ਕੇ ਗੁਰਦੁਆਰੇ ਅੰਦਰ ਦਾਖਲ ਹੁੰਦੇ ਹਨ ਤੇ ਸੇਵਾਦਾਰਾਂ ਨੂੰ ਕੁੱਟਣਾ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਇਸ ਮੰਦਭਾਗੀ ਘਟਨਾ ਦੀ ਗੰਭੀਰਤਾ ਨਾਲ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਪਰਚਾ ਦਰਜ ਕਰਕੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

# ਗੀਤਕਾਰ ਗਿੱਲ ਰੌਂਤਾ ਵਿਆਹ ਦੇ ਬੰਧਨ 'ਚ ਬੱਝੇ, ਰਿਸੈਪਸ਼ਨ 'ਚ ਨਾਮੀ ਕਲਾਕਾਰਾਂ ਨੇ ਕੀਤੀ ਸ਼ਿਰਕਤ

ਚੰਡੀਗੜ੍ਹ, (ਹਰਜਿੰਦਰ ਸਿੰਘ ਜਵੰਦਾ)- ਪੰਜਾਬੀ ਸੰਗੀਤਕ ਖੇਤਰ 'ਚ ਦਰਜਨਾਂ ਹੀ ਸੁਪਰ ਹਿੱਟ ਗੀਤਾਂ ਦੇ ਰਚੇਤਾ ਮਸ਼ਹੂਰ ਗੀਤਕਾਰ ਅਤੇ ਫਿਲਮੀ ਲੇਖਕ ਗੁਰਵਿੰਦਰ ਸਿੰਘ ਗਿੱਲ ਰੌਂਤਾ ਹੁਣ ਵਿਆਹ ਦੇ ਬੰਧਨ 'ਚ ਬੱਝ ਚੁੱਕੇ ਹਨ। ਗਿੱਲ ਰੌਂਤੇ ਵਾਲਾ ਦਾ ਸ਼ੁਭ ਵਿਆਹ ਪਿੰਡ ਕੋਠਾ ਗੁਰੂ ਕਾ ਦੀ ਜੰਮਪਲ ਖੂਬਸੂਰਤ ਮੁਟਿਆਰ ਹਰਜਿੰਦਰ ਕੌਰ ਧਨੋਆ ਸਪੁੱਤਰੀ ਚਰਨਜੀਤ ਸਿੰਘ ਧਨੋਆ ਨਾਲ ਹੋਇਆ ਹੈ। ਇਸ ਮੌਕੇ ਸਕਾਈ ਹਾਈਟਸ ਰਾਮਪੁਰਾ ਫੂਲ ਵਿੱਖੇ ਰੱਖੀ ਵਿਆਹ ਦੀ ਰਿਸੈਪਸ਼ਨ 'ਚ ਵੱਖ-ਵੱਖ ਰਾਜਨੀਤਕ ਸ਼ਖਸੀਅਤਾਂ, ਪ੍ਰਸ਼ਾਸਨਿਕ ਅਧਿਕਾਰੀਆਂ, ਨਾਮੀ ਕਲਾਕਾਰਾਂ, ਗੀਤਕਾਰਾਂ ਅਤੇ ਸੰਗੀਤਕ ਖੇਤਰ ਦੀਆਂ ਅਨੇਕਾਂ ਹੀ ਨਸ਼ਖਸੀਅਤਾਂ ਨੇ ਸ਼ਮੂਲੀਅਤ ਕਰਦੇ ਹੋਏ ਗਿੱਲ ਰੌਂਤਾ ਨੂੰ ਵਿਆਹ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਸ. ਕੁਲਵੰਤ ਸਿੰਘ ਡੀ ਸੀ ਮੋਗਾ, ਵਿਧਾਇਕ ਬਾਘਾਪੁਰਣਾ ਅੰਮ੍ਰਿਤਪਾਲ ਸਿੰਘ ਅਤੇ ਲੱਖਾ ਸਡਾਣਾ ਆਦਿ ਤੋਂ ਇਲਾਵਾ ਵਿਸ਼ਵ ਪ੍ਰਸਿੱਧ ਪੰਜਾਬੀ ਗਾਇਕ ਮਨਮੋਹਣ ਵਾਰਿਸ, ਹਰਭਜਨ ਮਾਨ, ਹਰਜੀਤ ਹਰਮਨ, ਕਮਲ ਹੀਰ, ਗਿੱਲ ਹਰਦੀਪ, ਅੰਗਰੇਜ ਅਲੀ, ਰਾਜ ਕਾਕੜਾ, ਗੀਤਕਾਰ ਮਨਪ੍ਰੀਤ ਟਿਵਾਣਾ, ਸਟਾਲਿਨਵੀਰ ਸਿੱਧੂ, ਗਗਨ ਕੋਕਰੀ, ਹਰਸਿਮਰਨ, ਜੱਸ ਬਾਜਵਾ, ਜਸਵੀਰ ਪਾਲ ਸਿੰਘ ਜੱਸ ਰਿਕਾਰਡਸ,





ਸੱਜਣ ਅਦੀਬ, ਮੰਚ ਸੰਚਾਲਕ ਤੇ ਅਦਾਕਾਰ ਹਰਿੰਦਰ ਭੁੱਲਰ, ਲਾਡੀ ਕਾਨਗੜ੍ਹ, ਜਿੰਦ ਜਵੰਦਾ ਪੋਲੀਵੁੱਡ ਪੋਸਟ, ਅਵਕਾਸ਼ ਮਾਨ, ਫਤਿਹ ਸ਼ੇਰਗਿੱਲ, ਗਾਇਕਾ ਜੈਨੀ ਜੋਹਲ, ਗਾਇਕਾ ਦੀਪੀਕਾ ਢਿਲੋਂ, ਕੋਰੇ ਆਲਾ ਮਾਨ, ਕਾਮੇਡੀਅਨ ਭਾਨਾ, ਕਾਮੇਡੀਅਨ ਧੁੱਤਾ,ਜਰਨੈਲ ਸਿੰਘ, ਨਰਿੰਦਰ ਖੇੜੀਮਾਨੀਆਂ, ਵਿੱਕੀ ਧਾਲੀਵਾਲ, ਸੰਗੀਤਕਾਰ ਲਾਡੀ ਗਿੱਲ, ਅਮਰ ਸੈਂਬੀ, ਜਗਦੀਪ ਰੰਧਾਵਾ, ਵਿਪਨ ਸ਼ਰਮਾ ਅਤੇ ਰਾਜੂ ਢੱਡੇ ਆਦਿ ਸਮੇਤ ਵੱਡੀ ਗਿਣਤੀ ਵਿਚ ਪੁੱਜੀਆਂ ਨਾਮੀ ਸ਼ਖਸੀਅਤਾਂ ਨੇ ਨਵੀਂ ਵਿਆਹੀ ਜੋੜੀ ਨੂੰ ਆਸ਼ੀਰਵਾਦ ਦਿੱਤਾ।

# ਚੀਫ਼ ਖ਼ਾਲਸਾ ਦੀਵਾਨ ਦੀਆਂ ਚੋਣਾਂ ਲਈ ਉਮੀਦਵਾਰ ਐਲਾਨੇ

## ਪ੍ਰਧਾਨ ਦੇ ਅਹੁਦੇ ਲਈ 'ਦੀਵਾਨ ਬਚਾਓ ਫਰੰਟ' ਵੱਲੋਂ ਸੁਰਿੰਦਰਜੀਤ ਹੋਣਗੇ ਉਮੀਦਵਾਰ

ਅੰਮ੍ਰਿਤਸਰ : ਪੁਰਾਤਨ ਸਿੱਖ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੀ 18 ਫਰਵਰੀ ਨੂੰ ਛੇ ਅਹੁਦੇਦਾਰਾਂ ਦੀ ਪੰਜ ਸਾਲ ਬਾਅਦ ਹੋਣ ਵਾਲੀ ਚੋਣ ਵਾਸਤੇ 'ਦੀਵਾਨ ਬਚਾਓ ਫਰੰਟ' ਨੇ ਅੱਜ ਆਪਣੇ ਪੰਜ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਇਸ ਤਹਿਤ ਆਮਦਨ ਕਰ ਵਿਭਾਗ ਤੋਂ ਸੇਵਾਮੁਕਤ ਚੀਫ ਕਮਿਸ਼ਨਰ ਸੁਰਿੰਦਰਜੀਤ ਸਿੰਘ ਪਾਲ ਪ੍ਰਧਾਨ ਦੇ ਅਹੁਦੇ ਲਈ ਉਮੀਦਵਾਰ ਹੋਣਗੇ ਜਦੋਂਕਿ ਮੀਤ ਪ੍ਰਧਾਨ ਲਈ ਅਮਰਜੀਤ ਸਿੰਘ ਵਿਕਰਾਂਤ ਤੇ ਸਰਬਜੀਤ ਸਿੰਘ ਚੋਣ ਲੜਨਗੇ। ਜਨਰਲ ਸਕੱਤਰ ਦੇ ਅਹੁਦੇ ਲਈ ਰਮਣੀਕ ਸਿੰਘ ਅਤੇ ਸਥਾਨਕ ਪ੍ਰਧਾਨ ਲਈ ਸੁਖਦੇਵ ਸਿੰਘ ਮੱਤੇਵਾਲ ਚੋਣ ਮੈਦਾਨ ਵਿੱਚ ਉਤਾਰੇ ਗਏ ਹਨ। ਜਨਰਲ ਸਕੱਤਰ ਦੇ ਦੂਜੇ ਅਹੁਦੇ ਲਈ ਫਿਲਹਾਲ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ ਹੈ। ਇਸ ਮੌਕੇ ਦੀਵਾਨ ਦੇ ਆਗੂ ਰਹੇ ਮਰਹੂਮ ਭਾਗ ਸਿੰਘ ਅਣਖੀ ਦੀ ਪਤਨੀ ਅਜੀਤ ਕੌਰ ਅਣਖੀ ਨੇ ਸਾਰੇ ਉਮੀਦਵਾਰਾਂ ਨੂੰ ਸਫ਼ਲਤਾ ਲਈ ਆਸ਼ੀਸ਼



ਦਿੰਦਿਆਂ ਕਿਹਾ ਕਿ ਦੀਵਾਨ ਦੇ ਇਤਿਹਾਸ ਨੂੰ ਸੰਭਾਲਣਾ ਸਮੇਂ ਦੀ ਮੁੱਖ ਲੋੜ ਹੈ। ਪ੍ਰਧਾਨਗੀ ਦੇ ਅਹੁਦੇ ਲਈ ਉਮੀਦਵਾਰ ਸੁਰਿੰਦਰਜੀਤ ਸਿੰਘ ਪਾਲ ਨੇ ਕਿਹਾ ਕਿ ਚੋਣ ਪ੍ਰਕਿਰਿਆ ਪਾਰਦਰਸ਼ੀ ਤੇ ਨਿਰਪੱਖ ਹੋਣੀ ਚਾਹੀਦੀ ਹੈ, ਇਸ ਵਾਸਤੇ ਮੌਜੂਦਾ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੂੰ ਪੱਤਰ ਭੇਜਿਆ ਗਿਆ ਹੈ। ਇਸ ਸਬੰਧੀ ਫਰੰਟ ਵੱਲੋਂ ਪ੍ਰੀਜ਼ਾਈਡਿੰਗ ਅਫਸਰ ਲਈ ਸੇਵਾਮੁਕਤ ਐੱਸਡੀਐੱਮ ਜਸਪਾਲ ਸਿੰਘ ਅਤੇ ਰਿਟਰਨਿੰਗ ਅਫਸਰ ਲਈ ਐਡਵੋਕੇਟ ਸਰਬਜੀਤ ਸਿੰਘ ਵੇਰਕਾ, ਅਜਾਇਬ ਸਿੰਘ ਅਭਿਆਸੀ ਤੇ ਡਾ. ਜੇ.ਐੱਸ. ਅਰੋੜਾ ਨੂੰ ਸ਼ਾਮਲ ਕਰਨ ਲਈ ਕਿਹਾ ਗਿਆ ਹੈ। ਇਸ ਦੌਰਾਨ ਉਨ੍ਹਾਂ ਦੂਜੇ ਸ਼ਹਿਰਾਂ ਤੇ ਸੂਬਿਆਂ ਤੋਂ ਆਉਣ ਵਾਲੇ ਮੈਂਬਰਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਵੋਟਾਂ ਪਾਉਣ ਦਾ ਸਮਾਂ ਵਧਾਉਣ ਦਾ ਸੁਝਾਅ ਵੀ ਦਿੱਤਾ ਹੈ।

# ਪੰਜਾਬ ਦੇ ਕਿਸਾਨ 13 ਫਰਵਰੀ ਦੇ ਦਿੱਲੀ ਅੰਦੋਲਨ ਦੇ ਮੱਦੇਨਜ਼ਰ ਸ਼ੰਭੂ, ਖਨੌਰੀ ਤੇ ਡੱਬਵਾਲੀ ਬਾਰਡਰਾਂ ਰਾਹੀਂ ਦਾਖ਼ਲ ਹੋਣਗੇ : ਡੱਲੇਵਾਲ

ਚੰਡੀਗੜ੍ਹ : ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਿਕ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਪ੍ਰਮੁੱਖ ਆਗੂਆਂ ਦੀ ਚੰਡੀਗੜ੍ਹ 'ਚ ਹੋਈ ਮੀਟਿੰਗ ਉਪਰੰਤ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਮੀਟਿੰਗ 'ਚ ਕਈ ਅਹਿਮ ਫ਼ੈਸਲੇ ਲਏ ਗਏ। ਇਨ੍ਹਾਂ ਵਿਚ ਪੰਜਾਬ ਦੇ ਕਿਸਾਨਾਂ ਨੂੰ 13 ਫਰਵਰੀ ਨੂੰ ਦਿੱਲੀ ਪੁੱਜਣ ਲਈ ਤਿੰਨ ਬਾਰਡਰਾਂ ਰਾਹੀਂ ਐਂਟਰੀ ਕਰਨ ਦਾ ਪ੍ਰੋਗਰਾਮ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨ ਤੇ ਮਜ਼ਦੂਰ ਸ਼ੰਭੂ ਬਾਰਡਰ ਦੇ ਨਾਲ ਨਾਲ ਖਨੌਰੀ ਅਤੇ ਫ਼ਤਿਆਬਾਦ, ਡੱਬਵਾਲੀ ਬਾਰਡਰ ਰਾਹੀਂ ਦਿੱਲੀ ਵੱਲ ਕੂਚ ਕਰਨਗੇ। ਡੱਲੇਵਾਲ ਨੇ ਕਿਹਾ ਕਿ ਦਿੱਲੀ ਅੰਦੋਲਨ-2 ਦੇਸ਼ ਵਿਆਪੀ ਬਣਦਾ ਜਾ ਰਿਹਾ ਹੈ ਅਤੇ ਇਸ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਆਗੂਆਂ ਦੀਆਂ ਕਾਰਜ ਕਮੇਟੀਆਂ ਬਣਾਉਂਦੇ ਹੋਏ ਪ੍ਰਬੰਧਕ ਕਮੇਟੀ, ਪ੍ਰੈਸ ਕਮੇਟੀ, ਫ਼ੰਡ ਕਮੇਟੀ, ਤਾਲਮੇਲ ਕਮੇਟੀ ਦਾ ਵੀ



ਗਠਨ ਕੀਤਾ ਗਿਆ ਹੈ। ਇਸੇ ਦੌਰਾਨ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਮੀਟਿੰਗ ਵਿਚ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਕਿਸਾਨਾਂ ਦੀ ਸਟੇਜ 'ਤੇ ਕਿਸੇ ਵੀ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੂੰ ਬੋਲਣ ਦੀ ਮਨਾਹੀ ਹੋਵੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਵਾਜਬ ਮੰਗਾਂ ਦੇ ਸੰਦਰਭ ਵਿਚ ਇਹ ਅੰਦੋਲਨ ਆਰੰਭਿਆ ਜਾ ਰਿਹਾ ਹੈ। ਇਸ ਮੌਕੇ ਹਰਿਆਣਾ ਤੋਂ ਕਿਸਾਨ ਅਭਿਮੰਨੂ ਕੋਹਾੜ ਨੇ ਕਿਹਾ ਕਿ ਹਰਿਆਣੇ ਦੇ ਕਿਸਾਨਾਂ ਵਿਚ 13 ਫਰਵਰੀ ਨੂੰ ਦਿੱਲੀ ਅੰਦੋਲਨ ਪ੍ਰਤੀ ਕਾਫ਼ੀ ਜੋਸ਼ ਪਾਇਆ ਜਾ ਰਿਹਾ ਹੈ। ਇਸ ਮੌਕੇ ਦਿਲਬਾਗ ਸਿੰਘ ਹਰੀਗੜ੍ਹ, ਰਾਜਿੰਦਰ ਸਿੰਘ ਚਹਿਲ, ਸੁਰਜੀਤ ਸਿੰਘ ਫੂਲ, ਸੁਖਜੀਤ ਸਿੰਘ ਹਰਦੋਝੰਡੇ, ਗੁਰਧਿਆਨ ਸਿੰਘ ਭਟੇੜੀ, ਸੁਖਜਿੰਦਰ ਸਿੰਘ ਖੋਸਾ, ਗੁਰਅਮਨੀਤ ਸਿੰਘ ਮਾਂਗਟ, ਕੰਵਰ ਦਲੀਪ, ਡਾ. ਜਰਨੈਲ ਸਿੰਘ ਕਾਲਕੇ, ਰਣਜੀਤ ਰਾਜੂ (ਰਾਜਸਥਾਨ) ਆਦਿ ਕਿਸਾਨ ਆਗੂਆਂ ਵਲੋਂ ਵੀ ਸ਼ਮੂਲੀਅਤ ਕੀਤੀ ਗਈ।

### ਜਥੇਦਾਰ ਕਾਉਂਕੇ ਕਤਲ ਮਾਮਲਾ

# ਹਾਈਕੋਰਟ ਵੱਲੋਂ ਪੰਜਾਬ ਸਰਕਾਰ ਤੇ ਸਬੰਧਤ ਤਤਕਾਲੀ ਪੁਲਿਸ ਅਧਿਕਾਰੀਆਂ ਨੂੰ ਨੋਟਿਸ



ਚੰਡੀਗੜ੍ਹ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਮਾਮਲੇ ਵਿੱਚ ਪੰਜਾਬ ਪੁਲਿਸ ਦੇ ਸਬੰਧਤ ਤਤਕਾਲੀ ਅਧਿਕਾਰੀਆਂ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ 9 ਅਪ੍ਰੈਲ 2024 ਨੂੰ ਅਗਲੀ ਸੁਣਵਾਈ ਤੈਅ ਕੀਤੀ ਹੈ। ਮਾਨਯੋਗ ਉੱਚ ਅਦਾਲਤ ਵਿੱਚ ਜਥੇਦਾਰ ਕਾਉਂਕੇ ਦੇ ਪਰਿਵਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਹ ਪਟੀਸ਼ਨ ਸੀਨੀਅਰ ਐਡਵੋਕੇਟ ਸ. ਪੂਰਨ ਸਿੰਘ ਹੁੰਦਲ ਰਾਹੀਂ ਦਾਇਰ ਕੀਤੀ ਗਈ ਸੀ।

ਇਸ ਬਾਰੇ ਜਾਣਕਾਰੀ ਦਿੰਦਿਆਂ ਸ਼ ?ਰੋਮਣੀ ਕਮੇਟੀ ਦੇ ਮੈਂਬਰ ਅਤੇ ਕਾਨੂੰਨੀ ਵਿੰਗ ਦੇ ਮੁਖੀ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਦੱਸਿਆ ਕਿ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਸਬੰਧੀ ਸਾਬਕਾ ਆਈਪੀਐੱਸ ਬੀਪੀ ਤਿਵਾੜੀ ਦੀ ਰਿਪੋਰਟ ਸਾਹਮਣੇ ਆਉਣ ਮਗਰੋਂ ਮਾਨਯੋਗ ਉੱਚ ਅਦਾਲਤ ਵਿੱਚ ਪਾਈ ਪਟੀਸ਼ਨ ’ਤੇ ਅੱਜ ਅਹਿਮ ਸੁਣਵਾਈ ਹੋਈ ਹੈ, ਜਿਸ ਤਹਿਤ ਪੰਜਾਬ ਸਰਕਾਰ ਅਤੇ ਸਬੰਧਤ ਪੁਲਿਸ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਤਤਕਾਲੀ ਪੁਲਿਸ ਅਫ਼ਸਰਾਂ ਵੱਲੋਂ ਮਾਨਯੋਗ ਉੱਚ ਅਦਾਲਤ ਅੰਦਰ ਉਸ ਸਮੇਂ ਗਲਤ ਹਲਫਨਾਮੇ ਦਾਇਰ ਕਰਕੇ ਇਹ ਕਿਹਾ ਗਿਆ ਸੀ ਕਿ ਜਥੇਦਾਰ ਕਾਉਂਕੇ ਪੁਲਿਸ ਹਿਰਾਸਤ ਵਿੱਚ ਨਹੀਂ ਹਨ। ਇਸ ਨੂੰ ਚੁਣੌਤੀ ਦਿੰਦਿਆਂ ਜਥੇਦਾਰ ਕਾਉਂਕੇ ਦੇ ਪਰਿਵਾਰ ਰਾਹੀਂ ਪਾਈ ਪਟੀਸ਼ਨ ’ਤੇ ਉੱਚ ਅਦਾਲਤ ਨੇ ਮਾਮਲੇ ’ਤੇ ਸੁਣਵਾਈ ਸ਼ੁਰੂ ਕਰਦਿਆਂ ਨੋਟਿਸ ਜਾਰੀ ਕੀਤੇ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ 9 ਅਪ੍ਰੈਲ 2024 ਨਿਰਧਾਰਿਤ ਕੀਤੀ ਗਈ ਹੈ। ਐਡਵੋਕੇਟ ਸਿਆਲਕਾ ਨੇ ਦੱਸਿਆ ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਕਾਨੂੰਨੀ ਮਾਹਰਾਂ ਦੀ 5-ਮੈਂਬਰੀ ਕਮੇਟੀ ਬਣਾ ਕੇ ਪੈਰਵਾਈ ਦੀ ਜ਼ੁੰਮੇਵਾਰੀ ਸੌਂਪੀ ਸੀ, ਜਿਸ ਤਹਿਤ ਕਾਰਵਾਈ ਅੱਗੇ ਵਧਾਈ ਜਾ ਰਹੀ ਹੈ।

# ਮੁੱਖ ਮੰਤਰੀ ਤੇ ਹੋਰਨਾਂ ਖ਼ਿਲਾਫ਼ ਕੇਸ ਦਰਜ ਹੋਵੇ: ਸ਼੍ਰੋਮਣੀ ਕਮੇਟੀ

### ਸਿੱਖ ਸੰਸਥਾ ਵੱਲੋਂ ਵਿਸ਼ੇਸ਼ ਇਜਲਾਸ ’ਚ ਮੁੱਖ ਮੰਤਰੀ ਤੋਂ ਅਸਤੀਫ਼ੇ ਦੀ ਮੰਗ



ਅੰਮ੍ਰਿਤਸਰ : ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਵਿਖੇ ਪੁਲੀਸ ਵੱਲੋਂ ਕਥਿਤ ਤੌਰ ’ਤੇ ਗੋਲੀ ਚਲਾਏ ਜਾਣ ਤੇ ਨਿਰਾਦਰ ਕਰਨ ਦੇ ਮਾਮਲੇ ਤਹਿਤ ਸੱਦੇ ਗਏ ਵਿਸ਼ੇਸ਼ ਇਜਲਾਸ ਵਿੱਚ ਅੱਜ ਇੱਥੇ ਸ਼੍ਰੋਮਣੀ ਕਮੇਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਸਣੇ ਘਟਨਾ ਦੇ ਸਾਰੇ ਮੁਲਜ਼ਮਾਂ ਖ਼ਿਲਾਫ਼ ਧਾਰਾ 295ਏ ਤਹਿਤ ਕੇਸ ਦਰਜ ਕਰਨ ਅਤੇ ਧਾਰਮਿਕ ਅਵੱਗਿਆ ਕਾਰਨ ਮੁੱਖ ਮੰਤਰੀ ਤੋਂ ਤੁਰੰਤ ਅਸਤੀਫ਼ਾ ਦੇਣ ਦੀ ਮੰਗ ਕੀਤੀ ਹੈ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਟਿੰਗ ਤੋਂ ਬਾਅਦ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਵਿਸ਼ੇਸ਼ ਇਜਲਾਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਦੇ ਲਗਪਗ 75 ਮੈਂਬਰ ਹਾਜ਼ਰ ਸਨ।

ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਏ ਇਜਲਾਸ ਵਿੱਚ ਵੱਖ-ਵੱਖ ਮੈਂਬਰਾਂ ਨੇ ਗੁਰਦੁਆਰਾ ਅਕਾਲ ਬੁੰਗਾ ’ਤੇ ਪੁਲੀਸ ਹਮਲੇ ਦੀ ਨਿੰਦਾ ਕੀਤੀ। ਇਜਲਾਸ ਨੇ ਜਾਂਚ ਕਮੇਟੀ ਦੀ ਰਿਪੋਰਟ ਨੂੰ ਪ੍ਰਵਾਨਗੀ ਦਿੰਦਿਆਂ ਇਸ ਦੇ ਆਧਾਰ ’ਤੇ ਸਖ਼ਤ ਕਾਰਵਾਈ ਅਮਲ ’ਚ ਲਿਆਉਣ ਲਈ ਆਖਿਆ। ਬੁਲਾਰਿਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸੂਬੇ ਦੇ ਗ੍ਰਹਿ ਮੰਤਰੀ ਹੋਣ ਦੇ ਨਾਤੇ ਸਿੱਧੇ ਤੌਰ ’ਤੇ ਇਸ ਧਾਰਮਿਕ ਅਵੱਗਿਆ ਲਈ ਜ਼ਿੰਮੇਵਾਰ ਹਨ ਜਿਸ ਲਈ ਉਨ੍ਹਾਂ ’ਤੇ ਫ਼ੌਜਦਾਰੀ ਮੁਕੱਦਮਾ ਦਰਜ ਹੋਣਾ ਚਾਹੀਦਾ ਹੈ। ਇਜਲਾਸ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ ਗਏ ਮਤੇ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ, ਜਿਸ ਰਾਹੀਂ ਗੁਰਦੁਆਰਾ ਅਕਾਲ ਬੁੰਗਾ ’ਤੇ ਪੁਲੀਸ ਵੱਲੋਂ ਗੋਲੀਬਾਰੀ ਕਰਨ ਅਤੇ ਮਰਿਆਦਾ ਦੀ ਉਲੰਘਣਾ ਦੇ ਮੁੱਖ ਮੁਲਜ਼ਮ ਵਜੋਂ ਪੰਜਾਬ ਦੇ ਮੁੱਖ ਮੰਤਰੀ/ਗ੍ਰਹਿ ਮੰਤਰੀ ਭਗਵੰਤ ਮਾਨ ਤੋਂ ਅਹੁਦਾ ਤੁਰੰਤ ਛੱਡਣ ਦੀ ਮੰਗ ਕੀਤੀ ਗਈ। ਮਤੇ ਵਿੱਚ ਕਿਹਾ ਗਿਆ ਕਿ ਇਸ ਮਾਮਲੇ ’ਚ ਮੁੱਖ ਮੰਤਰੀ ਵਿਰੁੱਧ ਕਾਰਵਾਈ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦਾ ਵਫ਼ਦ ਪੰਜਾਬ ਦੇ ਰਾਜਪਾਲ ਨੂੰ ਵੀ ਮਿਲੇਗਾ। ਇਜਲਾਸ ਨੇ ਫ਼ੈਸਲਾ ਲਿਆ ਕਿ ਜੇਕਰ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਪੈਰਵੀ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸਿੱਖ ਜਥੇਬੰਦੀਆਂ ਅਤੇ ਸੰਗਤ ਦਾ ਇਕੱਠ ਸੱਦ ਕੇ ਪੰਜਾਬ ਸਰਕਾਰ ਵਿਰੁੱਧ ਅਗਲੀ ਰਣਨੀਤੀ ਉਲੀਕਣ ਦਾ ਫ਼ੈਸਲਾ ਲਿਆ ਗਿਆ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਨੇ ਸਰਕਾਰ ਨੂੰ ਤਾੜਨਾ ਕੀਤੀ ਕਿ ਸਜ਼ਾਯਾਫ਼ਤਾ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਦੀ ਕਥਿਤ ਪੁਸ਼ਤਪਨਾਹੀ ਬੰਦ ਕੀਤੀ ਜਾਵੇ।

# ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਸੁਖਮਨੀ ਸਾਹਿਬ ਦੇ ਪਾਠ ਜਾਪ ਅਰੰਭ



ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਛੇਵੇਂ ਮੁਖੀ ਅਤੇ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਜੋਂ ਨਿਰਭੈਤਾ ਨਾਲ ਸੇਵਾ ਨਿਭਾਉਣ ਵਾਲੇ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਦੂਜੀ ਸ਼ਹੀਦੀ ਸ਼ਤਾਬਦੀ ਦੇ ਗੁਰਮਤਿ ਸਮਾਗਮ ਦੇਸ ਵਿਦੇਸ਼ਾਂ ਵਿੱਚ ਚੱਲ ਰਹੇ ਹਨ ਦੀ ਸੰਪੂਰਨਤਾ 14 ਮਾਰਚ ਨੂੰ ਏਸੇ ਅਸਥਾਨਪੁਰ ਵਿਸ਼ਾਲ ਗੁਰਮਤਿ ਸਮਾਗਮਾਂ ਉਪਰੰਤ ਹੋਵੇਗੀ।

ਬੁੱਢਾ ਦਲ ਦੇ ਮੁੱਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਪ੍ਰੇਰਨਾ ਤੇ ਉਤਸ਼ਾਹ ਸਦਕਾ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ, ਗੁ: ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਬੀਬੀਆਂ ਦੀਆਂ ਸੁਖਮਨੀ ਸੇਵਾ ਸੁਸਾਇਟੀਆਂ ਨੇ ਮੁੜ ਸੁਖਮਨੀ ਸਾਹਿਬ ਦਾ ਪਾਠ ਅਤੇ ਗੁਰਬਾਣੀ ਦੇ ਸ਼ਬਦ ਸੰਗਤੀ ਰੂਪ ਵਿੱਚ ਗਾਇਨ ਕਰਨੇ ਅਰੰਭ ਦਿਤੇ ਹਨ। ਅੱਜ ਵਿਸ਼ੇਸ਼ ਰੂਪ ਵਿੱਚ ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ ਸੁਖਮਨੀ ਸੇਵਾ ਸੁਸਾਇਟੀ ਦੀ ਮੁੱਖੀ ਬੀਬੀ ਹਰਪ੍ਰੀਤ ਕੌਰ ਅਤੇ ਬੀਬੀ ਤੇਜ ਕੌਰ ਦੀ ਅਗਵਾਈ ਵਿੱਚ ਸੁਖਮਨੀ ਸਾਹਿਬ ਪਾਠ ਦੇ ਜਾਪ ਅਤੇ ਸ਼ਬਦ ਕੀਰਤਨ ਕੀਤਾ ਗਿਆ। ਸੁਖਮਨੀ ਸਾਹਿਬ ਦੇ ਪਾਠ ਤੇ ਸ਼ਬਦ ਕੀਰਤਨ ਸੁਖਮਨੀ ਸੇਵਾ ਸੁਸਾਇਟੀਆਂ ਵੱਲੋਂ 14 ਮਾਰਚ 2024 ਤੀਕ ਲਗਾਤਾਰ ਰੋਜ਼ਾਨਾ ਕੀਤਾ ਜਾਵੇਗਾ। ਹਰ ਐਤਵਾਰ ਵੱਡੇ ਪੱਧਰ ਤੇ ਸਮੂਹਿਕ ਸੁਸਾਇਟੀਆਂ ਸੇਵਾ ਨਿਭਾਉਣਗੀਆਂ।

# 1984 ਦੇ ਦੰਗਾ ਪੀੜਤ ਪਰਿਵਾਰਾਂ ਨੂੰ ਮਿਲੇਗਾ ਹੋਰ ਵਾਧੂ ਮੁਆਵਜ਼ਾ



ਮਾਲੇਰਕੋਟਲਾ : ਦਿੱਲੀ ਸਰਕਾਰ ਵੱਲੋਂ 1984 ਦੇ ਦੰਗਾ ਪੀੜਤ ਪਰਿਵਾਰਾਂ ਨੂੰ ਹੋਰ ਵਾਧੂ ਮੁਆਵਜ਼ਾ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧੀ ਪੰਜਾਬ ਸਰਕਾਰ ਦੇ ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੇਂਟ ਵਿਭਾਗ, ਚੰਡੀਗੜ੍ਹ ਨੂੰ ਪੱਤਰ ਭੇਜ ਕੇ 1984 ਦੇ ਦੰਗਾ ਪੀੜਤ ਪਰਿਵਾਰਾਂ ਨੂੰ ਜਾਣੂ ਕਰਵਾਉਣ ਬਾਰੇ ਲਿਖਿਆ ਗਿਆ ਹੈ।

ਸਹਾਇਕ ਕਮਿਸ਼ਨਰ ਸ੍ਰੀ ਗੁਰਮੀਤ ਕੁਮਾਰ ਬਾਂਸਲ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ 16 ਜਨਵਰੀ, 2006 ਨੂੰ ਜਾਰੀ ਸਰਕੂਲਰ ਅਨੁਸਾਰ ਦੰਗਾ ਪੀੜਤ ਪਰਿਵਾਰਾਂ ਨੂੰ ਪਹਿਲਾਂ ਵੀ 3.5 ਲੱਖ ਰੁਪਏ ਪ੍ਰਤੀ ਮੌਤ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਗਈ ਸੀ। ਇਹਨਾਂ ਪਰਿਵਾਰਾਂ ਨੂੰ ਹੁਣ ਹੋਰ ਵਾਧੂ ਮੁਆਵਜ਼ਾ ਰਾਸ਼ੀ ਦਿੱਤੀ ਜਾਣੀ ਹੈ। ਉਹਨਾਂ ਯੋਗ ਪਰਿਵਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਹ ਰਾਸ਼ੀ ਪ੍ਰਾਪਤ ਕਰਨ ਲਈ ਸਬੰਧਤ ਦਸਤਾਵੇਜ਼ ਲੈ ਕੇ ਤੁਰੰਤ ਡਿਪਟੀ ਕਮਿਸ਼ਨਰ ਦਫ਼ਤਰ ਮਾਲੇਰਕੋਟਲਾ ਦੀ ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੇਂਟ ਬ੍ਰਾਂਚ ਨਾਲ ਸੰਪਰਕ ਕਰਨ।

# ਦੀਦਾਰ ਸਿੰਘ ਨਲਵੀ ਬਣੇ ‘ਹਰਿਆਣਾ ਸਿੱਖ ਸਮਾਜ’ ਦੇ ਚੇਅਰਮੈਨ



ਕੁਰੂਕਸ਼ੇਤਰ : ਹਰਿਆਣਾ ਸਿੱਖ ਸਮਾਜ ਸੰਸਥਾ ਦੇ ਮੈਂਬਰਾਂ ਦੀ ਮੀਟਿੰਗ ਸੂਬਾਈ ਪ੍ਰਧਾਨ ਦੀਦਾਰ ਸਿੰਘ ਨਲਵੀ ਦੀ ਪ੍ਰਧਾਨਗੀ ਹੇਠ ਸ਼ਹੀਦ ਊਧਮ ਸਿੰਘ ਧਰਮਸ਼ਾਲਾ ’ਚ ਹੋਈ। ਮੀਟਿੰਗ ਵਿੱਚ ਸਰਬਸੰਮਤੀ ਨਾਲ 5 ਮੈਂਬਰਾਂ ਦੀ ਕੋਰ ਕਮੇਟੀ ਕਾਇਮ ਕੀਤੀ ਗਈ ਜਿਸ ’ਚ ਦੀਦਾਰ ਸਿੰਘ ਨਲਵੀ (ਚੇਅਰਮੈਨ), ਜਗਵਿੰਦਰ ਸਿੰਘ ਮਾਖਾ (ਸੀਨੀਅਰ ਵਾਈਸ ਪ੍ਰਧਾਨ), ਕੁਲਵੰਤ ਸਿੰਘ ਨਗਲਾ (ਜਨਰਲ ਸਕੱਤਰ), ਅਤਰ ਸਿੰਘ ਸੇਵਾਮੁਕਤ ਪ੍ਰਿੰਸੀਪਲ (ਸੰਯੁਕਤ ਸਕੱਤਰ) ਤੇ ਦਇਆ ਸਿੰਘ ਸੰਧੂ(ਸਲਾਹਕਾਰ) ਨੂੰ ਸ਼ਾਮਲ ਕੀਤਾ ਗਿਆ ਹੈ। ਕੋਰ ਕਮੇਟੀ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਾਲ ਸਬੰਧਤ ਹਰ ਫੈਸਲਾ ਲੈਣ ਦਾ ਅਧਿਕਾਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਮੀਟਿੰਗ ਵਿੱਚ ਐੱਚਐੱਸਜੀਐੱਮਸੀ ਚੋਣਾਂ ਲਈ 17 ਉਮੀਦਵਾਰਾਂ ਦੀ ਚੋਣ ਕੀਤੀ ਗਈ ਹੈ, ਜਦਕਿ ਬਾਕੀ ਰਹਿੰਦੀਆਂ 23 ਸੀਟਾਂ ਲਈ ਵੀ ਜਲਦੀ ਚੋਣ ਕੀਤੀ ਜਾਵੇਗੀ।

# ਸ਼੍ਰੋਮਣੀ ਅਕਾਲੀ ਦਲ ਦੀ ‘ਪੰਜਾਬ ਬਚਾਓ ਯਾਤਰਾ’ ਦਾ ਅੰਮ੍ਰਿਤਸਰ ’ਚ ਥਾਂ-ਥਾਂ ਹੋਇਆ ਸਵਾਗਤ



ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਵਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਮਾਝੇ ਤੋਂ ਆਰੰਭ ਕੀਤੀ ਗਈ ‘ਪੰਜਾਬ ਬਚਾਓ ਯਾਤਰਾ’ ਦੇ ਤੀਜੇ ਪੜਾਅ ਦੌਰਾਨ ਅੰਮ੍ਰਿਤਸਰ ਦੇ ਪੰਜ ਵਿਧਾਨ ਸਭਾ ਹਲਕਿਆਂ ਦੀ ਪ੍ਰਭਾਵਸ਼ਾਲੀ ਫੇਰੀ ਦੌਰਾਨ ਯਾਤਰਾ ਕਾਫਲੇ ਦਾ ਥਾਂ-ਥਾਂ ’ਤੇ ਸਵਾਗਤ ਹੋਇਆ। ਪੰਜੇ ਵਿਧਾਨ ਸਭਾ ਹਲਕਿਆਂ ਅੰਮ੍ਰਿਤਸਰ ਪੱਛਮੀ, ਉੱਤਰੀ, ਪੂਰਬੀ, ਕੇਂਦਰੀ ਅਤੇ ਅੰਮ੍ਰਿਤਸਰ ਦੱਖਣੀ ਦੀਆਂ ਸੜਕਾਂ ਅਤੇ ਬਾਜ਼ਾਰਾਂ ਵਿਚ ਬੋਲੇ ਸੋ ਨਿਹਾਲ ਤੇ ਸ਼੍ਰੋਮਣੀ ਅਕਾਲੀ ਦਲ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਗੂੰਜਦੇ ਰਹੇ। ਹਲਕਾ ਪੱਛਮੀ ਦੇ ਇੰਡੀਆ ਗੇਟ ਤੋਂ ਆਰੰਭਤਾ ਮੌਕੇ ਵੱਡੀ ਗਿਣਤੀ ਵਿਚ ਜੁੜੇ ਪਾਰਟੀ ਆਗੂਆਂ, ਵਰਕਰਾਂ ਤੇ ਸ਼ਹਿਰ ਵਾਸੀਆਂ ਨੂੰ ਸੰਬੋਧਨ ਕਰਦਿਆਂ ਸੁਖਬੀਰ ਨੇ ਕਿਹਾ ਕਿ ਝਾੜੂ ਵਾਲਿਆਂ ਦੀ ਸਰਕਾਰ ਨੇ ਪਿਛਲੇ ਦੋ ਸਾਲਾਂ ਵਿਚ ਪੰਜਾਬ ਦਾ ਬੁਰਾ ਹਾਲ ਕਰ ਦਿੱਤਾ ਹੈ। ਉਨ੍ਹਾਂ ਕਿ ਮੁੱਖ ਮੰਤਰੀ ਭਗਵੰਤ ਪੰਜਾਬ ਵਿਚ ਤਾਂ ਲੱਭਦਾ ਨਹੀਂ ਕੇਵਲ ਕੇਜਰੀਵਾਲ ਦੇ ਮਗਰ ਤੁਰਿਆ ਫਿਰਦਾ। ਉਨ੍ਹਾਂ ਕੈਪਟਨ ਦੀ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ ਦੀ ਵੀ ਕਰੜੀ ਆਲੋਚਨਾ ਕੀਤੀ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਹੁਣ ਵੀ ਆਪਾਂ ਇਕੱਠੇ ਹੋ ਕੇ ਪੰਜਾਬ ਨਾ ਬਚਾਇਆ ਤਾਂ ਤੁਸੀਂ ਦੇਖਿਓ ਸੂਬੇ ਦਾ ਕਿੰਨਾ ਮਾੜਾ ਹਾਲ ਹੋ ਜਾਣਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਸਰਕਾਰ ਬਨਣ ’ਤੇ ਗਰੀਬ ਤੇ ਲੋੜਵੰਦ ਲੋਕਾਂ ਨੂੰ ਮੁੜ ਸਹੂਲਤਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਲੋਕ ਸਭਾ ਹਲਕਾ ਅੰਮ੍ਰਿਤਸਰ ਦੇ ਇੰਚਾਰਜ ਅਨਿਲ ਜੋਸ਼ੀ, ਬਿਕਰਮ ਸਿੰਘ ਮਜੀਠੀਆ, ਸ਼ਹਿਰੀ ਜਥੇ ਦੇ ਪ੍ਰਧਾਨ ਸੁਰਜੀਤ ਸਿੰਘ ਪਹਿਲਵਾਨ, ਤਲਬੀਰ ਸਿੰਘ ਗਿੱਲ, ਦਿਲਬਾਗ ਸਿੰਘ, ਗੁਰਪ੍ਰੀਤ ਸਿੰਘ ਰੰਧਾਵਾ ਤੋਂ ਇਲਾਵਾ ਡਾ. ਦਲਜੀਤ ਸਿੰਘ ਚੀਮਾ ਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਸਮੇਤ ਹੋਰ ਆਗੂ ਵੀ ਸਨ।

# ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਬਾਰੇ ਮਹਾਰਾਸ਼ਟਰ ਸਰਕਾਰ ਦੇ ਕਦਮ ਨੂੰ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਦੱਸਿਆ .ਗਲਤ



ਅੰਮ੍ਰਿਤਸਰ: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਮਹਾਂਰਾਸ਼ਟਰ ਸਰਕਾਰ ਵਲੋਂ ਤਖ਼ਤ ਸੱਚਖੰਡ ਸ੍ਰੀ ਅਬਿਚਲ ਨਗਰ, ਹਜ਼ੂਰ ਸਾਹਿਬ ਨਾਂਦੇੜ ਪ੍ਰਬੰਧਕੀ ਬੋਰਡ ਦੇ ਐਕਟ ਵਿਚ ਮਨਮਰਜ਼ੀ ਨਾਲ ਸੋਧ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਾਮਜ਼ਦ ਮੈਂਬਰਾਂ ਦੀ ਗਿਣਤੀ ਘਟਾ ਕੇ ਸਰਕਾਰ ਵਲੋਂ ਨਾਮਜ਼ਦ ਮੈਂਬਰਾਂ ਦੀ ਗਿਣਤੀ ਵਧਾਉਣ ਦੀ ਕਾਰਵਾਈ ਦੀ ਕਰੜੀ ਨਿੰਦਾ ਕਰਦਿਆਂ ਇਸ ਨੂੰ ਸਿੱਖਾਂ ਦੇ ਧਰਮ ਵਿਚ ਸਿੱਧਾ ਦਖ਼ਲ ਕਰਾਰ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਿੱਖ ਪੰਥ ਆਪਣੇ ਪਾਵਨ ਗੁਰਧਾਮਾਂ ਦੇ ਪ੍ਰਬੰਧਾਂ ਵਿਚ ਸਰਕਾਰੀ ਦਖ਼ਲ ਨੂੰ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਨਹੀਂ ਕਰ ਸਕਦਾ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਹੈ ਕਿ ਉਹ ਸਿੱਖਾਂ ਦੇ ਪਾਵਨ ਤਖ਼ਤ ਸੱਚਖੰਡ ਸ੍ਰੀ ਅਬਿਚਲ ਨਗਰ, ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਐਕਟ ਵਿਚ ਮਨਮਰਜ਼ੀ ਨਾਲ ਤਬਦੀਲੀ ਕਰਨ ਦੇ ਮਾਮਲੇ ‘ਤੇ ਮਹਾਂਰਾਸ਼ਟਰ ਸਰਕਾਰ ਨਾਲ ਗੱਲਬਾਤ ਕਰਕੇ ਉਸ ਤੋਂ ਸਿੱਖ ਵਿਰੋਧੀ ਫੈਸਲਾ ਵਾਪਸ ਕਰਵਾਵੇ।

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਿੱਖ ਪੰਥ ਆਪਣੇ ਪਾਵਨ ਗੁਰਧਾਮਾਂ ਦੇ ਪ੍ਰਬੰਧਾਂ ਵਿਚ ਸਰਕਾਰੀ ਦਖ਼ਲ ਨੂੰ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਨਹੀਂ ਕਰ ਸਕਦਾ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਹੈ ਕਿ ਉਹ ਸਿੱਖਾਂ ਦੇ ਪਾਵਨ ਤਖ਼ਤ ਸੱਚਖੰਡ ਸ੍ਰੀ ਅਬਿਚਲ ਨਗਰ, ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਐਕਟ ਵਿਚ ਮਨਮਰਜ਼ੀ ਨਾਲ ਤਬਦੀਲੀ ਕਰਨ ਦੇ ਮਾਮਲੇ ’ਤੇ ਮਹਾਂਰਾਸ਼ਟਰ ਸਰਕਾਰ ਨਾਲ ਗੱਲਬਾਤ ਕਰਕੇ ਉਸ ਤੋਂ ਸਿੱਖ ਵਿਰੋਧੀ ਫੈਸਲਾ ਵਾਪਸ ਕਰਵਾਵੇ।

ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਹੈ ਕਿ ਉਹ ਸਿੱਖਾਂ ਦੇ ਪਾਵਨ ਤਖ਼ਤ ਸੱਚਖੰਡ ਸ੍ਰੀ ਅਬਿਚਲ ਨਗਰ, ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਐਕਟ ਵਿਚ ਮਨਮਰਜ਼ੀ ਨਾਲ ਤਬਦੀਲੀ ਕਰਨ ਦੇ ਮਾਮਲੇ ‘ਤੇ ਮਹਾਂਰਾਸ਼ਟਰ ਸਰਕਾਰ ਨਾਲ ਗੱਲਬਾਤ ਕਰਕੇ ਉਸ ਤੋਂ ਸਿੱਖ ਵਿਰੋਧੀ ਫੈਸਲਾ ਵਾਪਸ ਕਰਵਾਵੇ।

# ਸਰਕਾਰ ਵਲੋਂ ਸਿੱਖ ਧਰਮ ’ਚ ਸਿੱਧੇ ਦਖ਼ਲ

## ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੈਂਬਰਾਂ ਦੀ ਗਿਣਤੀ ’ਚ ਸਰਕਾਰੀ ਵਾਧਾ

ਅੰਮ੍ਰਿਤਸਰ : ਮਹਾਰਾਸ਼ਟਰ ਦੀ ਸ਼ਿਵ ਸੈਨਾ ਦੀ ਏਕ ਨਾਥ ਸ਼ਿੰਦੇ ਸਰਕਾਰ ਨੇ ਸਿੱਖ ਮਾਮਲਿਆਂ ਵਿਚ ਸਿੱਧਾ ਦਖ਼ਲ ਦਿੰਦੇ ਹੋਏ ਤਖ਼ਤ ਸੱਚਖੰਡ ਅਬਿਚਲ ਨਗਰ ਹਜ਼ੂਰ ਸਾਹਿਬ ਦੇ ਬੋਰਡ ਦੇ ਐਕਟ ਵਿਚ ਤਬਦੀਲੀ ਕਰ ਕੇ ਸਰਕਾਰੀ ਮੈਂਬਰਾਂ ਦੀ ਗਿਣਤੀ ਵਿਚ ਵਾਧਾ ਕੀਤਾ ਹੈ। ਸਿੱਖ ਗੁਰਧਾਮਾਂ ਤੇ ਸਰਕਾਰੀ ਕਬਜ਼ਿਆਂ ਦੀ ਕੜੀ ਵਿਚ ਨਵਾਂ ਅਧਿਆਏ ਜੁੜ ਗਿਆ ਹੈ। ਸ਼ਿੰਦੇ ਸਰਕਾਰ ਨੇ ਮਹਾਰਾਸ਼ਟਰ ਵਿਧਾਨ ਸਭਾ ਵਿਚ ਇਕ ਬਿਲ ਪੇਸ਼ ਕਰ ਕੇ ਐਕਟ ਵਿਚ ਸੋਧ ਕਰਦਿਆਂ ਸਰਕਾਰ ਵਲੋਂ ਨਾਮਜ਼ਦ 7 ਮੈਂਬਰਾਂ ਦੀ ਗਿਣਤੀ ਨੂੰ ਵਧਾ ਕੇ 12 ਕੀਤੇ ਜਾਣ ਦਾ ਬਿਲ ਵਿਧਾਨ ਸਭਾ ਵਿਚ ਪਾਸ ਕਰ ਦਿਤਾ ਹੈ। ਬੋਰਡ ਵਿਚ ਸ਼੍ਰੋਮਣੀ ਕਮੇਟੀ ਦੇ 4 ਮੈਂਬਰਾਂ ਦੀ ਗਿਣਤੀ ਨੂੰ ਘੱਟ ਕਰਦਿਆਂ ਕਮੇਟੀ ਦੇ 2 ਮੈਂਬਰ ਸ਼ਾਮਲ ਕੀਤੇ ਗਏ ਹਨ। ਨਵੇਂ ਬਿਲ ਮੁਤਾਬਕ ਚੀਫ਼ ਖ਼ਾਲਸਾ ਦੀਵਾਨ ਤੇ ਹਜ਼ੂਰੀ ਖ਼ਾਲਸਾ ਦੀਵਾਨ ਦੇ ਮੈਂਬਰਾਂ ਨੂੰ ਬੋਰਡ ਵਿਚੋਂ ਮਨਫ਼ੀ ਕਰ ਦਿੱਤਾ ਗਿਆ ਹੈ।



ਨਵੇਂ ਬਿਲ ਮੁਤਾਬਕ ਹੁਣ 17 ਮੈਂਬਰੀ ਬੋਰਡ ਵਿਚ ਸਰਕਾਰ ਵਲੋਂ ਨਾਮਜ਼ਦ 12 ਮੈਂਬਰਾਂ ਦੇ ਨਾਲ-ਨਾਲ 3 ਮੈਂਬਰ ਚੋਣ ਜਿੱਤ ਕੇ ਆਉਣਗੇ ਅਤੇ 2 ਮੈਂਬਰ ਸ਼੍ਰੋਮਣੀ ਕਮੇਟੀ ਨਾਮਜ਼ਦ ਕਰ ਸਕੇਗੀ। ਇਸ ਬਿਲ ਦੇ ਪਾਸ ਹੋਣ ਨਾਲ ਮਹਾਰਾਸ਼ਟਰ ਦੇ ਸਿੱਖਾਂ ਦੇ ਮਨਾਂ ਵਿਚ ਰੋਸ ਹੈ ਤੇ ਹਰ ਸਿੱਖ ਇਸ ਬਿਲ ਨੂੰ ਸਿੱਖਾਂ ਦੇ ਧਾਰਮਕ ਮਾਮਲਿਆਂ ਵਿਚ ਸਿੱਧੀ ਦਖ਼ਲਅੰਦਾਜ਼ੀ ਮੰਨ ਰਿਹਾ ਹੈ। ਨਾਂਦੇੜ ਸਿੱਖ ਗੁਰਦਵਾਰਾ ਐਕਟ 1956 ਮੁਤਾਬਕ ਪਹਿਲਾਂ 3 ਮੈਂਬਰ ਸਥਾਨਕ ਸਿੱਖਾਂ ਵਲੋਂ ਵੋਟਾਂ ਰਾਹੀਂ ਚੁਣੇ ਜਾਂਦੇ ਸਨ। ਇਸ ਦੇ ਨਾਲ-ਨਾਲ ਸਰਕਾਰ ਵਲੋਂ ਇਕ ਮੈਂਬਰ ਹੈਦਰਾਬਾਦ ਤੇ ਸਿਕੰਦਰਾਬਾਦ ਦੇ ਸਿੱਖਾਂ ਵਿਚੋਂ ਚੁਣਿਆ ਜਾਂਦਾ ਸੀ।

ਇਕ ਮੈਂਬਰ ਸ਼੍ਰੋਮਣੀ ਕਮੇਟੀ ਦੀ ਰਾਏ ਨਾਲ ਮੱਧ ਪ੍ਰਦੇਸ਼ ਦੇ ਸਿੱਖਾਂ ਵਿਚੋਂ ਅਤੇ ਤਿੰਨ ਮੈਂਬਰ ਸ਼੍ਰੋਮਣੀ ਕਮੇਟੀ ਵਲੋਂ ਲਏ ਜਾਂਦੇ ਸਨ। ਦੋ ਸਿੱਖ ਮੈਂਬਰ ਪਾਰਲੀਮੈਂਟ ਦੇ ਨਾਲ-ਨਾਲ ਇਕ ਮੈਂਬਰ ਚੀਫ਼ ਖ਼ਾਲਸਾ ਦੀਵਾਨ ਅਤੇ 4 ਮੈਂਬਰ ਹਜ਼ੂਰੀ ਖ਼ਾਲਸਾ ਦੀਵਾਨ ਦੇ ਹੁੰਦੇ ਸਨ। ਇਨ੍ਹਾਂ ਮੈਂਬਰਾਂ ਦੀ ਰਾਏ ਨਾਲ ਪ੍ਰਧਾਨ ਨਾਂਦੇੜ ਬੋਰਡ ਦੀ ਚੋਣ ਸਰਕਾਰੀ ਤੌਰ ’ਤੇ ਮੈਂਬਰਾਂ ਦੀ ਰਾਏ ਨਾਲ ਕੀਤੀ ਜਾਂਦੀ ਸੀ। ਹੁਣ ਨਵੇਂ ਐਕਟ ਜੋ ਕਿ 5 ਫ਼ਰਵਰੀ ਨੂੰ ਪਾਸ ਕੀਤਾ ਗਿਆ ਹੈ, ਮੁਤਾਬਕ ਸਰਕਾਰ 12 ਮੈਂਬਰਾਂ ਨੂੰ ਨਾਮਜ਼ਦ ਕਰੇਗੀ, ਦੋ ਮੈਂਬਰ ਸ਼੍ਰੋਮਣੀ ਕਮੇਟੀ ਤੇ 3 ਮੈਂਬਰ ਵੋਟਾਂ ਰਾਹੀ ਜਿੱਤ ਕੇ ਬੋਰਡ ਵਿਚ ਸ਼ਾਮਲ ਕੀਤੇ ਜਾਣਗੇ। ਚੀਫ਼ ਖ਼ਾਲਸਾ ਦੀਵਾਨ, ਹਜ਼ੂਰੀ ਖ਼ਾਲਸਾ ਦੀਵਾਨ ਤੇ ਸਿੱਖ ਮੈਂਬਰ ਪਾਰਲੀਮੈਂਟ ਨੂੰ ਮਨਫ਼ੀ ਕਰ ਦਿਤਾ ਗਿਆ ਹੈ। ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ, ਤਖ਼ਤ ਪਟਨਾ ਸਾਹਿਬ ਤੋਂ ਬਾਅਦ ਤਖ਼ਤ ਅਬਿਚਲ ਨਗਰ ਦਾ ਪ੍ਰਬੰਧ ਸਰਕਾਰੀ ਹੱਥਾਂ ਵਿਚ ਜਾਣਾ ਚਿੰਤਾ ਦਾ ਵਿਸ਼ਾ ਹੈ।

# ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਐਕਟ ਨਾਲ ਸਰਕਾਰ ਵੱਲੋਂ ਛੇੜ ਛਾੜ ਬਰਦਾਸ਼ਤ ਨਹੀਂ : ਐਡਵੋਕੇਟ ਹਰਜਿੰਦਰ ਸਿੰਘ ਧਾਮੀ



ਅੰਮ੍ਰਿਤਸਰ : ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਗੁਰਦੁਆਰਾ ਬੋਰਡ ਵਿਚ ਸਰਕਾਰ ਵੱਲੋਂ ਸਿੱਖ ਸੰਸਥਾਵਾਂ ਦੇ ਮੈਂਬਰਾਂ ਦੀ ਗਿਣਤੀ ਘਟਾਉਣ ਦੀ ਕਾਰਵਾਈ ਦਾ ਗੰਭੀਰ ਨੋਟਿਸ ਲੈਂਦਿਆਂ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਬਹੁਤ ਹੀ ਦੁਖਦਾਈ ਅਤੇ ਨਿੰਦਣਯੋਗ ਹੈ। ਉਨ੍ਹਾਂ ਇਸ ਮਾਮਲੇ ਨੂੰ ਲੈ ਕੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਸ਼੍ਰੀ ਏਕਨਾਥ ਸ਼ਿੰਦੇ ਨੂੰ ਪੱਤਰ ਲਿਖ ਕੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ ਅਤੇ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਮੁਲਾਕਾਤ ਲਈ ਸਮਾਂ ਮੰਗਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਦੇ ਮੰਤਰੀ ਮੰਡਲ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਐਕਟ ਵਿਚ ਮਨਮਰਜ਼ੀ ਦੀ ਸੋਧ ਸਿੱਖ ਗੁਰਦੁਆਰਾ ਪ੍ਰਬੰਧਾਂ ਵਿੱਚ ਸਿੱਧੀ ਦਖਲਅੰਦਾਜ਼ੀ ਹੈ। ਉਨ੍ਹਾਂ ਕਿਹਾ ਕਿ ਨਾਂਦੇੜ ਗੁਰਦੁਆਰਾ ਬੋਰਡ ਵਿੱਚ ਸਿੱਖ ਸੰਸਥਾਵਾਂ ਦੇ ਮੈਂਬਰਾਂ ਦੀ ਨੁਮਾਇੰਦਗੀ ਦਾ ਮੰਤਵ ਤਖ਼ਤ ਸਾਹਿਬ, ਸਬੰਧਤ ਸਿੱਖ ਗੁਰਧਾਮਾਂ ਦੀ ਮਰਿਆਦਾ ਦੇ ਮੱਦੇਨਜ਼ਰ ਬੋਰਡ ਦੇ ਕੰਮਕਾਜ ਨੂੰ ਪਾਰਦਰਸ਼ੀ ਅਤੇ ਧਾਰਮਿਕ ਢੰਗ ਨਾਲ ਯਕੀਨੀ ਬਣਾਉਣਾ ਹੈ। ਉਨ੍ਹਾਂ ਚਿੰਤਾ ਜਾਹਿਰ ਕੀਤੀ ਕਿ ਐਕਟ ਵਿੱਚ ਕੋਈ ਵੀ ਵਿਗਾੜ ਇਸ ਭਾਵਨਾ ਨੂੰ ਠੇਸ ਪਹੁੰਚਾਏਗਾ।

ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਸਰਕਾਰ ਦਾ ਗੁਰਦੁਆਰਾ ਬੋਰਡ ਵਿਚ ਸਰਕਾਰੀ ਨਾਮਜ਼ਦ ਮੈਂਬਰਾਂ ਦੀ ਗਿਣਤੀ ਵਧਾਉਣ ਅਤੇ ਸਿੱਖ ਸੰਸਥਾਵਾਂ ਦੇ ਮੈਂਬਰਾਂ ਨੂੰ ਘਟਾਉਣ ਦਾ ਫੈਸਲਾ ਸਿੱਖ ਗੁਰਧਾਮਾਂ ’ਤੇ ਸਿੱਧਾ ਕਬਜ਼ਾ ਕਰਨ ਦੀ ਕਾਰਵਾਈ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸਰਕਾਰ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਵਿੱਚ ਅਜਿਹੀ ਸੋਧ ਦਾ ਪ੍ਰਸਤਾਵ ਪੇਸ਼ ਕਰਨ ਤੋਂ ਪਹਿਲਾਂ ਸਿੱਖਾਂ ਦੀਆਂ ਨੁਮਾਇੰਦਾ ਸੰਸਥਾਵਾਂ ਅਤੇ ਜਥੇਬੰਦੀਆਂ ਨਾਲ ਕੋਈ ਅਗਾਊਂ ਸਲਾਹ-ਮਸ਼ਵਰਾ ਨਹੀਂ ਕੀਤਾ।

ਐਡਵੋਕੇਟ ਧਾਮੀ ਨੇ ਮੁੱਖ ਮੰਤਰੀ ਸ਼ ?ਰੀ ਏਕਨਾਥ ਸ਼ਿੰਦੇ ਨੂੰ ਅਪੀਲ ਕੀਤੀ ਕਿ ਉਹ ਸਿੱਖ ਗੁਰਧਾਮਾਂ ਦੇ ਪ੍ਰਬੰਧਾਂ ਵਿੱਚ ਸਰਕਾਰੀ ਪ੍ਰਭਾਵ ਵਧਾਉਣ ਵਾਲੀਆਂ ਕਾਰਵਾਈਆਂ ਨੂੰ ਤੁਰੰਤ ਬੰਦ ਕਰਨ ਅਤੇ ਸ੍ਰੀ ਹਜ਼ੂਰ ਸਾਹਿਬ ਗੁਰਦੁਆਰਾ ਬੋਰਡ ਨਾਲ ਸਬੰਧਤ ਐਕਟ 1956 ਨੂੰ ਤੋੜਨ ਦੀ ਕਾਰਵਾਈ ਨੂੰ ਤੁਰੰਤ ਰੋਕਣ। ਉਨ੍ਹਾਂ ਕਿਹਾ ਕਿ ਨਾਂਦੇੜ ਗੁਰਦੁਆਰਾ ਬੋਰਡ ਵਿੱਚ ਪਹਿਲਾਂ ਵਾਂਗ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇ।

ਉਨ੍ਹਾਂ ਕਿਹਾ ਕਿ ਇਸ ਸੋਧ ਨੂੰ ਲੈ ਕੇ ਸਮੁੱਚੇ ਸਿੱਖ ਜਗਤ ਅੰਦਰ ਵੱਡੇ ਰੋਸ ਦੀ ਲਹਿਰ ਹੈ, ਜਿਸ ਦਾ ਪ੍ਰਗਟਾਵਾ ਸੰਗਤਾਂ ਵੱਲੋਂ ਸ਼ ?ਰੋਮਣੀ ਕਮੇਟੀ ਨਾਲ ਸੰਪਰਕ ਕਰਕੇ ਕੀਤਾ ਜਾ ਰਿਹਾ ਹੈ। ਮਹਾਰਾਸ਼ਟਰ ਦੀਆਂ ਸੰਗਤਾਂ ਵੱਲੋਂ ਵੀ ਇਸ ਨੂੰ ਲੈ ਕੇ ਸਖ਼ਤ ਇਤਰਾਜ਼ ਪ੍ਰਗਟਾਏ ਜਾ ਰਹੇ ਹਨ।

# ਕੇਂਦਰੀ ਸਿੱਖ ਅਜਾਇਬ ਘਰ ’ਚ 8 ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਸੁਸ਼ੋਭਿਤ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਕੇਂਦਰੀ ਸਿੱਖ ਅਜਾਇਬ ਘਰ ’ਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਜੂਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਸੁਰਿੰਦਰ ਸਿੰਘ, ਜਥੇਦਾਰ ਮਾਨ ਸਿੰਘ ਹੰਭੋ, ਧਰਮ ਪ੍ਰਚਾਰ ਕਮੇਟੀ ਦੇ ਸਾਬਕਾ ਮੈਂਬਰ ਜਥੇਦਾਰ ਰਤਨ ਸਿੰਘ ਜਫ਼ਰਵਾਲ, ਬੱਬਰ ਅਕਾਲੀ ਸ. ਜਰਨੈਲ ਸਿੰਘ ਕਾਲਰੇ, ਬਾਬਾ ਜੰਗ ਸਿੰਘ ਸੰਪ੍ਰਦਾਇ ਮੁਖੀ ਬੁੰਗਾ ਮਸਤੂਆਣਾ, ਬਾਬਾ ਚੰਦਾ ਸਿੰਘ ਮਹੰਤ, ਸਿੱਖ ਇਤਿਹਾਸਕਾਰ ਸ. ਸਵਰਨ ਸਿੰਘ ਚੂਸਲੇਵੜ੍ਹ ਤੇ ਕਥਾਵਾਚਕ ਗਿਆਨੀ ਦਲੀਪ ਸਿੰਘ ਦੀਆਂ ਤਸਵੀਰਾਂ ਸੁਸ਼ੋਭਿਤ ਕੀਤੀਆਂ ਗਈਆਂ ਹਨ। ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਬਾਬਾ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਤੇ ਮੈਂਬਰ ਭਾਈ ਮਨਜੀਤ ਸਿੰਘ ਨੇ ਨਿਭਾਈ।



ਇਸ ਮੌਕੇ ਸੰਬੋਧਨ ਕਰਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਕਿਹਾ ਕਿ ਸਿੱਖ ਇਤਿਹਾਸ ਅਤੇ ਵਿਰਾਸਤ ਦੇ ਅਹਿਮ ਸੋਮੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਕੌਮ ਲਈ ਘਾਲਣਾ ਘਾਲਣ ਵਾਲਿਆਂ ਦੀਆਂ ਤਸਵੀਰਾਂ ਸੁਸ਼ੋਭਿਤ ਕਰਕੇ ਉਨ੍ਹਾਂ ਨੂੰ ਕੌਮੀ ਸਨਮਾਨ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪ੍ਰਿੰਸੀਪਲ ਸੁਰਿੰਦਰ ਸਿੰਘ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਰਹੇ ਹਨ, ਜਿਨ੍ਹਾਂ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਸਿੱਖ ਮਿਸ਼ਨਰੀ ਕਾਲਜ ਦੀ ਸਥਾਪਨਾ ਕਰਕੇ ਕੌਮ ਨੂੰ ਅਨੇਕਾਂ ਪ੍ਰਚਾਰਕ ਦਿੱਤੇ। ਉਨ੍ਹਾਂ ਜਥੇਦਾਰ ਮਾਨ ਸਿੰਘ ਹੰਭੋ ਬਾਰੇ ਗੱਲ ਕਰਦਿਆਂ ਕਿਹਾ ਕਿ ਜਥੇਦਾਰ ਸਾਹਿਬ ਨੇ ਕਈ ਮੋਰਚਿਆਂ ਵਿਚ ਸ਼ਾਮਲ ਹੋ ਕੇ ਗ੍ਰਿਫ਼ਤਾਰੀ ਦਿੱਤੀ ਅਤੇ ਲੰਮਾਂ ਸਮਾਂ ਜੇਲ੍ਹ ਕੱਟੀ। ਉਹ 20 ਸਾਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਰਹੇ। ਇਸੇ ਤਰ੍ਹਾਂ ਧਰਮ ਪ੍ਰਚਾਰ ਕਮੇਟੀ ਦੇ ਸਾਬਕਾ ਮੈਂਬਰ ਜਥੇਦਾਰ ਰਤਨ ਸਿੰਘ ਜਫ਼ਰਵਾਲ ਨੇ ਵੀ ਪੰਜਾਬੀ ਸੂਬਾ ਮੋਰਚਾ ਅਤੇ ਧਰਮ ਯੁੱਧ ਮੋਰਚੇ ਦੌਰਾਨ ਜੇਲ੍ਹ ਕੱਟੀ ਅਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਹੁੰਦਿਆਂ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਸ਼ਲਾਘਾਯੋਗ ਕਾਰਜ ਕੀਤੇ।

ਉਨ੍ਹਾਂ ਬੱਬਰ ਅਕਾਲੀ ਸ. ਜਰਨੈਲ ਸਿੰਘ ਕਾਲਰੇ ਬਾਰੇ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਅੰਗਰੇਜ਼ ਸਰਕਾਰ ਵਿਰੁੱਧ ਸੰਘਰਸ਼ ਦੌਰਾਨ ਬੱਬਰ ਅਕਾਲੀ ਲਹਿਰ ਵਿਚ ਅਹਿਮ ਯੋਗਦਾਨ ਪਾਇਆ। ਇਸੇ ਤਰ੍ਹਾਂ ਬਾਬਾ ਜੰਗ ਸਿੰਘ ਸੰਪ੍ਰਦਾਇ ਮੁਖੀ ਬੁੰਗਾ ਮਸਤੂਆਣਾ, ਬਾਬਾ ਚੰਦਾ ਸਿੰਘ ਮਹੰਤ ਤੇ ਕਥਾਵਾਚਕ ਗਿਆਨੀ ਦਲੀਪ ਸਿੰਘ ਨੇ ਵੀ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਜ਼ਿਕਰਯੋਗ ਸੇਵਾਵਾਂ ਨਿਭਾਈਆਂ। ਸਿੱਖ ਇਤਿਹਾਸਕਾਰ ਸ. ਸਵਰਨ ਸਿੰਘ ਚੂਸਲੇਵੜ੍ਹ ਵੱਲੋਂ ਸਿੱਖ ਇਤਿਹਾਸ ਨਾਲ ਸਬੰਧਤ ਕਈ ਪੁਸਤਕਾਂ ਲਿਖ ਕੇ ਪਾਏ ਵੱਡੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

ਇਸ ਮੌਕੇ ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ ਤੇ ਸਕੱਤਰ ਸ. ਪ੍ਰਤਾਪ ਸਿੰਘ ਨੇ ਵੀ ਸੰਬੋਧਨ ਕਰਦਿਆਂ ਤਸਵੀਰਾਂ ਲੱਗਣ ਵਾਲੀਆਂ ਸ਼ਖ਼ਸੀਅਤਾਂ ਦੇ ਜੀਵਨ ਬਾਰੇ ਵਿਚਾਰ ਪ੍ਰਗਟਾਏ। ਇਸ ਮੌਕੇ ਪੁੱਜੀਆਂ ਸ਼ਖ਼ਸੀਅਤਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸ਼ ?ਰੋਮਣੀ ਕਮੇਟੀ ਦੇ ਮੈਂਬਰ ਬੀਬੀ ਦਵਿੰਦਰ ਕੌਰ ਕਾਲਰਾ, ਬੀਬੀ ਜਸਵੀਰ ਕੌਰ ਜਫ਼ਰਵਾਲ, ਬਾਬਾ ਟੇਕ ਸਿੰਘ, ਬਾਬਾ ਸੁਖਵਿੰਦਰ ਸਿੰਘ ਮਲਕਪੁਰ, ਦਮਦਮੀ ਟਕਸਾਲ ਦੇ ਮੁਖ ਬੁਲਾਰੇ ਗਿਆਨੀ ਸੁਖਦੇਵ ਸਿੰਘ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ. ਕੰਵਰਚੜ੍ਹਤ ਸਿੰਘ, ਸਾਬਕਾ ਵਿਧਾਇਕ ਸ. ਹਰਮਿੰਦਰ ਸਿੰਘ ਸੰਧੂ ਸਮੇਤ ਆਦਿ ਹਾਜ਼ਰ ਸਨ।

# ਪੰਜਾਬ ਨੂੰ ਖੋਰਾ ਲਾ ਰਿਹੈ ਅਸਾਧਾਰਨ ਪਰਵਾਸ

**ਗੁਰਪ੍ਰੀਤ ਸਿੰਘ ਤੂਰ**

ਪਰਵਾਸ ਨੂੰ ਕੁਦਰਤੀ ਵਰਤਾਰਾ ਆਖਿਆ ਗਿਆ ਹੈ। ਜਦੋਂ ਮਨੁੱਖ ਰੁਜ਼ਗਾਰ ਦੇ ਚੰਗੇ ਮੌਕਿਆਂ ਤੇ ਜੀਵਨ ਜਿਊਣ ਦੀਆਂ ਬਿਹਤਰ ਹਾਲਤਾਂ ਦੀ ਭਾਲ 'ਚ ਆਪਣਾ ਮੂਲ ਸਥਾਨ ਛੱਡ ਕੇ ਦੇਸ਼ ਵਿਚ ਇਕ ਥਾਂ ਤੋਂ ਦੂਜੀ ਥਾਂ ਜਾਂ ਇਕ ਦੇਸ਼ ਤੋਂ ਦੂਜੇ ਦੇਸ਼ ਜਾ ਵਸਦੇ ਹਨ, ਪਰਵਾਸ ਕਹਾਉਂਦਾ ਹੈ। ਸਦੀਆਂ ਤੋਂ ਪ੍ਰਚੱਲਿਤ ਪਰਵਾਸ ਨੂੰ ਸੁਭਾਵਿਕ ਵਰਤਾਰਾ ਮੰਨਿਆ ਗਿਆ ਹੈ।

ਪੰਜਾਬ 'ਚੋਂ ਪਰਵਾਸ ਦੀਆਂ ਪੈੜਾਂ ਪਿਛਲੀ ਸਦੀ ਦੇ ਸ਼ੁਰੂ 'ਚ ਵੇਖੀਆਂ ਜਾ ਸਕਦੀਆਂ ਹਨ। ਗ਼ਦਰੀ ਬਾਬਿਆਂ ਤੇ ਸਿੱਖ ਫ਼ੌਜੀਆਂ ਨੇ ਪਰਵਾਸ ਦੀ ਪੰਜਾਬੀਆਂ ਨਾਲ ਜਾਣ-ਪਛਾਣ ਕਰਵਾਈ। ਕਲਕੱਤਾ ਬੰਦਰਗਾਹ ਅੱਜ ਤੱਕ ਪੰਜਾਬੀਆਂ ਦੇ ਚੇਤਿਆਂ 'ਚ ਖੁਣੀ ਹੋਈ ਹੈ। ਕਮਾਈ ਕਰਨ ਗਏ ਇਹ ਲੋਕ ਮਹੀਨਿਆਂ ਬਾਅਦ ਹੀ ਪਰਿਵਾਰ ਲਈ ਪੈਸੇ ਭੇਜਣ ਲੱਗ ਜਾਂਦੇ ਸਨ। ਇਵੇਂ ਲੋਕ ਘਰਾਂ ਨੂੰ ਰੰਗ ਕਰਾ ਲੈਂਦੇ, ਸਾਈਕਲ-ਸਕੂਟਰ ਖਰੀਦ ਲੈਂਦੇ, ਕੋਈ ਕਮਰਾ ਛੱਤ ਲੈਂਦੇ ਅਤੇ ਕਈ ਨਵੇਂ ਘਰ ਵੀ ਬਣਾ ਲੈਂਦੇ ਸਨ। ਇਵੇਂ ਵਿਦੇਸ਼ਾਂ ਤੋਂ ਆਏ ਪੈਸੇ ਨੇ ਪੰਜਾਬੀ ਜੀਵਨ ਨੂੰ ਖ਼ੁਸ਼ੀਆਂ ਤੇ ਖ਼ੁਸ਼ਹਾਲੀ ਪ੍ਰਦਾਨ ਕੀਤੀ। ਕਈ ਘਰ ਅਜਿਹੀ ਆਰਥਿਕ ਮਦਦ ਨਾਲ ਜ਼ਮੀਨ ਵੀ ਖਰੀਦ ਲੈਂਦੇ ਅਤੇ ਕਈ ਰੌਣਕ ਮੇਲੇ ਵਾਲਾ ਵਿਆਹ ਕਰ ਲੈਂਦੇ। ਪਿੰਡਾਂ 'ਚ ਅੱਜ ਵੀ ਕਈ ਘਰ ਵੇਖੇ ਜਾ ਸਕਦੇ ਹਨ, ਜਿਨ੍ਹਾਂ ਉਪਰ 'ਬਰਮਾ ਵਾਲੇ', 'ਮਲਾਇਆ ਵਾਲੇ' ਲਿਖਿਆ ਮਿਲਦਾ ਹੈ। 'ਕੈਨੇਡਾ ਤੇ ਅਮਰੀਕਾ ਵਾਲੇ' ਇਹ ਨਾਂਅ ਕਈ ਪਰਿਵਾਰਾਂ ਦੀ ਪਹਿਚਾਣ ਬਣੇ ਹੋਏ ਹਨ। ਕਈ ਪਰਿਵਾਰਾਂ ਦਾ ਇਕ ਭਰਾ ਇੱਧਰ ਕੰਮ 'ਚ ਰੁੱਝ ਗਿਆ ਤੇ ਇਕ ਵਿਦੇਸ਼ ਚਲਾ ਗਿਆ। ਇਵੇਂ ਪਰਿਵਾਰ ਦੇ ਇਸ ਰੂਪ ਨੇ ਪਿੰਡਾਂ ਨੂੰ ਸੋਹਣੇ ਰੰਗਾਂ 'ਚ ਰੰਗਿਆ। ਕਈ ਵਿਅਕਤੀ ਵਿਦੇਸ਼ਾਂ 'ਚ ਅੱਠ-ਦਸ ਸਾਲ ਕਮਾਈ ਕਰਕੇ ਵਾਪਸ ਵੀ ਮੁੜ ਆਉਂਦੇ ਸਨ। ਪਰ ਪਰਵਾਸ ਦੀ ਕਤਾਰ, ਡਾਰ ਕਿਵੇਂ ਤੇ ਕਦੋਂ ਬਣੀ ਇਹ ਅੱਜ ਵਿਚਾਰਨ ਦਾ ਵਿਸ਼ਾ ਹੈ?

1990 ਤੱਕ ਪ੍ਰਾਂਤ ਪ੍ਰਤੀ ਵਿਅਕਤੀ ਆਮਦਨੀ ਦੇ ਆਧਾਰ 'ਤੇ ਸਿਖਰ 'ਤੇ ਰਿਹਾ। ਲੇਕਿਨ ਉਸ ਤੋਂ ਬਾਅਦ ਨਿਘਾਰ ਸ਼ੁਰੂ ਹੋਇਆ। ਹਾਕਮਾਂ ਨੇ ਆਪਣੀਆਂ ਕੁਰਸੀਆਂ ਬਰਕਰਾਰ ਰੱਖਣ ਲਈ ਪਹਿਲਾਂ ਖੇਤੀ ਸੈਕਟਰ ਲਈ ਬਿਜਲੀ ਮੁਫ਼ਤ ਕਰ ਦਿੱਤੀ, ਫਿਰ ਚੋਣਵੇਂ ਉਦਯੋਗਿਕ ਸੈਕਟਰ ਲਈ ਬਿਜਲੀ ਸਬਸਿਡੀ ਲਾਗੂ ਹੋਈ। ਅਜਿਹੀਆਂ ਨੀਤੀਆਂ ਕਾਰਨ ਪ੍ਰਾਂਤ 'ਤੇ ਕਰਜ਼ੇ ਦੇ ਹਾਲਾਤ ਇੱਥੋਂ ਤੱਕ ਵਿਗੜ ਗਏ ਕਿ ਵਿਆਜ ਮੋੜਨ ਲਈ ਵੀ ਵਿਆਜ 'ਤੇ ਪੈਸੇ ਚੁੱਕਣੇ ਪੈ ਰਹੇ ਹਨ। ਹੁਣ ਸਾਲਾਨਾ ਬਜਟ ਦਾ ਲਗਭਗ ਤਿਮਾਹੀ ਹਿੱਸਾ ਕਰਜ਼ਾ ਮੋੜਨ ਲਈ ਖਰਚਿਆ ਜਾ ਰਿਹਾ ਹੈ, ਲਗਭਗ ਅੱਧਾ ਹਿੱਸਾ ਪੱਕੇ ਖਰਚਿਆਂ 'ਤੇ ਖਰਚ ਹੁੰਦਾ ਹੈ। ਇਵੇਂ ਬਹੁਤ ਥੋੜ੍ਹੀ ਰਕਮ ਵਿੱਦਿਆ, ਸਿਹਤ, ਰੈਗੂਲਰ ਨੌਕਰੀਆਂ ਤੇ ਵਿਕਾਸ ਦੇ ਕੰਮਾਂ ਲਈ ਬਾਕੀ ਬਚਦੀ ਹੈ। 1990 ਤੱਕ ਵਿੱਦਿਆ ਅਤੇ ਸਿਹਤ 'ਤੇ ਸਾਲਾਨਾ ਬਜਟ ਦਾ ਕ੍ਰਮਵਾਰ 22 ਤੇ 12 ਪ੍ਰਤੀਸ਼ਤ ਖਰਚਿਆ ਜਾਂਦਾ ਸੀ, ਜੋ 2022-23 ਦੇ ਬਜਟ 'ਚ ਘਟ ਕੇ ਕ੍ਰਮਵਾਰ 13 ਤੇ 5 ਪ੍ਰਤੀਸ਼ਤ ਰਹਿ ਗਿਆ ਹੈ।

ਸਰਹੱਦੀ ਤੇ ਸੀਮਾਬੱਧ ਪ੍ਰਾਂਤ ਹੋਣ ਕਰਕੇ ਪ੍ਰਾਂਤ 'ਚ ਉਦਯੋਗ ਦੀਆਂ ਸੰਭਾਵਨਾਵਾਂ ਪਹਿਲਾਂ ਹੀ ਘੱਟ ਸਨ, ਜ਼ਮੀਨ ਦੀ ਵੱਧ ਕੀਮਤ ਤੇ ਕੱਚੇ ਮਾਲ ਦੀ ਥੋੜ ਨੇ ਇਨ੍ਹਾਂ ਸੰਭਾਵਨਾਵਾਂ ਨੂੰ ਹੋਰ ਸੀਮਤ ਕਰ ਦਿੱਤਾ। ਅਜਿਹੀਆਂ ਹਾਲਤਾਂ 'ਚ ਪੰਜਾਬ ਨੂੰ ਆਈ.ਟੀ. ਸੈਕਟਰ ਦੀ ਵੱਡੀ ਲੋੜ ਸੀ। ਮਾਹਿਰਾਂ ਅਨੁਸਾਰ 'ਹਵਾਈ ਸੰਪਰਕ, ਤਕਨੀਕੀ ਮਾਨਵੀ ਸਰੋਤ ਅਤੇ ਮਦਦਗਾਰ ਰਾਜਨੀਤਕ ਤੇ ਪ੍ਰਸ਼ਾਸਨਿਕ ਰਵੱਈਆ ਆਈ.ਟੀ. ਸੈਕਟਰ ਦੇ ਵਿਕਾਸ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ।' ਸਾਡੇ ਕੋਲ ਮੁਹਾਲੀ ਤੇ ਅੰਮ੍ਰਿਤਸਰ ਅੰਤਰਰਾਸ਼ਟਰੀ ਏਅਰਪੋਰਟ ਹੋਣ ਦੇ ਬਾਵਜੂਦ ਵੀ ਅਸੀਂ ਆਈ.ਟੀ. ਸੈਕਟਰ ਵਿਕਸਿਤ ਨਹੀਂ ਕਰ ਸਕੇ। ਭਾਵੇਂ ਕਿ ਪਿਛਲੀ ਸਦੀ ਦੇ ਆਖਰੀ ਦਹਾਕੇ 'ਚ ਸਾਨੂੰ ਇਹ ਮੌਕਾ ਮਿਲਿਆ ਸੀ, ਜਦੋਂ ਕਿ ਕਈ ਅੰਤਰਰਾਸ਼ਟਰੀ ਕੰਪਨੀਆਂ ਨੇ ਮੁਹਾਲੀ ਵਿਖੇ ਦਫ਼ਤਰ ਵੀ ਖੋਲ੍ਹੇ ਸਨ। ਦੂਜੇ ਪਾਸੇ ਹੈਦਰਾਬਾਦ, ਚੇਨਈ, ਮੁੰਬਈ ਤੇ ਗੁੜਗਾਓਂ ਵਰਗੇ ਸ਼ਹਿਰਾਂ ਨੇ ਇਸੇ ਮੌਕੇ ਦਾ ਭਰਪੂਰ ਲਾਭ ਉਠਾਇਆ। ਨੌਜਵਾਨਾਂ ਲਈ ਰੁਜ਼ਗਾਰ ਪੱਖੋਂ ਇਹ ਇਕ ਵੱਡਾ ਪਛਤਾਵਾ ਹੈ। ਇਸ ਦਾ ਪੰਜਾਬ 'ਤੇ ਵੱਡਾ ਨਾਂਹਪੱਖੀ ਪ੍ਰਭਾਵ ਪਿਆ।

ਸਰਕਾਰੀ, ਅਰਧ ਸਰਕਾਰੀ ਨੌਕਰੀਆਂ ਤੇ ਆਈ.ਟੀ. ਰੁਜ਼ਗਾਰ ਦਾ ਪਰਦੇ ਤੋਂ ਅਲੋਪ ਹੋ ਜਾਣਾ, ਘੱਟੋ-ਘੱਟ ਨੌਕਰੀਆਂ ਦਾ ਪ੍ਰਬੰਧ ਉਹ ਵੀ ਠੇਕੇ 'ਤੇ ਹੋਣਾ, ਲੋਕ ਪੱਖੀ ਸਰਕਾਰੀ ਨੀਤੀਆਂ ਦੀ ਅਣਹੋਂਦ ਤੇ ਬੇਪ੍ਰਵਾਹ ਪ੍ਰਸ਼ਾਸਨਿਕ ਰਵੱਈਆ, ਭ੍ਰਿਸ਼ਟਾਚਾਰ ਦਾ ਬੋਲਬਾਲਾ, ਕਾਮਿਆਂ ਨੂੰ ਘੱਟ ਵੇਤਨ ਦਰ ਆਦਿ ਕਾਰਨਾਂ ਕਰਕੇ ਨੌਜਵਾਨ ਹਰ ਹਾਲਤ 'ਚ ਵਿਦੇਸ਼ ਜਾਣ ਲਈ ਮਜਬੂਰ ਹੋਣ ਲੱਗੇ। ਪ੍ਰਾਂਤ 'ਚ ਨਸ਼ਿਆਂ ਦੀ ਮਾਰ ਤੇ ਕਾਨੂੰਨ ਵਿਵਸਥਾ ਦੀ ਸਥਿਤੀ ਨੇ ਇਸ ਮਜਬੂਰੀ ਨੂੰ ਗੂੜ੍ਹਾ ਕਰ ਦਿੱਤਾ। ਕਾਲੇ ਧਨ ਨੇ ਬੇਰੁਜ਼ਗਾਰ ਨੌਜਵਾਨਾਂ ਦਾ ਸਾਹ ਘੁੱਟ ਲਿਆ। ਸਾਲ 2015-16 ਦੌਰਾਨ ਵਿਕਸਿਤ ਦੇਸ਼ਾਂ ਖ਼ਾਸ ਤੌਰ 'ਤੇ ਕੈਨੇਡਾ ਵਲੋਂ ਸਟੱਡੀ ਵੀਜ਼ੇ ਦੀਆਂ ਨਰਮ ਨੀਤੀਆਂ ਨੇ ਵਿਦਿਆਰਥੀਆਂ ਤੇ ਮਾਪਿਆਂ ਦੇ ਮਨਾਂ 'ਚ ਵਿਦੇਸ਼ ਜਾਣ ਦੀ ਕਾਹਲ ਪਾ ਦਿੱਤੀ। ਇਵੇਂ ਆਇਲੈਟਸ ਪਾਸ ਕਰਵਾਉਣ ਵਾਲੇ ਸੈਂਟਰ ਅਤੇ ਇਮੀਗ੍ਰੇਸ਼ਨ ਕੰਪਨੀਆਂ ਖੁੰਬਾਂ ਵਾਂਗ ਹੋਂਦ 'ਚ ਆ ਗਈਆਂ।




ਲੁਧਿਆਣਾ ਤੋਂ ਬਠਿੰਡਾ ਜਾਂਦਿਆਂ ਰਾਏਕੋਟ ਸ਼ਹਿਰ ਦੇ ਬਾਈਪਾਸ (1.2 ਕਿ.ਮੀ.) 'ਤੇ ਖੱਬੇ ਪਾਸੇ 32 ਅਤੇ ਸੱਜੇ ਪਾਸੇ 28 ਆਇਲੈਟਸ ਤੇ ਇਮੀਗ੍ਰੇਸ਼ਨ ਸੈਂਟਰ ਹਨ। ਇਵੇਂ ਮੋਗਾ ਸ਼ਹਿਰ ਵਿਚੋਂ ਲੁਧਿਆਣਾ ਤੋਂ ਫਿਰੋਜ਼ਪੁਰ ਵੱਲ ਨੂੰ ਲੰਘਦਿਆਂ (1.5 ਕਿ.ਮੀ.) ਖੱਬੇ ਤੇ ਸੱਜੇ ਪਾਸੇ ਕ੍ਰਮਵਾਰ 25 ਅਤੇ 32 ਅਜਿਹੇ ਸੈਂਟਰ ਹਨ। ਪੰਜਾਬ ਦੇ ਕਈ ਕਸਬਿਆਂ, ਹਰ ਤਹਿਸੀਲ ਅਤੇ ਜ਼ਿਲ੍ਹਾ ਹੈਡਕੁਆਟਰਾਂ ਦੀਆਂ ਮੁੱਖ ਸੜਕਾਂ ਅਤੇ ਬੱਸ ਅੱਡਿਆਂ ਨੇੜੇ ਅਜਿਹੇ ਸੈਂਟਰਾਂ ਦੀ ਭਰਮਾਰ ਹੈ। ਪ੍ਰਾਂਤ ਦੀਆਂ ਮੁੱਖ ਸੜਕਾਂ ਅਤੇ ਸ਼ਹਿਰਾਂ 'ਚੋਂ ਲੰਘਦੇ ਹਾਈਵੇਜ਼ ਤੋਂ ਇਨ੍ਹਾਂ ਇਮੀਗ੍ਰੇਸ਼ਨ ਸੈਂਟਰਾਂ ਦੀ ਇਸ਼ਤਿਹਾਰਬਾਜ਼ੀ ਪ੍ਰਤੱਖ ਨਜ਼ਰ ਆਉਂਦੀ ਹੈ। ਵੱਡੀਆਂ-ਵੱਡੀਆਂ ਇਮੀਗ੍ਰੇਸ਼ਨ ਕੰਪਨੀਆਂ ਅਖ਼ਬਾਰਾਂ 'ਚ ਸਫੇ-ਸਫੇ ਦਾ ਇਸ਼ਤਿਹਾਰ ਦਿੰਦੀਆਂ ਹਨ ਅਤੇ ਲਗਾਤਾਰ ਵੱਖੋ-ਵੱਖ ਸ਼ਹਿਰਾਂ ਦੇ ਨਾਮਵਰ ਹੋਟਲਾਂ 'ਚ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਲਈ ਜਾਣਕਾਰੀ ਸੈਸ਼ਨ ਲਾਉਂਦੀਆਂ ਹਨ। ਕਈ ਕਾਲਜਾਂ ਦਾ ਸਟਾਫ਼ ਵੀ ਵਿਦਿਆਰਥੀਆਂ ਨੂੰ ਇਕੱਠੇ ਕਰਕੇ ਅਜਿਹੀਆਂ ਮੰਜ਼ਿਲਾਂ ਤੱਕ ਪਹੁੰਚਾਉਂਦਾ ਹੈ। ਇਨ੍ਹਾਂ ਆਇਲੈਟਸ ਤੇ ਇਮੀਗ੍ਰੇਸ਼ਨ ਸੈਂਟਰਾਂ ਦੀ ਹੋਂਦ ਟਿਊਬਵੈੱਲ ਪੰਪਾਂ ਵਾਂਗ ਹੈ, ਜੋ ਧਰਤੀ ਹੇਠਲੇ ਪਾਣੀ ਨੂੰ ਮਨੁੱਖੀ ਪਹੁੰਚ ਤੋਂ ਦੂਰ ਲਿਜਾ ਰਹੇ ਹਨ, ਇਵੇਂ ਹੀ ਇਹ ਸੈਂਟਰ ਪੰਜਾਬ ਦੀ ਜਵਾਨੀ ਨੂੰ ਵਿਦੇਸ਼ਾਂ 'ਚ ਕੋਹਾਂ ਦੂਰ ਪਹੁੰਚਾ ਰਹੇ ਹਨ। ਜਦੋਂ ਕਿ ਸਿਸਟਮ ਘੂਕ ਸੁੱਤਾ ਪਿਆ ਹੈ ਅਤੇ ਬੁੱਧੀਜੀਵੀ ਚੁੱਪ ਹਨ।

ਡੇਢ ਵਰ੍ਹੇ ਪਹਿਲਾਂ ਅਸੀਂ ਹਾਕੀ ਵਰਲਡ ਕੱਪ ਵੇਖਣ ਓਡੀਸ਼ਾ ਦੇ ਸ਼ਹਿਰ ਭੁਵਨੇਸ਼ਵਰ ਗਏ। ਉੱਥੇ ਅਜਿਹੇ ਆਇਲੈਟਸ ਤੇ ਇਮੀਗ੍ਰੇਸ਼ਨ ਇਸ਼ਤਿਹਾਰਾਂ ਵਾਲਾ ਇਕ ਵੀ ਬੋਰਡ ਨਜ਼ਰ ਨਹੀਂ ਆਇਆ, ਜਦੋਂ ਕਿ ਮੁਕਾਬਲੇ ਦੇ ਇਮਤਿਹਾਨਾਂ ਦੀ ਤਿਆਰੀ ਵਾਲੇ ਇਸ਼ਤਿਹਾਰੀ ਬੋਰਡਾਂ ਦੀ ਭਰਮਾਰ ਸੀ। ਸ਼ਹਿਰ ਦੀ ਪਬਲਿਕ ਲਾਇਬ੍ਰੇਰੀ ਨੌਜਵਾਨ ਮੁੰਡੇ-ਕੁੜੀਆਂ ਨਾਲ ਤੂਸੀ ਪਈ ਸੀ। ਲਾਇਬ੍ਰੇਰੀਅਨ ਨੇ ਦੋਵਾਂ ਹੱਥਾਂ 'ਚ ਸਿਰ ਫੜ ਕੇ ਹੌਲੀ ਜਿਹੇ ਦੱਸਿਆ ਕਿ ਸਾਨੂੰ ਵਾਧੂ ਮੇਜ਼ ਕੁਰਸੀਆਂ ਦਾ ਪ੍ਰਬੰਧ ਕਰਨਾ ਪੈ ਰਿਹਾ ਹੈ, ਫਿਰ ਉਹ ਇਸ਼ਾਰੇ ਨਾਲ ਸਾਨੂੰ ਦੋ-ਤਿੰਨ ਕਮਰਿਆਂ ਵੱਲ ਲੈ ਗਈ, ਜਿਨ੍ਹਾਂ ਨੂੰ ਆਰਜ਼ੀ ਤੌਰ 'ਤੇ ਰੀਡਿੰਗ ਰੂਮਜ਼ ਵਿਚ ਬਦਲਿਆ ਹੋਇਆ ਸੀ। ਪੰਜਾਬ 'ਚ ਅਜਿਹਾ ਇਕੱਠ ਪਾਸਪੋਰਟ ਦਫ਼ਤਰਾਂ ਤੇ ਆਇਲੈਟਸ ਸੈਂਟਰਾਂ 'ਤੇ ਵੇਖਿਆ ਜਾਂਦਾ ਹੈ।

ਵਿੱਦਿਅਕ ਖੇਤਰ ਦਾ ਲੰਬਾ ਤਜਰਬਾ ਰੱਖਣ ਵਾਲੇ ਇਕ ਵਿੱਦਿਆ ਸ਼ਾਸਤਰੀ ਅਨੁਸਾਰ 'ਸਾਲ 2004-05 ਦੌਰਾਨ ਕਾਲਜ 'ਚ ਨਵੇਂ ਦਾਖਲਿਆਂ ਦੀ ਰੌਣਕ ਘਟਣ ਲੱਗ ਪਈ ਸੀ। ਸਾਲ 2007-08 ਦੇ ਸੈਸ਼ਨ ਤੋਂ ਕਾਲਜਾਂ ਦੇ ਹਾਜ਼ਰੀ ਰਜਿਸਟਰਾਂ 'ਚ ਪਰਵਾਸ ਦੇ ਪ੍ਰਭਾਵ ਪ੍ਰਤੱਖ ਨਜ਼ਰ ਆਉਣ ਲੱਗ ਪਏ ਸਨ। ਜਦੋਂ ਸੌਖੇ ਸਟੱਡੀ ਵੀਜ਼ੇ ਦੀ ਸ਼ੁਰੂਆਤ ਹੋਈ ਤਾਂ 2016 ਤੋਂ ਬਾਅਦ ਇਹ ਪ੍ਰਭਾਵ ਤੇਜ਼ੀ ਨਾਲ ਵਧਿਆ ਅਤੇ ਹੁਣ ਕਈ ਕਾਲਜਾਂ ਦੀ ਦਾਖਲਾ ਦਰ 50 ਪ੍ਰਤੀਸ਼ਤ ਡਿਗ ਚੁੱਕੀ ਹੈ। ਪੇਂਡੂ ਅਤੇ ਸਬ-ਅਰਬਨ ਖੇਤਰ ਦੇ ਕਾਲਜ ਵੱਧ ਪ੍ਰਭਾਵਿਤ ਹੋਏ ਹਨ।' ਲੁਧਿਆਣਾ ਨੇੜਲੇ ਇਕ ਨਾਮਵਰ ਕਾਲਜ ਦੇ ਸਟਾਫ਼ ਨੂੰ ਪਿਛਲੇ 18 ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ। ਇਸ ਕਾਲਜ ਦੀ ਪ੍ਰਬੰਧਕ ਕਮੇਟੀ ਕਾਲਜ ਦੇ ਖੇਡ ਮੈਦਾਨਾਂ ਨੂੰ ਵੇਚਣ ਦਾ ਵਿਚਾਰ ਕਰ ਰਹੀ ਹੈ। ਇਸੇ ਜ਼ਿਲ੍ਹੇ ਦੇ ਇਕ ਹੋਰ ਕਾਲਜ ਦੇ ਸਟਾਫ਼ ਤੇ ਪ੍ਰਬੰਧਕ ਕਮੇਟੀ ਵਿਚਕਾਰ ਝਗੜਾ ਚੱਲ ਰਿਹਾ ਹੈ। ਪ੍ਰਬੰਧਕ ਕਮੇਟੀ ਕੁਝ ਕੋਰਸਾਂ/ਵਿਸ਼ਿਆਂ ਨੂੰ ਬੰਦ ਕਰਨ ਦਾ ਨੋਟਿਸ ਦੇ ਚੁੱਕੀ ਹੈ। ਜਦੋਂ ਕਿ ਸਟਾਫ਼ ਦੀ ਇਹ ਮੰਗ ਹੈ ਕਿ ਉਹ ਜੀਵਨ ਦੇ ਅੱਧ ਵਿਚਕਾਰ ਕਿੱਧਰ ਜਾਣ, ਉਨ੍ਹਾਂ ਅਨੁਸਾਰ ਪ੍ਰਬੰਧਕ ਕਮੇਟੀ ਦਾ ਇਹ ਫ਼ੈਸਲਾ ਸਮੁੰਦਰ ਦੇ ਅੱਧ ਵਿਚਕਾਰ ਕਿਸ਼ਤੀ ਵਾਪਸ ਮੰਗਣ ਵਾਂਗ ਹੈ। ਦੇਸ਼ ਵੰਡ ਸਮੇਂ ਕੁਝ ਪਰਿਵਾਰਾਂ ਵਲੋਂ ਜੁਲਾਈ ਮਹੀਨੇ ਤੇ ਅਗਸਤ ਦੇ ਪਹਿਲੇ ਦਸ-ਬਾਰਾਂ ਦਿਨਾਂ ਦੌਰਾਨ ਉੱਠ ਜਾਣ ਵਾਂਗ ਅਜਿਹੇ ਕਾਲਜਾਂ ਦੇ ਕਈ ਅਧਿਆਪਕ ਚੁੱਪ-ਚਾਪ ਵਿਦੇਸ਼ ਜਾਣ ਦੀਆਂ ਤਿਆਰੀਆਂ ਲਈ ਤੁਰ ਪਏ ਹਨ। ਪੰਜਾਬ ਦੇ ਬਹੁਤੇ ਕਾਲਜਾਂ ਦੀ ਹੋਂਦ ਖ਼ਤਰੇ 'ਚ ਹੈ। ਇਸ ਵੱਡੇ ਦੁਖਾਂਤ ਲਈ ਜ਼ਿੰਮੇਵਾਰ ਕੌਣ ਹੈ? 10+2 ਤੋਂ ਬਾਅਦ ਜਿਹੜੇ ਵਿਦਿਆਰਥੀ ਸਟੱਡੀ ਵੀਜ਼ੇ 'ਤੇ ਪੜ੍ਹਾਈ ਲਈ ਵਿਦੇਸ਼ ਜਾਂਦੇ ਹਨ, ਉਨ੍ਹਾਂ ਦਾ ਟੀਚਾ ਉਸ ਦੇਸ਼ ਦੀ ਨਾਗਰਿਕਤਾ ਹਾਸਲ ਕਰਨਾ ਹੈ। ਆਇਲੈਟਸ ਤੇ ਦਾਖ਼ਲਾ ਫ਼ੀਸ, ਹਵਾਈ ਸਫ਼ਰ ਦਾ ਖਰਚਾ ਤੇ ਉੱਥੇ ਜਾ ਕੇ ਰਹਿਣ ਦਾ ਮੁੱਢਲਾ ਖਰਚਾ ਤੇ ਕਾਲਜ ਫ਼ੀਸਾਂ, ਮਾਪੇ ਪਹਿਲੇ ਸਮੈਸਟਰ ਜਾਂ ਪਹਿਲੇ ਸਾਲ ਦੇ ਖਰਚੇ ਦਾ ਹੀ ਪ੍ਰਬੰਧ ਕਰਦੇ ਹਨ। ਅਗਲਾ ਭਾਰ ਵਿਦਿਆਰਥੀ ਆਪ ਚੁੱਕਦੇ ਹਨ, ਇਹ ਸਫ਼ਰ ਇਕ ਵੱਖਰੀ ਦੁੱਖਦਾਇਕ ਕਹਾਣੀ ਹੈ। ਟੋਰਾਂਟੋ ਦੇ ਇਕ ਫਿਊਨਰਲ ਮਾਲਕ ਨੇ ਉਦਾਸ ਮੁਦਰਾ ਵਿਚ ਦੱਸਿਆ ਕਿ ਘੋਰ ਨਿਰਾਸ਼ਾ ਕਾਰਨ ਹੁੰਦੀਆਂ ਮੌਤਾਂ ਕਰਕੇ ਉਹ ਪ੍ਰਤੀ ਮਹੀਨਾ ਚਾਰ ਤੋਂ ਛੇ ਮੁੰਡਿਆਂ ਦੀਆਂ ਲਾਸ਼ਾਂ ਪੰਜਾਬ ਭੇਜਣ ਦਾ ਪ੍ਰਬੰਧ ਕਰਦੇ ਹਨ। ਧੀਆਂ ਦਾ ਦੁੱਖ ਅਜਿਹੀਆਂ ਮੌਤਾਂ ਤੋਂ ਵੀ ਗਹਿਰਾ ਹੈ। ਜਿਹੜੇ ਬੱਚੇ ਨਾਨਕੇ ਵੀ ਇਕੱਲੇ ਨਹੀਂ ਗਏ ਸਨ, ਅਸੀਂ ਉਨ੍ਹਾਂ ਨੂੰ ਵਿਕਸਿਤ ਅੰਤਰਰਾਸ਼ਟਰੀ ਪਲੇਟਫਾਰਮ 'ਤੇ ਇਕੱਲਮ-ਇਕੱਲੇ ਜੀਣ ਲਈ ਉਤਾਰ ਦਿੱਤਾ ਹੈ। ਜ਼ਿੰਦਗੀ ਦੇ ਦਸ ਵਰ੍ਹ ?ਆ ਜਿੰਨਾ ਆਰਥਿਕ ਤੇ ਸਮਾਜਿਕ ਬੋਝ ਅਸੀਂ ਕੁਝ ਮਹੀਨਿਆਂ 'ਚ ਹੀ ਸਹਿਣ ਲਈ ਉਨ੍ਹਾਂ ਦੇ ਮੋਢਿਆਂ 'ਤੇ ਪਾ ਦਿੱਤਾ ਹੈ। ਅਜਿਹੇ ਸਫ਼ਰ ਤੋਂ ਪਹਿਲਾਂ ਉਨ੍ਹਾਂ ਨਾਲ ਬਹੁਤ ਗੱਲਾਂ ਕਰਨ ਦੀ ਲੋੜ ਸੀ। ਜੇ ਇੱਧਰ ਸਿਸਟਮ ਠੀਕ ਰਹਿੰਦਾ ਤੇ ਉਹੀ ਮੁੰਡੇ-ਕੁੜੀਆਂ ਗ੍ਰੈਜੂਏਸ਼ਨ ਕਰਕੇ ਜਾਂਦੇ ਅਤੇ ਮੁਕਾਬਲੇ ਰਾਹੀਂ ਉੱਚ ਵਿੱਦਿਆ ਲਈ ਯੂਨੀਵਰਸਿਟੀਆਂ 'ਚ ਪੜ੍ਹਾਈ ਕਰਦੇ ਤਾਂ ਜ਼ਿੰਦਗੀ ਦੇ ਰੰਗ ਹੀ ਕੁਝ ਹੋਰ ਹੋਣੇ ਸਨ। ਇੱਧਰ ਚਾਰ-ਚਾਰ, ਪੰਜ-ਪੰਜ ਪੈਨਸ਼ਨਾਂ ਹਾਸਲ ਕਰਦੇ ਧਨ ਤੇ ਸੱਤਾ ਦੇ ਲਾਲਚੀ ਲੋਕਾਂ ਨੇ ਵਿੱਦਿਆ ਤੇ ਕਿਰਤ ਦੇ ਮੌਕੇ ਧੂਹ ਕੇ ਉਨ੍ਹਾਂ ਤੋਂ ਪਾਸੇ ਕਰ ਲਏ। ਪਿਛਲੇ 30 ਵਰ੍ਹ ?ਆਂ 'ਚ ਹੋਏ ਪਰਵਾਸ ਦਾ 73 ਪ੍ਰਤੀਸ਼ਤ 2016 ਤੋਂ ਬਾਅਦ ਹੋਇਆ (ਡਾ. ਸ਼ਾਲਿਨੀ ਸ਼ਰਮਾ ਤੇ ਹੋਰ, 2023)।




ਪੰਜਾਬੀਆਂ ਵਲੋਂ ਸਾਲ 2023 'ਚ ਦੇਸ਼ 'ਚੋਂ ਸਭ ਤੋਂ ਵੱਧ (ਵਸੋਂ ਦਾ ਪ੍ਰਤੀਸ਼ਤ) 11,94,000 ਪਾਸਪੋਰਟ ਬਣਵਾਏ ਗਏ। ਇਹ ਗਿਣਤੀ 2013 'ਚ ਬਣਵਾਏ ਗਏ ਪਾਸਪੋਰਟਾਂ ਦੀ ਦੁੱਗਣੀ ਗਿਣਤੀ ਤੋਂ ਵੀ ਵੱਧ ਹੈ। ਵਿਦੇਸ਼ ਮੰਤਰਾਲੇ ਅਨੁਸਾਰ 2016 ਤੋਂ 2021 ਪੰਜ ਵਰ੍ਹ ?ਆਂ ਦੌਰਾਨ 10 ਲੱਖ ਤੋਂ ਵੱਧ ਪੰਜਾਬੀ ਪਰਵਾਸ ਕਰ ਗਏ। ਇਨ੍ਹਾਂ 'ਚੋਂ ਚੋਖੀ ਗਿਣਤੀ 'ਚ ਸਟੱਡੀ ਵੀਜ਼ੇ ਰਾਹੀਂ ਵਿਦੇਸ਼ ਪਹੁੰਚੇ ਵਿਦਿਆਰਥੀਆਂ ਦੀ ਹੈ। ਵਿਦਿਆਰਥੀਆਂ ਵਲੋਂ ਵਿਦੇਸ਼ ਜਾਣ ਲਈ ਚਾਹਤ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਪ੍ਰਾਂਤ 'ਚ 20 ਹਜ਼ਾਰ ਦੇ ਲਗਭਗ ਆਇਲੈਟਸ ਸੈਂਟਰ ਅਤੇ 1200 ਤੋਂ ਵੱਧ ਇਮੀਗ੍ਰੇਸ਼ਨ ਸੰਸਥਾਵਾਂ ਹਨ। ਸਾਲ 2022-23 ਦੌਰਾਨ ਪੰਜਾਬ ਦੇ 6 ਲੱਖ ਵਿਦਿਆਰਥੀਆਂ ਨੇ ਆਇਲੈਟਸ ਟੈਸਟ ਦਿੱਤਾ। ਸਾਲ 2023 ਦੇ ਅੰਕੜੇ ਭਾਵੇਂ ਹਾਲੇ ਸਾਹਮਣੇ ਨਹੀਂ ਆਏ ਪਰ ਇਸ ਵਰ੍ਹੇ ਦੌਰਾਨ ਪਰਵਾਸ 'ਚ ਰਿਕਾਰਡ ਵਾਧਾ ਹੋਇਆ। ਇਹ ਵਰ੍ਹਾ ਪੰਜਾਬ ਦੀ ਜਵਾਨੀ ਨੂੰ ਹੂੰਝ ਕੇ ਲੈ ਗਿਆ। ਪਰਵਾਸ ਦਾ ਸਭ ਤੋਂ ਵੱਧ ਅਸਰ ਪਿੰਡਾਂ 'ਤੇ ਹੋਇਆ। ਉਹ ਥਾਵਾਂ ਜਿੱਥੋਂ ਦੇ ਬਸ਼ਿੰਦੇ ਉੱਥੋਂ ਉੱਠ ਜਾਣ, ਆਪਣਾ ਸੁਹੱਪਣ ਗੁਆ ਬੈਠਦੀਆਂ ਹਨ। ਪਿੰਡ ਦੀ ਰੂਹ ਉਦਾਸ ਹੈ। ਪਿੰਡਾਂ 'ਚ ਜਿੰਦੇ ਲੱਗੇ ਘਰਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਵੱਡੇ ਪਿੰਡਾਂ ਦੀਆਂ ਕਈ ਪੱਤੀਆਂ ਦੇ ਸਾਰੇ ਦੇ ਸਾਰੇ ਘਰ ਹੀ ਬੰਦ ਹੋ ਚੁੱਕੇ ਹਨ। ਉਹ ਪਿੰਡ ਜਿਨ੍ਹਾਂ ਦਾ ਮੂੰਹ-ਮੱਥਾ ਸੰਵਾਰਨ ਲਈ ਸਦੀਆਂ ਲੱਗੀਆਂ, ਕੁਝ ਵਰ੍ਹ ?ਆਂ 'ਚ ਹੀ ਉਜੜਦੇ ਜਾ ਰਹੇ ਹਨ। ਇਹ ਪਿੰਡ ਅੰਦਰੋ-ਅੰਦਰ ਸਿਉਂਕ ਖਾਧੇ ਰੁੱਖਾਂ ਵਾਂਗ ਡਿਗ ਰਹੇ ਹਨ। ਸ਼ ?ਰੋਮਣੀ ਕਵੀ ਸੁਰਜੀਤ ਪਾਤਰ ਅਨੁਸਾਰ:

'ਇਹ ਬਾਤ ਨਿਰੀ ਏਨੀ ਹੀ ਨਹੀਂ,
ਨਾ ਇਹ ਮਸਲਾ ਸਿਰਫ਼ ਕਿਸਾਨ ਦਾ ਏ।
ਇਹ ਪਿੰਡ ਦੇ ਵਸਦੇ ਰਹਿਣ ਦਾ ਏ,
ਜਿਹਨੂੰ ਤੌਖ਼ਲਾ ਉੱਜੜ ਜਾਣ ਦਾ ਏ।।'

ਮੌਜੂਦਾ ਪਰਵਾਸ ਖੌਫ਼ਨਾਕ ਹੜ੍ਹ ਹੈ, ਜਿਸ ਦੀਆਂ ਤਾਕਤਵਰ ਛੱਲਾਂ ਪੰਜਾਬ ਨੂੰ ਰੋੜ੍ਹ ਕੇ ਲੈ ਗਈਆਂ, ਇਹ ਪਰਵਾਸ ਅੱਗ ਦੀਆਂ ਭਿਆਨਕ ਲਾਟਾਂ ਹਨ, ਜੋ ਬਚੇ-ਖੁਚੇ ਨੂੰ ਸਾੜ ਰਹੀਆਂ ਹਨ। ਢਿੱਡ, ਭੁੱਖ, ਰੋਟੀ, ਅਰਥ-ਸ਼ਾਸਤਰੀ ਅਜਿਹੇ ਲਫਜ਼ਾਂ ਨਾਲ ਪਰਵਾਸ ਦੀ ਪਰਿਭਾਸ਼ਾ ਬਿਆਨ ਕਰਕੇ ਸੁਰਖ਼ਰੂ ਤਾਂ ਹੋ ਰਹੇ ਹਨ, ਪਰ ਉਹ ਪਰਿਭਾਸ਼ਾਵਾਂ ਜੋ ਕਿਸੇ ਖਿੱਤੇ ਨੂੰ ਹੀ ਨਿਗਲ ਜਾਣ ਕੇਵਲ ਪਰਿਭਾਸ਼ਾਵਾਂ ਹੀ ਨਹੀਂ ਹੁੰਦੀਆਂ, ਪਰਿਭਾਸ਼ਾਵਾਂ ਦੇ ਰੂਪ 'ਚ ਦੈਂਤ ਹੁੰਦੀਆਂ ਨੇ।

ਕੋਈ ਢੋਲ ਵਜਾਵੋ
ਕੋਈ ਚੀਕਾਂ ਮਾਰੋ
ਕੋਈ ਕੋਠੇ ਚੜ੍ਹ ਕੇ
ਰੌਲਾ ਪਾਵੋ।
ਓਜੜ ਰਹੇ ਪੰਜਾਬ ਨੂੰ ਬਚਾਵੋ।

# ਨੋਕਦਰ ਕਾਂਡ ਦੇ ਬੇਕਸੂਰ ਮਸੂਮ ਸਿੱਖ ਨੌਜਵਾਨਾਂ ਨੂੰ ਦਿਨ ਦਿਹਾੜੇ ਕਤਲ ਕਰਨ ਵਾਲੇ ਕਾਤਲਾਂ ਨੂੰ 38 ਸਾਲ ਬਾਅਦ ਵੀ ਸਜ਼ਾ ਨਹੀਂ ਮਿਲੀ

- ਸਿੱਖ ਮਤਭੇਦ ਭੁਲਾ ਕੇ ਇਕੱਠੇ ਹੋਣ ਇਸ ਬਿਨਾਂ ਜਿੱਤ ਸੰਭਵ ਨਹੀਂ : ਡਾ. ਜਗਮੀਤ ਕੌਰ ਬੈਂਸ
- ਦੁਨੀਆ ਭਰ ਦੇ ਸਿੱਖਾਂ ਨੂੰ ਹੁਣ ਭਾਰਤ ਤੋਂ ਇਨਸਾਫ ਦੀ ਉਮੀਦ ਛੱਡ ਦੇਣੀ ਚਾਹੀਦੀ : ਸ. ਜਸਵਿੰਦਰ ਸਿੰਘ ਜੰਡੀ

## ਸਾਕਾ ਨਕੋਦਰ ਦਾ 38ਵਾਂ ਸ਼ਹੀਦੀ ਦਿਹਾੜਾ ਗੁਰਦਵਾਰਾ ਸਾਹਿਬ ਫਰੀਮੌਂਟ ਕੈਲੀਫੌਰਨੀਆ ਵਿਖੇ ਪੂਰਨ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ





ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਸੰਗਤਾਂ ਅਤੇ ਪ੍ਰਬੰਧਕ ਕਮੇਟੀ ਵਲੋਂ ਸਾਕਾ ਨਕੋਦਰ ਦੇ ਸ਼ਹੀਦਾਂ ਦੇ ਪਰਿਵਾਰ ਅਤੇ ਪਹੁੰਚੀਆਂ ਸਿੱਖ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਜਿਨ੍ਹਾਂ ਵਿਚ ਸ਼ਹੀਦਾਂ ਦੇ ਪਰਿਵਾਰ ਵਿਚੋਂ ਡਾ. ਹਰਜਿੰਦਰ ਸਿੰਘ ਲਿੱਤਰਾਂ, ਅਮਰੀਕਾ 'ਚ ਪਹਿਲੀ ਅਸੈਂਬਲੀ ਸਿੱਖ ਬੀਬੀ ਡਾ. ਜਸਮੀਤ ਕੌਰ ਬੈਂਸ, LIZ ORTEGA Assemblymember, District 20, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਪ੍ਰਧਾਨ ਸ੍ਰ. ਜਸਵਿੰਦਰ ਸਿੰਘ ਜੰਡੀ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਹੈਡ ਗ੍ਰੰਥੀ ਭਾਈ ਦਿਲਬਾਗ ਸਿੰਘ ਦਮਦਮੀ ਟਕਸਾਲ, ਸੁਪਰੀਮ ਕੌਂਸਲ ਦੇ ਮੈਂਬਰ ਡਾ. ਜਸਪ੍ਰੀਤ ਸਿੰਘ ਅਟਵਾਲ, ਰਾਜਾ ਸਵੀਟਸ ਦੇ ਮਾਲਕ ਸ੍ਰ. ਮੱਖਣ ਸਿੰਘ ਬੈਂਸ, ਸ਼ਹੀਦਾਂ ਦੇ ਪਰਿਵਾਰ ਵਿਚ ਸ੍ਰ. ਹਰਦੀਪ ਸਿੰਘ ਹੇਅਰ, ਜੂਨੀਅਰ ਸਿਟੀ ਦੇ ਵਾਇਸ ਮੇਅਰ ਸ੍ਰ. ਗੈਰੀ ਸਿੰਘ, ਗੁਰੂ ਘਰ ਦੇ ਸੀਨੀਅਰ ਸੇਵਾਦਾਰ ਭਾਈ ਬਲਜੀਤ ਸਿੰਘ ਹੰਸਲਾ ਅਤੇ ਗੁਰੂ ਘਰ ਦੇ ਜਨਰਲ ਸੈਕਟਰੀ ਭਾਈ ਦਵਿੰਦਰ ਸਿੰਘ ਨੂੰ ਸਨਮਾਨ ਕੀਤਾ ਗਿਆ।



ਸ. ਜਸਵਿੰਦਰ ਸਿੰਘ ਜੰਡੀ ਪ੍ਰਧਾਨ
ਗੁਰਦੁਆਰਾ ਸਾਹਿਬ ਫਰੀਮਾਂਟ



ਸ੍ਰ. ਗੈਰੀ ਸਿੰਘ
ਵਾਇਸ ਮੇਅਰ ਜੂਨੀਅਨ ਸਿਟੀ



ਡਾ. ਹਰਜਿੰਦਰ ਸਿੰਘ ਲਿੱਤਰਾਂ
ਨਕੋਦਰ ਸਾਕੇ ਦੇ ਸ਼ਹੀਦਾਂ ਦੇ ਪਰਿਵਾਰ 'ਚੋਂ



ਸ੍ਰ. ਅੰਮ੍ਰਿਤਪਾਲ ਸਿੰਘ ਸਟੇਜ ਸੈਕਟਰੀ
ਗੁਰਦੁਆਰਾ ਸਾਹਿਬ ਫਰੀਮਾਂਟ



ਸ੍ਰ. ਦਵਿੰਦਰ ਸਿੰਘ ਜਨਰਲ ਸੈਕਟਰ,
ਗੁਰਦੁਆਰਾ ਸਾਹਿਬ ਫਰੀਮਾਂਟ



ਅਸੈਂਬਲੀ ਮੈਂਬਰ ਲਿਜ਼ ਓਰਟੇਗਾ



ਪਹਿਲੀ ਕੈਲੀਫੋਰਨੀਆ ਦੇ ਅਸੈਂਬਲੀ
ਮੈਂਬਰ ਡਾ. ਜਸਮੀਤ ਕੌਰ ਬੈਂਸ

ਫਰੀਮਾਂਟ/ ਕੈਲੀਫੋਰਨੀਆ : ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਤੇ ਅਰਦਾਸ ਤੋਂ ਬਾਅਦ ਗੁਰਬਾਣੀ ਦੀ ਕਥਾ ਉਪਰੰਤ ਜਥੇਦਾਰ ਜਸਵਿੰਦਰ ਸਿੰਘ ਜੀ ਜੰਡੀ, ਯੂਨੀਅਨ ਸਿਟੀ ਦੇ ਵਾਈਸ ਮੇਅਰ ਗੈਰੀ ਸਿੰਘ, ਕੈਲੀਫੋਰਨੀਆ ਦੀਆਂ ਅਸੈਂਬਲੀ ਮੈਂਬਰ ਲਿਜ਼ ਓਰਟੇਗਾ ਤੇ ਡਾ. ਜਸਮੀਤ ਕੌਰ ਬੈਂਸ ਅਤੇ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਦੇ ਵੀਰ ਡਾ. ਹਰਿੰਦਰ ਸਿੰਘ ਸਟੈਨਫੋਰਡ ਯੂਨੀਵਰਸਿਟੀ ਵਲੋਂ ਸਾਕਾ ਨਕੋਦਰ ਦੇ ਸ਼ਹੀਦਾਂ ਨੂੰ ਸ਼ਰਧਾ ਨਾਲ ਯਾਦ ਕੀਤਾ ਅਤੇ 38 ਸਾਲਾ ਨਾਇਨਸਾਫ਼ੀ 'ਤੇ ਚਾਨਣ ਪਾਇਆ।

1986 ਵਿਚ ਜਿਵੇਂ ਨਿਰਦੋਸ਼ ਬੱਚਿਆਂ ਨੂੰ ਜਾਨ ਤੋਂ ਮਾਰਿਆ ਗਿਆ ਸੀ ਉਨ੍ਹਾਂ ਵਾਸਤੇ ਜੇਕਰ ਇਨਸਾਫ਼ ਅਸੀਂ ਨਹੀਂ ਮੰਗਾਂਗੇ ਤਾਂ ਕੌਣ ਮੰਗੇਗਾ ਤਾਂ ਸਾਡੀ ਆਵਾਜ਼ ਨੂੰ ਕੌਣ ਅੱਗੇ ਲੈ ਕੇ ਜਾਵੇਗਾ, ਕੋਈ ਕਿਸੇ ਦੀ ਆਵਜ਼ ਨਹੀਂ ਸੁਣਦਾ। ਅਮਰੀਕਾ 'ਚ ਪਹਿਲੀ ਅਸੈਂਬਲੀ ਸਿੱਖ ਬੀਬੀ ਡਾ. ਜਗਮੀਤ ਕੌਰ ਬੈਂਸ ਨੇ ਕਿਹਾ ਕਿ ਸਿੱਖਾਂ ਕੋਲ ਇਕੋ ਇਕ ਹੱਲ ਹੈ ਕਿ ਸਾਰੇ ਮਤਭੇਦ ਭੁਲਾ ਕੇ ਇਕੱਠੇ ਹੋ ਜਾਉ। ਸਾਡੀ ਲੜਾਈ ਬਹੁਤ ਵੱਡੀ ਹੈ ਅਸੀਂ ਮੁਕੰਮਲ ਏਕਤਾ ਵਗੈਰ ਕਦੇ ਨਹੀਂ ਜਿੱਤ ਸਕਦੇ।

ਇਨ੍ਹਾਂ ਬੇਇਨਸਾਫ਼ੀਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਜਾਗਰ ਕਰਨ ਦੀ ਮਹੱਤਤਾ ਅਤੇ ਬਾਪੂ ਬਲਦੇਵ ਸਿੰਘ ਜੀ ਦੇ ਸੰਘਰਸ਼ ਲਈ ਕੀਤੇ ਸਿਰੜ ਨੂੰ ਸਿਜਦਾ ਕਰਦਿਆਂ ਸਮੂਹ ਪੰਥਕ ਜਥੇਬੰਦੀਆਂ, ਸੰਸਥਾਵਾਂ, ਰਾਜਸੀ, ਧਾਰਮਿਕ ਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਤੇ ਸਿੱਖ ਨੇਤਾਵਾਂ ਨੂੰ ਇਸ ਸੰਘਰਸ਼ ਵਿੱਚ ਅੱਗੇ ਹੋ ਕੇ ਪਰਿਵਾਰਾਂ ਨਾਲ ਖੜਨ ਦੀ ਅਪੀਲ ਕੀਤੀ ਗਈ। ਉਪਰੰਤ ਗੁਰਬਾਣੀ ਕੀਰਤਨ ਦੇ ਗਾਇਨ ਕੀਤੇ ਗਏ। ਅੱਜ ਦੇ ਸਾਕਾ ਨਕੋਦਰ ਦੇ ਸ਼ਹੀਦਾਂ ਨੂੰ ਸਮਰਪਤ ਦੀਵਾਨਾਂ ਵਿੱਚ ਖਰਾਬ ਮੌਸਮ ਦੇ ਬਾਵਜੂਦ ਸਿੱਖ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਸਟੇਜ ਸਕੱਤਰ ਦੀ ਸੇਵਾ ਸ. ਦਵਿੰਦਰ ਸਿੰਘ ਜੀ ਵਲੋਂ ਸੁਚੱਜੇ ਤਰੀਕੇ ਨਾਲ ਨਿਭਾਈ ਗਈ।



PROCLAMATION
Saka Nakodar Day
February 4, 2024

WHEREAS, on February 4, 1986, four unarmed Sikh students, namely Ravinder Singh, Baldhir Singh, Jhilman Singh, and Harminder Singh, were killed by state police in Punjab India, while participating in protest against the desecration of Sikh scripture "Sri Guru Granth Sahib" considered by all Sikhs to be the final, supreme, and living Guru after the lineage of 10 Sikh Gurus; and

WHEREAS, in the more than 38 years since this tragic incident took place, the victims' families remained steadfast in their efforts to fight for truth, justice, accountability, and closure, while continuing to share the principles of acceptance and inclusivity in order to promote mutual understanding and respect among all peoples; and

WHEREAS, each year, communities and organizations across the globe, including many in the State of California, commemorate Saka Nakodar Day as an opportunity to raise awareness about the tragedy, support ongoing efforts to secure justice for the victims and protect human rights for all, and promote generational and community healing for the Sikh community; and

WHEREAS, today, the City of Elk Grove seeks to recognize the diversity of its community and afford all residents the opportunity to better understand, recognize, and appreciate the history and shared experiences of Sikh Americans.

NOW, THEREFORE, BE IT RESOLVED that I, Bobbie Singh-Allen, Mayor of the City of Elk Grove, hereby proclaims February 4, 2024 as Saka Nakodar Day, and applauds the efforts of the many individuals and organizations who, in commemorating Saka Nakodar Day, have committed themselves to upholding human rights, promoting the importance of justice, and supporting the ideals of diversity, acceptance, and inclusion.

SIGNED this 1st day of February, 2024.

BOBBIE SINGH-ALLEN, MAYOR



CITY OF SAN JOSE
Proclamation

WHEREAS: On February 4, 1986, Sikh students Ravinder Singh, Baldhir Singh, Jhilman Singh, and Harminder Singh were killed by State Police in Punjab, India while participating in a peaceful religious procession and protest; and

WHEREAS: State authorities violated the freedom of peaceful assembly endorsed by Article 20 of the UN Universal Declaration of Human Rights and Article 5 of the UN Declaration on Human Rights Defenders; and

WHEREAS: Victims' families have been fighting for truth, justice, accountability, and closure for over 38 years while not a single perpetrator has been brought to justice to date; and

WHEREAS: The City of San José stands in solidarity with the San José Sikh-American families of the victims of the Nakodar incident in their pursuit for justice and as they continue to build worldwide support;

NOW, THEREFORE, I, Matt Mahan, Mayor of the City of San José, along with my colleagues on the San José City Council, on this 4th day of February 2024, do hereby recognize and proclaim

SAKA NAKODAR DAY

for advocating for the democratic and human rights for everyone to peacefully assemble.

Matt Mahan, Mayor
Rosemary Kamei, Vice Mayor
Sergio Jimenez, Councilmember
Omar Torres, Councilmember
David Cohen, Councilmember
Peter Ortiz, Councilmember
Devora "Dev" Davis, Councilmember
Bien Doan, Councilmember
Domingo Candelas, Councilmember
Attested by:
Pam Foley, Councilmember
Arjun Batra, Councilmember
Toni Taber, City Clerk




February 4, 1986, four students were killed by State Police in Punjab, India, in an unprovoked firing, while participating in protest against the desecration of Sikh scripture "Sri Guru Granth Sahib."



# ਸਰਦਾਰ ਦਿਲਬਾਗ ਸਿੰਘ ਜੀ ਰੰਧਾਵਾ ਦਾ ਅੰਤਮ ਸੰਸਕਾਰ 10 ਫਰਵਰੀ



ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ॥

ਸਾਡੇ ਬਹੁਤ ਹੀ ਸਤਿਕਾਰਯੋਗ ਸਰਦਾਰ ਦਿਲਬਾਗ ਸਿੰਘ ਜੀ ਰੰਧਾਵਾ ਜਿਹੜੇ ਲੰਮੇ ਸਮੇਂ ਤੋਂ ਬਿਮਾਰ ਸਨ, ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ ਉੱਨਾਂ ਦਾ ਅੰਤਮ ਸੰਸਕਾਰ 10 ਫਰਵਰੀ ਦਿਨ ਸ਼ਨੀਚਰਵਾਰ ਚੈਪਲ ਆਫ਼ ਚਾਈਮ ਹੇਵਰਡ ਸਵੇਰੇ 9 ਤੋਂ 11 ਵਜੇ ਤੱਕ ਹੋਵੇਗਾ ਅਤੇ ਬਾਅਦ ਵਿੱਚ ਅੰਤਮ ਅਰਦਾਸ ਗੁਰਦਵਾਰਾ ਸਾਹਿਬ ਫਰੀਮਾਂਟ ਹੋਵੇਗੀ, ਪਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਸਿੱਖ ਸੰਗਤ ਬੇ ਏਰੀਆ ਵੱਲੋਂ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।

# ਭਾਰਤੀ ਮੂਲ ਦੇ ਤਿੰਨ ਵਿਅਕਤੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ ਵਿੱਚ ਕੈਨੇਡਾ ਵਿੱਚ ਗ੍ਰਿਫ਼ਤਾਰ

## ਕੈਲਗਰੀ ਤੋਂ ਸ਼ੁਭਮ ਕੁਮਾਰ, ਬਰੈਂਪਟਨ ਤੋਂ ਆਯੂਸ਼ ਸ਼ਰਮਾ ਅਤੇ ਗੁਰਅੰਮ੍ਰਿਤ ਸੰਧੂ ਨੂੰ ਕੀਤਾ ਜਾਵੇਗਾ ਅਮਰੀਕਾ ਹਵਾਲੇ



ਮੈਕਸੀਕੋ ਅਤੇ ਉੱਤਰੀ ਅਮਰੀਕੀ ਦੇਸ਼ਾਂ ਦਰਮਿਆਨ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਨੈੱਟਵਰਕ ਨਾਲ ਕਥਿਤ ਸਬੰਧਾਂ ਦੇ ਦੋਸ਼ ਵਿੱਚ ਕੈਨੇਡਾ ਵਿੱਚ ਭਾਰਤੀ ਮੂਲ ਦੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਅਮਰੀਕਾ ਵਿੱਚ ਮੁਕੱਦਮੇ ਲਈ ਹਵਾਲਗੀ ਕੀਤਾ ਜਾਵੇਗਾ। ਐੱਫਬੀਆਈ ਅਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲੀਸ (ਆਰਸੀਐੱਮਪੀ) ਦੇ ਸਾਂਝੇ ਅਪਰੇਸ਼ਨ ਦੌਰਾਨ ਇਹ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਮੁਲਜ਼ਮਾਂ ਦੀ ਪਛਾਣ ਆਯੂਸ਼ ਸ਼ਰਮਾ (25) ਅਤੇ ਗੁਰਅੰਮ੍ਰਿਤ ਸੰਧੂ (60), ਦੋਵੇਂ ਬਰੈਂਪਟਨ ਤੋਂ ਅਤੇ ਕੈਲਗਰੀ ਤੋਂ ਸ਼ੁਭਮ ਕੁਮਾਰ (29) ਵਜੋਂ ਹੋਈ ਹੈ।

# ਹਾਕੀ ਖਿਡਾਰੀ ਵਰੁਣ ਕੁਮਾਰ ਖ਼ਿਲਾਫ਼ ਜਿਨਸੀ ਸ਼ੋਸ਼ਣ ਮਾਮਲੇ 'ਚ ਸਬੂਤ ਜੁਟਾਉਣ 'ਚ ਲੱਗੀ ਪੁਲਿਸ

ਬੈਂਗਲੁਰੂ : ਭਾਰਤੀ ਹਾਕੀ ਟੀਮ ਦੇ ਖਿਡਾਰੀ ਵਰੁਣ ਕੁਮਾਰ ਖਿਲਾਫ਼ ਜਬਰ ਜਨਾਹ ਬਲਾਤਕਾਰ ਦੇ ਦੋਸ਼ਾਂ ਦੀ ਜਾਂਚ ਕਰ ਰਹੀ ਬੈਂਗਲੁਰੂ ਪੁਲਿਸ ਨੇ ਕਿਹਾ ਕਿ ਉਹ ਖਿਡਾਰੀ ਖਿਲਾਫ਼ ਸਬੂਤ ਇਕੱਠੇ ਕਰ ਰਹੀ ਹੈ, ਜਿਸ 'ਚ ਉਸ ਅਤੇ ਕਥਿਤ ਪੀੜਤਾ ਵਿਚਾਲੇ ਹੋਈ ਗੱਲਬਾਤ ਅਤੇ ਸੰਦੇਸ਼ਾਂ ਦਾ ਰਿਕਾਰਡ ਵੀ ਸ਼ਾਮਿਲ ਹੈ। ਪੁਲਿਸ ਨੇ ਕਿਹਾ ਕਿ ਉਹ ਜਲਦੀ ਹੀ ਜਾਂਚ 'ਚ ਸ਼ਾਮਿਲ ਹੋਣ ਲਈ 28 ਸਾਲਾ ਖਿਡਾਰੀ ਨਾਲ ਸੰਪਰਕ ਕਰਨਗੇ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਅਸੀਂ ਮਾਮਲੇ ਦੀ ਜਾਂਚ ਕਰ ਰਹੇ ਹਾਂ। ਕੁਮਾਰ ਕਰਨਾਟਕ ਤੋਂ ਬਾਹਰ ਹੈ। ਅਸੀਂ ਉਸ ਜਗ੍ਹਾ 'ਤੇ ਕੋਈ ਟੀਮ ਨਹੀਂ ਭੇਜੀ, ਜਿੱਥੇ ਉਹ ਹੁਣ ਅਭਿਆਸ ਕਰ ਰਿਹਾ ਹੈ। ਜੇਕਰ ਉਹ ਇੱਥੇ ਆਉਂਦਾ ਹੈ ਤਾਂ ਠੀਕ ਹੈ ਨਹੀਂ ਤਾਂ ਸਾਨੂੰ ਆਪਣੀ ਟੀਮ ਉੱਥੇ ਭੇਜਣੀ ਪਵੇਗੀ।



22 ਸਾਲਾ ਔਰਤ ਨੇ ਸੋਮਵਾਰ ਨੂੰ ਦਰਜ ਕਰਵਾਈ ਆਪਣੀ ਸ਼ਿਕਾਇਤ 'ਚ ਕਿਹਾ ਕਿ ਉਹ 2018 'ਚ ਇੰਸਟਾਗ੍ਰਾਮ ਦੇ ਜ਼ਰੀਏ ਕੁਮਾਰ ਦੇ ਸੰਪਰਕ 'ਚ ਆਈ ਸੀ ਅਤੇ ਜਦੋਂ ਉਹ 17 ਸਾਲ ਦੀ ਸੀ ਤਾਂ ਕੁਮਾਰ ਨੇ ਵਿਆਹ ਦੇ ਬਹਾਨੇ ਉਸ ਨਾਲ ਕਈ ਵਾਰ ਜਬਰ ਜਨਾਹ ਕੀਤਾ।

# ਚੰਡੀਗੜ੍ਹ ਮੇਅਰ ਦੀ ਚੋਣ ਦੇ ਦੇਸ਼ ਦੇ ਲੋਕਾਂ ਨੂੰ ਸਪਸ਼ਟ ਸੰਕੇਤ ; ਕੀ ਭਾਜਪਾ ਚੋਣਾਂ 'ਚ ਈ. ਵੀ. ਐਮ. ਰਾਹੀਂ ਘਾਲਾ ਮਾਲਾ ਕਰਦੀ ਹੋਵੇਗੀ!



ਚੰਡੀਗੜ੍ਹ ਜਿਹੜਾ ਕਿ ਇਸ ਵੇਲੇ ਸਿੱਧਾ ਹੀ ਕੇਂਦਰ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਦੇ ਅਧੀਨ ਹੈ ਜਿਥੇ ਪਹਿਲਾਂ ਭਾਜਪਾ ਸਰਕਾਰ ਵਲੋਂ ਮੇਅਰ ਦੀ ਚੋਣ ਕਰਾਉਣ ਵਿੱਚ ਕਈ ਪ੍ਰਕਾਰ ਦੀਆਂ ਢੁੱਚਰਾਂ ਡਾਹੀਆਂ ਜਾ ਰਹੀਆਂ ਸਨ ਫਿਰ ਕਿਧਰੇ ਹਾਈ ਕੋਰਟ ਦੇ ਆਦੇਸ਼ਾਂ ਤੇ 30 ਜਨਵਰੀ ਨੂੰ ਮੇਅਰ ਦੀ ਚੋਣ ਕਰਾਉਣ ਦੇ ਆਦੇਸ਼ ਦਿੱਤੇ ਸਨ ਉਸ ਚੋਣ ਵਿੱਚ ਭਾਜਪਾ ਨੇ ਗਿਣੀ ਮਿੱਥੀ ਯੋਜਨਾ ਤਹਿਤ ਜਿਹੜਾ ਚੋਣ ਅਧਿਕਾਰੀ ਨਿਯੁੱਕਤ ਕੀਤਾ ਸੀ ਉਸ ਨੇ ਭਾਜਪਾ ਦੀ ਸਾਰੇ ਸੰਸਾਰ ਭਰ ਵਿੱਚ ਕਿਰਕਰੀ ਹੀ ਨਹੀਂ ਕਰਾਈ ਬਲਕਿ ਰੱਜ ਕੇ ਖਿੱਲੀ ਵੀ ਉਡਾ ਦਿੱਤੀ ਹੈ। ਭਾਜਪਾ ਨੇ ਜਿਹੜੇ ਚੋਣ ਅਧਿਕਾਰੀ ਨੂੰ ਲਗਾਇਆ ਸੀ ਉਹ ਇਤਨਾ ਜਾਂ ਤਾਂ ਨਿਕੰਮਾ ਸੀ ਜਾਂ ਫਿਰ ਭਾਜਪਾ ਵਲੋਂ ਉਸ ਦੇ ਹੱਥ ਇਥੋਂ ਤਕ ਬੰਨ ਦਿੱਤੇ ਹੋਏ ਸਨ ਕਿ ਉਹ ਇਤਨਾ ਡੈਂਬਰਿਆ ਤੇ ਘਬਰਾਇਆ ਹੋਇਆ ਨਜ਼ਰ ਆ ਰਿਹਾ ਸੀ ਕਿ ਬਾਰ ਬਾਰ ਚੋਣਾਂ ਦੌਰਾਨ ਕੈਮਰੇ ਨੂੰ ਚੋਰ ਅੱਖ ਨਾਲ ਦੇਖ ਰਿਹਾ ਸੀ ਕਿ ਉਹ ਜੋ ਕੁਝ ਕਰ ਰਿਹਾ ਹੈ ਉਸ ਨੂੰ ਕੋਈ ਦੇਖ ਤਾਂ ਨਹੀਂ ਰਿਹਾ। ਆਖਰ ਉਸ ਵਲੋਂ ਕੀਤੀ ਜਾ ਰਹੀ ਹੇਰਾ ਫੇਰੀ ਨੂੰ ਸਿਰਫ ਕੈਮਰੇ ਨੇ ਹੀ ਨਹੀਂ ਫੜਿਆ ਬਲਕਿ ਟੀ ਵੀ ਤੇ ਚੋਣ ਪ੍ਰਕਿਰਿਆ ਨੂੰ ਦੇਖ ਰਹੇ ਸੰਸਾਰ ਦੇ ਲੋਕਾਂ ਨੇ ਵੀ ਫੜ ਲਿਆ ਸੀ ਕਿ ਇਹ ਚੋਣ ਅਧਿਕਾਰੀ ਬੈਲਟ ਪੇਪਰ ਤੇ ਪੈਨ ਨਾਲ ਕਾਹਦੇ ਨਿਸ਼ਾਨ ਲਗਾ ਰਿਹਾ ਹੈ? ਇਸ ਚੋਣ ਵਿੱਚ ਕਿੰਨਾ ਕੁ ਵੱਡਾ ਕੰਮ ਸੀ ਸਿਰਫ 36 ਵੋਟਾਂ ਦੀ ਹੀ ਤਾਂ ਗਿਣਤੀ ਕੀਤੀ ਜਾਣੀ ਸੀ। ਉਸ ਸਮੇਂ ਲੋਕ ਮੂੰਹੋਂ ਮੂੰਹੀਂ ਕਹਿਣ ਲਗ ਪਏ ਸਨ ਇਹ ਮਸਲਾ ਵੀ ਹੁਣ ਕੋਰਟ ਵਿੱਚ ਜਾਵੇਗਾ। ਹੋਇਆ ਵੀ ਉਹੋ ਕੁਝ! ਫਿਰ ਜੋ ਕੁਝ ਪੰਜਾਬ ਹਰਿਆਣਾ ਹਾਈ ਕੋਰਟ ਨੇ ਆਪਣਾ ਨਿਰਣਾ ਦਿੱਤਾ ਉਸ ਨੇ ਵੀ ਦੇਸ਼ ਦੇ ਲੋਕਾਂ ਸਾਹਮਣੇ ਕਈ ਪ੍ਰਕਾਰ ਦੇ ਖਦਸ਼ੇ ਖੜ੍ਹੇ ਕਰ ਦਿੱਤੇ ਕਿ ਜਿਸ ਕੇਸ ਦਾ ਫੈਸਲਾ ਤੁਰੰਤ ਹੋਣਾ ਚਾਹੀਦਾ ਹੈ ਉਸ ਲਈ ਅਗਲੀ ਤਾਰੀਕ ਦਾ ਏਨਾ ਲੰਮਾ ਸਮਾਂ ਦੇ ਦਿੱਤਾ ਗਿਆ ਜਿਸ ਵਿੱਚ ਬੜਾ ਕੁਝ ਤਬਦੀਲ ਕੀਤਾ ਜਾ ਸਕਦਾ। ਇਸ ਨੂੰ ਧਿਆਨ ਰਖਦਿਆਂ ਪ੍ਰਭਾਵਤ ਪਾਰਟੀਆਂ ਦੇ ਉਮੀਦਵਾਰ ਨੂੰ ਸੁਪਰੀਮ ਕੋਰਟ ਦਾ ਦਰਵਾਜਾ ਖੜਕਾਉਣਾ ਪਿਆ। ਭਾਰਤ ਦੀ ਉੱਚ ਕੋਰਟ ਦੇ ਜੱਜਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਇਸ ਚੋਣ ਅਧਿਕਾਰੀ ਨੇ ਲੋਕਤੰਤਰ ਦਾ ਘਾਣ ਕਰ ਦਿੱਤਾ ਹੈ ਜਿਸ ਦੀ ਆਗਿਆ ਨਹੀਂ ਦਿੱਤੀ ਜਾਂ ਸਕਦੀ। ਉਸ ਅਧਿਕਾਰੀ ਨੂੰ ਜਿਥੇ ਰੀਕਾਰਡ ਸਮੇਤ ਜਿਥੇ 19 ਫਰਵਰੀ ਨੂੰ ਕੋਰਟ ਵਿੱਚ ਪੇਸ਼ ਕਰਨ ਦੇ ਹੁਕਮ ਦਿੱਤੇ ਹਨ ਉਥੇ ਸਬੰਧਤ ਡਿਪਟੀ ਕਮਿਸ਼ਨਰ ਨੂੰ ਇਹ ਵੀ ਆਦੇਸ਼ ਦਿੱਤੇ ਸਨ ਕਿ ਸ਼ਾਮ ਪੰਜ ਵਜੇ ਤਕ ਸਾਰੇ ਰੀਕਾਰਡ ਨੂੰ ਆਪਣੇ ਕਬਜੇ ਵਿੱਚ ਲੈ ਲਿਆ ਜਾਵੇ। ਇਹ ਚੋਣ ਸਬੰਧੀ ਸਾਰਾ ਰੀਕਾਰਡ ਹੁਣ ਦਿੱਤੀ ਮਿਤੀ ਤੇ ਕੋਰਟ ਵਿੱਚ ਪੇਸ਼ ਕੀਤਾ ਜਾਵੇਗਾ। ਸਭ ਤੋਂ ਮਹਤਵਪੂਰਨ ਗੱਲ ਇਹ ਵੀ ਹੈ ਕਿ ਸੁਪਰੀਮ ਕੋਰਟ ਦੇ ਜੱਜਾਂ ਨੂੰ ਇਹ ਵੀ ਕਹਿਣਾ ਪਿਆ ਕਿ ਇਸ ਚੋਣ ਅਧਿਕਾਰੀ ਵਿਰੁੱਧ ਮੁਕੱਦਮਾ ਦਰਜ ਕੀਤਾ ਜਾਣਾ ਚਾਹੀਦਾ ਹੈ। ਇਸ ਜੱਜਮੈਂਟ ਨੇ ਦੇਸ਼ ਦੇ ਲੋਕਾਂ ਨੂੰ ਇਹ ਵੀ ਪ੍ਰਭਾਵ ਦਿੱਤਾ ਹੈ ਕਿ ਜਿਵੇਂ ਦੇਸ਼ ਵਿੱਚ ਰਾਜ ਕਰ ਰਹੀ ਭਾਜਪਾ ਸਰਕਾਰ, ਗੱਦੀ ਨੂੰ ਹਥਿਆਉਣ ਵਾਸਤੇ ਹਰ ਹਰਬੇ ਖਰਬੇ ਵਰਤਦੀ ਆ ਰਹੀ ਹੋਵੇ। ਦੇਸ਼ ਦੇ ਲੋਕਾਂ ਨੂੰ ਭਲੀਭਾਂਤ ਯਾਦ ਹੋਵੇਗਾ ਕਿ ਜਦੋਂ ਕਿਸਾਨ ਅੰਦੋਲਨ ਚੱਲ ਰਿਹਾ ਸੀ ਉਸ ਸਮੇਂ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ੍ਰੀ ਭਾਨੂੰ ਪ੍ਰਸ਼ਾਦ ਸਿੰਘ ਨੇ ਕਿਸਾਨਾਂ ਨੂੰ ਸੰਬੋਧਨ ਕਰਦੇ ਕਿਹਾ ਸੀ ਕਿ ਭਾਜਪਾ ਚੋਣਾਂ ਵਿੱਚ ਈ. ਵੀ. ਐਮ. ਨੂੰ ਹਾਈਕ ਕਰਕੇ ਚੋਣਾਂ ਜਿੱਤਦੀ ਹੈ ਇਸ ਲਈ ਜੇ ਕਰ ਭਾਜਪਾ ਸਰਕਾਰ ਫਿਰ ਜਿੱਤ ਗਈ ਤਾਂ ਇਹ ਦੇਸ਼ ਵਿੱਚ ਇਕ ਧਰਮ ਦੀ ਡਿਕਟੇਟਰਸ਼ਿਪ ਲਿਆਉਣ ਦੇ ਨਾਲ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਵੇਗੀ ਤਾਂ ਹੀ ਉਹ ਚੋਣਾਂ ਈ. ਵੀ ਐਮ ਰਾਹੀਂ ਕਰਾਉਣ ਤੇ ਬਜਿੱਦ ਹੈ ਕਿਸੇ ਵੀ ਹਾਲਤ ਵਿੱਚ ਬੈਲਿਟ ਪੇਪਰ ਰਾਹੀਂ ਚੋਣਾਂ ਨਹੀਂ ਕਰਾਉਣਾ ਚਾਹੁੰਦੀ। ਇਸੇ ਕਰਕੇ ਸ੍ਰੀ ਭਾਨੂੰ ਪ੍ਰਸ਼ਾਦ ਦੇਸ਼ ਦੇ ਲੋਕਾਂ ਨੂੰ ਜਾਗ੍ਰਿਤ ਕਰਦੇ ਆ ਰਹੇ ਹਨ ਕਿ ਚੋਣਾਂ ਈ. ਵੀ. ਐਮ. ਦੀ ਥਾਂ ਤੇ ਬੈਲਿਟ ਪੇਪਰ ਰਾਹੀਂ ਕਰਾਈਆਂ ਜਾਣੀਆਂ ਚਾਹੀਦੀਆਂ ਹਨ ਸਾਨੂੰ ਸਭ ਨੂੰ ਈ. ਵੀ. ਐਮ. ਦੇ ਵਿਰੁੱਧ ਜਬਰਦਸਤ ਅਵਾਜ ਬੁਲੰਦ ਕਰਨੀ ਚਾਹੀਦੀ ਹੈ ਹੋਰ ਕੁਝ ਮਹੀਨਿਆਂ ਤੱਕ ਲੋਕ ਸਭਾ ਦੀਆਂ ਚੋਣਾਂ ਹੋਣੀਆਂ ਹਨ। ਅੱਜ ਕਲ ਸੁਪਰੀਮ ਕੋਰਟ ਦੇ ਵਕੀਲਾਂ ਨੇ ਹੋਰ ਕਈ ਜਥੇਬੰਦੀਆਂ ਦੇ ਸਹਿਯੋਗ ਨਾਲ ਦਿੱਲੀ ਦੇ ਜੰਤਰ ਮੰਤਰ ਵਿਖੇ ਈ. ਵੀ .ਐਮ. ਵਿਰੁੱਧ ਜੋਰਦਾਰ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ ਜਿਸ ਵਿੱਚ ਸਰਕਾਰ ਕੋਲੋਂ ਮੰਗ ਕੀਤੀ ਜਾ ਰਹੀ ਹੈ ਕਿ ਚੋਣਾਂ ਬੈਲਿਟ ਪੇਪਰ ਰਾਹੀਂ ਕਰਾਈਆਂ ਜਾਣ। ਜਿਸ ਪ੍ਰਤੀ ਦਿਨ ਪ੍ਰਤੀ ਦਿਨ ਉਭਾਰ ਆ ਵੀ ਰਿਹਾ ਹੈ। ਇਕ ਟੀ ਵੀ ਚੈਨਲ ਤੇ ਚਰਚਾ ਕਰਦੇ ਸੀਨੀਅਰ ਪੱਤਰਕਾਰ ਸ੍ਰ ਜਗਤਾਰ ਸਿੰਘ ਤੇ ਸ੍ਰ. ਹਮੀਰ ਸਿਘ ਨੇ ਕਿਹਾ ਕਿ ਸਰਕਾਰ ਨੇ ਆਪਣੇ ਵਿਰੋਧੀਆਂ ਨੂੰ ਦੱਬਣ ਲਈ ਉਨ੍ਹਾਂ ਤੇ ਈ ਡੀ ਛੱਡੀ ਹੋਈ ਹੈ ਜੋ ਸਰਕਾਰ ਦੇ ਦਿਸ਼ਾ ਤੇ ਸੀ. ਬੀ. ਆਈ ਵਾਂਗ ਉਸ ਦਾ ਤੋਤਾ ਬਣ ਕੇ ਉਸ ਦੇ ਦਿਸ਼ਾ ਨਿਰਦੇਸ਼ਾਂ ਤੇ ਕੰਮ ਕਰਦੀ ਨਜਰ ਆ ਰਹੀ ਹੈ। ਇਕ ਪਾਸੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਬਿਆਨ ਦੇਂਦੇ ਹਨ ਕਿ ਉਨ੍ਹਾਂ ਦਾ ਐਨ. ਡੀ. ਏ. ਲੋਕ ਸਭਾ ਦੀਆਂ ਚੋਣਾਂ ਵਿੱਚ 400 ਤੋਂ ਵਧੇਰੇ ਸੀਟਾਂ ਜਿੱਤੇਗਾ ਜਿਸ ਵਿੱਚ ਇਕਲੇ ਭਾਜਪਾ ਦੀਆਂ 370 ਸੀਟਾਂ ਹੋਣਗੀਆਂ। ਜੇਕਰ ਉਹਨਾਂ ਦੀ ਪਾਰਟੀ ਭਾਜਪਾ ਏਨੀਆਂ ਸੀਟਾਂ ਜਿੱਤ ਰਹੀ ਹੈ ਤਾਂ ਫਿਰ ਉਹ ਇਤਨੇ ਡਰੇ ਹੋਏ ਕਿਉਂ ਹਨ? ਜਿਹੜਾ ਵਿਰੋਧੀ ਪਾਰਟੀਆਂ ਦੇ ਆਗੂਆਂ ਤੇ ਈ ਡੀ ਰਾਹੀਂ ਫੜੋ ਫੜੀ ਕਰਾ ਰਹੇ ਹਨ ਉਨ੍ਹਾਂ ਨੂੰ ਜੇਲਾਂ ਅੰਦਰ ਡੱਕਣ ਦੇ ਡਰਾਵੇ ਦਿੱਤੇ ਜਾ ਰਹੇ ਹਨ। ਜੋ ਜਾਹਰ ਕਰ ਰਿਹਾ ਹੈ ਕਿ ਲੋਕ ਸਭਾ ਚੋਣਾਂ ਤੋਂ ਭਾਜਪਾ ਅੰਦਰੋਂ ਡਰੀ ਹੋਈ ਹੈ ਇਸੇ ਕਰਕੇ ਉਹ ਈ .ਵੀ .ਐਮ ਦੀ ਥਾਂ ਤੇ ਬੈਲਿਟ ਪੇਪਰ ਰਾਹੀਂ ਵੋਟਾਂ ਕਰਾਉਣ ਲਈ ਵਿਰੋਧੀ ਪਾਰਟੀਆਂ ਦੀ ਮੰਗ ਨੂੰ ਸਵੀਕਾਰ ਨਹੀਂ ਕਰ ਰਹੀ। ਸੁਪਰੀਮ ਕੋਰਟ ਦੇ ਵਕੀਲ ਤੇ ਹੋਰ ਆਗੂ ਆਪਣੇ ਭਾਸ਼ਣਾਂ ਵਿੱਚ ਲੋਕਾਂ ਨੂੰ ਜਾਗਰੂਕ ਕਰਦੇ ਕਹਿ ਰਹੇ ਹਨ ਕਿ ਜੇ ਕਰ ਈ.ਵੀ.ਐਮ. ਰਾਹੀਂ ਭਾਜਪਾ ਮੁੜ ਦੇਸ਼ ਦੇ ਰਾਜ ਤੇ ਕਾਬਜ ਹੋ ਗਈ ਤਾਂ ਨਿਸ਼ਚੇ ਹੀ ਦੇਸ਼ ਦੇ ਸੰਵਿਧਾਨ ਜਿਸ ਨੂੰ ਡਾ ਭੀਮ ਰਾਓ ਅੰਬੇਦਕਰ ਸਾਹਿਬ ਨੇ ਧਰਮ ਨਿਰਪੇਖ ਬਣਾ ਕੇ ਲਾਗੂ ਕਰਾਇਆ ਸੀ ਉਸ ਨੂੰ ਭਾਜਪਾ ਚੋਣ ਜਿੱਤਦੇ ਹੀ ਬਦਲਕੇ ਇਕ ਹਿੰਦੂ ਧਰਮ ਦੇ ਸੰਵਿਧਾਨ ਦੇ ਰੂਪ ਵਿੱਚ ਬਦਲੇਗੀ ਜਿਸ ਵਿੱਚ ਮੁੜ ਤੋਂ ਪੁਰਾਣੇ ਰੀਤੀ ਰਿਵਾਜ, ਬ੍ਰਾਹਮਣਵਾਦ ਜਿਸ ਵਿੱਚ ਵਹਿਮ ਭਰਮ ਮੁੜ ਭਾਰੂ ਹੋ ਜਾਣਗੇ। ਜਿਸ ਵਿੱਚ ਵਿਗਿਆਨ ਲਈ ਕੋਈ ਥਾਂ ਨਹੀਂ ਹੋਵੇਗੀ ਦੇਸ਼ ਨੂੰ ਮੁੜ ਰਸਾਤਲ ਵਿੱਚ ਧਕਣ ਦੇ ਨਾਲ ਇਕ ਪੁਰੱਖੀ ਰਾਜ ਸਥਾਪਤ ਕੀਤਾ ਜਾਵੇਗਾ। ਦੇਸ਼ ਦੇ ਲੋਕਾਂ ਨੇ ਬੜੀਆਂ ਕੁਰਬਾਨੀਆਂ ਦੇ ਕੇ ਲੰਮੀ ਜਦੋਜਹਿਦ ਉਪਰੰਤ ਲੋਕਤੰਤਰ ਦੇ ਰੂਪ ਵਿੱਚ ਹਾਸਲ ਕੀਤਾ ਸੀ। ਭਾਜਪਾ ਨੇ ਇਸ ਸਮੇਂ ਜਦੋਂ ਦੇਸ਼ ਵਿੱਚ ਧਰਮ ਨਿਰਪੇਖ ਰਾਜ ਹੈ। ਮੋਦੀ ਨੇ ਪਿਛਲੇ ਕੁਝ ਸਮੇਂ ਤੋਂ ਕਹਿਣਾ ਸ਼ੁਰੂ ਕੀਤਾ ਹੋਇਆ ਹੈ ਕਿ ਦੇਸ਼ ਦੇ ਸਾਰੇ ਅਹੁਦਿਆਂ ਤੇ ਸਿਰਫ ਹਿੰਦੂ ਹੀ ਲਗਾਏ ਜਾਣਗੇ ਜਿਸ ਵਿੱਚ ਦਲਿਤਾਂ, ਦੂਸਰੇ ਧਰਮਾਂ ਦੇ ਲੋਕਾਂ ਜਿਨਾਂ ਕੋਲ ਭਾਵੇਂ ਯੋਗਤਾ ਕਿਉਂ ਨਾ ਹੋਵੇ ਪਰ ਉਨਾਂ ਨੂੰ ਉੱਚ ਅਹੁਦਿਆਂ ਤੇ ਨਹੀਂ ਲਗਾਇਆ ਜਾਵੇਗਾ। ਦੇਸ਼ ਦੇ ਲੋਕ ਇਹ ਵੀ ਚੰਗੀ ਤਰਾਂ ਜਾਣਦੇ ਹਨ ਕਿ ਦੇਸ਼ ਵਿੱਚ ਰਾਜ ਕਰ ਰਹੀ ਇਸ ਕੱਟੜ ਤੇ ਫਿਰਕੂ ਪਾਰਟੀ ਦੇ ਲੋਕਾਂ ਦਾ ਦੇਸ਼ ਦੀ ਅਜ਼ਾਦੀ ਵਿੱਚ ਇਕ ਵੀ ਅਜਿਹਾ ਨੇਤਾ ਨਹੀਂ ਹੋਇਆ ਜਿਸ ਨੇ ਦੇਸ਼ ਨੂੰ ਅਜਾਦ ਕਰਾਉਣ ਵਿੱਚ ਮਾੜਾ ਜਿਹਾ ਯੋਗਦਾਨ ਪਾਇਆ ਹੋਵੇ। ਇਸ ਪਾਰਟੀ ਦੇ ਆਗੂ ਸ਼ੁਰੂ ਤੋਂ ਹੀ ਅੰਗਰੇਜਾਂ ਦੇ ਪਿੱਠੂ ਰਹੇ ਹਨ ਜਿਨਾਂ ਨੇ ਬਹੁਤ ਸਾਰੇ ਅਜਾਦੀ ਦੇ ਪ੍ਰਵਾਨਿਆਂ ਨੂੰ ਅੰਗਰੇਜਾਂ ਦੀ ਭਗਤੀ ਕਰਦੇ ਜੇਲਾਂ ਵਿੱਚ ਤਾਂ ਡਕਵਾਇਆ ਜ਼ਰੂਰ ਸੀ ਜਿਸ ਵਿੱਚ ਇਨਾਂ ਦੇ ਇਕ ਰਹਿ ਚੁੱਕੇ ਪ੍ਰਧਾਨ ਮੰਤਰੀ ਦਾ ਨਾਂ ਵੀ ਸ਼ਾਮਲ ਦਸਿਆ ਜਾਂਦਾ ਜਿਹੜੇ ਇਸ ਸਮੇਂ ਦੁਨੀਆ ਵਿੱਚ ਹੁਣ ਨਹੀਂ ਰਹੇ ਹਨ ਹਾਂ ਇਨਾਂ ਦਾ ਇਕ ਅਖੌਤੀ ਆਗੂ ਦੇਸ਼ ਭਗਤ ਜਰੂਰ ਪ੍ਰਚਾਰਿਆ ਜਾਂਦਾ ਹੈ ਜਿਹੜਾ ਸ੍ਰ. ਭਗਤ ਸਿੰਘ ਨਾਲ ਗ੍ਰਿਫਤਾਰ ਜਰੂਰ ਹੋਇਆ ਸੀ ਉਹ ਇਕ ਮਹੀਨੇ ਵਿੱਚ ਚਾਰ ਵਾਰ ਅੰਗਰੇਜਾਂ ਕੋਲੋਂ ਮੁਆਫੀ ਮੰਗ ਕੇ ਇਹ ਕਹਿ ਕੇ ਜੇਲ੍ਹ ਤੋਂ ਰਿਹਾ ਹੋਇਆ ਸੀ ਜਿਸ ਬਾਰੇ ਚਰਚਾ ਹੈ ਕਿ ਉਸ ਨੇ ਕਿਹਾ ਸੀ ਕਿ ਉਹ ਤਾਂ ਅੰਗਰੇਜਾਂ ਦਾ ਭਗਤ ਹੈ ਉਸ ਦਾ ਅਜਾਦੀ ਨਾਲ ਕੋਈ ਸਬੰਧ ਨਹੀਂ ਹੈ। ਇਸੇ ਅਖੌਤੀ ਦੇਸ਼ ਭਗਤ ਨੂੰ ਬੀਤੇ ਸਮੇਂ ਮੌਜੂਦਾ ਸਰਕਾਰ ਨੇ ਦੇਸ਼ ਦੇ ਮਹਾਨ ਸਨਮਾਨ ਨਾਲ ਨਿਵਾਜਿਆ ਸੀ।

ਇਸ ਸਮੇਂ ਦੇਸ਼ ਗੰਭੀਰ ਸੰਕਟ ਵਿੱਚੋਂ ਗੁਜਰ ਰਿਹਾ ਹੈ ਕਰੋੜਾਂ ਨੌਜੁਆਨ ਬੇਰੁਜਗਾਰ ਹਨ ਹਰ ਸਾਲ ਦੋ ਕਰੋੜ ਨੌਜੁਆਨਾਂ ਨੂੰ ਰੁਜਗਾਰ ਦੇਣ ਦਾ ਵਾਅਦਾ ਕਰਨ ਵਾਲੀ ਸਰਕਾਰ ਨੇ ਰੁਜਗਾਰ ਤਾਂ ਕੀ ਦੇਣਾ ਸੀ ਆਪਣੇ ਦੋ ਗੁਜਰਾਤੀ ਮਿੱਤਰ ਕਾਰਪੋਰੇਟਾਂ ਕੋਲ ਭੰਗ ਦੇ ਭਾੜੇ ਦੇਸ਼ ਨੂੰ ਉਸ ਆਗੂ ਨੇ ਵੇਚ ਦਿੱਤਾ ਹੈ ਜਿਹੜਾ ਵੱਡੀਆਂ ਵੱਡੀਆਂ ਟਾਹਰਾਂ ਮਾਰਦਾ ਸੀ ਕਿ ਦੇਸ਼ ਨੂੰ ਬਿਕਣੇ ਨਹੀਂ ਦੂੰਗਾ। ਉਸੇ ਨੇ ਹੀ ਦੇਸ਼ ਦੀ ਸਾਰੀ ਸੰਪਤੀ ਨੂੰ ਵੇਚ ਦਿੱਤਾ ਹੈ। ਮਹਿੰਗਾਈ, ਭ੍ਰਿਸ਼ਟਾਚਾਰ ਆਦਿ ਹੋਰ ਦੇਸ਼ ਦੀਆਂ ਅਲਾਮਤਾਂ ਨੇ ਲੋਕਾਂ ਦੇ ਨੱਕ ਵਿੱਚ ਦੱਮ ਕਰ ਰੱਖਿਆ ਹੈ। ਸ੍ਰੀ ਨਰਿੰਦਰ ਮੋਦੀ ਜਿਹੜੇ ਇਸ ਸਮੇਂ ਦੇਸ਼ ਦੇ ਪ੍ਰਧਾਨ ਮੰਤਰੀ ਹਨ ਇਨਾਂ ਨੇ ਸਾਲ 2014 ਦੀਆਂ ਚੋਣਾਂ ਸਮੇਂ ਜਿਹੜੇ ਵਾਅਦੇ ਦੇਸ਼ ਦੇ ਲੋਕਾਂ ਨਾਲ ਕੀਤੇ ਸਨ ਉਹ ਸਭ ਛਾਈਂ ਮਾਈਂ ਹੋ ਚੁੱਕੇ ਹਨ। ਇਹ ਸਮਾਂ ਆਪਸ ਵਿੱਚ ਲੜਣ ਜਾਂ ਝਗੜਣ ਦਾ ਨਹੀਂ ਬਲਕਿ ਇਕਠੇ ਹੋਣ ਦਾ ਹੈ। ਆਓ ਅਸੀਂ ਸਾਰੇ ਧਰਮੀ ਵਖਰੇਵੇਂ ਛੱਡ ਕੇ ਲੋਕ ਸਭਾ ਦੀਆਂ ਚੋਣਾਂ ਨੂੰ ਈ .ਵੀ. ਐਮ. ਦੀ ਥਾਂ ਤੇ ਬੈਲਿਟ ਪੇਪਰ ਰਾਹੀਂ ਕਰਵਾਕੇ ਦੇਸ਼ ਵਿੱਚੋਂ ਮੌਜੂਦਾ ਸਰਕਾਰ ਨੂੰ ਚਲਦਾ ਕਰੀਏ ਅਤੇ ਦੇਸ਼ ਵਿੱਚ ਚੰਗੇ ਆਗੂਆਂ ਦੀ ਸਰਕਾਰ ਬਣਾ ਕੇ ਦੇਸ਼ ਨੂੰ ਮੰਝਧਾਰ ਵਿੱਚੋਂ ਕੱਢੀਏ। ਇਸ ਵਿੱਚ ਹੀ ਸਾਡੀ ਸਭ ਦੀ ਭਲਾਈ ਹੈ।



ਸ:ਜੰਗ ਸਿੰਘ
ਵਟੱਸ ਅੱਪ ਨੰ
+1 415 603 7380
+91 94170 95965

# ਪੰਥ ਦੇ ਮਹਾਨ ਸਕਾਲਰ ਸਿੱਖ ਬੁੱਧੀਜੀਵੀ ਭਾਈ ਪਿੰਦਰਪਾਲ ਸਿੰਘ ਜੀ ਦੀ ਮਾਤਾ ਬਲਬੀਰ ਕੌਰ ਜੀ ਦਾ ਦਿਹਾਂਤ

## ਵੱਖ ਵੱਖ ਸ਼ਖਸੀਅਤਾਂ ਵਲੋਂ ਦੁੱਖ ਦਾ ਪ੍ਰਗਟਾਵਾ





ਉਘੇ ਕਥਾ ਵਾਚਕ ਭਾਈ ਪਿੰਦਰਪਾਲ ਸਿੰਘ ਨੂੰ ਡੂੰਘਾ ਸਦਮਾ ਲੱਗਾ ਹੈ। ਉਨ੍ਹਾਂ ਦੇ ਮਾਤਾ ਬਲਬੀਰ ਕੌਰ ਦਾ ਦਿਹਾਂਤ ਹੋ ਗਿਆ। ਉਹ 80 ਸਾਲ ਦੇ ਸਨ। ਜਾਣਕਾਰੀ ਅਨੁਸਾਰ ਭਾਈ ਪਿੰਦਰਪਾਲ ਰੁਦਰਪੁਰ ਗਏ ਹੋਏ ਹਨ। ਉਨ੍ਹਾਂ ਦੇ ਆਉਣ ਤੋਂ ਬਾਅਦ ਸਸਕਾਰ ਅੱਜ ਦੁਪਹਿਰ 1 ਵਜੇ ਦਾਣਾ ਮੰਡੀ ਸ਼ਮਸ਼ਾਨ ਘਾਟ ਬੈਕ ਸਾਈਡ ਅਰੋੜਾ ਪੈਲੇਸ ਲੁਧਿਆਣਾ ਵਿਖੇ ਕੀਤਾ ਜਾਵੇਗਾ। ਮਾਤਾ ਬਲਬੀਰ ਕੌਰ ਆਪਣੇ ਪਿੱਛੇ ਦੋ ਲੜਕੇ ਛੱਡ ਗਏ ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਮਾਤਾ ਬਲਬੀਰ ਕੌਰ ਦੇ ਅਕਾਲ ਚਲਾਣੇ 'ਤੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸ ਕੀਤੀ ਹੈ।

ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਹਰੇਕ ਮਨੁੱਖ ਦੇ ਜੀਵਨ ਅਤੇ ਪ੍ਰਾਪਤੀਆਂ ਵਿਚ ਮਾਂ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਭਾਈ ਪਿੰਦਰਪਾਲ ਸਿੰਘ ਦੀਆਂ ਪੰਥ ਪ੍ਰਤੀ ਮਹਾਨ ਸੇਵਾਵਾਂ ਪਿੱਛੇ ਵੀ ਉਨ੍ਹਾਂ ਦੀ ਮਾਤਾ ਬਲਬੀਰ ਕੌਰ ਦੁਆਰਾ ਦਿਤੇ ਧਾਰਮਿਕ ਸੰਸਕਾਰ ਅਤੇ ਮਹਾਨ ਪ੍ਰੇਰਨਾ ਦੀ ਦੇਣ ਰਹੀ ਹੈ।

ਉਨ੍ਹਾਂ ਕਿਹਾ ਕਿ ਬੇਸ਼ੱਕ ਜਨਮ ਅਤੇ ਮੌਤ ਅਕਾਲ ਪੁਰਖ ਦੀ ਅਟੱਲ ਖੇਡ ਹੈ ਪਰ ਮਾਂ ਦਾ ਅਕਾਲ ਚਲਾਣਾ ਹਰੇਕ ਮਨੁੱਖ ਲਈ ਅਸਹਿ ਹੁੰਦਾ ਹੈ। ਉਨ੍ਹਾਂ ਭਾਈ ਪਿੰਦਰਪਾਲ ਸਿੰਘ ਦੀ ਮਾਤਾ ਬਲਬੀਰ ਕੌਰ ਦੇ ਅਕਾਲ ਚਲਾਣੇ 'ਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਹੈ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਸਦੀਵੀ ਨਿਵਾਸ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਿਸ਼ ਕਰੇ।

**ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਤਾਇਆ ਦੁੱਖ** : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਭਾਈ ਪਿੰਦਰਪਾਲ ਸਿੰਘ ਜੀ ਦੇ ਮਾਤਾ ਜੀ ਦੇ ਦਿਹਾਂਤ 'ਤੇ ਦੁੱਖ ਜਤਾਇਆ ਹੈ । ਉਨ੍ਹਾਂ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਲਿਖਿਆ 'ਪੰਥ ਪ੍ਰਸਿੱਧ ਵਿਦਵਾਨ ਕਥਾਵਾਚਕ ਸਤਿਕਾਰਯੋਗ ਭਾਈ ਪਿੰਦਰਪਾਲ ਸਿੰਘ ਜੀ ਦੇ ਸਤਿਕਾਰਯੋਗ ਮਾਤਾ ਜੀ ਬਲਵੀਰ ਕੌਰ ਜੀ ਬੀਤੀ ਸ਼ਾਮ ਅਕਾਲ ਚਲਾਣਾ ਕਰ ਗਏ, ਵਾਹਿਗੁਰੂ ਜੀ ਮਾਤਾ ਜੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਜੀ ਅਤੇ ਭਾਈ ਸਾਹਿਬ ਜੀ ਹੋਰਾਂ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਜੀ।

**ਡਾ. ਦਲਜੀਤ ਸਿੰਘ ਚੀਮਾ ਨੇ ਗਿਆਨੀ ਪਿੰਦਰਪਾਲ ਸਿੰਘ ਦੇ ਮਾਤਾ ਦੇ ਦਿਹਾਂਤ ਦਾ ਪ੍ਰਗਟਾਇਆ ਦੁਖ** : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਸਿੱਖ ਪੰਥ ਦੇ ਪ੍ਰਸਿੱਧ ਕਥਾਵਾਚਕ ਅਤੇ ਵਿਦਵਾਨ ਗਿਆਨੀ ਪਿੰਦਰਪਾਲ ਸਿੰਘ ਦੇ ਮਾਤਾ ਸਰਦਾਰਨੀ ਬਲਬੀਰ ਕੌਰ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ 'ਤੇ ਡੂੰਘੇ ਦੁਖ ਦਾ ਪ੍ਰਗਟਾਵਾ ਕੀਤਾ। ਡਾ. ਦਲਜੀਤ ਸਿੰਘ ਚੀਮਾ ਨੇ ਅੱਜ ਸਵੇਰੇ ਲੁਧਿਆਣਾ ਸਥਿਤ ਗਿਆਨੀ ਪਿੰਦਰਪਾਲ ਸਿੰਘ ਦੇ ਨਿਵਾਸ ਵਿਖੇ ਪਹੁੰਚ ਕੇ ਮਾਤਾ ਬਲਬੀਰ ਕੌਰ ਦੇ ਅੰਤਿਮ ਦਰਸ਼ਨ ਕੀਤੇ ਅਤੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਉਹਨਾਂ ਆਖਿਆ ਕਿ ਮਾਂ ਦਾ ਸਰੀਰਕ ਵਿਛੋੜਾ ਮੁਨੱਖ ਦੇ ਜੀਵਨ ਦਾ ਸਭ ਤੋਂ ਵੱਡਾਔਖਾ ਸਮਾਂ ਹੁੰਦਾ ਹੈ, ਜਿਸ ਵਿੱਚੋਂ ਅਕਾਲ ਪੁਰਖ ਵਾਹਿਗੁਰੂ ਦੇ ਓਟ-ਆਸਰੇ ਅਤੇ ਸੰਗੀ ਸਨੇਹੀਆਂ ਦੇ ਸਾਥ ਨਾਲ ਹੀ ਲੰਘਿਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਮਾਂ ਦਾ ਵਿਛੋੜਾ ਮਨੁੱਖ ਨੂੰ ਸਾਰੀ ਉਮਰ ਨਹੀਂ ਭੁੱਲਦਾ ਪਰ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਹੀ ਮੰਨਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਗਿਆਨੀ ਪਿੰਦਰਪਾਲ ਸਿੰਘ ਦੀ ਕੌਮ ਪ੍ਰਤੀ ਮਹਾਨ ਸੇਵਾ ਅਤੇ ਵਿਦਵਤਾ ਪਿੱਛੇ ਉਨ੍ਹਾਂ ਦੇ ਮਾਤਾ ਬਲਬੀਰ ਕੌਰ ਦੀ ਮਹਾਨ ਘਾਲਣਾ ਰਹੀ ਹੈ, ਜਿਨ੍ਹਾਂ ਨੇ ਬਚਪਨ ਤੋਂ ਹੀ ਉਨ੍ਹਾਂ ਨੂੰ ਤੀਖਣ ਬੁੱਧੀ ਅਤੇ ਧਾਰਮਿਕ ਸਿੱਖਿਆ ਦੇ ਕੇ ਗੁਣੀ ਬਣਾਇਆ। ਡਾ. ਚੀਮਾ ਨੇ ਆਖਿਆ ਕਿ ਸ਼ ?ਰੋਮਣੀ ਅਕਾਲੀ ਦਲ ਇਸ ਦੁਖ ਦੀ ਘੜੀ ਵਿੱਚ ਗਿਆਨੀ ਪਿੰਦਰਪਾਲ ਸਿੰਘ ਹੁਰਾਂ ਦੇ ਪਰਿਵਾਰ ਨਾਲ ਖੜਾ ਹੈ ਅਤੇ ਉਹ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਸਤਿਗੁਰੂ ਮਾਤਾ ਬਲਬੀਰ ਕੌਰ ਨੂੰ ਆਵਾ ਗਵਣ ਤੋਂ ਮੁਕਤ ਕਰਕੇ ਆਪਣੇ ਚਰਨਾਂ ਵਿੱਚ ਸਦੀਵੀਂ ਨਿਵਾਸ ਬਖਸ਼ਣ।



## ਜਦੋਂ ਵੀ ਲੋਕਤੰਤਰ ਦੀ ਗੱਲ ਛਿੜੇਗੀ ਤਾਂ ਮਨਮੋਹਨ ਸਿੰਘ ਦੇ ਯੋਗਦਾਨ ਨੂੰ ਯਾਦ ਕੀਤਾ ਜਾਵੇਗਾ: ਮੋਦੀ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਦੇਸ਼ ਲਈ ਯੋਗਦਾਨ ਦੀ ਤਾਰੀਫ਼ ਕਰਦਿਆਂ ਕਿਹਾ ਕਿ ਜਦੋਂ ਵੀ ਲੋਕਤੰਤਰ ਦੀ ਗੱਲ ਕੀਤੀ ਜਾਵੇਗੀ ਤਾਂ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ ਜਾਵੇਗਾ। ਰਾਜ ਸਭਾ ਦੇ ਸੇਵਾਮੁਕਤ ਹੋ ਰਹੇ ਮੈਂਬਰਾਂ ਦੀ ਵਿਦਾਇਗੀ ਮੌਕੇ ਉਪਰਲੇ ਸਦਨ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਸਰੀਰਕ ਬਿਮਾਰੀ ਦੇ ਬਾਵਜੂਦ ਸਦਨ ਦੀ ਕਾਰਵਾਈ ਵਿੱਚ ਸ਼ਮੂਲੀਅਤ ਯਕੀਨੀ ਬਣਾਉਣ ਲਈ ਸ੍ਰੀ ਮਨਮੋਹਨ ਸਿੰਘ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੀ ਲੰਬੀ ਉਮਰ ਦੀ ਕਾਮਨਾ ਵੀ ਕੀਤੀ। ਸ੍ਰੀ ਮਨਮੋਹਨ ਸਿੰਘ ਸਮੇਤ ਉਪਰਲੇ ਸਦਨ ਦੇ 68 ਮੈਂਬਰ ਫਰਵਰੀ ਤੋਂ ਮਈ ਦਰਮਿਆਨ ਸੇਵਾਮੁਕਤ ਹੋ ਰਹੇ ਹਨ।

## ਰਾਸ਼ਟਰਪਤੀ ਮੁਰਮੂ ਨੇ ਦਿੱਲੀ ਮੈਟਰੋ ਵਿੱਚ ਕੀਤਾ ਸਫ਼ਰ

ਨਵੀਂ ਦਿੱਲੀ : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਦਿੱਲੀ ਮੈਟਰੋ ਵਿੱਚ ਸਫ਼ਰ ਕੀਤਾ। ਇਸ ਦੌਰਾਨ ਉਨ੍ਹਾਂ ਸਕੂਲੀ ਵਿਦਿਆਰਥੀ ਨਾਲ ਗੱਲਬਾਤ ਵੀ ਕੀਤੀ। ਰਾਸ਼ਟਰਪਤੀ ਬਣਨ ਤੋਂ ਬਾਅਦ ਉਨ੍ਹਾਂ ਪਹਿਲੀ ਵਾਰ ਮੈਟਰੋ ਵਿੱਚ ਸਫ਼ਰ ਕੀਤਾ ਹੈ। ਉਹ ਦਿੱਲੀ ਮੈਟਰੋ ਵਿੱਚ ਯਾਤਰਾ ਕਰਨ ਵਾਲੇ ਦੇਸ਼ ਦੇ ਦੂਜੇ ਰਾਸ਼ਟਰਪਤੀ ਹਨ। 2012 ਵਿੱਚ ਤਤਕਾਲੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਵੀ ਮੈਟਰੋ ਵਿੱਚ ਸਫ਼ਰ ਕੀਤਾ ਸੀ।

ਰਾਸ਼ਟਰਪਤੀ ਭਵਨ ਨੇ ਦੱਸਿਆ ਕਿ ਇਸ ਦੌਰਾਨ ਰਾਸ਼ਟਰਪਤੀ ਮੁਰਮੂ ਨੇ ਕੇਂਦਰੀ ਸਕੱਤਰੇਤ ਮੈਟਰੋ ਸਟੇਸ਼ਨ (ਗੇਟ ਨੰਬਰ 4) ਅਤੇ ਅੰਮ੍ਰਿਤ ਉਦਯਾਨ (ਗੇਟ ਨੰਬਰ 35) ਵਿਚਾਲੇ ਸ਼ਟਲ ਬੱਸ ਸੇਵਾ ਨੂੰ ਹਰੀ ਝੰਡੀ ਦਿੱਤੀ ਜੋ ਸਵੇਰੇ 9:30 ਵਜੇ ਤੋਂ ਸ਼ਾਮ ਪੰਜ ਵਜੇ ਤੱਕ ਹਰ 30 ਮਿੰਟ ਬਾਅਦ ਚੱਲਦੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਵਿਦਿਆਰਥੀਆਂ ਨਾਲ ਗੱਲਬਾਤ ਦੌਰਨ ਮੁਰਮੂ ਨੇ ਉਨ੍ਹਾਂ ਨੂੰ ਭਵਿੱਖੀ ਯੋਜਨਾਵਾਂ ਬਾਰੇ ਪੁੱਛਿਆ। ਉਨ੍ਹਾਂ ਦੱਸਿਆ ਕਿ ਰਾਸ਼ਟਰਪਤੀ ਕੇਂਦਰੀ ਸਕੱਤਰੇਤ ਮੈਟਰੋ ਸਟੇਸ਼ਨ ਤੋਂ ਮੈਟਰੋ 'ਤੇ ਚੜ੍ਹੇ ਅਤੇ ਨਹਿਰੂ ਪਲੇਸ ਮੈਟਰੋ ਸਟੇਸ਼ਨ ਤੱਕ ਯਾਤਰਾ ਕੀਤੀ। ਇਸ ਮਗਰੋਂ ਉਹ ਮੁੜ ਕੇਂਦਰੀ



ਸਕੱਤਰੇਤ ਪਹੁੰਚੇ। ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਵਿਕਾਸ ਕੁਮਾਰ ਵੀ ਉਨ੍ਹਾਂ ਦੇ ਨਾਲ ਸਨ। ਉਨ੍ਹਾਂ ਰਾਸ਼ਟਰਪਤੀ ਨੂੰ ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ (ਡੀਐੱਮਆਰਸੀ) ਦੇ ਕੰਮਕਾਜ ਦੇ ਵੱਖ-ਵੱਖ ਪਹਿਲੂਆਂ ਬਾਰੇ ਦੱਸਿਆ ਅਤੇ ਚੱਲ ਰਹੇ ਪ੍ਰਾਜੈਕਟਾਂ ਬਾਰੇ ਵੀ ਜਾਣਕਾਰੀ ਦਿੱਤੀ। ਰਾਸ਼ਟਰਪਤੀ ਨੇ ਵਿਜ਼ਿਟਰ ਬੁੱਕ ਵਿੱਚ ਦਿੱਲੀ ਮੈਟਰੋ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਦਿੱਲੀ ਮੈਟਰੋ ਨੂੰ ਅੱਜ ਦੁਨੀਆ ਵਿੱਚ ਸਭ ਤੋਂ ਆਧੁਨਿਕ ਜਨਤਕ ਆਵਾਜਾਈ ਪ੍ਰਣਾਲੀਆਂ 'ਚੋਂ ਇੱਕ ਮੰਨਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਮੈਟਰੋ ਦੀ ਕਾਰਗੁਜ਼ਾਰੀ ਸਾਰੇ ਅਹਿਮ ਮਾਪਦੰਡਾਂ 'ਤੇ ਵਿਸ਼ਵ ਪੱਧਰੀ ਹੈ ਅਤੇ ਇਸ ਨੇ ਦੇਸ਼ ਦਾ ਮਾਣ ਵਧਾਇਆ ਹੈ।

### ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਉਘੇ ਸ਼ਾਇਰ ਬਿੱਟੂ ਦੌਲਤਪੁਰੀ ਨੂੰ ਭਾਰੀ ਸਦਮਾ

# ਸਤਿਕਾਰਯੋਗ ਸਾਸੂ ਮਾਤਾ ਸੁਰਜੀਤ ਕੌਰ ਜੀ ਨਹੀਂ ਰਹੇ



**ਸਵ. ਮਾਤਾ ਸੁਰਜੀਤ ਕੌਰ ਜੀ**

**16 ਮਾਰਚ 1945 - 27 ਜਨਵਰੀ 2024**

ਪਿਆਰੀ ਸਾਧ-ਸੰਗਤ ਜੀਓ ਮੇਰੇ ਸਾਸੂ ਮਾਤਾ ਜੀ (ਸੁਰਜੀਤ ਕੌਰ) ਸਾਡੇ ਕੋਲ 2009 ਜੁਲਾਈ ਵਿੱਚ ਲਿਵਰਮੋਰ ਕੈਲੇਫੋਰਨੀਆ ਵਿਖੇ ਆਏ ਤੇ 2024 ਜਨਵਰੀ ਤੱਕ ਸਾਡੇ ਨਾਲ ਹੀ ਰਹੇ ਬਹੁਤ ਹੀ ਸ਼ਾਂਤ ਸੁਭਾਅ ਤੇ ਹੱਸ-ਮੁੱਖ ਸਨ ਮਾਲਕ ਦੀ ਕਿਰਪਾ ਨਾਲ ਸਿਹਤਯਾਬ ਵੀ ਸਨ ਮੇਰੇ ਬੱਚੇ ਬਹੁਤ ਛੋਟੇ ਸਨ ਜਦੋ ਮਾਤਾ ਜੀ ਆਏ ਮੈਂ ਤੇ ਮੇਰੀ ਧਰਮ-ਪਤਨੀ ਮਾਤਾ ਜੀ ਦਾ ਬਹੁਤ ਖਿਆਲ ਕਰਦੇ ਸਾਂ ਬੱਚੇ ਮਾਤਾ ਜੀ ਦੀ ਗੋਦੀ ਵਿੱਚ ਹੀ ਪਲੇ ਤੇ ਵੱਡੇ ਹੋਏ ਪਰਿਵਾਰ ਸੁੱਖ-ਸ਼ਾਂਤੀ ਨਾਲ ਸਮਾਂ ਗੁਜ਼ਾਰ ਰਿਹਾ ਸੀ ਜਦੋ ਵੀ ਮਾਤਾ ਜੀ ਦਾ ਦਿਲ ਕਰਦਾ ਸੀ ਇੰਡੀਆ ਜਾਣ ਨੂੰ ਅਸੀਂ ਸਿੱਧੀ ਫਲਾਈਟ ਦੀ ਟਿਕਟ ਲੈ ਕੇ ਭੇਜ ਦਿੰਦੇ ਸਾਂ ਕੁਛ ਮਹੀਨੇ ਰਹਿਣ ਬਾਦ ਮਾਤਾ ਜੀ ਵਾਪਸ ਸਾਡੇ ਕੋਲ ਕੈਲੇਫੋਰਨੀਆ ਆ ਜਾਂਦੇ ਸਨ ਗੁਰੂ ਸਾਹਿਬ ਦੀ ਮੇਹਰ ਸਦਕਾ ਸਭ ਕੁਝ ਵਧੀਆ ਚੱਲ ਰਿਹਾ ਸੀ ਮਾਤਾ ਜੀ ਸੁਬਹ 4:30 ਵਜੇ ਇਸ਼ਨਾਨ ਕਰਨ ਤੋਂ ਬਾਦ ਜਾਪੁ ਸਾਹਿਬ ਦਾ ਪਾਠ ਕਰਦੇ ਸਨ ਤੇ ਫਿਰ ਚਾਹ ਦਾ ਕੱਪ ਪੀ ਕੇ ਸੈਰ ਲਈ ਜਾਂਦੇ ਸਨ ਫਿਰ ਘਰ ਦੇ ਘਰੇਲੂ ਕੰਮ ਵਿੱਚ ਵੀ ਹੱਥ ਵਟਾਉਂਦੇ ਸਨ ਫਿਰ ਆਰਾਮ ਕਰ ਲੈਂਦੇ। ਦੁਪਹਿਰ ਵੇਲੇ ਵੀ ਬੰਦਗੀ ਸਿਮਰਨ ਕਰਨਾ ਤੇ ਸ਼ਾਮ ਵੇਲੇ ਰਹਿਰਾਸ ਸਾਹਿਬ ਦਾ ਪਾਠ ਕਰਨਾ ਘਰ ਵਿੱਚ ਖੁਸਹਾਲੀ ਤੇ ਬਰਕਤ ਸੀ ਬੱਚੇ ਮਾਤਾ ਜੀ ਤੋਂ ਚੰਗੀਆਂ ਸਿੱਖਿਆਵਾਂ ਪ੍ਰਾਪਤ ਕਰਦੇ ਸਨ ਕਦੇ ਮਾੜੇ-ਮੋਟੇ ਢਿੱਲੇ-ਮੱਠੇ ਹੋ ਜਾਣਾ ਤਾਂ ਅਸੀਂ ਡਾਕਟਰ ਸਾਹਿਬ ਕੋਲ ਲੈ ਜਾਣਾ ਫਿਰ ਜਲਦੀ ਤੰਦਰੁਸਤ ਹੋ ਜਾਣਾ ਮੈਨੂੰ ਕਹਿਣਾ ਫ਼ਿਕਰ ਨਾ ਕਰਿਆ ਕਰ ਮੈਂ ਬਿਲਕੁਲ ਠੀਕ ਹਾਂ ਤੁਸੀ ਆਪਣੀ ਮਿਹਨਤ ਕਰੋ ਹਰ ਰੋਜ਼ ਵਾਂਗ ਮਾਤਾ ਅੱਜ ਸੁਬਹ ਵੀ 4:30 ਉੱਠੇ ਇਸਨਾਨ ਕਰਨ ਗਏ ਤੇ ਦਿਮਾਗ਼ ਦੀ ਨਾੜੀ ਫਟਣ ਕਾਰਨ ਪ੍ਰਲੋਕ ਸੁਧਾਰ ਗਏ ਮਾਤਾ ਜੀ ਨੂੰ ਸੂਗਰ ਤੇ ਹਾਈ ਬਲੱਡ ਪ੍ਰੈਸਰ ਸੀ ਪਰ ਦਵਾਈ ਖਾਂਦੇ ਸਨ ਕਈ ਵਾਰ ਕਹਿ ਦਿੰਦੇ ਸਨ ਹੁਣ ਮੇਰਾ ਦਵਾਈਆਂ ਖਾਣ ਨੂੰ ਦਿਲ ਨਹੀਂ ਕਰਦਾ ਅਸੀਂ ਐਂਬੂਲੈਂਸ ਰਾਹੀਂ ਹਸਪਤਾਲ ਵੀ ਲੈ ਗਏ ਪਰ ਜੋ ਮਾਲਕ ਨੂੰ ਮਨਜ਼ੂਰ ਸੀ ਸਾਨੂੰ ਰੋਂਦਿਆਂ ਛੱਡ 01-27-2024 ਅਲਵਿਦਾ ਕਹਿ ਗਏ ਅਕਾਲ-ਪੁਰਖ ਉਹਨਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਜਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਵਾਹਿਗੁਰੂ ਜੀ।

**Funeral**

Monday, February 12, 2024
Chapel of Chimes Hayward
32992 Mission Blvd Hayward. CA 94554
12.00 PM

**ਸੁਖਮਨੀ ਸਾਹਿਬ ਦਾ ਪਾਠ**

held at funeral home
Prayer Services
immediately following the funeral Service
Gurdwara sahib Fremont
300 Gurdwara Road Frcmont. CA 94556

**ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ 925-339-0582**


MARCH 19 ELECTION
Special
VOTE
Dr. Harmesh Kumar
FINALLY A
Democrat for Congress
Vote
As a psychologist, he knows mental illness is the "Big Elephant" in the room! No one else is even willing to talk about it as an issue, let alone willing to discuss it.
He has a plan!
Vote
While you may not know him. He cares for our country and for the people. It was our country that gave him an opportunity to work, thrive, and become who he is today! He wants everyone to have the same chance he did.
Vote
Mental illness disorders are wreaking havoc in all areas of society and throughout our Country!
Vote
The many forms of mental illness include: mass shootings, domestic violence, anxiety disorders, depression, homelessness, crime and many more!
PAID FOR BY: DR. KUMAR 4 CONGRESS
FEC # COO865535
DEMOCRAT FOR CONGRESSIONAL DISTRICT 20
The Man With A Plan
As a Clinical Psychologist and businessman. A life long Democrat and not a career politician or candidate, willing to serve the District for the short term.
Dr. Kumar doesn't just talk about the issues, he has lived them. That is why the experience of Congressional Representatives like John Garamendi, and Ro Khanna are supporting him.
As a Mental Health Doctor, he cares for the homeless daily and sees the need for adequate and affordable housing!
As a humanitarian he helps many disadvantaged in the struggle against the high cost of living!
He knows Central California; the 20th Congressional District.
A candidate demanding an investment into the wellness of our district and the people of the United States.
Vote
March 19, 2024
Special Election
Our Choice.....



# ਸ਼ਾਮ ਸਿੰਘ ਅਟਾਰੀ ਨੂੰ ਯਾਦ ਕਰਦਿਆਂ

ਅਵਤਾਰ ਸਿੰਘ ਆਨੰਦ

ਮਹਾਰਾਜਾ ਰਣਜੀਤ ਸਿੰਘ ਵੱਲੋਂ ਸਥਾਪਿਤ ਰਾਜ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਇਨ੍ਹਾਂ ਹੀ ਜਰਨੈਲਾਂ 'ਚੋਂ ਇੱਕ ਸ਼ਾਮ ਸਿੰਘ ਅਟਾਰੀ ਨੇ ਮਰਦੇ ਦਮ ਤਕ ਜੰਗ ਦੇ ਮੈਦਾਨ ਵਿੱਚ ਹਾਰ ਨਹੀਂ ਮੰਨੀ।

ਮਹਾਰਾਜਾ ਰਣਜੀਤ ਸਿੰਘ ਦੀ ਹਰ ਜੇਤੂ ਮੁਹਿੰਮ ਦੇ ਸਾਥੀ ਰਹੇ ਸ਼ਾਮ ਸਿੰਘ ਅਟਾਰੀ ਦਾ ਜਨਮ 1785 ਈ. ਨੂੰ ਨਿਹਾਲ ਸਿੰਘ ਅਤੇ ਸ਼ਮਸ਼ੇਰ ਕੌਰ ਦੇ ਘਰ ਹੋਇਆ। ਇਹ ਪਰਿਵਾਰ ਜੈਸਲਮੇਰ ਦੇ ਭੱਟੀ ਰਾਜਪੂਤਾਂ ਨਾਲ ਸਬੰਧਤ ਸੀ ਅਤੇ ਇਨ੍ਹਾਂ ਦੇ ਵਡੇਰੇ ਕਾਹਨ ਚੰਦ ਨੇ ਸਮੇਂ ਦੇ ਹਾਲਾਤ ਨੂੰ ਦੇਖਦੇ ਹੋਏ ਜਗਰਾਓਂ ਲਾਗੇ ਪਿੰਡ ਕਾਉਂਕੇ ਵਸਾਇਆ ਪਰ ਬਾਅਦ 'ਚ ਇਹ ਪਰਿਵਾਰ ਅਟਾਰੀ ਆ ਵਸਿਆ।

ਸ਼ਾਮ ਸਿੰਘ ਅਟਾਰੀ ਦਾ ਸਿੱਖ ਰਾਜ ਦੀ ਫ਼ੌਜ ਵਿੱਚ ਭਰਤੀ ਹੋਣ ਦਾ ਇਕ ਸਬੱਬ ਹੀ ਹੈ। ਕੁੱਝ ਇਤਿਹਾਸਕਾਰਾਂ ਅਨੁਸਾਰ ਇਕ ਵਾਰ ਮਹਾਰਾਜਾ ਰਣਜੀਤ ਸਿੰਘ ਬਿਮਾਰ ਹੋ ਗਏ ਤਾਂ ਉਸ ਵੇਲੇ ਸ਼ਾਮ ਸਿੰਘ ਦੇ ਪਿਤਾ ਨਿਹਾਲ ਸਿੰਘ ਨੇ ਸ਼ੇਰ-ਏ-ਪੰਜਾਬ ਦੀ ਮੰਜੀ ਦੁਆਲੇ ਪਰਕਰਮਾ ਕੀਤੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਜਾਨ ਬਦਲੇ ਆਪਣੀ ਜਾਨ ਦੇਣ ਲਈ ਅਰਦਾਸ ਕੀਤੀ। ਅਰਦਾਸ ਪ੍ਰਵਾਨ ਹੋਈ। ਕੁਝ ਹੀ ਦਿਨਾਂ ਮਗਰੋਂ ਮਹਾਰਾਜਾ ਤਾਂ ਠੀਕ ਹੋ ਗਿਆ ਪਰ ਨਿਹਾਲ ਸਿੰਘ ਬਿਮਾਰ ਹੋ ਗਿਆ ਅਤੇ ਅਕਾਲ ਚਲਾਣਾ ਕਰ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ ਨਿਹਾਲ ਸਿੰਘ ਦਾ ਆਪਣੇ ਹੱਥੀਂ ਸਸਕਾਰ ਕੀਤਾ। ਅਟਾਰੀ ਵਿਚ ਅੱਜ ਵੀ ਸਸਕਾਰ ਵਾਲੀ ਜਗ ?ਹਾ 'ਤੇ ਉਸ ਦੀ ਸਮਾਧ ਮੌਜੂਦ ਹੈ। ਸ਼ੇਰ-ਏ-ਪੰਜਾਬ ਨੇ ਉਸ ਦੇ ਪੁੱਤਰ ਸ਼ਾਮ ਸਿੰਘ ਅਟਾਰੀ ਨੂੰ ਫੌਜਾਂ ਦਾ ਸਰਦਾਰ ਬਣਾ ਕੇ ਬਹੁਤ ਸਾਰੀ ਜਾਗੀਰ ਉਸ ਦੇ ਨਾਮ ਕਰ ਦਿੱਤੀ।

ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ 'ਚ ਸ਼ਾਮ ਸਿੰਘ ਅਟਾਰੀ ਦਾ ਬਹੁਤ ਮਾਣ-ਸਨਮਾਨ ਹੁੰਦਾ ਸੀ। ਉਹ ਰੋਅਬਦਾਰ ਅਤੇ ਸਲੀਕੇ ਨਾਲ ਗੱਲ ਕਰਨ ਵਾਲੇ ਜਰਨੈਲ ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੀਆਂ ਕਈ ਜੇਤੂ ਮੁਹਿੰਮਾਂ ਦੇ ਸਾਥੀ ਅਤੇ ਗਵਾਹ ਰਹੇ ਸ਼ਾਮ ਸਿੰਘ ਅਟਾਰੀ ਦਾ ਦੁਸ਼ਮਣਾਂ ਵਿੱਚ ਖੌਫ ਸਰਦਾਰ ਹਰੀ ਸਿੰਘ ਨਲੂਆ ਵਾਂਗੂ ਹੀ ਸੀ। ਜਦੋਂ ਵੀ ਮਹਾਰਾਜਾ ਰਣਜੀਤ ਸਿੰਘ ਸ਼ਹਿਜ਼ਾਦਾ ਖੜਕ ਸਿੰਘ ਨੂੰ ਕਿਸੇ ਮੁਹਿੰਮ 'ਤੇ ਭੇਜਦਾ ਤਾਂ ਖੜਕ ਸਿੰਘ ਦੀ ਦੇਖਭਾਲ ਦੀ ਸਾਰੀ ਜ਼ਿੰਮੇਵਾਰੀ ਸ਼ਾਮ ਸਿੰਘ ਦੇ ਕੋਲ ਹੁੰਦੀ। ਜਦੋਂ ਪਿਸ਼ਾਵਰ ਅਤੇ ਮੁਲਤਾਨ ਦੀ ਮੁਹਿੰਮ ਤੋਂ ਖ਼ਾਲਸਾ ਫ਼ੌਜਾਂ ਜਿੱਤ ਕੇ ਮੁੜੀਆਂ ਤਾਂ ਸ਼ੇਰ-ਏ-ਪੰਜਾਬ ਨੇ ਸਰਦਾਰ ਸ਼ਾਮ ਸਿੰਘ ਨੂੰ ਗਲ ਨਾਲ ਲਾ ਲਿਆ ਤੇ ਕਿਹਾ, "ਸ਼ਾਮ ਸਿਹਾਂ ਤੂੰ ਮੁਲਤਾਨ ਤੇ ਪਿਸ਼ਾਵਰ ਨਹੀਂ ਜਿੱਤਿਆ ਬਲਕਿ ਰਣਜੀਤ ਸਿੰਘ ਦਾ ਦਿਲ ਜਿੱਤ ਲਿਆ ਏ।" ਸੰਨ 1819 ਈ. ਵਿੱਚ ਉਨ੍ਹਾਂ ਨੇ ਕਸ਼ਮੀਰ ਦੀ ਲੜਾਈ ਦੀ ਅਗਵਾਈ ਕਰ ਕੇ ਜਿੱਤ ਪ੍ਰਾਪਤ ਕੀਤੀ। ਮਹਾਰਾਜਾ ਰਣਜੀਤ ਸਿੰਘ ਜਿੱਥੇ ਵੀ ਜਾਂਦੇ ਸ਼ਾਮ ਸਿੰਘ ਉਨ੍ਹਾਂ ਦੇ ਨਾਲ ਹੀ ਰਹਿੰਦਾ। 1831 ਈ. ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਰੋਪੜ ਵਿੱਚ ਲਾਰਡ ਵਿਲੀਅਮ ਬੈਂਟਿਕ ਨਾਲ ਮੁਲਾਕਾਤ ਕੀਤੀ ਸੀ ਤਾਂ ਉਸ ਸਮੇਂ ਸ਼ਾਮ ਸਿੰਘ ਅਟਾਰੀ ਦੇ ਕੰਮ ਨੂੰ ਕਾਫ਼ੀ ਸਲਾਹਿਆ ਗਿਆ। ਸੰਨ 1834 ਈ. ਵਿਚ ਉਨ੍ਹਾਂ ਦੀ ਧੀ ਨਾਨਕੀ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨਾਲ ਹੋਇਆ ਤੇ ਸ਼ਾਮ ਸਿੰਘ ਨੇ ਉਨ੍ਹਾਂ ਦਿਨਾਂ 'ਚ ਤਕਰੀਬਨ 15 ਲੱਖ ਰੁਪਏ ਖਰਚ ਕੀਤੇ। ਵਿਆਹ ਵਿੱਚ ਵੱਖ-ਵੱਖ ਰਾਜਾਂ ਦੇ ਰਾਜੇ, ਮਹਾਰਾਜੇ ਤੇ ਅੰਗਰੇਜ਼ ਅਫ਼ਸਰ ਸ਼ਾਮਲ ਹੋਏ। ਅੰਮ੍ਰਿਤਸਰ ਦੇ ਜੌਹਰੀ ਨੇ ਜਿਹੜਾ ਸਿਹਰਾ ਕੰਵਰ ਨੌਨਿਹਾਲ ਸਿੰਘ ਲਈ ਤਿਆਰ ਕੀਤਾ ਸੀ, ਉਹ ਮਹਾਰਾਜਾ ਰਣਜੀਤ ਸਿੰਘ ਨੇ ਕੰਵਰ ਨੌਨਿਹਾਲ ਸਿੰਘ ਦੇ ਸਿਰ 'ਤੇ ਬੰਨ੍ਹਣ ਦੀ ਬਜਾਏ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਚੜ੍ਹਾ ਦਿੱਤਾ ਜੋ ਅੱਜ ਵੀ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਵਿੱਚ ਸੁਸ਼ੋਭਿਤ ਹੈ।1837 ਵਿਚ ਜਦੋਂ ਹਰੀ ਸਿੰਘ ਨਲੂਆ ਜਮਰੌਦ ਵਿੱਚ ਸ਼ਹੀਦ ਹੋ ਗਿਆ ਤਾਂ ਸ਼ਾਮ ਸਿੰਘ ਨੂੰ ਬਹੁਤ ਸਦਮਾ ਲੱਗਾ। ਬਹੁਤ ਸਾਰੀਆਂ ਜ਼ਿੰਮੇਵਾਰੀਆਂ ਉਸ ਦੇ ਮੋਢਿਆਂ 'ਤੇ ਆ ਪਈਆਂ। ਇਧਰ 27 ਜੂਨ 1837 ਨੂੰ ਮਹਾਰਾਜਾ ਰਣਜੀਤ ਸਿੰਘ ਦਾ ਦੇਹਾਂਤ ਹੋ ਗਿਆ ਤੇ ਉਧਰ ਸਿੱਖ ਰਾਜ ਖਾਨਾਜੰਗੀ ਦਾ ਸ਼ਿਕਾਰ ਹੋਣਾ ਸ਼ੁਰੂ ਹੋ ਗਿਆ। ਦਰਬਾਰ ਵਿੱਚ ਡੋਗਰਿਆਂ ਤੇ ਸਿੱਖ ਸਰਦਾਰਾਂ 'ਚ ਤਖ਼ਤ ਦਾ ਮਾਲਕ ਬਣਨ ਦੀ ਭੁੱਖ ਨੇ ਸਰਦਾਰ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਸਿੱਖ ਰਾਜ ਅੰਦਰ ਖਾਨਾਜੰਗੀ ਤੋਂ ਤੰਗ ਆ ਕੇ ਸ਼ਾਮ ਸਿੰਘ ਲਾਹੌਰ ਛੱਡ ਕੇ ਅਟਾਰੀ ਆ ਗਿਆ।

ਡੋਗਰਿਆਂ ਦੀਆਂ ਆਪਹੁਦਰੀਆਂ ਚਾਲਾਂ ਨੇ ਸਿੱਖ ਰਾਜ ਨੂੰ ਅੰਗਰੇਜ਼ਾਂ ਨਾਲ ਬੇਲੋੜੀਆਂ ਜੰਗਾਂ ਵਿੱਚ ਉਲਝਾ ਕੇ ਅੰਗਰੇਜ਼ਾਂ ਨੂੰ ਪੰਜਾਬ 'ਚ ਆਪ ਦਾਖਲ ਹੋਣ ਦਾ ਮੌਕਾ ਦੇ ਦਿੱਤਾ। ਮੁਦਕੀ ਤੇ ਫੇਰੂ ਸ਼ਹਿਰ ਦੀ ਲੜਾਈ ਬਿਨਾ ਕਿਸੇ ਨਿਸ਼ਾਨੇ ਅਤੇ ਮਕਸਦ ਲਈ ਲੜੀ ਗਈ।

ਮੁਦਕੀ ਅਤੇ ਫੇਰੂ ਸ਼ਹਿਰ ਦੀ ਲੜਾਈ ਤੋਂ ਬਾਅਦ ਅੰਗਰੇਜ਼ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਗੁਲਾਬ ਸਿੰਘ ਨੂੰ ਕਿਹਾ ਕਿ ਉਹ ਕਿਸੇ ਨਾ ਕਿਸੇ ਢੰਗ ਨਾਲ ਖ਼ਾਲਸਾ ਫੌਜਾਂ ਨੂੰ ਈਨ ਮੰਨਣ ਲਈ ਤਿਆਰ ਕਰ ਲਵੇ। ਲੜਾਈ ਉਪਰੰਤ ਜੰਮੂ ਕਸ਼ਮੀਰ ਦਾ ਇਲਾਕਾ ਖ਼ਾਲਸਾ ਰਾਜ ਨਾਲੋਂ ਤੋੜ ਕੇ ਉਸ ਨੂੰ 'ਇਨਾਮ' ਵਜੋਂ ਦੇ ਦਿੱਤਾ ਜਾਵੇਗਾ। ਹੈਸਕਿਥ ਪੀਅਰਸਨ ਆਪਣੀ ਕਿਤਾਬ "ਹੀਰੋ ਆਫ ਡੈਲੀ" ਵਿਚ ਲਿਖਦਾ ਹੈ, "ਸਿੱਖ ਜਰਨੈਲਾਂ ਦੀ ਗ਼ਦਾਰੀ ਕਾਰਨ ਅੰਗਰੇਜ਼ਾਂ ਦੀ ਹਾਰ ਇੱਕ ਵਾਰ ਫਿਰ ਜਿੱਤ ਵਿੱਚ ਤਬਦੀਲ ਹੋ ਗਈ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਸਿੱਖ ਜਰਨੈਲ ਡੋਗਰੇ ਭਰਾਵਾਂ ਦੀ ਚਾਲ 'ਚ ਫਸ ਗਏ। ਡੋਗਰੇ ਖੁਦ ਲਾਹੌਰ ਤਖ਼ਤ ਦਾ ਮਾਲਕ ਬਣਨਾ ਚਾਹੁੰਦੇ ਸਨ। ਅੰਗਰੇਜ਼ਾਂ ਨੇ ਖਾਲਸਾ ਸਰਕਾਰ 'ਚ ਪਈ ਖਾਨਾਜੰਗੀ ਦਾ ਫ਼ਾਇਦਾ ਉਠਾਇਆ ਅਤੇ 1845 'ਚ ਲਾਰਡ ਹਾਰਡਿੰਗ ਅਤੇ ਜਨਰਲ ਗਾਫ਼ ਨੇ ਦਰਿਆ ਸਤਲੁਜ 'ਤੇ ਫ਼ੌਜ ਇਕੱਠੀ ਕਰਨੀ ਸ਼ੁਰੂ ਕੀਤੀ। ਅੰਗਰੇਜ਼ਾਂ ਨੇ ਤੇਜਾ ਸਿੰਘ ਰਾਹੀਂ ਸਿੱਖ ਫ਼ੌਜਾਂ ਨੂੰ ਭੜਕਾਇਆ ਕਿ ਅੰਗਰੇਜ਼ ਸਤਲੁਜ ਦਰਿਆ 'ਤੇ ਲਾਹੌਰ 'ਤੇ ਕਬਜ਼ਾ ਕਰਨ ਦੀਆਂ ਤਿਆਰੀਆਂ ਕਰੀ ਬੈਠੇ ਹਨ ਅਤੇ ਉਨ੍ਹਾਂ ਦੇ ਹਮਲੇ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਹਮਲਾ ਕਰ ਦੇਣਾ ਚਾਹੀਦਾ ਹੈ। ਰਾਣੀ ਜਿੰਦਾਂ ਅਤੇ ਸ਼ਾਮ ਸਿੰਘ ਅਟਾਰੀ ਨੇ ਅੰਗਰੇਜ਼ਾਂ ਨਾਲ ਲੜਾਈ ਨਾ ਕਰਨ ਦੀ ਸਲਾਹ ਦਿੱਤੀ। ਡੋਗਰੇ ਭਰਾ ਲੜਾਈ ਕਰਨਾ ਚਾਹੁੰਦੇ ਸਨ। ਰਾਣੀ ਜਿੰਦਾਂ ਅਤੇ ਸ਼ਾਮ ਸਿੰਘ ਅਟਾਰੀ ਦੀਆਂ ਸਲਾਹਾਂ ਨੂੰ ਨਜ਼ਰਅੰਦਾਜ਼ ਕਰ ਕੇ ਲਾਲ ਸਿੰਘ ਤੇ ਤੇਜਾ ਸਿੰਘ ਨੇ ਸਿੱਖ ਫੌਜ ਸਤਲੁਜ ਦਰਿਆ 'ਤੇ ਇੱਕਠੀ ਕਰ ਲਈ। ਲੜਾਈ ਸ਼ੁਰੂ ਹੁੰਦਿਆਂ ਹੀ ਅੰਗਰੇਜ਼ਾਂ ਦਾ ਕਾਫੀ ਨੁਕਸਾਨ ਹੋ ਗਿਆ ਅਤੇ ਉਨ੍ਹਾਂ ਨੂੰ ਵੀ ਪਿੱਛੇ ਹਟਣ ਲਈ ਮਜਬੂਰ ਹੋਣਾ ਪਿਆ। ਮੈਦਾਨ-ਏ-ਜੰਗ ਤਲਵਾਰਾਂ ਨਾਲ ਚਮਕ ਉੱਠਿਆ। ਸ਼ਾਮ ਸਿੰਘ ਅਟਾਰੀਵਾਲਾ ਮੈਦਾਨ ਵਿੱਚ ਫੌਜਾਂ ਨੂੰ ਹਰ ਮੁਹਾਜ਼ 'ਤੇ ਹੱਲਾਸ਼ੇਰੀ ਦਿੰਦਾ ਨਜ਼ਰ ਆ ਰਿਹਾ ਸੀ। ਅੰਗਰੇਜ਼ਾਂ ਨੂੰ ਹਰ ਮੁਹਾਜ਼ 'ਤੇ ਹਾਰ ਹੀ ਹਾਰ ਪੱਲੇ ਪੈ ਰਹੀ ਸੀ। ਸ਼ਾਮ ਸਿੰਘ ਅੰਗਰੇਜ਼ਾਂ ਦੀ ਭਾਰੀ ਜਾਨੀ ਨੁਕਸਾਨ ਕਰਦਾ ਹੋਇਆ ਅੰਗਰੇਜ਼ ਜਰਨੈਲ ਸਰ ਰਾਬਰਟ ਡਿਕ ਦੇ ਨਜ਼ਦੀਕ ਜਾ ਪਹੁੰਚਿਆ ਅਤੇ ਹੱਥੋ-ਹੱਥੀ ਲੜਾਈ ਵਿੱਚ ਰਾਬਰਟ ਡਿਕ ਸ਼ਾਮ ਸਿੰਘ ਹੱਥੋਂ ਮਾਰਿਆ ਗਿਆ। ਉਸ ਸਮੇਂ ਅੰਗਰੇਜ਼ੀ ਫੌਜਾਂ ਵਿੱਚ ਦਹਿਸ਼ਤ ਵਰਗਾ ਮਾਹੌਲ ਬਣ ਗਿਆ। ਅੰਗਰੇਜ਼ੀ ਫੌਜਾਂ ਨੇ ਅਟਾਰੀ ਵਾਲੇ ਸਰਦਾਰ ਨੂੰ ਚਾਰੇ ਪਾਸਿਓਂ ਘੇਰ ਕੇ ਉਸ ਦਾ ਸਰੀਰ ਗੋਲੀਆਂ ਨਾਲ ਛਲਣੀ ਕਰ ਦਿੱਤਾ। ਇਸ ਤਰ੍ਹਾਂ ਸ਼ਾਮ ਸਿੰਘ ਅਟਾਰੀ ਜੰਗ ਵਿੱਚ ਜੂਝਦਾ ਹੋਇਆ 10 ਫਰਵਰੀ ਨੂੰ ਸ਼ਹਾਦਤ ਦਾ ਜਾਮ ਪੀ ਗਿਆ ਤੇ ਸਿੱਖ ਰਾਜ ਦਾ ਆਖਰੀ ਸੂਰਜ ਵੀ ਅਸਤ ਹੋ ਗਿਆ।

*ਕੈਨੇਡਾ ਦੀ ਚੋਣ ਪ੍ਰਣਾਲੀ 'ਚ ਦਖਲਅੰਦਾਜੀ ਨੂੰ ਕਨੇਡਾ ਸਰਕਾਰ ਨੇ ਗਭੀਰਤਾ ਨਾਲ ਲਿਆ*

# ਭਾਰਤ-ਕੈਨੇਡਾ ਦੇ ਸੈਕੂਲਰ ਸਿਸਟਮ ਲਈ ਖਤਰਾ : ਪ੍ਰਧਾਨ ਮੰਤਰੀ ਜਸਟਿਨ ਟਰੂਡੋ

ਭਾਰਤ ਅਤੇ ਕੈਨੇਡਾ ਵਿਚਾਲੇ ਤਣਾਅ ਖ਼ਤਮ ਹੋਣ ਦੀ ਥਾਂ ਹੋਰ ਵੱਧ ਸਕਦਾ ਹੈ, ਕਿਉਂਕਿ ਦੋਹਾਂ ਦੇਸ਼ਾਂ ਵਿਚਾਲੇ ਚੱਲ ਰਹੇ ਵਿਵਾਦ 'ਚ ਇਕ ਨਵਾਂ ਅਧਿਆਏ ਜੁੜ ਗਿਆ ਹੈ। ਕੈਨੇਡਾ ਨੇ ਭਾਰਤ 'ਤੇ ਦੋਸ਼ ਲਾਏ ਹਨ। ਕੈਨੇਡਾ ਨੇ ਭਾਰਤ ਨੂੰ ਚੀਨ ਵਾਂਗ 'ਵਿਦੇਸ਼ੀ ਖਤਰਾ' ਦੱਸਿਆ ਹੈ। ਕੈਨੇਡਾ ਦੀ ਖੁਫੀਆ ਏਜੰਸੀ ਨੇ ਆਪਣੀ ਰਿਪੋਰਟ 'ਚ ਭਾਰਤ 'ਤੇ ਚੋਣਾਂ 'ਚ ਦਖ਼ਲ ਦੇਣ ਦਾ ਦੋਸ਼ ਲਗਾਇਆ ਹੈ। ਕੈਨੇਡਾ ਨੂੰ ਡਰ ਹੈ ਕਿ ਭਾਰਤ ਉਥੋਂ ਦੀਆਂ ਆਮ ਚੋਣਾਂ ਵਿਚ ਦਖਲ ਦੇ ਰਿਹਾ ਹੈ। ਹੁਣ ਤੱਕ ਭਾਰਤ ਸਰਕਾਰ ਨੇ ਕੈਨੇਡਾ ਦੇ ਦੋਸ਼ਾਂ ਦਾ ਜਵਾਬ ਨਹੀਂ ਦਿੱਤਾ ਹੈ।

ਇਥੇ ਜਿਕਰਯੋਗ ਹੈ ਕਿ 'ਵਿਦੇਸ਼ੀ ਦਖਲਅੰਦਾਜ਼ੀ ਅਤੇ ਚੋਣਾਂ' ਸਿਰਲੇਖ ਵਾਲੀ ਰਿਪੋਰਟ ਵਿੱਚ ਕੈਨੇਡਾ ਨੇ ਭਾਰਤ ਨੂੰ ਖ਼ਤਰਾ ਦੱਸਿਆ ਹੈ ਅਤੇ ਚੇਤਾਵਨੀ ਦਿੱਤੀ ਕਿ ਵਿਦੇਸ਼ੀ ਦਖਲਅੰਦਾਜ਼ੀ ਕੈਨੇਡਾ ਦੇ ਲੋਕਤੰਤਰ ਨੂੰ ਕਮਜ਼ੋਰ ਕਰ ਰਹੀ ਹੈ। ਗਲੋਬਲ ਨਿਊਜ਼ ਦੀ ਇੱਕ ਰਿਪੋਰਟ ਅਨੁਸਾਰ ਵਿਦੇਸ਼ੀ ਦਖਲਅੰਦਾਜ਼ੀ ਰਵਾਇਤੀ ਕੂਟਨੀਤੀ ਤੋਂ ਵੱਖਰੀ ਹੈ, ਕਿਉਂਕਿ ਇਸ ਵਿੱਚ ਲੋਕ ਰਾਇ ਅਤੇ ਨੀਤੀ ਨਿਰਧਾਰਨ ਨੂੰ ਗੁਪਤ ਰੂਪ ਵਿੱਚ ਪ੍ਰਭਾਵਿਤ ਕੀਤਾ ਜਾਂਦਾ ਹੈ ਅਤੇ ਇਸਦੇ ਲਈ ਧੋਖੇ ਦੀ ਵਰਤੋਂ ਕੀਤੀ ਜਾਂਦੀ ਹੈ। ਕੈਨੇਡਾ ਭਾਰਤ 'ਤੇ ਚੋਣਾਂ 'ਚ ਦਖਲ ਦੇਣ ਦਾ ਦੋਸ਼ ਚੀਨ ਅਤੇ ਰੂਸ ਤੋਂ ਪਹਿਲਾਂ ਲਗਾਇਆ।



ਭਾਰਤ ਤੋਂ ਪਹਿਲਾਂ ਵੀ ਇਹ ਦੋਵੇਂ ਦੇਸ਼ ਕੈਨੇਡਾ ਵੱਲੋਂ ਚੋਣ ਦਖਲਅੰਦਾਜ਼ੀ ਦੇ ਦੋਸ਼ਾਂ ਦਾ ਸਾਹਮਣਾ ਕਰਦੇ ਆ ਰਹੇ ਹਨ।

ਜ਼ਿੱਕਰਯੋਗ ਹੈ ਕਿ ਕੈਨੇਡਾ ਨੇ ਇਹ ਇਲਜ਼ਾਮ ਅਜਿਹੇ ਸਮੇਂ ਲਾਇਆ ਹੈ, ਜਦੋਂ ਦੋਵਾਂ ਦੇਸ਼ਾਂ ਵਿਚਾਲੇ ਪਹਿਲਾਂ ਹੀ ਕੂਟਨੀਤਕ ਤਣਾਅ ਸਿਖਰ 'ਤੇ ਹੈ।

ਉਨ੍ਹਾਂ ਕਿਹਾ ਕੀ ਭਾਰਤ-ਕੈਨੇਡਾ ਦੇ ਸੈਕੂਲਰ ਸਿਸਟਮ ਲਈ ਖਤਰਾ ਬਣਦਾ ਜਾ ਰਿਹਾ ਹੈ ਕੈਨੇਡਾ ਦੀ ਪਾਰਲੀਮੈਂਟ ਵਿੱਚ ਬੋਲਦਿਆਂ ਉਨ੍ਹਾਂ ਕਿਹਾ ਕਿ ਕੈਨੇਡੀਅਨ ਸੁਰੱਖਿਆ ਏਜੰਸੀਆਂ ਭਾਰਤ ਸਰਕਾਰ ਅਤੇ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੇ ਕਤਲ ਦਰਮਿਆਨ ਸਬੰਧਾਂ ਦੇ ਦੋਸ਼ਾਂ ਦੀ ਸਰਗਰਮੀ ਨਾਲ ਜਾਂਚ ਕਰ ਰਹੀਆਂ ਹਨ।

# ਕੀ ਸਿੱਖਾਂ ਨੇ ਵੀ ਢਾਹੀ ਸੀ ਮਸੀਤ ? ਸਿਰਸਾ ਦੇ ਬਿਆਨ ਤੇ ਛਿੜਿਆ ਵਿਵਾਦ

ਜਲੰਧਰ: ਬੀਤੇ ਦਿਨੀਂ ਮਨਜਿੰਦਰ ਸਿੰਘ ਸਿਰਸਾ ਨੇ ਦਾਅਵਾ ਕੀਤਾ ਕਿ ਸ੍ਰੀ ਰਕਾਬਗੰਜ ਸਾਹਿਬ ਗੁਰਦੁਆਰਾ ਮਸੀਤ ਨੂੰ ਢਾਹ ਕੇ ਬਣਾਇਆ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਗੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖਰੜੇ ਅਤੇ ਹੋਰ ਕਈ ਕਿਤਾਬਾਂ ਵਿਚ ਵੀ ਦਰਜ ਹੈ ਕਿ ਉਸ ਜਗ੍ਹਾ ਦੇ ਉੱਪਰ ਮਸੀਤ ਸੀ। ਇਸ ਬਿਆਨ ਮਗਰੋਂ ਵੱਡੀ ਗਿਣਤੀ ਵਿਚ ਸਿੱਖਾਂ ਵੱਲੋਂ ਉਨ੍ਹਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਆਓ ਜਾਣਦੇ ਹਾਂ ਇਤਿਹਾਸਕਾਰਾਂ ਦਾ ਇਸ ਬਾਰੇ ਕੀ ਮੰਨਣਾ ਹੈ।

ਇਤਿਹਾਸਕਾਰ ਗੁਰਦਰਸ਼ਨ ਸਿੰਘ ਢਿੱਲੋਂ ਨੇ ਕਿਹਾ ਕਿ ਮਨਜਿੰਦਰ ਸਿੰਘ ਸਿਰਸਾ ਦਾ ਅਜਿਹਾ ਬਿਆਨ ਸਿੱਖੀ ਸਿਧਾਂਤਾਂ ਦੇ ਬਿਲਕੁੱਲ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਇਹ ਦਾਅਵਾ ਬੇਬੁਨਿਆਦ ਹੈ। ਉਨ੍ਹਾਂ ਕਿਹਾ ਕਿ ਉਸ ਜਗ੍ਹਾ 'ਤੇ ਲੱਖੀ ਸ਼ਾਹ ਵਣਜਾਰੇ ਦਾ ਘਰ ਸੀ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕੀਤਾ ਗਿਆ ਸੀ ਤਾਂ ਲੱਖੀ ਸ਼ਾਹ ਵਣਜਾਰੇ ਨੇ ਉਨ੍ਹਾਂ ਦੇ ਸਰੀਰ ਨੂੰ ਉੱਥੇ ਲਿਆਂਦਾ ਅਤੇ ਘਰ ਅੰਦਰ ਰੱਖ ਕੇ ਉਨ੍ਹਾਂ ਦਾ ਸਸਕਾਰ ਕਰਨ ਲਈ ਆਪਣੇ ਘਰ ਨੂੰ ਹੀ ਅੱਗ ਲਗਾ ਦਿੱਤੀ। ਬਾਬਾ ਬਘੇਲ ਸਿੰਘ ਨੇ ਉਸ ਥਾਂ 'ਤੇ ਗੁਰੂ-ਧਾਮ ਦੀ ਉਸਾਰੀ ਕਰਵਾਈ, ਜੋ ਗੁਰਦੁਆਰਾ ਰਕਾਬਗੰਜ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਚੀਜ਼ ਦੇ ਸਾਰੇ ਸਬੂਤ ਸਾਡੇ ਕੋਲ ਮੌਜੂਦ ਹਨ। ਤੁਸੀਂ ਅੱਜ ਵੀ



ਖ਼ੁਦਾਈ ਕਰ ਕੇ ਵੇਖ ਲਵੋ ਤਾਂ ਉੱਥੇ ਮਸੀਤ ਹੋਣ ਦੇ ਕੋਈ ਸਬੂਤ ਬਰਾਮਦ ਨਹੀਂ ਹੋਣਗੇ। ਇਸ ਲਈ ਕੋਈ ਮਨਘੜ੍ਹਤ ਗੱਲ ਕਰ ਕੇ ਪ੍ਰਾਪੇਗੰਡਾ ਕਰਨਾ ਬੜੀ ਘਟੀਆ ਕਿਸਮ ਦੀ ਜ਼ਹਿਨੀਅਤ ਹੈ। ਮਨਜਿੰਦਰ ਸਿੰਘ ਸਿਰਸਾ ਵੱਲੋਂ ਸ਼੍ਰੋਮਣੀ ਕਮੇਟੀ ਦੇ ਖਰੜੇ ਦਾ ਹਵਾਲਾ ਦਿੱਤੇ ਜਾਣ 'ਤੇ ਗੁਰਦਰਸ਼ਨ ਸਿੰਘ ਢਿੱਲੋਂ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਕਿਤਾਬਾਂ 'ਤੇ ਬਹੁਤ ਕਿੰਤੂ-ਪ੍ਰੰਤੂ ਹੈ। ਬਹੁਤ ਸਾਰੀਆਂ ਕਿਤਾਬਾਂ ਹਿਸਟੋਰੀਓਗ੍ਰਾਫੀ ਨੂੰ ਸਮਝਣ ਵਾਲੇ ਇਤਿਹਾਸਕਾਰਾਂ ਤੋਂ ਨਹੀਂ ਲਿਖਵਾਈਆਂ ਗਈਆਂ। ਉਨ੍ਹਾਂ ਵਿਚ ਵੀ ਇਸ ਕਿਸਮ ਦਾ ਕੋਈ ਪ੍ਰਾਪੇਗੰਡਾ ਹੋਇਆ ਹੋਵੇਗਾ। ਇਤਿਹਾਸਕਾਰਾਂ ਨੂੰ ਵੀ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ। ਸਾਨੂੰ ਗੁਰੂ ਸਾਹਿਬ ਨੇ ਕਿਸੇ ਦੇ ਮੰਦਰ-ਮਸੀਤਾਂ ਨੂੰ ਢਾਹੁਣ ਲਈ ਨਹੀਂ ਸਗੋਂ ਉਨ੍ਹਾਂ ਦੀ ਭਲਾਈ ਲਈ ਸਿੱਖੀ ਬਖ਼ਸ਼ੀ ਹੈ। ਮਹਾਰਾਜਾ ਰਣਜੀਤ ਸਿੰਘ ਨੇ ਜੇ ਦਰਬਾਰ ਸਾਹਿਬ ਵਿਖੇ ਸੋਨਾ ਚੜ੍ਹਾਇਆ ਤਾਂ ਬਾਕੀ ਧਰਮਾਂ ਦੇ ਧਾਰਮਿਕ ਅਸਥਾਨਾਂ ਨੂੰ ਵੀ ਉਸੇ ਤਰ੍ਹਾਂ ਹੀ ਗ੍ਰਾਂਟਾਂ ਦਿੱਤੀਆਂ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਇਤਿਹਾਸਕਾਰ ਇਸ ਕਿਸਮ ਦੀ ਗੱਲ ਕਰ ਰਿਹਾ ਹੈ ਤਾਂ ਉਹ ਇਸ ਦਾ ਸਬੂਤ ਵੀ ਦੇਵੇਗਾ। ਉਹ ਵੀ ਪੁਖ਼ਤਾ ਹੋਣਾ ਚਾਹੀਦਾ ਹੈ। ਉਸ ਤੋਂ ਬਾਅਦ ਹੀ ਅਸੀਂ ਕਿਸੇ ਨਤੀਜੇ 'ਤੇ ਪਹੁੰਚ ਸਕਦੇ ਹਾਂ। ਇਹ ਸਭ ਇਤਿਹਾਸਕਾਰਾਂ ਨੂੰ ਸਿਖਾਇਆ ਜਾਂਦਾ ਹੈ। ਇਹ ਕੰਮ ਸਿਆਸਤਦਾਨਾਂ ਦਾ ਨਹੀਂ ਹੈ, ਜੋ ਪ੍ਰਾਪੇਗੰਡਾ ਫੈਲਾਉਂਦੇ ਹਨ। ਇਸ ਲਈ ਸਿਰਸਾ ਸਾਹਿਬ ਨੂੰ ਇਨ੍ਹਾਂ ਕੰਮਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਨਜਿੰਦਰ ਸਿੰਘ ਸਿਰਸਾ ਵੱਲੋਂ ਇਹ ਬਿਆਨ ਭਾਜਪਾ ਦੇ ਪ੍ਰਾਪੇਗੰਡਾ ਤਹਿਤ ਦਿੱਤਾ ਗਿਆ ਹੈ ਤਾਂ ਜੋ ਸਿੱਖ ਤੇ ਮੁਸਲਮਾਨ ਇਕ ਦੂਜੇ ਦੇ ਵਿਰੋਧੀ ਹੋ ਜਾਣ।

# ਗੁਰਦੁਆਰਾ ਸਾਹਿਬ ਸੈਨਹੋਜ਼ੇ ਵਲੋਂ ਗੁਰਬਾਣੀ ਰਾਗਾਂ ਆਧਾਰਤ ਮਹਾਨ ਕੀਰਤਨ ਦਰਬਾਰ ਦਾ ਸ਼ੁਭ ਆਗਾਜ਼, ਸਿੱਖ ਪੰਥ ਦੇ ਮਹਾਨ ਕੀਰਤਨੀਆਂ ਨੇ ਭਰੀ ਹਾਜ਼ਰੀ















ਸੈਨਹੋਜ਼ੇ/ਕੈਲੀਫੋਰਨੀਆ : ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਗੁਰਬਾਣੀ 'ਚ ਰਾਗਾਂ ਅਧਾਰਿਤ ਮਹਾਨ ਕੀਰਤਨ ਦਰਬਾਰ ਸਿੱਖ ਪੰਥ ਦੇ ਮਹਾਨ ਕੀਰਤਨੀਆ ਨੇ ਹਾਜਰੀ ਭਰੀ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਲੋਂ, ਵਿਲੱਖਣ ਅਤੇ ਇਤਹਾਸਕ ਸ਼ੁਭ ਆਗਾਜ਼ ਕੀਤਾ।

ਰਾਗਬੱਧ ਕੀਰਤਨ, ਗੁਰੂ ਸਾਹਿਬ ਦਾ ਹੁਕਮ ਵੀ ਹੈ ਅਤੇ ਪੰਥਕ ਮਰਿਯਾਦਾ ਵੀ। ਪੰਥਕ ਰਹਿਤ ਮਰਯਾਦਾ ਵਿੱਚ, ਕੀਰਤਨ ਦੀ ਪਰਿਭਾਸ਼ਾ ਬਾਰੇ ਮਦ ਨੰਬਰ ਦੋ ਵਿੱਚ, ਇਹ ਸਪਸ਼ਟ ਹੈ 'ਕੀਰਤਨ' ਗੁਰਬਾਣੀ ਨੂੰ ਰਾਗਾਂ ਵਿੱਚ ਉਚਾਰਨ ਕਰਨ ਨੂੰ ਕਹਿੰਦੇ ਹਨ।

ਸਪਸ਼ਟ ਹਦਾਇਤ ਹੋਣ ਦੇ ਬਾਵਜੂਦ ਵੀ, ਇਹ ਕੌਮ ਦੀ ਬਦਕਿਸਮਤੀ ਹੈ ਕਿ ਅਸੀਂ ਦਰਬਾਰ ਸਾਹਿਬ ਦੇ ਅੰਦਰ ਵੀ ਇਹ ਮਦ, 'ਪੂਰਨ ਰੂਪ ਵਿੱਚ' ਲਾਗੂ ਨਹੀਂ ਕਰਵਾ ਸਕੇ। ਸਧਾਰਨ ਬੰਦਸ਼ਾਂ ਦਾ ਚਲਨ ਏਨਾ ਕੁ ਵੱਧ ਚੁੱਕਾ ਹੈ ਕਿ ਬਹੁਤਾਤ ਕੀਰਤਨੀ ਜਥੇ, ਇਸ ਗੱਲ ਨੂੰ ਆਪਣੀ ਕਮਜ਼ੋਰੀ ਸਮਝਣ, ਰਾਗ ਵਿੱਚ ਕੀਰਤਨ ਸਿੱਖਣ ਦੀ ਬਜਾਏ, ਰਾਗਬੱਧ ਕੀਰਤਨ ਦੀ ਗੱਲ ਕਰਨ ਵਾਲੇ ਖਿਲਾਫ ਲਾਮਬੱਧ ਹੁੰਦੇ ਨੇ। ਲਿਹਾਜ਼ਾ ਗੁਰੂ ਸਾਹਿਬਾਨ ਦੇ ਕੀਰਤਨ ਗਾਇਨ ਦਾ ਮਿਆਰ, ਭਾਈ ਸੁਰਜਣ ਸਿੰਘ, ਭਾਈ ਹੀਰਾ ਸਿੰਘ, ਭਾਈ ਸਮੁੰਧ ਸਿੰਘ, ਭਾਈ ਸੰਤਾ ਸਿੰਘ ਵਰਗੇ ਜਿਹਨਾਂ ਨੂੰ, ਸੁਣਨ ਵਾਸਤੇ ਰਾਬਿੰਦਰ ਨਾਥ ਟੈਗੋਰ ਵਰਗੇ ਟੈਗੋਰ ਸੰਗੀਤ ਦੇ ਜਨਮ ਦਾਤਾ, ਸੁਣਨ ਲਈ ਘੰਟਿਆਂਬੱਧੀ ਪ੍ਰਕਰਮਾ ਵਿੱਚ ਬੈਠੇ ਰਹਿੰਦੇ ਸਨ, ਤੋਂ ਥੱਲੇ ਵੱਲ ਤੁਰਿਆ ਆਉਂਦਾ, ਅੱਜ 'ਫ਼ਿਲਮੀ ਤਰਜ਼ਾਂ ਨੁਮਾ' ਕੀਰਤਨ ਤੱਕ ਆ ਡਿਗਿਆ ਹੈ।

ਰਾਗਬੱਧ ਕੀਰਤਨ ਖਿਲਾਫ ਚੱਲ ਰਹੀ ਹਨ੍ਹੇਰੀ ਅੰਦਰ, ਕਦੇ ਕਦੇ ਬਹੁਤ ਸਾਰੇ ਗੁਰਦਵਾਰਾ ਸਾਹਿਬਾਨ, ਕਈ ਵਾਰ ਰਾਗ ਦਰਬਾਰ ਕਰਵਾ ਕੇ ਆਪਣਾ ਆਪਣਾ ਯਥਾ ਸ਼ਕਤੀ ਯੋਗਦਾਨ ਪਾ ਰਹੇ ਹਨ ਪਰ ਪੂਰਨ ਰੂਪ ਵਿੱਚ ਮਰਯਾਦਾ ਲਾਗੂ ਨਹੀਂ ਹੋ ਰਹੀ। ਜਿੰਨਾ ਕੁ ਕਰ ਰਹੇ ਨੇ, ਉਹ ਵੀ ਸਤਿਕਾਰ ਦੇ ਪਾਤਰ ਹਨ। ਦੁੱਖ ਵਾਲੀ ਗੱਲ ਹੈ ਕਿ ਅਕਸਰ ਕਿਸੇ ਰਾਗੀ ਜਥੇ ਨੂੰ ਰਾਗਬੱਧ ਕੀਰਤਨ ਕਰਨ ਦੀ ਬੇਨਤੀ ਉੱਤੇ ਅੱਗੋਂ ਜੁਆਬ ਮਿਲਦਾ ਹੈ ਕਿ ਜੀ, 'ਸੰਗਤ ਨੂੰ ਕਿਹੜਾ, ਰਾਗ ਦੀ ਸਮਝ ਹੈ, ਸੰਗਤ ਕਿਹੜਾ ਰਾਗ ਜਾਣਦੀ ਹੈ, ਹੁਣ ਇਹਨਾਂ ਰਾਗੀ ਸੱਜਣਾਂ ਨੂੰ ਕੌਣ ਸਮਝਾਵੇ ਕਿ ਭਾਈ ਜਹਾਜ਼ ਵਿੱਚ ਪੰਜ ਸੌ ਸਵਾਰੀ ਹੁੰਦੀ ਹੈ, ਪਰ ਜਹਾਜ਼ ਚਲਾਉਣਾ, ਕੇਵਲ ਪਾਇਲਟ ਹੀ ਜਾਣਦਾ ਹੈ। ਜਹਾਜ਼ ਵਿੱਚ ਬੈਠਣ ਲਈ, ਹਵਾਈ ਜ਼ਹਾਜ਼ ਚਲਾਉਣਾ, ਸਿੱਖਣ ਦੀ ਲੋੜ ਨਹੀਂ ਹੁੰਦੀ। ਸਵਾਰੀ ਨੇ ਜਹਾਜ਼ ਦੇ ਸਫ਼ਰ ਦਾ ਆਨੰਦ ਲੈਣਾ ਹੁੰਦਾ ਹੈ, ਜ਼ਹਾਜ਼ ਉਡਾਉਣਾ ਨਹੀਂ ਹੁੰਦਾ। ਸਵਾਰੀ, ਬੇਸ਼ੱਕ ਜਹਾਜ਼ ਉਡਾਉਣਾ ਨਹੀਂ ਜਾਣਦੀ ਹੁੰਦੀ ਪਰ, ਚੰਗੀ ਲੈਂਡਿੰਗ ਜਾਂ Take Off ਨੂੰ ਮਹਿਸੂਸ ਜ਼ਰੂਰ ਕਰਦੀ ਹੈ, ਲਿਹਾਜ਼ਾ ਸੰਗਤ ਰਾਗ ਨੂੰ ਸਮਝੇ ਜਾਂ ਨਾ ਸਮਝੇ ਉਹ ਰਾਗਬੱਧ ਕੀਰਤਨ ਦੇ ਆਨੰਦ ਨੂੰ ਬਾਕਾਇਦਾ ਮਹਿਸੂਸ ਕਰਦੀ ਹੈ। ਪਿਛਲੇ ਦਿਨੀਂ, Sanjose ਗੁਰਦਵਾਰਾ ਸਾਹਿਬ ਦੇ ਪ੍ਰਬੰਧਕਾਂ ਨੇ ਇਹ ਵਿਲੱਖਣ ਫੈਸਲਾ ਲੈ ਕੇ ਬਹੁਤ ਵੱਡੀ ਪਹਿਲਕਦਮੀ ਕੀਤੀ ਹੈ। ਉਹਨਾਂ ਫੈਸਲਾ ਕੀਤਾ ਹੈ ਕਿ Sanjose ਗੁਰਦਵਾਰਾ ਸਾਹਿਬ ਵਿੱਚ ਕੀਰਤਨ ਕਰਨ ਵਾਲੇ ਹਰ ਰਾਗੀ ਨੂੰ ਬਾਕਾਇਦਾ ਰਾਗ ਦੀ ਟਰੇਨਿੰਗ ਲੈ ਕੇ, ਪਹਿਲੇ ਇੱਕ ਜਾਂ ਦੋ ਸ਼ਬਦ ਰਾਗ ਵਿੱਚ ਜ਼ਰੂਰ ਗਾਉਣੇ ਪੈਣਗੇ, ਜਿਸਨੂੰ ਕਿ ਆਉਣ ਵਾਲੇ ਸਮੇਂ ਵਿੱਚ ਪੂਰਨ ਤੌਰ ਉੱਤੇ ਰਾਗਬੱਧ ਕੀਰਤਨ ਕਰਨ ਵਿੱਚ ਬਦਲਿਆ ਜਾਵੇਗਾ। ਰਾਗਬੱਧ ਕੀਰਤਨ ਨਾ ਕਰ ਸਕਣ ਵਾਲੇ ਜੱਥਿਆਂ ਲਈ ਰਾਗ ਸਿੱਖਣਾ



# ਗੁਰਦੁਆਰਾ ਸਾਹਿਬ ਸੈਨਹੋਜ਼ੇ ਵਲੋਂ ਗੁਰਬਾਣੀ ਰਾਗਾਂ ਆਧਾਰਤ ਮਹਾਨ ਕੀਰਤਨ ਦਰਬਾਰ ਦਾ ਸ਼ੁਭ ਆਗਾਜ਼, ਸਿੱਖ ਪੰਥ ਦੇ ਮਹਾਨ ਕੀਰਤਨੀਆਂ ਨੇ ਭਰੀ ਹਾਜ਼ਰੀ













ਜ਼ਰੂਰੀ ਕਰਾਰ ਦਿੱਤਾ ਗਿਆ ਹੈ।

ਇਸ ਫੈਸਲੇ ਨੂੰ ਲਾਗੂ ਕਰਨ ਲਈ ਗੁਰਦਵਾਰਾ ਸਾਹਿਬ ਦੇ ਸਾਰੇ ਕੀਰਤਨੀ ਜਥਿਆਂ ਵਾਸਤੇ, ਗੁਰਮਤਿ ਸੰਗੀਤ ਦੇ ਮਾਹਿਰ, ਸ਼੍ਰੋਮਣੀ ਰਾਗੀ ਅਤੇ ਸਾਬਕਾ ਡੀਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਸਤਿਕਾਰਯੋਗ ਡਾ. ਗੁਰਨਾਮ ਸਿੰਘ ਹੋਰਾਂ ਵਲੋਂ ਕਈ ਹਫਤਿਆਂ ਦੀ ਇੱਕ ਵਰਕਸ਼ਾਪ ਲਗਵਾਈ ਗਈ। ਬੜੀ ਮਿਹਨਤ ਨਾਲ ਡਾ. ਸਾਹਿਬ ਵਲੋਂ ਕੀਰਤਨੀ ਜਥਿਆਂ ਨੂੰ ਟਰੇਨਿੰਗ ਦੇ ਕੇ ਲੰਘੇ ਐਤਵਾਰ ਬਸੰਤ ਰਾਗ ਦਰਬਾਰ ਦਾ ਆਯੋਜਨ ਕੀਤਾ ਗਿਆ, ਜਿੱਥੇ ਉਹਨਾਂ ਸਾਰੇ ਜਥਿਆਂ ਵਲੋਂ ਰਾਗ ਬਸੰਤ ਵਿੱਚ ਬਾਕਮਾਲ ਕੀਰਤਨ ਕੀਤਾ ਗਿਆ। ਇਸ ਤੋਂ ਵੱਡੀ ਗੱਲ ਕਿ ਕਮੇਟੀ ਵਲੋਂ ਆਉਣ ਵਾਲੇ ਦਿਨਾਂ ਵਿੱਚ ਗੁਰੂ ਗਰੰਥ ਸਾਹਿਬ ਵਿਚਲੇ, 31 ਰਾਗਾਂ ਦੀ ਟਰੇਨਿੰਗ ਕਰਵਾ ਕੇ, 31 ਰਾਗਾਂ ਵਿੱਚ ਹੀ ਰਾਗ ਦਰਬਾਰ ਕਰਵਾਇਆ ਜਾਵੇਗਾ।

ਪ੍ਰਬੰਧਕਾਂ ਦੇ ਨਾਲ ਨਾਲ ਰਾਗੀ ਜਥਿਆਂ ਵਲੋਂ ਵੀ ਇਸ ਫੈਸਲੇ ਨੂੰ ਪ੍ਰਵਾਨ ਕਰ ਕੇ ਸਹਿਯੋਗ ਦੇ ਕੇ ਇੱਕ ਨਵਾਂ ਮੀਲ ਪੱਥਰ ਸਥਾਪਿਤ ਕਰਨ ਲਈ ਬਹੁਤ ਬਹੁਤ ਮੁਬਾਰਕ ਕਿਉਂਕਿ ਰਾਗੀ ਜਥਿਆਂ ਦੇ ਸਹਿਯੋਗ ਤੋਂ ਬਗੈਰ ਇਹ ਫੈਸਲੇ ਲੈਣੇ ਅਤੇ ਲਾਗੂ ਕਰਨੇ ਬੜੇ ਮੁਸ਼ਕਲ ਹਨ। ਆਸ ਹੈ ਕਿ ਬਾਕੀ ਗੁਰਦਵਾਰਾ ਸਾਹਿਬਾਨ ਵੀ ਇਸ ਮੁੱਦੇ ਉੱਤੇ ਹੁਣ ਗੰਭੀਰਤਾ ਨਾਲ ਵਿਚਾਰ ਕਰਨਗੇ ਅਤੇ ਗੁਰੂ ਸਾਹਿਬ ਦੇ ਆਸ਼ੇ ਅਨੁਸਾਰ ਰਾਗਬੱਧ ਕੀਰਤਨ ਦਾ ਪ੍ਰਵਾਹ, ਦੁਨੀਆਂ ਭਰ ਵਿੱਚ ਚੱਲੇਗਾ। ਆਗਾਜ਼ ਤੋ ਅੱਛਾ ਹੈ, ਅੰਜਾਮ ਖੁਦਾ ਜਾਣੇ।

**ਰਜਿੰਦਰ ਸਿੰਘ ਟਾਂਡਾ**



ਸ਼੍ਰੋਮਣੀ ਰਾਗੀ ਅਤੇ ਸਾਬਕਾ ਡੀਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਸਤਿਕਾਰਯੋਗ ਡਾ. ਗੁਰਨਾਮ ਸਿੰਘਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਬਾਰੇ ਪੰਥ ਦੇ ਮਹਾਨ ਕੀਰਤਨੀਆਂ ਨਾਲ ਗੱਲਬਾਤ ਕਰਦੇ ਹੋਏ।



# ਮਹਾਤਮਾ ਅਖਵਾਉਂਦੇ ਮੋਹਨਦਾਸ ਕਰਮ ਚੰਦ ਗਾਂਧੀ ਵੱਲੋਂ ਜਦੋਂ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੂੰ ਇੱਕ ਭੁਲੱਕੜ ਦੇਸ਼ ਭਗਤ ਕਿਹਾ ਤਾਂ ਏਅਰਫੋਰਸ ਦੇ ਇਕ ਆਲਾ ਅਫਸਰ ਭਾਈ ਜਗਤ ਸਿੰਘ ਉਰਫ ਭਾਈ ਤਜਿੰਦਰ ਸਿੰਘ ਨੇ ਭਰੀ ਸਭਾ ਦੇ ਵਿੱਚ ਉਸ ਨੂੰ ਥੱਪੜ ਕਢ ਮਾਰਿਆ

ਗੁਰਦੀਪ ਸਿੰਘ ਜਗਬੀਰ ( ਡਾ.)

ਅਖੰਡ ਕੀਰਤਨੀ ਜਥੇ ਦੇ ਨਾਲ ਸੰਬੰਧਿਤ ਭਾਈ ਸਾਹਿਬ ਜਗਤ ਸਿੰਘ ਜੋ ਕਿ ਉਸ ਵਕਤ ਭਾਰਤੀ ਹਵਾਈ ਫੌਜ ਦੇ ਵਿੱਚ ਇੱਕ ਆਲਾ ਅਫਸਰ ਸਨ ਉਹਨਾਂ ਨੇ ਮੋਹਨਦਾਸ ਕਰਮ ਚੰਦ ਗਾਂਧੀ ਨੂੰ ਥੱਪੜ ਮਾਰਿਆ ਸੀ। ਭਾਈ ਸਾਹਿਬ ਜਗਤ ਸਿੰਘ ਜੀ ਨੇ, ਮਹਾਤਮਾ ਅਖਵਾਉਂਦੇ ਇਸ ਗਾਂਧੀ ਨੂੰ ਥੱਪੜ ਇਸ ਕਰਕੇ ਮਾਰਿਆ ਸੀ ਕਿਉਂਕਿ ਗਾਂਧੀ ਨੇ ਦਸਵੇਂ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਸ਼ਾਨ ਦੇ ਖਿਲਾਫ ਕੁਝ ਐਸੀ ਮੰਦੀ ਅਤੇ ਭੈੜੀ ਸ਼ਬਦਾਵਲੀ ਵਰਤੀ ਸੀ ਜਿਹੜੀ ਭਾਈ ਸਾਹਿਬ ਜਗਤ ਸਿੰਘ ਤੋਂ ਬਰਦਾਸ਼ਤ ਨਹੀਂ ਸੀ ਹੋਈ। ਗਾਂਧੀ ਨੇ ਸਤਿਗੁਰੂ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੂੰ ਇੱਕ ਭੁਲੱਕੜ ਦੇਸ਼ ਭਗਤ ਭਾਵ ਅੰਗਰੇਜ਼ੀ ਦੇ ਵਿੱਚ (missguided patriot) ਕਿਹਾ ਸੀ। ਇਸ ਥੱਪੜ ਦੀ ਗੂੰਜ ਜਦੋਂ ਭਾਰਤ ਦੇ ਉਸ ਵਕਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਤੱਕ ਪੁੱਜੀ ਤਾਂ ਉਸ ਨੇ ਭਾਈ ਸਾਹਿਬ ਨੂੰ ਨੌਕਰੀ ਦੇ ਵਿੱਚੋਂ ਕੱਢ ਦਿੱਤਾ। ਅਸਲ ਦੇ ਵਿੱਚ ਉਸਨੇ ਭਾਈ ਜਗਤ ਸਿੰਘ ਹੁਣਾਂ ਨੂੰ ਸਿੱਧਾ ਬਰਖਾਸਤ ਨਹੀਂ ਸੀ ਕੀਤਾ ਜਾਂ ਸਰੇਆਮ ਉਹਨਾਂ ਦਾ ਕੋਰਟ ਮਾਰਸ਼ਲ ਨਹੀਂ ਸੀ ਕੀਤਾ, ਕਿਉਂਕਿ ਉਹ ਡਰਦਾ ਸੀ ਕੇ ਮਾਮਲਾ ਨਾਜ਼ੁਕ ਹੈ ਅਤੇ ਸਿੱਖ ਕੌਮ ਉਸਦੇ ਖਿਲਾਫ ਹੋ ਸਕਦੀ ਹੈ। ਇਸੇ ਤਰ੍ਹਾਂ ਕੋਈ ਸਜ਼ਾ ਭਾਈ ਸਾਹਿਬ ਨੂੰ ਇਸ ਲਈ ਨਹੀਂ ਦਿੱਤੀ ਗਈ ਸੀ ਕਿਉਂਕਿ ਉਸ ਵਕਤ ਫੌਜ ਦੇ ਵਿੱਚ ਸਿੱਖ ਫੌਜ ਵੱਲੋਂ ਬਗਾਵਤ ਹੋਣ ਦਾ ਡਰ ਸੀ।

ਇਸ ਤੋਂ ਬਾਅਦ ਇੱਕ ਸਾਜਿਸ਼ ਦੇ ਤਹਿਤ ਫੌਜ ਦੇ ਹਰ ਵਿੰਗ ਦੇ ਵਿੱਚੋਂ ਸਿੱਖ ਫੌਜੀਆਂ ਦੀ ਗਿਣਤੀ ਇਹਨਾਂ ਨੇ ਘਟਾਣੀ ਸ਼ੁਰੂ ਕਰ ਦਿੱਤੀ ਸੀ ਭਾਈ ਸਾਹਿਬ ਜੀ ਦਾ ਇਹ ਥੱਪੜ ਦੇਸ਼ ਵੰਡ ਤੋਂ ਬਾਅਦ ਨਵੀਂ ਬਣੀ ਉਸ ਹਿੰਦ ਸਰਕਾਰ ਦੇ ਮੂੰਹ ਦੇ ਉੱਤੇ ਵੀ ਇੱਕ ਚਪੇੜ ਸੀ ਜਿਹੜੀ ਫਿਰਕੂ ਸੋਚ ਦੇ ਤਹਿਤ ਸਿੱਖ ਕੌਮ ਦੇ ਨਾਲ ਈਰਖਾ ਅਤੇ ਵੱਖਰੇਵੇਂ ਕਰਦੀ ਹੈ।

ਕਲਕੱਤਾ ਵਿੱਚ ਆਪਣੇ ਇੱਕ ਭਾਸ਼ਣ ਦੇ ਦੌਰਾਨ, ਮਹਾਤਮਾਂ ਅਖਵਾਉਂਦੇ ਗਾਂਧੀ ਨੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ 'ਗੁੰਮਰਾਹ ਦੇਸ਼ ਭਗਤ' ਕਿਹਾ।


ਭਾਈ ਸਾਹਿਬ ਜਗਤ ਸਿੰਘ

ਉਸਨੇ ਕਿਹਾ ਸੀ ਗੁਰੂ ਗੋਬਿੰਦ ਸਿੰਘ ਜੀ ਨੂੰ ਭਾਰਤ ਦੇ ਇੱਕ ਗੁੰਮਰਾਹ ਪੈਗੰਬਰ ਸਨ। In his speach in Calcutta, Gandhi said, "Guru Gobind Singh was a mislead prophet of India.

ਅਸਲ ਵਿੱਚ ਮਹਾਤਮਾਂ ਗਾਂਧੀ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੂੰ 'ਗੁੰਮਰਾਹ ਦੇਸ਼ਭਗਤ' ਇਸ ਲਈ ਕਹਿੰਦਾ ਸੀ, ਕਿਉਂਕਿ ਸਤਿਗੁਰੂ ਜੀ ਵਲੋਂ ਕ੍ਰਿਪਾਨ ਜਾਂ ਹਥਿਆਰ ਚੁੱਕਣ ਨੂੰ ਉਹ ਹਿੰਸਾ (violence) ਮੰਨਦਾ ਸੀ ਅਤੇ ਉਸਨੇ ਅਹਿੰਸਾ ਪਰਮੋ ਧਰਮ ਦਾ ਨਾਹਰਾ ਦਿੱਤਾ ਸੀ। ਇਸੇ ਹੀ ਸੰਦਰਭ ਦੇ ਵਿੱਚ ਉਸਨੇ ਸਰਦਾਰ ਭਗਤ ਸਿੰਘ ਅਤੇ ਉਹਨਾਂ ਦੇ ਕ੍ਰਾਂਤੀਕਾਰੀ ਸਾਥੀਆਂ ਵੱਲੋਂ ਸਾਂਡਰਸ ਦੇ ਕਤਲ ਨੂੰ ਹਿੰਸਾ ਕਿਹਾ ਸੀ।

ਪ੍ਰਿੰਸੀਪਲ ਗੰਗਾ ਸਿੰਘ ਨੇ ਗਾਂਧੀ ਦੇ ਕਥਨ ਦਾ ਜਵਾਬ ਦਿੱਤਾ ਸੀ ਕਿ ਜੇ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਬਾਰੇ ਜਾਣਦੇ ਹੁੰਦੇ ਅਤੇ ਇਸ ਬਾਰੇ ਸੋਚਦੇ ਹੁੰਦੇ, ਤਾਂ ਤੁਸੀਂ ਇਹ ਮਾੜੇ ਸ਼ਬਦ ਕਦੀ ਵੀ ਨਾ ਆਖਦੇ।ਇਸ ਦੇ ਨਾਲ ਉਸ ਨੂੰ ਜਦੋਂ ਗੁਰੂ ਸਾਹਿਬ ਬਾਰੇ ਹੋਰ ਪਤਾ ਲੱਗਾ ਤਾਂ ਉਸ ਨੇ ਬਾਅਦ ਵਿਚ ਸਿੱਖਾਂ ਪਾਸੋਂ ਮੁਆਫੀ ਮੰਗ ਲਈ ਸੀ।

ਪੂਰੀ ਕਹਾਣੀ ਕੁੱਝ ਇਸ ਤਰ੍ਹਾਂ ਹੈ: 1947 ਵਿਚ ਭਾਈ ਜਗਤ ਸਿੰਘ ਦਾ ਜਿਨ੍ਹਾ ਦਾ ਨਾਂ ਭਾਈ ਤੇਜਿੰਦਰ ਸਿੰਘ ਕਰ ਕੇ ਵੀ ਜਾਣਿਆ ਜਾਂਦਾ ਹੈ। ਉਸ ਦਿਨ ਆਪ ਸੈਰ ਕਰਨ ਦੇ ਲਈ ਘਰੋਂ ਨਿਕਲੇ ਸਨ ਅਤੇ ਦਿੱਲੀ ਦੇ ਪ੍ਰਸਿੱਧ ਬਿਰਲਾ ਮੰਦਰ ਵੱਲ ਚੱਲ ਪਏ। ਉਥੇ ਭੀੜ ਨੂੰ ਦੇਖ ਕੇ ਉਹ ਨੇੜੇ ਗਏ ਅਤੇ ਗਾਂਧੀ ਨੂੰ ਲੈਕਚਰ ਕਰਦੇ ਦੇਖਿਆ।

ਜਦੋਂ ਭਾਈ ਸਾਹਿਬ ਨੇ ਗਾਂਧੀ ਵੱਲੋਂ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਬਾਰੇ 'ਗੁਮਰਾਹ ਹੋਏ ਦੇਸ਼ ਭਗਤ' ਬਾਰੇ ਟਿੱਪਣੀ ਸੁਣੀ ਤਾਂ ਭਾਈ ਜਗਤ ਸਿੰਘ (ਭਾਈ ਤੇਜਿੰਦਰ ਸਿੰਘ) ਗਾਂਧੀ ਕੋਲ ਗਏ ਅਤੇ ਉਸ ਦੇ ਮੂੰਹ 'ਤੇ ਥੱਪੜ ਦੇ ਮਾਰਿਆ। ਉਥੇ ਇਕੱਠੀ ਭੀੜ ਨੇ ਭਾਈ ਸਾਹਿਬ ਨੂੰ ਫੜਨ ਅਤੇ ਕੁੱਟਣ ਦੀ ਕੋਸ਼ਿਸ਼ ਕੀਤੀ ਪਰ ਉਹ ਏਅਰ ਫੋਰਸ ਦੇ ਸਿੱਖਲਾਈ ਪ੍ਰਾਪਤ ਇੱਕ ਜੋਧੇ ਸਨ ਅਤੇ ਉਸ ਭੀੜ ਦੇ ਨਾਲ ਜੂਝਦੇ ਹੋਏ ਉਥੋਂ ਨਿਕਲ ਗਏ।

ਹੁਣ ਆਪਣੇ ਮਹਾਨ ਨੇਤਾ ਦਾ ਇੰਨਾ ਬੁਰੀ ਤਰ੍ਹਾਂ ਅਪਮਾਨ ਹੋਣ ਕਾਰਨ ਪੁਲਿਸ ਹਰ ਜਗ ?ਹਾ ਉਨ੍ਹਾਂ ਦੀ ਭਾਲ ਕਰ ਰਹੀ ਸੀ। ਬਾਅਦ ਵਿੱਚ ਇੱਕ ਸੌਦਾ ਕੀਤਾ ਗਿਆ ਜਿੱਥੇ ਉਨ੍ਹਾਂ ਨੂੰ ਹਵਾਈ ਫ਼ੌਜ ਤੋਂ ਲਾਂਭੇ ਕਰ ਦਿੱਤਾ ਗਿਆ ਅਤੇ ਇਸ ਘਟਨਾ ਨੂੰ ਸ਼ਾਂਤ ਕਰਨ ਲਈ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਆਪ ਬਾਅਦ ਵਿੱਚ ਚੰਡੀਗੜ੍ਹ ਚਲੇ ਗਏ ਅਤੇ ਕੀਰਤਨ ਦੀ ਸਿੱਖਲਾਈ ਸ਼ੁਰੂ ਕਰ ਦਿੱਤੀ ਅਤੇ ਬਾਅਦ ਵਿੱਚ ਭਾਰਤ ਛੱਡ ਗਏ।

## ਬੱਬਰ ਸ਼ੇਰਨੀ ਅਕਾਲ ਚਲਾਣਾ ਕਰ ਗਈ

ਬੀਬੀ ਗੁਰਦੀਪ ਕੌਰ ਪਤਨੀ ਸਰਦਾਰ ਪਿਆਰਾ ਸਿੰਘ ਜੀ ਫੌਜੀ UP ਦੇ ਲਖੀਮਪੁਰ ਖੀਰੀ ਜ਼ਿਲੇ ਦੇ ਇੱਕ ਪਿੰਡ ਦੀ ਵਸਨੀਕ ਸੀ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਪੂਰੇ ਦੇਸ਼ ਵਿਚ ਇੰਦਰਾ ਗਾਂਧੀ ਦੇ ਪੁੱਤਰ ਰਜੀਵ ਗਾਂਧੀ ਦੇ ਹੁਕਮ ਨਾਲ ਸਿੱਖਾਂ ਦਾ ਕਤਲੇਆਮ ਕੀਤਾ ਜਾਣ ਲੱਗਾ। ਬੀਬੀ ਗੁਰਦੀਪ ਕੌਰ ਦਾ ਪਤੀ ਫੌਜ ਵਿੱਚ ਡਿਊਟੀ 'ਤੇ ਸੀ। UP ਵੀ ਜਦੋਂ ਭੜਕੀਆਂ ਭੀੜਾਂ ਵਲੋਂ ਸਿੱਖਾਂ 'ਤੇ ਹਮਲੇ ਕੀਤੇ ਜਾਣ ਲੱਗੇ ਤਾਂ ਜਾਨ ਬਚਾਉਣ ਵਾਸਤੇ ਸਿੱਖ ਘਰ ਛੱਡ ਕੇ ਭੱਜ ਤੁਰੇ, ਬੀਬੀ ਗੁਰਦੀਪ ਕੌਰ ਦੇ ਆਂਡ ਗੁਆਂਢ 'ਚ ਰਹਿਣ ਵਾਲੇ ਸਿੱਖ ਪਰਿਵਾਰ ਵੀ ਘਰ ਛੱਡ ਕੇ ਲਾਗੇ ਦੇ ਜੰਗਲ ਵਿਚ ਚਲੇ ਗਏ ਪਰ ਬੀਬੀ ਗੁਰਦੀਪ ਕੌਰ ਨੇ ਘਰ ਸੁੰਨਾ ਛੱਡ ਕੇ ਜਾਣਾ ਠੀਕ ਨਾ ਸਮਝਿਆ ਤੇ ਬੱਚਿਆਂ ਸਮੇਤ ਘਰ ਹੀ ਰਹੀ ਬੀਬੀ ਦਾ ਸਹੁਰਾ ਵੀ ਘਰ ਨਹੀਂ ਸੀ। ਬੀਬੀ ਗੁਰਦੀਪ ਕੌਰ ਘਰੋਂ ਬਾਹਰ ਟਿਊਬਵਲ 'ਤੇ ਕੱਪੜੇ ਧੋ ਰਹੀ ਸੀ ਜਦੋਂ ਭੜਕੇ ਹੋਏ ਹਿੰਦੂਵਾਦੀਆਂ ਦੀ ਤਿੰਨ ਹਜ਼ਾਰ ਤੋਂ ਵੱਧ ਭੀੜ ਨੇ ਹਮਲਾ ਕਰ ਦਿੱਤਾ। ਹੋਰ ਸਿੱਖਾਂ ਦੇ ਘਰਾਂ ਦਾ ਨੁਕਸਾਨ ਕਰਨ ਅਤੇ ਲੁੱਟ ਮਾਰ ਕਰਨ ਤੋਂ ਬਾਅਦ ਇਨ੍ਹਾਂ ਨੇ ਬੀਬੀ ਗੁਰਦੀਪ ਕੌਰ ਦੇ ਘਰ ਵੱਲ ਧਾਵਾ ਬੋਲ ਦਿੱਤਾ। ਬੀਬੀ ਗੁਰਦੀਪ ਕੌਰ ਦਾ ਪਤੀ ਦੇਸ਼ ਦੀ ਰਾਖੀ ਕਰ ਰਿਹਾ ਸੀ ਪਰ ਘਰ ਦੀ ਰਾਖੀ ਦੀ ਜ਼ੁੰਮੇਵਾਰੀ ਬੀਬੀ ਗੁਰਦੀਪ ਕੌਰ ਦੇ ਸਿਰ ਆ ਪਈ ਲਲਕਾਰੇ ਮਾਰਦੀ ਭੀੜ ਨੂੰ ਆਉਂਦੀ ਵੇਖ ਕੇ ਬੀਬੀ ਗੁਰਦੀਪ ਕੌਰ ਜਲਦੀ ਨਾਲ ਅੰਦਰ ਨੂੰ ਭੱਜੀ ਤੇ ਘਰ ਦਾ ਗੇਟ ਬੰਦ ਕਰ ਲਿਆ। ਬੱਚਿਆਂ ਸਮੇਤ ਘਰ ਦੇ ਇੱਕ ਕਮਰੇ 'ਚ ਵੜਕੇ ਬੂਹਾ ਬੰਦ ਕਰ ਲਿਆ। ਭੜਕੀ ਹੋਈ ਭੀੜ ਨੇ ਘਰ ਦਾ ਦਰਵਾਜ਼ਾ ਭੰਨਣਾ ਸ਼ੁਰੂ ਕਰ ਦਿੱਤਾ। ਬੀਬੀ ਗੁਰਦੀਪ ਕੌਰ ਸਮਝ ਗਈ ਕਿ ਜੇ ਹੁਣ ਕੋਈ ਹੀਲਾ ਨਾ ਕੀਤਾ ਤਾਂ ਇਹ ਲੋਕ ਮੇਰੇ ਬੱਚਿਆਂ ਸਮੇਤ ਮੈਨੂੰ ਖਤਮ ਕਰ ਦੇਣਗੇ ਅਤੇ ਬੇਇੱਜ਼ਤ ਵੀ ਕਰਨਗੇ।

ਇਸੇ ਕਮਰੇ ਦੀ ਇੱਕ ਅਲ਼ਮਾਰੀ 'ਚ ਰਾਈਫਲ ਸੀ ਤੇ ਅਲਮਾਰੀ ਦੇ ਜਿੰਦਰੇ ਦੀ ਚਾਬੀ ਟਰੰਕ ਵਿੱਚ ਸੀ। ਬੀਬੀ ਗੁਰਦੀਪ ਕੌਰ ਨੇ ਚਾਬੀ ਲੱਬਣ ਦੀ ਕੋਸ਼ਿਸ਼ ਕੀਤੀ ਪਰ ਚਾਬੀ ਛੇਤੀ ਨਾ ਲੱਭ ਸਕੀ ਅਖੀਰ ਬੀਬੀ ਨੇ ਕਮਰੇ ਵਿੱਚ ਪਈ ਸ੍ਰੀ ਸਾਹਿਬ ਆਪਣੀ ਵੱਡੀ ਬੇਟੀ ਨੂੰ ਫੜਾਈ ਅਤੇ ਆਪ ਬਰਛਾ ਹੱਥ ਵਿਚ ਲੈਕੇ ਇਕਦਮ ਬੂਹਾ ਖੋਲ ਕੇ ਉੱਚੀ ਅਵਾਜ਼ ਵਿਚ ਜੈਕਾਰਾ ਛੱਡਿਆ ਤੇ ਦੋਵੇਂ ਮਾਵਾਂ ਧੀਆਂ ਭੀੜ ਵੱਲ ਭੱਜੀਆਂ। ਦੋ ਹਥਿਆਰਬੰਦ ਬੀਬੀਆਂ ਨੂੰ ਵੇਖ ਕੇ ਤਿੰਨ ਹਜ਼ਾਰ ਗੁੰਡਿਆਂ ਦੀ ਹਥਿਆਰਬੰਦ ਭੀੜ ਵਿਚ ਭਾਜੜ ਪੈ ਗਈ ਅਤੇ ਗੁੰਡੇ ਜਾਨਾਂ ਬਚਾਉਣ ਵਾਸਤੇ ਪੂਰੀ ਸਪੀਡ ਨਾਲ



ਪਿੱਛੇ ਨੂੰ ਭੱਜੇ ਵਾਹਵਾ ਦੂਰ ਤੱਕ ਭਜਾਕੇ ਬੀਬੀ ਗੁਰਦੀਪ ਕੌਰ ਤੇ ਉਸਦੀ ਬੇਟੀ ਵਾਪਸ ਪਰਤੀਆਂ। ਬੀਬੀ ਗੁਰਦੀਪ ਕੌਰ ਸਮਝ ਚੁੱਕੀ ਸੀ ਕਿ ਇਹ ਵਾਪਸ ਹਮਲਾ ਕਰਨ ਵਾਸਤੇ ਆਉਣਗੇ। ਉਸਨੇ ਜਲਦੀ ਜਲਦੀ ਚਾਬੀ ਲੱਭ ਕੇ ਅਲਮਾਰੀ 'ਚੋਂ ਬੰਦੂਕ ਕੱਢੀ ਤੇ ਬੱਚਿਆਂ ਸਮੇਤ ਘਰ ਦੀ ਛੱਤ ਤੇ ਚੜ੍ਹ ਗਈ। ਗੁੰਡਿਆ ਨੇ ਦੁਬਾਰਾ ਹਮਲਾ ਕੀਤਾ ਤਾਂ ਬੀਬੀ ਗੁਰਦੀਪ ਕੌਰ ਨੇ ਫਾਇਰ ਖੋਲ ਦਿੱਤਾ, ਦੋ ਕੁ ਜਣਿਆ ਦੇ ਫੱਟੜ ਹੋਣ ਦੀ ਦੇਰ ਸੀ ਕਿ ਭੀੜ ਫੇਰ ਭੱਜ ਗਈ। ਵਾਰ ਵਾਰ ਹਮਲੇ ਕਰਨ ਦੇ ਬਾਅਦ ਵੀ ਜਦੋਂ ਗੁੰਡਿਆਂ ਦੀ ਕੋਈ ਪੇਸ਼ ਨਾ ਗਈ ਤਾਂ ਉਨ੍ਹਾਂ ਨੇ ਘਰ ਦੇ ਪਿਛਲੇ ਪਾਸੇ ਪਸ਼ੂਆਂ ਦੇ ਵਾੜੇ ਨੂੰ ਅੱਗ ਲਾ ਦਿੱਤੀ। ਬੀਬੀ ਨੇ ਆਪ ਮੋਰਚਾ ਸੰਭਾਲੀ ਰੱਖਿਆ ਤੇ ਬੀਬੀ ਦੀ ਬੇਟੀ ਨੇ ਥੱਲੇ ਜਾ ਕੇ ਡੰਗਰਾਂ ਦੇ ਰੱਸੇ ਵੱਢ ਕੇ ਪਸ਼ੂਆਂ ਨੂੰ ਸੜਨ ਤੋਂ ਬਚਾਅ ਲਿਆ ਅਖੀਰ ਗੁੰਡਿਆਂ ਨੂੰ ਹਾਰ ਖਾਕੇ ਵਾਪਸ ਭੱਜਣਾ ਪਿਆ।

ਇਸ ਤਰ੍ਹਾਂ ਇਸ ਬਹਾਦਰ ਬੀਬੀ ਗੁਰਦੀਪ ਕੌਰ ਨੇ ਆਪਣੇ ਬੱਚਿਆਂ ਸਮੇਤ ਘਰ ਵੀ ਸੜਨ ਅਤੇ ਲੁੱਟਣ ਤੋਂ ਬਚਾਇਆ ਅਤੇ ਆਪਣੇ ਗੁਆਂਢੀਆਂ ਦਾ ਘਰ ਵੀ ਬਚਾਇਆ (ਗੁਆਂਢੀ ਘਰ ਛੱਡ ਕੇ ਜਾ ਚੁੱਕੇ ਸਨ) ਅਤੇ ਸਮਾਨ ਲੁੱਟਣ ਲਈ ਆਏ ਗੁੰਡਿਆਂ ਦਾ ਇੱਕ ਗੱਡਾ ਜੋ ਉਹ ਲੁੱਟ ਦਾ ਸਮਾਨ ਲੱਦਣ ਵਾਸਤੇ ਲਿਆਏ ਸਨ ਉਹ ਗੱਡਾ ਵੀ ਖੋਹ ਲਿਆ।

ਉਸ ਇਲਾਕੇ ਦੇ ਹਿੰਦੂਆਂ 'ਚ ਬੀਬੀ ਗੁਰਦੀਪ ਕੌਰ ਦੀ ਏਨੀ ਦਹਿਸ਼ਤ ਸੀ ਕਿ ਲੋਕ ਉਸਨੂੰ ਬੱਬਰ ਸ਼ੇਰਨੀ ਕਹਿ ਕੇ ਯਾਦ ਕਰਦੇ ਨੇ 13 ਫਰਵਰੀ ਨੂੰ ਬੀਬੀ ਗੁਰਦੀਪ ਕੌਰ ਬਿਮਾਰੀ ਦੀ ਹਾਲਤ 'ਚ ਅਕਾਲ ਚਲਾਣਾ ਕਰ ਗਈ ਹੈ ਕੌਮ ਨੂੰ ਇਹੋ ਜਿਹੀਆਂ ਬਹਾਦਰ ਬੀਬੀਆਂ 'ਤੇ ਮਾਣ ਹੈ।

## ਡਰੱਗ ਮਾਮਲੇ 'ਚ ਬਰਖ਼ਾਸਤ ਏਆਈਜੀ ਰਾਜ ਜੀਤ ਸਿੰਘ ਵਿਦੇਸ਼ ਫਰਾਰ !

### ਪੰਜਾਬ ਪੁਲਿਸ ਇੰਟੈਲੀਜੈਂਸ ਨੇ ਦਿਤੇ ਸੰਕੇਤ

ਚੰਡੀਗੜ੍ਹ : ਪੰਜਾਬ ਪੁਲਿਸ ਨੇ ਨਸ਼ਾ ਤਸਕਰੀ ਮਾਮਲੇ ਵਿਚ ਬਰਖ਼ਾਸਤ ਏਆਈਜੀ ਰਾਜ ਜੀਤ ਸਿੰਘ ਹੁੰਦਲ ਖ਼ਿਲਾਫ਼ ਲੁੱਕਆਊਟ ਨੋਟਿਸ ਜਾਰੀ ਕੀਤਾ ਹੈ। ਪੁਲਿਸ ਇੰਟੈਲੀਜੈਂਸ ਦਾ ਮੰਨਣਾ ਹੈ ਕਿ ਮੁਲਜ਼ਮ ਰਾਜ ਜੀਤ ਸਿੰਘ ਵਿਦੇਸ਼ ਭੱਜ ਗਿਆ ਹੈ ਜਾਂ ਵਿਦੇਸ਼ ਭੱਜਣ ਦੀ ਯੋਜਨਾ ਬਣਾ ਰਿਹਾ ਹੈ। ਅਜਿਹੇ 'ਚ ਹੁਣ ਪੰਜਾਬ ਪੁਲਿਸ ਐਨ.ਆਈ.ਏ. ਦੀ ਮਦਦ ਨਾਲ ਇਸ ਦਾ ਪਤਾ ਲਗਾਏਗੀ। ਪੁਲਿਸ ਨੇ ਰਾਜ ਜੀਤ ਸਿੰਘ ਦਾ ਲੁੱਕਆਊਟ ਨੋਟਿਸ ਜਾਰੀ ਕਰਕੇ ਸਾਰੀਆਂ ਬੰਦਰਗਾਹਾਂ, ਹਵਾਈ ਅੱਡਿਆਂ ਅਤੇ ਰਾਸ਼ਟਰੀ ਮਾਰਗਾਂ 'ਤੇ ਉਸ ਦੀ ਜਾਣਕਾਰੀ ਸਾਂਝੀ ਕੀਤੀ ਹੈ, ਤਾਂ ਜੋ ਜੇਕਰ ਮੁਲਜ਼ਮ ਅਜੇ ਤਕ ਦੇਸ਼ ਛੱਡ ਕੇ ਨਹੀਂ ਗਿਆ ਤਾਂ ਉਸ ਨੂੰ ਕਾਬੂ ਕੀਤਾ ਜਾ ਸਕੇ।

ਦੂਜੇ ਪਾਸੇ ਸਪੈਸ਼ਲ ਟਾਸਕ ਫੋਰਸ ਨੇ ਵੱਡੀ ਕਾਰਵਾਈ ਕੀਤੀ ਹੈ। ਐਸਟੀਐਫ ਨੇ ਮੁਲਜ਼ਮ ਏਆਈਜੀ ਦੀ ਜਾਇਦਾਦ ਕੁਰਕ ਕਰਨ ਦੀ ਕਾਰਵਾਈ ਸ਼ੁਰੂ ਕਰ ਦਿਤੀ ਹੈ। ਇਸ ਮਾਮਲੇ ਵਿਚ ਪੰਜਾਬ ਐਸਟੀਐਫ ਨੇ ਕੇਂਦਰੀ ਵਿੱਤ ਮੰਤਰਾਲੇ ਨੂੰ ਪੱਤਰ ਲਿਖ ਕੇ ਮੁਲਜ਼ਮ ਦੀ ਜਾਇਦਾਦ ਕੁਰਕ ਕਰਨ ਲਈ ਨੋਟਿਸ ਜਾਰੀ ਕਰਨ ਦੀ ਮੰਗ ਕੀਤੀ ਸੀ। ਇਸ 'ਤੇ ਕੇਂਦਰੀ ਵਿੱਤ ਮੰਤਰਾਲੇ ਦੀ ਕਮੇਟੀ ਨੇ ਮੁਲਜ਼ਮ ਏਆਈਜੀ ਰਾਜ ਜੀਤ ਸਿੰਘ ਹੁੰਦਲ, ਉਨ੍ਹਾਂ ਦੀ ਪਤਨੀ ਅਤੇ ਧੀ ਨੂੰ 9 ਫਰਵਰੀ ਤਕ



ਦਿੱਲੀ ਵਿਚ ਅਥਾਰਟੀ ਅੱਗੇ ਜਵਾਬ ਦਾਖ਼ਲ ਕਰਨ ਦੇ ਹੁਕਮ ਦਿਤੇ ਹਨ।

ਜੇਕਰ ਸਬੰਧਤ ਧਿਰ ਵੱਲੋਂ ਜਵਾਬ ਦਾਖ਼ਲ ਨਾ ਕੀਤਾ ਗਿਆ ਤਾਂ ਭਗੌੜੇ ਏਆਈਜੀ ਰਾਜ ਜੀਤ ਸਿੰਘ ਦੀ ਜਾਇਦਾਦ ਕੁਰਕ ਕਰਨ ਦੀ ਕਾਰਵਾਈ ਕੀਤੀ ਜਾਵੇਗੀ। ਦੱਸ ਦੇਈਏ ਕਿ ਮੁਲਜ਼ਮ ਏਆਈਜੀ ਦੀ ਪਤਨੀ ਦੀ ਮੋਹਾਟੀ ਸਥਿਤ ਜਾਇਦਾਦ ਨੂੰ ਕੁਰਕ ਕਰਨ ਲਈ ਐਨਡੀਪੀਐਸ ਐਕਟ ਦੀ ਧਾਰਾ 64ਐਫ ਤਹਿਤ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਦੀ ਕੀਮਤ ਕਰੀਬ 4 ਕਰੋੜ ਰੁਪਏ ਦੱਸੀ ਜਾਂਦੀ ਹੈ। 9 ਫਰਵਰੀ ਨੂੰ ਸਹੀ ਜਵਾਬ ਜਾਂ ਜਵਾਬ ਦਾਖਲ ਨਾ ਕਰਨ ਅਤੇ ਹੋਰ ਪਹਿਲੂਆਂ ਦੀ ਜਾਂਚ ਕਰਨ ਤੋਂ ਬਾਅਦ ਇਹ ਕਦਮ ਚੁੱਕਿਆ ਜਾਵੇਗਾ।

**ਪੰਜਾਬ ਭਰ ਵਿਚ ਰਾਜ ਜੀਤ ਸਿੰਘ ਦੀਆਂ 9 ਜਾਇਦਾਦਾਂ :** ਐਸਟੀਐਫ ਅਧਿਕਾਰੀਆਂ ਮੁਤਾਬਕ ਪੰਜਾਬ ਭਰ ਵਿਚ ਫਰਾਰ ਏਆਈਜੀ ਦੀਆਂ 9 ਜਾਇਦਾਦਾਂ ਦੀ ਪਛਾਣ ਕੀਤੀ ਗਈ ਹੈ। ਐਸਟੀਐਫ ਅਨੁਸਾਰ ਏਆਈਜੀ ਨੇ ਸਾਲ 2013 ਵਿਚ ਮੁੱਲਾਂਪੁਰ, ਨਿਊ ਚੰਡੀਗੜ੍ਹ ਦੇ ਪਿੰਡ ਮਾਜਰੀ ਵਿਚ 7 ਕਨਾਲ 40 ਮਰਲੇ ਜ਼ਮੀਨ 40 ਲੱਖ ਰੁਪਏ ਵਿਚ ਖਰੀਦੀ ਸੀ। ਇਸੇ ਤਰ੍ਹਾਂ 2013 ਵਿਚ ਹੀ ਈਕੋ ਸਿਟੀ, ਨਿਊ ਚੰਡੀਗੜ੍ਹ ਵਿਚ 500 ਵਰਗ ਗਜ਼ ਦਾ ਪਲਾਟ ਖਰੀਦਿਆ ਗਿਆ। 500 ਵਰਗ ਗਜ਼ ਦਾ ਪਲਾਟ 20 ਲੱਖ ਰੁਪਏ ਵਿਚ, 2016 ਵਿਚ ਮੁਹਾਲੀ ਸੈਕਟਰ-69 ਵਿਚ ਡੇਢ ਕਰੋੜ ਰੁਪਏ ਦਾ 500 ਵਰਗ ਗਜ਼ ਦਾ ਮਕਾਨ ਅਤੇ ਮੁਹਾਲੀ ਸੈਕਟਰ 82 ਵਿਚ 733.33 ਵਰਗ ਗਜ਼ ਦਾ ਪਲਾਟ, 55 ਲੱਖ ਰੁਪਏ ਵਿਚ ਖਰੀਦਿਆ ਗਿਆ ਸੀ। ਇਸ ਤੋਂ ਇਲਾਵਾ 2020 ਵਿਚ ਲੁਧਿਆਣਾ ਦੇ ਤਿੰਨ ਸ਼ਾਪਿੰਗ ਕੰਪਲੈਕਸਾਂ ਵਿਚ ਕੁੱਝ ਸ਼ੇਅਰ ਮੁਲਜ਼ਮਾਂ ਦੇ ਨਾਂਅ ਹਨ।

ਇਸ ਤੋਂ ਇਲਾਵਾ ਫਰਾਰ ਏਆਈਜੀ ਅਤੇ ਉਸ ਦੀ ਪਤਨੀ ਦੇ ਬੈਂਕ ਖਾਤਿਆਂ ਵਿਚ ਬੀਤੇ 10 ਸਾਲਾਂ ਵਿਚ 13 ਕਰੋੜ ਰੁਪਏ ਦਾ ਲੈਣ-ਦੇਣ ਸਾਹਮਣੇ ਆਇਆ ਹੈ। ਇਸ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਕਿਉਂਕਿ ਆਮਦਨ ਦੇ ਸਰੋਤਾਂ ਮੁਤਾਬਕ ਏਆਈਜੀ ਦੇ ਬੈਂਕ ਖਾਤਿਆਂ ਵਿਚ ਹੋਇਆ ਲੈਣ-ਦੇਣ ਜ਼ਿਆਦਾ ਹੈ। ਇਸ ਤੋਂ ਇਲਾਵਾ ਕਈ ਭੁਗਤਾਨ ਦੇ ਸਰੋਤ ਅਤੇ ਅਣਜਾਣ ਖਾਤਿਆਂ ਵਿਚ ਵੀ ਲੈਣ-ਦੇਣ ਹੋਇਆ ਹੈ।

## ਦਿੱਲੀ ਰਾਊਜ਼ ਐਵੇਨਿਊ ਕੋਰਟ ਨੇ ਅਰਵਿੰਦ ਕੇਜਰੀਵਾਲ ਨੂੰ ਜਾਰੀ ਕੀਤਾ ਸੰਮਨ

ਨਵੀਂ ਦਿੱਲੀ : ਦਿੱਲੀ ਦੀ ਇੱਕ ਅਦਾਲਤ ਨੇ ਬੁੱਧਵਾਰ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਸ਼ਿਕਾਇਤ 'ਤੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸੰਮਨ ਜਾਰੀ ਕੀਤਾ। ਦਰਅਸਲ, ਦਿੱਲੀ ਸ਼ਰਾਬ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਈਡੀ ਕੇਜਰੀਵਾਲ ਤੋਂ ਪੁੱਛਗਿੱਛ ਕਰਨਾ ਚਾਹੁੰਦਾ ਹੈ, ਪਰ ਉਹ ਸੰਮਨ ਦੀ ਪਾਲਣਾ ਨਹੀਂ ਕਰ ਰਿਹਾ ਹੈ। ਰਾਊਸ ਐਵੇਨਿਊ ਕੋਰਟ ਦੀ ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਦਿਵਿਆ ਮਲਹੋਤਰਾ ਨੇ ਮੁੱਖ ਮੰਤਰੀ ਕੇਜਰੀਵਾਲ ਨੂੰ ਸੰਮਨ ਜਾਰੀ ਕਰਨ ਦਾ ਹੁਕਮ ਦਿੱਤਾ ਹੈ। 3 ਫਰਵਰੀ ਨੂੰ ਵਧੀਕ ਸਾਲਿਸਟਰ ਜਨਰਲ (ਏ.ਐੱਸ.ਜੀ.) ਐੱਸ.ਵੀ. ਰਾਜੂ ਨੇ ਈਡੀ ਦੀ ਤਰਫੋਂ ਅਦਾਲਤ ਵਿੱਚ ਦਲੀਲਾਂ ਦਿੱਤੀਆਂ ਸਨ।

ਈਡੀ ਨੇ 31 ਜਨਵਰੀ ਨੂੰ ਕੇਜਰੀਵਾਲ ਨੂੰ ਨਵਾਂ ਸੰਮਨ ਜਾਰੀ ਕਰਕੇ 2 ਫਰਵਰੀ ਨੂੰ ਕੇਂਦਰੀ ਜਾਂਚ



ਏਜੰਸੀ ਦੇ ਸਾਹਮਣੇ ਪੇਸ਼ ਹੋਣ ਲਈ ਕਿਹਾ ਸੀ। ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਨੂੰ ਜਾਰੀ ਕੀਤਾ ਗਿਆ ਇਹ ਪੰਜਵਾਂ ਸੰਮਨ ਸੀ। ਸ਼ੁੱਕਰਵਾਰ ਨੂੰ ਪੰਜਵੇਂ ਸੰਮਨ 'ਤੇ ਵੀ ਕੇਜਰੀਵਾਲ ਈਡੀ ਦੇ ਸਾਹਮਣੇ ਪੇਸ਼ ਨਹੀਂ ਹੋਏ। ਪਿਛਲੇ ਚਾਰ ਮਹੀਨਿਆਂ ਵਿੱਚ ਚਾਰ ਵਾਰ ਸੰਮਨ ਜਾਰੀ ਕੀਤੇ ਜਾਣ ਦੇ ਬਾਵਜੂਦ ਉਹ ਸੰਮਨ ਨੂੰ ਗ਼ੈਰ-ਕਾਨੂੰਨੀ ਦੱਸਦਿਆਂ ਈਡੀ ਸਾਹਮਣੇ ਪੇਸ਼ ਨਹੀਂ ਹੋਏ।

ਮੁੱਖ ਮੰਤਰੀ ਕੇਜਰੀਵਾਲ ਕੋਲ ਕਿਸੇ ਵਿਭਾਗ ਦਾ ਚਾਰਜ ਨਹੀਂ ਹੈ। ਕੇਜਰੀਵਾਲ ਨੇ ਪਹਿਲਾਂ ਈਡੀ ਨੂੰ ਪੱਤਰ ਲਿਖ ਕੇ ਸੰਮਨ ਨੂੰ ਗੈਰ-ਕਾਨੂੰਨੀ ਅਤੇ ਰਾਜਨੀਤੀ ਤੋਂ ਪ੍ਰੇਰਿਤ ਦੱਸਿਆ ਸੀ। ਕੇਜਰੀਵਾਲ ਨੇ ਦੋਸ਼ ਲਾਇਆ ਸੀ ਕਿ ਸੰਮਨ ਦਾ ਮਕਸਦ ਉਨ੍ਹਾਂ ਨੂੰ ਚੋਣ ਪ੍ਰਚਾਰ ਤੋਂ ਰੋਕਣਾ ਸੀ। ਆਮ ਆਦਮੀ ਪਾਰਟੀ (ਆਪ) ਨੇ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੇਜਰੀਵਾਲ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਨੂੰ ਡੇਗਣ ਦੀ ਕੋਸ਼ਿਸ਼ ਕਰ ਰਹੇ ਹਨ। ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ 'ਆਪ' ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਆਬਕਾਰੀ ਨੀਤੀ ਬਣਾਉਣ ਅਤੇ ਲਾਗੂ ਕਰਨ 'ਚ ਕਥਿਤ ਬੇਨਿਯਮੀਆਂ 'ਚ ਸ਼ਮੂਲੀਅਤ ਲਈ ਨਿਆਂਇਕ ਹਿਰਾਸਤ 'ਚ ਹਨ।

# ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦਾ ਅੰਬਰ ਫੋਰਟ ਦੇ ਦੌਰੇ ਦੌਰਾਨ ਨਿੱਘਾ ਸਵਾਗਤ



ਜੈਪੁਰ : ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਭਾਰਤ ਦੇ ਦੋ ਦਿਨਾਂ ਦੌਰੇ 'ਤੇ ਜੈਪੁਰ ਪਹੁੰਚੇ। ਮੈਕਰੋਨ ਦਿੱਲੀ ਦੀ ਬਜਾਏ ਪੈਰਿਸ ਤੋਂ ਸਿੱਧੇ ਜੈਪੁਰ ਆਏ ਹਨ। ਜੈਪੁਰ ਹਵਾਈ ਅੱਡੇ 'ਤੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ, ਰਾਜਪਾਲ ਕਲਰਾਜ ਮਿਸ਼ਰਾ ਅਤੇ ਰਾਜ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੇ ਮੈਕਰੋਨ ਦਾ ਸਵਾਗਤ ਕੀਤਾ।

# ਜਸਟਿਸ ਪ੍ਰਸੰਨਾ ਬੀ ਵਰਲੇ ਨੇ ਸੁਪਰੀਮ ਕੋਰਟ ਦੇ ਜੱਜ ਵਜੋਂ ਸਹੁੰ ਚੁੱਕੀ



ਨਵੀਂ ਦਿੱਲੀ : ਜਸਟਿਸ ਪ੍ਰਸੰਨਾ ਬੀ ਵਰਾਲੇ ਨੇ ਵੀਰਵਾਰ ਨੂੰ ਸੁਪਰੀਮ ਕੋਰਟ ਦੇ ਜੱਜ ਵਜੋਂ ਸਹੁੰ ਚੁੱਕੀ, ਜਿਸ ਨਾਲ ਅਦਾਲਤ ਨੂੰ 34 ਦੀ ਪੂਰੀ ਕੰਮਕਾਜੀ ਸ਼ਕਤੀ ਵਾਪਸ ਲੈ ਗਈ। ਚੀਫ਼ ਜਸਟਿਸ ਡੀ ਵਾਈ ਚੰਦਰਚੂੜ ਨੇ ਜਸਟਿਸ ਵਰਾਲੇ ਨੂੰ ਅਹੁਦੇ ਦੀ ਸਹੁੰ ਚੁਕਾਈ, ਜੋ ਪਹਿਲਾਂ ਕਰਨਾਟਕ ਹਾਈ ਕੋਰਟ ਦੇ ਚੀਫ਼ ਜਸਟਿਸ ਸਨ। .

ਸੁਪਰੀਮ ਕੋਰਟ ਦੇ ਕੌਲਿਜੀਅਮ ਨੇ 19 ਜਨਵਰੀ ਨੂੰ ਜਸਟਿਸ ਵਰਾਲੇ ਨੂੰ ਸਿਖਰਲੀ ਅਦਾਲਤ ਵਿੱਚ ਨਿਯੁਕਤ ਕਰਨ ਦੀ ਸਿਫ਼ਾਰਸ਼ ਕੀਤੀ ਸੀ ਅਤੇ ਕੇਂਦਰ ਨੇ ਬੁੱਧਵਾਰ ਨੂੰ ਇਸ ਸਿਫ਼ਾਰਸ਼ ਨੂੰ ਮਨਜ਼ੂਰੀ ਦੇ ਦਿੱਤੀ ਸੀ। ਇਸ ਨਿਯੁਕਤੀ ਨਾਲ ਸੁਪਰੀਮ ਕੋਰਟ ਇਕ ਵਾਰ ਫਿਰ ਪੂਰੀ ਤਾਕਤ ਨਾਲ ਕੰਮ ਕਰੇਗੀ। ਪਿਛਲੇ ਸਾਲ ਦਸੰਬਰ 'ਚ ਜਸਟਿਸ ਸੰਜੇ ਕਿਸ਼ਨ ਕੌਲ ਦੇ ਸੇਵਾਮੁਕਤ ਹੋਣ 'ਤੇ ਇਕਲੌਤੀ ਅਸਾਮੀ ਬਣੀ ਸੀ।

# ਖਾਲਸਾ ਰਾਜ ਦੀ ਤੋਪ



ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਦਰਵਾਜੇ ਵਿੱਚ ਜੋ ਤੋਪਾਂ ਬਨਵਾਈਆਂ ਉਨ੍ਹਾਂ ਵਿਚੋਂ ਇਹ ਇਕ ਤੋਪ ਲਾਹੌਰ ਮਿਊਜ਼ੀਅਮ ਵਿੱਚ ਰੱਖੀ ਗਈ ਹੈ, ਦੱਸਿਆ ਜਾਂਦਾ ਹੈ ਕਿ ਮੁਲਤਾਨ ਦੀ ਜੰਗ ਵਿੱਚ ਇਸ ਤੋਪ ਦੀ ਵਰਤੋਂ ਕੀਤੀ ਗਈ ਸੀ।



ਕਿਸੇ ਸਮੇਂ ਭਾਰਤ ਦੇ ਹਿੰਦੂ ਸ਼ਿਵ ਸੈਨਾ ਅਤੇ ਬਾਲ ਠਾਕਰੇ ਨੂੰ ਪੂਜਦੇ ਹੁੰਦੇ ਸੀ ਵੱਡੇ ਵੱਡੇ ਰਾਜਨੇਤਾ ਝੂਕਦੇ ਹੁੰਦੇ ਸੀ, ਹੁਣ ਜ਼ਮਾਨਾ ਬਦਲ ਗਿਆ

# ਸ਼ਹੀਦ ਜਥੇਦਾਰ ਕਾਉਂਕੇ ਪੰਥ ਰਤਨ ਫ਼ਖ਼ਰ-ਏ-ਕੌਮ ਐਵਾਰਡ ਨਾਲ ਸਨਮਾਨਿਤ

ਚੰਡੀਗੜ੍ਹ : ਗੁਰਦੁਆਰਾ ਪਾਤਸ਼ਾਹੀ ਦਸਵੀਂ ਨਾਢਾ ਸਾਹਿਬ ਪੰਚਕੂਲਾ ਨੇੜੇ ਚੰਡੀਗੜ੍ਹ ਵਿਖੇ ਅੱਜ ਪੰਥ ਜਥੇਬੰਦੀਆਂ ਵਲੋਂ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਮਰ ਸ਼ਹੀਦ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਸ਼ਹੀਦੀ ਉਪਰੰਤ ਪੰਥ ਰਤਨ ਫ਼ਖਰ-ਏ-ਕੌਮ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਜਥੇਦਾਰ ਕਾਉਂਕੇ ਦੇ ਸਪੁੱਤਰ ਭਾਈ ਹਰੀ ਸਿੰਘ ਕਾਉਂਕੇ ਨੇ ਪ੍ਰਾਪਤ ਕੀਤਾ। ਸ਼ਹੀਦੀ ਸਮਾਗਮ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਮੈਂਬਰ ਅਤੇ ਸਾਬਕਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪਰਾਲੇ ਸਦਕਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤਾ ਗਿਆ। ਸ਼ਹੀਦੀ ਸਮਾਗਮ ਨੂੰ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਕਮੇਟੀ, ਭਾਈ ਜਸਬੀਰ ਸਿੰਘ ਰੋਡੇ



ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸੁਖਦੇਵ ਸਿੰਘ ਢੀਂਡਸਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸੰਯੁਕਤ, ਭਾਈ ਮੋਹਕਮ ਸਿੰਘ ਦਮਦਮੀ ਟਕਸਾਲ, ਪਰਮਜੀਤ ਸਿੰਘ ਸਹੌਲੀ ਪ੍ਰਧਾਨ ਸੁਤੰਤਰ ਅਕਾਲੀ ਦਲ, ਕਰਨੈਲ ਸਿੰਘ ਪੰਜੋਲੀ ਮੈਂਬਰ ਸ਼੍ਰੋਮਣੀ ਕਮੇਟੀ, ਖੁਸ਼ਹਾਲ ਸਿੰਘ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ, ਬਾਬਾ ਪ੍ਰਦੀਪ ਸਿੰਘ ਚਾਂਦਪੁਰਾ ਸੰਤ ਸਮਾਜ, ਸਰਬਜੀਤ ਸਿੰਘ ਸੋਹਲ, ਜਸਪਾਲ ਸਿੰਘ ਸਿੱਧੂ, ਡਾਕਟਰ ਮਨਜੀਤ ਸਿੰਘ ਭੋਮਾ, ਦੀਦਾਰ ਸਿੰਘ ਨਲਵੀ ਮੈਂਬਰ ਅਤੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਹਰਿਆਣਾ ਕਮੇਟੀ ਨੇ ਸੰਬੋਧਨ ਕੀਤਾ।

# ਅਮਰੀਕਾ 'ਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਵਿਦਾਇਗੀ ਸਮਾਰੋਹ ਹੋਇਆ



ਵਾਸ਼ਿੰਗਟਨ : ਅਮਰੀਕਾ ਵਿਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਵਾਸ਼ਿੰਗਟਨ ਵਿਚ ਭਾਰਤੀ-ਅਮਰੀਕਨ ਬਿਜ਼ਨਸ ਇਮਪੈਕਟ ਗਰੁੱਪ ਦੁਆਰਾ ਆਯੋਜਿਤ ਵਿਦਾਇਗੀ ਸਮਾਰੋਹ ਵਿਚ ਭਾਰਤੀ-ਅਮਰੀਕੀ ਭਾਈਚਾਰੇ, ਸੀਈਓਜ਼, ਉੱਦਮੀਆਂ ਅਤੇ ਉਦਯੋਗਪਤੀਆਂ ਨਾਲ ਮੁਲਾਕਾਤ ਕੀਤੀ।



ਕੌਮ ਦੇ ਨੌਜਵਾਨ ਕਾਲ ਕੋਠੜੀਆਂ 'ਚ ਤੇ ਸਿੱਖਾਂ ਦੀਆਂ ਧੀਆਂ ਭੈਣ: ਵਿਧਵਾ ਕਲੋਨੀਆਂ 'ਚ ਬੈਠੀਆਂ......ਅਕਾਲੀ ਦਲ ਦੇ ਪ੍ਰਧਾਨ 'ਤੇ ਪਤਾ ਨਹੀਂ ਕਿਸ ਖੁਸ਼ੀ 'ਚ ਫੁੱਲਾਂ ਦੀ ਵਰਖਾ ਹੋ ਰਹੀ ਹੈ। ਪੰਜਾਬ 'ਚ ਚਾਪਲੂਸਾਂ ਦੀ ਗਿਣਤੀ ਖਤਰਨਾਕ ਹੱਦ ਤੱਕ ਪਹੁੰਚ ਗਈ।

# ਮੱਧ ਪ੍ਰਦੇਸ਼: ਪਟਾਕਿਆਂ ਦੀ ਫੈਕਟਰੀ 'ਚ ਅੱਗ ਲੱਗੀ; 11 ਹਲਾਕ, 174 ਜ਼ਖ਼ਮੀ

## *ਮੁੱਖ ਮੰਤਰੀ ਵੱਲੋਂ ਮ੍ਰਿਤਕਾਂ ਦੇ ਵਾਰਸਾਂ ਨੂੰ ਚਾਰ-ਚਾਰ ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ*

ਭੋਪਾਲ/ਹਰਦਾ : ਮੱਧ ਪ੍ਰਦੇਸ਼ ਦੇ ਹਰਦਾ ਕਸਬੇ 'ਚ ਪਟਾਕਿਆਂ ਦੀ ਫੈਕਟਰੀ 'ਚ ਅੱਗ ਲੱਗਣ ਕਾਰਨ 11 ਵਿਅਕਤੀਆਂ ਦੀ ਮੌਤ ਹੋ ਗਈ ਜਦੋਂ ਕਿ 174 ਜ਼ਖਮੀ ਹੋ ਗਏ। ਹਰਦਾ ਦੇ ਕੁਲੈਕਟਰ ਰਿਸ਼ੀ ਗਰਗ ਨੇ ਦੱਸਿਆ ਕਿ ਪਟਾਕਾ ਯੂਨਿਟ ਦੇ ਅੰਦਰ ਅਤੇ ਆਲੇ-ਦੁਆਲੇ ਅਜੇ ਵੀ ਕਈ ਲੋਕਾਂ ਦੇ ਫਸੇ ਹੋਣ ਦਾ ਖਦਸ਼ਾ ਹੈ। ਇਹ ਘਟਨਾ ਰਾਜ ਦੀ ਰਾਜਧਾਨੀ ਭੋਪਾਲ ਤੋਂ ਲਗਪਗ 150 ਕਿਲੋਮੀਟਰ ਦੂਰ ਹਰਦਾ ਕਸਬੇ ਦੇ ਬਾਹਰਵਾਰ ਮਗਰਧਾ ਰੋਡ 'ਤੇ ਬੈਰਾਗੜ੍ਹ ਇਲਾਕੇ 'ਚ ਵਾਪਰੀ। ਪੁਲੀਸ ਨੇ ਫੈਕਟਰੀ ਦੇ ਦੋ ਮਾਲਕਾਂ ਸਣੇ ਤਿੰਨ ਨੂੰ ਗ੍ਰਿਫ਼ਤਾਰ ਕੀਤਾ ਹੈ। ਘਟਨਾ ਦੀਆਂ ਕੁਝ ਵੀਡੀਓਜ਼ ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਹਨ ਜਿਨ੍ਹਾਂ 'ਚ ਘਟਨਾ ਸਥਾਨ 'ਤੇ ਰੁਕ-ਰੁਕ ਕੇ ਧਮਾਕੇ ਹੋ ਰਹੇ ਹਨ ਅਤੇ ਲੋਕ ਆਪਣੇ ਆਪ ਨੂੰ ਬਚਾਉਣ ਲਈ ਭੱਜ ਰਹੇ ਹਨ। ਅਧਿਕਾਰੀਆਂ ਮੁਤਾਬਕ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਘਟਨਾ ਤੋਂ ਬਾਅਦ



ਮੁੱਖ ਮੰਤਰੀ ਮੋਹਨ ਯਾਦਵ ਨੇ ਮੀਟਿੰਗ ਕੀਤੀ ਅਤੇ ਕਿਹਾ ਕਿ ਬਚਾਅ ਕਾਰਜ ਲਈ ਹੈਲੀਕਾਪਟਰਾਂ ਦਾ ਪ੍ਰਬੰਧ ਕਰਨ ਲਈ ਫੌਜ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਯਾਦਵ ਨੇ ਮ੍ਰਿਤਕਾਂ ਦੇ ਵਾਰਸਾਂ ਨੂੰ 4-4 ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ ਅਤੇ ਨਾਲ ਹੀ ਕਿਹਾ ਹੈ ਕਿ ਜ਼ਖਮੀਆਂ ਦੇ ਇਲਾਜ ਦਾ ਸਾਰਾ ਖਰਚਾ ਸੂਬਾ ਸਰਕਾਰ ਵੱਲੋਂ ਚੁੱਕਿਆ ਜਾਵੇਗਾ। ਮੁੱਖ ਮੰਤਰੀ ਨੇ ਸੀਨੀਅਰ ਮੰਤਰੀ ਉਦੈ ਪ੍ਰਤਾਪ ਸਿੰਘ, ਵਧੀਕ ਮੁੱਖ ਸਕੱਤਰ ਅਜੀਤ ਕੇਸਰੀ ਨੂੰ ਵੀ ਹੈਲੀਕਾਪਟਰ ਰਾਹੀਂ ਹਰਦਾ ਪਹੁੰਚਣ ਦੇ ਨਿਰਦੇਸ਼ ਦਿੱਤੇ ਹਨ।



ਮੋਰੋਕੋ ਦੇ ਰਬਾਤ ਵਿੱਚ ਰਹਿਣ ਵਾਲਾ 72 ਸਾਲਾ ਕਿਤਾਬ ਵਿਕਰੇਤਾ ਮੁਹੰਮਦ ਅਜ਼ੀਜ਼ ਦਿਨ ਵਿੱਚ 6 ਤੋਂ 8 ਘੰਟੇ ਕਿਤਾਬਾਂ ਪੜ੍ਹਨ ਵਿੱਚ ਬਿਤਾਉਂਦਾ ਹੈ। ਫਰੈਂਚ, ਅਰਬੀ ਅਤੇ ਅੰਗਰੇਜ਼ੀ ਵਿੱਚ 5000 ਤੋਂ ਵੱਧ ਕਿਤਾਬਾਂ ਪੜ੍ਹਨ ਤੋਂ ਬਾਅਦ, ਉਹ ਰਬਾਤ ਵਿੱਚ ਸਭ ਤੋਂ ਪੁਰਾਣਾ ਕਿਤਾਬ ਵਿਕਰੇਤਾ ਬਣਿਆ ਹੋਇਆ ਹੈ, ਉਸੇ ਸਥਾਨ ਵਿੱਚ 43 ਸਾਲਾਂ ਤੋਂ ਵੱਧ ਸਮਾਂ ਬਿਤਾਉਂਦਾ ਹੈ। ਜਦੋਂ ਉਨ੍ਹਾਂ ਨੂੰ ਆਪਣੀਆਂ ਕਿਤਾਬਾਂ ਨੂੰ ਬਾਹਰ ਛੱਡਣ ਬਾਰੇ ਪੁੱਛਿਆ ਗਿਆ, ਜਿੱਥੇ ਉਹ ਸੰਭਾਵਤ ਤੌਰ 'ਤੇ ਚੋਰੀ ਹੋ ਸਕਦੀਆਂ ਹਨ, ਤਾਂ ਉਸਨੇ ਜਵਾਬ ਦਿੱਤਾ ਕਿ ਜੋ ਲੋਕ ਪੜ੍ਹ ਨਹੀਂ ਸਕਦੇ ਉਹ ਕਿਤਾਬਾਂ ਚੋਰੀ ਨਹੀਂ ਕਰਦੇ ਅਤੇ ਜੋ ਕਰ ਸਕਦੇ ਹਨ, ਉਹ ਚੋਰ ਨਹੀਂ ਹਨ।



ਇਸ 55 ਸਾਲਾ ਵਿਅਕਤੀ ਨੇ 11 ਸਾਲ ਦੀ ਅਫਗਾਨ ਲੜਕੀ ਨਾਲ ਕੀਤਾ ਵਿਆਹ, ਉਹ ਵਿਆਹਿਆ ਹੋਇਆ ਹੈ ਅਤੇ ਉਸਦੇ 3 ਬੇਟੇ ਅਤੇ ਇੱਕ ਬੇਟੀ ਹੈ, ਉਸਦੀ ਧੀ ਉਸਦੀ ਨਵੀਂ ਪਤਨੀ ਦੇ ਬਰਾਬਰ ਹੈ! ਅਫਗਾਨਿਸਤਾਨ ਦੀਆਂ ਕੁੜੀਆਂ ਤਾਲਿਬਾਨ ਦੇ ਲਿੰਗ-ਭੇਦ ਸ਼ਾਸਨ ਦੇ ਅਧੀਨ ਜ਼ਬਰਦਸਤੀ ਵਿਆਹ ਅਤੇ ਜਿਨਸੀ ਗੁਲਾਮੀ ਦਾ ਸ਼ਿਕਾਰ ਹੋਈਆਂ ਹਨ।

# 13 ਫਰਵਰੀ ਨੂੰ ਦਿੱਲੀ 'ਚ ਟਰੈਕਟਰ ਮਾਰਚ ਕੱਢਣਗੇ ਕਿਸਾਨ



ਨਵੀਂ ਦਿੱਲੀ : ਕਿਸਾਨ ਇਕ ਵਾਰ ਫਿਰ ਤੋਂ ਸੜਕਾਂ 'ਤੇ ਉਤਰਨਗੇ। 13 ਫਰਵਰੀ ਨੂੰ ਦਿੱਲੀ 'ਚ ਕਿਸਾਨਾਂ ਨੇ ਕੇਂਦਰ 'ਤੇ ਦਬਾਅ ਬਣਾਉਣ ਲਈ ਮਾਰਚ ਕੱਢਣ ਦਾ ਐਲਾਨ ਕੀਤਾ ਹੈ। ਕਿਸਾਨ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (MSP) ਦੀ ਗਰੰਟੀ ਲਈ ਕਾਨੂੰਨ ਬਣਾਉਣ ਸਮੇਤ ਕਈ ਹੋਰ ਮੰਗਾਂ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕਰਨਗੇ। ਸੰਯੁਕਤ ਕਿਸਾਨ ਮੋਰਚਾ ਦੇ ਨੇਤਾ ਜਗਜੀਤ ਸਿੰਘ ਡੱਲੇਵਾਲ ਨੇ ਦਾਅਵਾ ਕੀਤਾ ਕਿ ਦੇਸ਼ ਭਰ ਤੋਂ 200 ਤੋਂ ਵਧੇਰੇ ਕਿਸਾਨ ਜਥੇਬੰਦੀਆਂ 'ਦਿੱਲੀ ਚਲੋ' ਮਾਰਚ 'ਚ ਹਿੱਸਾ ਲੈਣਗੇ। ਡੱਲੇਵਾਲ ਨੇ ਦੋਸ਼ ਲਾਇਆ ਕਿ ਜਦੋਂ ਕਿਸਾਨਾਂ ਨੇ ਹੁਣ ਰੱਦ ਕੀਤੇ ਜਾ ਚੁੱਕੇ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਵਿਰੋਧ ਪ੍ਰਦਰਸ਼ਨ ਕੀਤਾ ਸੀ ਤਾਂ ਕੇਂਦਰ ਸਰਕਾਰ ਨੇ MSP ਨੂੰ ਕਾਨੂੰਨੀ ਗਰੰਟੀ ਦੇਣ ਦਾ ਵਾਅਦਾ ਕੀਤਾ ਸੀ ਪਰ ਕਾਰਪੋਰੇਟ ਖੇਤਰ ਦੇ ਦਬਾਅ ਕਾਰਨ ਸਰਕਾਰ ਆਪਣਾ ਵਾਅਦਾ ਪੂਰਾ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਮਾਰਚ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਸਿਰਫ਼ ਪੰਜਾਬ ਹੀ ਨਹੀਂ ਹਰਿਆਣਾ ਸਮੇਤ ਹੋਰ ਸੂਬਿਆਂ ਦੇ ਕਿਸਾਨ ਵੀ ਇਸ ਮਾਰਚ ਵਿਚ ਹਿੱਸਾ ਲੈਣਗੇ।

ਕਿਸਾਨ ਸ਼ੰਭੂ, ਖਨੌਰੀ ਅਤੇ ਡਬਵਾਲੀ ਬਾਰਡਰ ਤੋਂ ਦਿੱਲੀ ਵੱਲ ਕੂਚ ਕਰਨਗੇ। ਡੱਲੇਵਾਲ ਨੇ ਕਿਹਾ ਕਿ ਕਿਸਾਨ MSP ਲਈ ਕਾਨੂੰਨੀ ਗਰੰਟੀ ਤੋਂ ਇਲਾਵਾ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਪੈਨਸ਼ਨ, ਖੇਤੀ ਕਰਜ਼ਾ ਮੁਆਫ਼ੀ, ਪੁਲਸ ਮਾਮਲਿਆਂ ਨੂੰ ਵਾਪਸ ਲੈਣ ਅਤੇ ਲਖੀਮਪੁਰ ਖੀਰੀ ਹਿੰਸਾ ਦੇ ਪੀੜਤਾਂ ਲਈ ਨਿਆਂ ਦੀ ਮੰਗ ਕਰਨਗੇ।

# ਮਹਾਬਾਣੁ ਮੋਡੀ-ਕੋਤਵਾਲ ਜੀ



ਕੀ ਤੁਸੀਂ ਜਾਣਦੇ ਹੋ ਕਿ ਮੈਂ ਕੌਣ ਹਾਂ?
ਮੈਂ ਮੁਗਲ ਬਾਗਾਂ ਦੇ ਗੁਲਾਬ ਦੀ ਮਹਿਕ ਹਾਂ...
ਮੈਂ ਪ੍ਰਾਚੀਨ ਮੰਦਰ ਦੀ ਗੁੰਝਲਦਾਰ ਨੱਕਾਸ਼ੀ ਹਾਂ.
ਮੈਂ ਸਟਰੀਟ ਆਰਚਿਨਜ਼ ਕ੍ਰਿਕੇਟ ਗੇਮਾਂ ਦੇ ਵਿਚਕਾਰ ਲਟਕਦਾ ਹਾਂ.
ਮੈਂ ਮੌਨਸੂਨ ਦੇ ਸ਼ੁਰੂਆਤੀ ਮੀਂਹ ਦੇ ਛੱਪੜ ਹਾਂ...
ਮੈਂ ਵਿਆਹਾਂ ਦੇ ਜਲੂਸਾਂ ਵਿੱਚ ਝਾਂਜਰਾਂ ਦਾ ਟਕਰਾ ਹਾਂ...
ਲਾਲੀ ਹੋਈ ਲਾੜੀ ਦੀ ਮਹਿੰਦੀ ਵਿੱਚ...
ਮੈਂ ਉਹ ਹੰਝੂ ਹਾਂ ਜੋ ਅਨਾਥਾਂ ਦੇ ਚਿਹਰੇ 'ਤੇ ਵਗਦੇ ਹਨ।
ਮੈਂ ਭਿਖਾਰੀ ਔਰਤ ਦਾ ਫਟੇ ਹੋਏ ਕੱਪੜੇ ਹਾਂ,
ਜੋ ਤੁਹਾਡੀ ਕਾਰ ਦੀ ਖਿੜਕੀ ਵਿੱਚੋਂ ਦੇਖਦਾ ਹੈ।
ਮੈਂ ਸੜਕਾਂ 'ਤੇ ਪਰਵਾਸੀ ਮਜ਼ਦੂਰਾਂ ਨਾਲ ਸੌਂਦਾ ਹਾਂ।
ਮੈਂ ਕੋਇਲ ਦਾ ਗੀਤ ਹਾਂ, ਮੋਰ ਦਾ ਨਾਚ ਹਾਂ...
ਮੈਂ ਤੇਰੇ ਤਿਉਹਾਰਾਂ ਦੀ ਖੁਸ਼ੀ ਹਾਂ ਤੇਰੇ ਸੋਗ ਦੇ ਹੰਝੂ...
ਮੈਂ ਗਣੇਸ਼ ਨੂੰ ਆਪਣੇ ਸਿਰ ਉੱਤੇ ਨਦੀ ਅਤੇ ਸਮੁੰਦਰ ਵੱਲ ਲੈ ਜਾਂਦਾ ਹਾਂ
ਰਸਤੇ ਵਿੱਚ ਨੱਚਣਾ।
ਮੈਂ ਤਾਨੀਆ ਅਤੇ ਆਲਮ ਨੂੰ ਕਰਬਲਾ ਲੈ ਕੇ ਰੋਂਦਾ ਹਾਂ।
ਮੈਂ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦਾ ਹਾਂ।
ਮੈਂ ਲੰਗਰ ਵਿਚ ਰੋਟੀਆਂ ਪਾਉਂਦਾ ਹਾਂ ਅਤੇ ਗਰੀਬਾਂ ਨੂੰ ਖੁਆਉਂਦਾ ਹਾਂ।
ਮੈਂ ਉਹ ਹਾਂ ਜੋ ਹੁਸੈਨ ਦੇ ਨਾਮ ਤੇ ਦੁੱਧ ਅਤੇ ਭੋਜਨ ਵੰਡਦਾ ਹਾਂ।
ਮੈਂ ਖੁਸ਼ੀ ਨਾਲ ਕ੍ਰਿਸਮਸ ਮਨਾਉਂਦਾ ਹਾਂ ਅਤੇ ਘੰਟੀਆਂ ਵਜਾਉਂਦਾ ਹਾਂ,
ਅਤੇ ਰੁੱਖ 'ਤੇ ਗਹਿਣੇ ਲਟਕਾਓ
ਮੈਂ ਮਰਦਾਂ, ਔਰਤਾਂ ਅਤੇ ਬੱਚਿਆਂ ਦਾ ਹਾਸਾ ਹਾਂ...
ਮੈਂ ਬੁੱਢਾ ਹਾਂ.. ਨੌਜਵਾਨ ਕਮਜ਼ੋਰ, ਅਥਲੀਟ.
ਮੈਂ ਮਜ਼ਦੂਰ ਦਾ ਭਾਰ ਚੁੱਕ ਸਕਦਾ ਹਾਂ...
ਅਤੇ ਸਭ ਤੋਂ ਉੱਚੀ ਇਮਾਰਤ 'ਤੇ ਚੜ੍ਹੋ.
ਮੈਂ ਬੱਚਿਆਂ ਨਾਲ ਸਕੂਲਾਂ ਵਿੱਚ ਲੁਕਣਮੀਟੀ ਖੇਡਦਾ ਹਾਂ...
ਅਤੇ ਪੁਰਾਣੇ ਨੂੰ ਮੇਰੇ ਮੋਢੇ ਉਧਾਰ.
ਮੈਂ ਸਿਪਾਹੀਆਂ ਨਾਲ ਸਭ ਤੋਂ ਉੱਚੇ ਗਲੇਸ਼ੀਅਰਾਂ 'ਤੇ ਚੜ੍ਹਦਾ ਹਾਂ...
ਮੈਂ ਸਰਹੱਦਾਂ ਦੀ ਰਾਖੀ ਕਰਦਾ ਹਾਂ।
ਅਤੇ ਕਈ ਵਾਰ ਮੈਂ ਅਸਾਮ ਵਿੱਚ ਜੰਗਲੀ ਹਾਥੀਆਂ ਦੀ ਸਵਾਰੀ ਕਰਦਾ ਹਾਂ...
ਅਤੇ ਕਈ ਵਾਰ ਮੈਂ ਕੇਰਲਾ ਦੇ ਬੈਕਵਾਟਰਾਂ ਵਿੱਚ
ਪੈਡਲ ਕਿਸ਼ਤੀਆਂ ਚਲਾ ਲੈਂਦਾ ਹਾਂ।
ਮੈਂ ਤਾਜ ਮਹਿਲ ਦੀਆਂ ਮੀਨਾਰਾਂ ਨੂੰ ਪਾਲਿਸ਼ ਕਰਦਾ ਹਾਂ...
ਅਤੇ ਲਾਲ ਕਿਲ੍ਹੇ ਦੀਆਂ ਕਿਨਾਰਿਆਂ 'ਤੇ ਮੋਰ ਵਾਂਗ ਘੁੰਮਣਾ ...
ਮੈਂ ਕੁਤੁਬ ਮੀਨਾਰ ਉੱਤੇ ਇੱਕ ਵਾਰ ਵਿੱਚ ਦੋ ਕਦਮ ਚੁੱਕਦਾ ਹਾਂ...
ਜਾਂ ਪ੍ਰਾਚੀਨ ਮੰਦਰ ਦੀਆਂ ਘੰਟੀਆਂ ਵਜਾਓ।
ਮੈਂ ਸ਼ਕਤੀਸ਼ਾਲੀ ਗੰਗਾ ਅੱਗੇ ਝੁਕਦਾ ਹਾਂ...
ਅਤੇ ਸ਼ਰਧਾਲੂਆਂ ਦੇ ਨਾਲ ਤੁਰਦੇ ਹਨ।
ਮੈਂ ਅਜਮੇਰ ਵਿੱਚ ਸੂਫ਼ੀਆਂ ਦੇ ਨਾਲ ਘੜਾ ਹਿਲਾਉਂਦਾ ਹਾਂ..
ਮੈਂ ਸੰਤਾਂ ਦੀਆਂ ਕਬਰਾਂ ਤੇ ਚਾਦਰਾਂ ਲਾਉਂਦਾ ਹਾਂ..
ਮੈਂ ਉੱਚੇ ਹਿਮਾਲਿਆ ਉੱਤੇ ਚੜ੍ਹਦਾ ਹਾਂ।
ਕਿੱਥੇ ਲੱਭਾਂਗੇ ਮੈਨੂੰ, ਭਾਵੇਂ ਕੋਸ਼ਿਸ਼ ਕਰਕੇ ਵੀ...
ਮੈਂ ਮੁਸਲਮਾਨ ਦੀ ਟੋਪੀ ਪਹਿਨਦਾ ਹਾਂ,
ਸਿੱਖ ਦੀ ਦਸਤਾਰ, ਹਿੰਦੂ ਦਾ ਤਿਲਕ।
ਮੈਂ ਈਸਾਈ ਦੀ ਸਲੀਬ ਪਹਿਨਦਾ ਹਾਂ।
ਮੈਂ ਕਦੇ ਬੱਚਾ ਹਾਂ, ਕਦੇ ਜਵਾਨ ਹਾਂ,
ਅਤੇ ਜਦੋਂ ਵੀ ਮੈਂ ਬੁੱਢਾ ਹੋਣਾ ਚਾਹੁੰਦਾ ਹਾਂ.
ਮੈਂ ਸਾਰੇ ਪੂਜਾ ਘਰਾਂ ਵਿੱਚ ਪੂਜਾ ਕਰਦਾ ਹਾਂ ...
ਜਿੱਥੇ ਵੀ ਜਾਵਾਂ ਮੇਰਾ ਸੁਆਗਤ ਹੈ..
ਮੈਂ ਭਾਰਤ ਦੀ ਆਤਮਾ ਹਾਂ।

–ਜ਼ੇਬਾ ਹੁਸੈਨ

## ਆਮ ਆਦਮੀ ਕਲੀਨਿਕਾਂ ਦਾ ਨਵਾਂ ਕੀਰਤੀਮਾਨ

# ਪਿਛਲੇ 18 ਮਹੀਨਿਆਂ 'ਚ 1 ਕਰੋੜ ਲੋਕਾਂ ਨੇ ਕਰਵਾਇਆ ਇਲਾਜ : ਡਾ. ਬਲਬੀਰ ਸਿੰਘ

ਚੰਡੀਗੜ੍ਹ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਮੁੱਢਲੀ ਸਿਹਤ ਸੰਭਾਲ ਨੂੰ ਹੋਰ ਬਿਹਤਰ ਤੇ ਪੁਖ਼ਤਾ ਬਣਾਉਣ ਅਤੇ ਕਾਇਆ-ਕਲਪ ਕਰਨ ਦੇ ਮੱਦੇਨਜ਼ਰ ਸ਼ੁਰੂ ਕੀਤੇ ਗਏ ਮਹੱਤਵਪੂਰਨ ਪ੍ਰਾਜੈਕਟ 'ਆਮ ਆਦਮੀ ਕਲੀਨਿਕਸ' ਨੇ ਇਕ ਹੋਰ ਮੀਲ ਪੱਥਰ ਹਾਸਲ ਕੀਤਾ ਹੈ ਕਿਉਂਕਿ ਆਊਟਪੇਸ਼ੈਂਟ ਵਿਭਾਗ (ਓ.ਪੀ.ਡੀ.) ਦਾ ਅੰਕੜਾ ਮੰਗਲਵਾਰ ਨੂੰ ਇਕ ਕਰੋੜ ਨੂੰ ਪਾਰ ਕਰ ਗਿਆ ਹੈ। ਇਹ ਜਾਣਕਾਰੀ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਦਿੱਤੀ। ਮੰਤਰੀ ਨੇ ਕਿਹਾ, "ਪਿਛਲੇ ਡੇਢ ਸਾਲ ਵਿਚ ਸੂਬੇ ਵਿਚ 1 ਕਰੋੜ ਤੋਂ ਵੱਧ ਲੋਕਾਂ ਨੇ ਇਨ੍ਹਾਂ ਆਮ ਆਦਮੀ ਕਲੀਨਿਕਾਂ ਤੋਂ ਮੁਫ਼ਤ ਇਲਾਜ ਦਾ ਲਾਭ ਲਿਆ ਹੈ।" ਜ਼ਿਕਰਯੋਗ ਹੈ ਕਿ, ਰਾਜ ਵਿਚ ਕੁੱਲ੍ਹ 664 ਆਮ ਆਦਮੀ ਕਲੀਨਿਕ ਹਨ- 236 ਸ਼ਹਿਰੀ ਖੇਤਰਾਂ ਵਿਚ ਅਤੇ 428 ਪੇਂਡੂ ਖੇਤਰਾਂ ਵਿਚ- ਜੋ ਕਿ ਮੁਫਤ ਇਲਾਜ ਪ੍ਰਦਾਨ ਕਰਨ ਦੇ ਨਾਲ-ਨਾਲ 80 ਕਿਸਮਾਂ ਦੀਆਂ ਮੁਫਤ ਦਵਾਈਆਂ ਅਤੇ 38 ਕਿਸਮਾਂ ਦੇ ਮੁਫਤ ਡਾਇਗਨੌਸਟਿਕ ਟੈਸਟਾਂ ਦੀ ਸਹੂਲਤ ਦੇ ਰਹੇ ਹਨ। ਸਾਰੇ ਕਲੀਨਿਕ ਆਈਟੀ ਇਨੇਬਲਡ ਹਨ ਅਤੇ ਡਿਜੀਟਲ ਢੰਗ ਰਾਹੀਂ ਰਜਿਸਟਰੇਸ਼ਨ, ਡਾਕਟਰੀ



ਸਲਾਹ, ਜਾਂਚ ਅਤੇ ਦਵਾਈ ਸਬੰਧੀ ਸੁਝਾਅ ਦੀ ਸਹੂਲਤ ਨਾਲ ਲੈਸ ਹਨ। ਸਿਹਤ ਮੰਤਰੀ ਮੁਫਤ ਦਵਾਈਆਂ, ਐਕਸ-ਰੇ, ਅਲਟਰਾਸਾਊਂਡ, ਫਰਿਸ਼ਤੇ ਸਕੀਮ ਅਤੇ ਆਮ ਆਦਮੀ ਕਲੀਨਿਕਾਂ ਸਮੇਤ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਦੀ ਸਮੀਖਿਆ ਕਰਨ ਲਈ ਸਾਰੇ ਸਿਵਲ ਸਰਜਨਾਂ, ਡਿਪਟੀ ਮੈਡੀਕਲ ਸੁਪਰਡੈਂਟਾਂ ਅਤੇ ਸੀਨੀਅਰ ਮੈਡੀਕਲ ਅਫਸਰਾਂ (ਐਸਐਮਓ) ਨਾਲ ਇਕ ਉੱਚ-ਪੱਧਰੀ ਵਰਚੁਅਲ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਹੱਤਪੂਰਨ 'ਫਰਿਸ਼ਤੇ ਸਕੀਮ' ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਤਹਿਤ ਸੜਕੀ ਹਾਦਸਿਆਂ ਦੇ ਪੀੜਤਾਂ ਦੀ ਕੌਮੀਅਤ, ਜਾਤ ਜਾਂ ਸਮਾਜਿਕ-ਆਰਥਿਕ ਸਥਿਤੀ ਵਿਚਾਰੇ ਬਿਨਾਂ ਪੀੜਤਾਂ ਦਾ ਮੁਫਤ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੋ ਵੀ ਵਿਅਕਤੀ ਸੜਕ ਹਾਦਸੇ ਦੇ ਪੀੜਤ ਨੂੰ ਇਲਾਜ ਲਈ ਹਸਪਤਾਲ ਲੈ ਕੇ ਜਾਵੇਗਾ, ਉਸ ਨੂੰ 2000 ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ, ਜਦਕਿ ਸੜਕ ਹਾਦਸੇ ਦੇ ਪੀੜਤ ਨੂੰ ਹਸਪਤਾਲ ਪਹੁੰਚਾਉਣ ਵਾਲੇ ਵਿਅਕਤੀ ਕੋਲੋਂ, ਬਿਨ੍ਹਾਂ ਉਸ ਦੀ ਰਜ਼ਾਮੰਦੀ, ਤੋਂ ਪੁਲਸ ਜਾਂ ਹਸਪਤਾਲ ਪ੍ਰਸ਼ਾਸਨ ਵੱਲੋਂ ਕੋਈ ਪੁੱਛਗਿੱਛ ਨਹੀਂ ਕੀਤੀ ਜਾਵੇਗੀ। ਸਰਕਾਰੀ ਸਿਹਤ ਕੇਂਦਰਾਂ ਵਿਖੇ ਦਵਾਈਆਂ ਦੀ ਸਪਲਾਈ ਦਾ ਜਾਇਜ਼ਾ ਲੈਂਦਿਆਂ ਡਾ. ਬਲਬੀਰ ਸਿੰਘ ਨੇ ਸਿਵਲ ਸਰਜਨਾਂ ਅਤੇ ਐੱਸ.ਐੱਮ.ਓਜ਼ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਕਿਸੇ ਵੀ ਮਰੀਜ਼ ਨੂੰ ਦਵਾਈਆਂ ਖਰੀਦਣ ਲਈ ਬਾਹਰ ਨਾ ਜਾਣਾ ਪਵੇ। ਉਨ੍ਹਾਂ ਕਿਹਾ ਕਿ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਮੁਫਤ ਦਵਾਈਆਂ ਦਾ ਕਾਫੀ ਸਟਾਕ ਉਪਲੱਬਧ ਹੈ। ਸਿਵਲ ਸਰਜਨਾਂ ਅਤੇ ਐੱਸ.ਐੱਮ.ਓਜ਼ ਨੂੰ ਵੀ ਦਵਾਈਆਂ ਦੀ ਖਰੀਦ ਲਈ ਫੰਡ ਅਲਾਟ ਕੀਤੇ ਗਏ ਹਨ ਤਾਂ ਜੋ ਕਿਸੇ ਖਾਸ ਦਵਾਈ ਦੀ ਘਾਟ ਹੋਣ 'ਤੇ ਉਸ ਦੀ ਖਰੀਦ ਕੀਤੀ ਜਾ ਸਕੇ।

# ਕੋਟਕਪੂਰਾ-ਬਹਿਬਲ ਗੋਲੀ ਕਾਂਡ: ਉਮਰਾਨੰਗਲ ਵੱਲੋਂ ਚਲਾਨ ਰੱਦ ਕਰਨ ਲਈ ਅਰਜ਼ੀ ਦਾਖ਼ਲ

ਫਰੀਦਕੋਟ : ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਕਰ ਰਹੀ ਅਦਾਲਤ ਨੇ ਆਪਣੇ ਹੁਕਮ ਵਿੱਚ ਸਪਸ਼ਟ ਕੀਤਾ ਕਿ ਕਿਸੇ ਵੀ ਧਿਰ ਨੂੰ ਇਨ੍ਹਾਂ ਕੇਸਾਂ ਦੀ ਸੁਣਵਾਈ ਲਮਕਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਅਦਾਲਤ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਤਰਫੋਂ ਪੇਸ਼ ਹੋਏ ਵਕੀਲ ਨੇ ਬੇਲੋੜੀਆਂ ਤਰੀਕਾਂ ਮੰਗੀਆਂ ਹਨ ਜੋ ਵਾਜਬ ਨਹੀਂ। ਇਸੇ ਦਰਮਿਆਨ ਇਨ੍ਹਾਂ ਕੇਸਾਂ ਵਿੱਚ ਮੁਲਜ਼ਮ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਨੇ ਅਦਾਲਤ ਵਿੱਚ ਅਰਜ਼ੀ ਦਾਇਰ ਕਰਕੇ ਮੰਗ ਕੀਤੀ ਹੈ ਕਿ ਉਸ ਖ਼ਿਲਾਫ਼ ਕੋਟਕਪੂਰਾ ਤੇ



ਬਹਿਬਲ ਗੋਲੀ ਕਾਂਡ ਵਿੱਚ ਪੇਸ਼ ਕੀਤੇ ਗਏ ਚਲਾਨਾਂ ਨੂੰ ਰੱਦ ਕੀਤਾ ਜਾਵੇ। ਇਸ ਤੋਂ ਪਹਿਲਾਂ ਫਰੀਦਕੋਟ ਤੇ ਸਾਬਕਾ ਐੱਸਐੱਸਪੀ ਸੁਖਮਿੰਦਰ ਸਿੰਘ ਮਾਨ ਨੇ ਵੀ ਆਪਣੇ ਖ਼ਿਲਾਫ਼ ਚਲਾਨ ਨੂੰ ਰੱਦ ਕਰਨ ਦੀ ਮੰਗ ਕੀਤੀ। ਇਨ੍ਹਾਂ ਕੇਸਾਂ ਦੀ ਸੁਣਵਾਈ ਅਦਾਲਤ 13 ਫਰਵਰੀ ਨੂੰ ਕਰੇਗੀ। ਅਦਾਲਤ ਨੇ ਪੰਜਾਬ ਸਰਕਾਰ ਨੂੰ ਉਮਰਾਨੰਗਲ ਵੱਲੋਂ ਦਾਇਰ ਅਰਜ਼ੀ ਦਾ ਜਵਾਬ ਅਗਲੀ ਸੁਣਵਾਈ ਤੋਂ ਪਹਿਲਾਂ ਪੇਸ਼ ਕਰਨ ਦਾ ਆਦੇਸ਼ ਦਿੱਤਾ। ਸੁਣਵਾਈ ਦੌਰਾਨ ਸਾਬਕਾ ਐਸ.ਐਸ.ਪੀ ਚਰਨਜੀਤ ਸ਼ਰਮਾ ਅਦਾਲਤ ਵਿੱਚ ਹਾਜ਼ਰ ਰਹੇ ਜਦਕਿ ਸੁਖਬੀਰ ਸਿੰਘ ਬਾਦਲ, ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐੱਸਐੱਸਪੀ ਸੁਖਮਿੰਦਰ ਸਿੰਘ ਮਾਨ ਅਤੇ ਬਾਕੀ ਮੁਲਜ਼ਮਾਂ ਨੇ ਪੇਸ਼ੀ ਵੀਡੀਓ ਕਾਨਫਰੰਸ ਰਾਹੀਂ ਭੁਗਤੀ।

5 ਫਰਵਰੀ : ਅੱਜ ਦੇ ਦਿਨ 'ਤੇ ਵਿਸ਼ੇਸ਼

# ਸਿੱਖ ਕੌਮ ਦੇ ਲਹੂ ਭਿੱਜੇ ਪੰਨਿਆਂ ਦੀ ਦਾਸਤਾਨ : ਵੱਡਾ ਘੱਲੂਘਾਰਾ



ਜਦੋਂ ਖ਼ਾਲਸਾ ਪੰਥ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਮੁਗ਼ਲ ਰਾਜ ਦੇ ਤਾਕਤਵਰ ਸੂਬਾ ਸਰਹਿੰਦ ਨੂੰ ਸੋਧ ਕੇ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ ਅਤੇ ਸਿੱਖ ਕੌਮ ਲਈ ਮੁਖ਼ਲਿਸਪੁਰ ਲੋਹਗੜ੍ਹ ਰਾਜਧਾਨੀ ਦਾ ਐਲਾਨ ਕਰ ਕੇ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ ਦਾ ਸਿੱਕਾ ਚਲਾਇਆ ਤਾਂ ਸਿੱਖ ਕੌਮ ਵਿਚ ਇਕ ਨਵਾਂ ਅਧਿਆਇ ਆਰੰਭ ਹੋ ਗਿਆ ਸੀ।

ਉਸ ਦੌਰ ਵਿਚ ਪੰਜਾਬ ਦੇ ਗਵਰਨਰ ਅਬਦੁਲ ਸਮੱਦ ਖ਼ਾਨ ਨੇ ਸਿੱਖਾਂ ਨੂੰ ਖ਼ਤਮ ਕਰਨ ਦੇ ਅਜੇ ਪੂਰੇ ਤਰੀਕੇ ਅਪਣਾਏ ਨਹੀਂ ਸਨ ਕਿ 1726 ਈ: ਨੂੰ ਉਸ ਦੀ ਥਾਂ ਉਸ ਦਾ ਬੇਟਾ ਜ਼ਕਰੀਆ ਖ਼ਾਨ ਪੰਜਾਬ ਦਾ ਗਵਰਨਰ ਬਣ ਗਿਆ। ਜ਼ਕਰੀਆ ਖ਼ਾਨ ਨੇ ਸਿੰਘਾਂ 'ਤੇ ਅੰਨ੍ਹਾ ਤਸ਼ੱਦਦ ਕੀਤਾ, ਸਿੰਘਾਂ ਦੇ ਸਿਰਾਂ ਦੇ ਮੁੱਲ ਪਾਏ ਗਏ ਅਤੇ 1745 ਈ: ਨੂੰ ਜ਼ਕਰੀਆ ਖ਼ਾਨ ਦੀ ਮੌਤ ਤੋਂ ਬਾਅਦ 1745 ਤੋਂ 1747 ਈ: ਤੱਕ ਉਸ ਦੇ ਬੇਟੇ ਯਹੀਆ ਖ਼ਾਨ ਨੇ ਹਕੂਮਤ ਕੀਤੀ। ਇਸ ਸਮੇਂ ਦੌਰਾਨ ਮਈ 1746 ਈ: ਨੂੰ ਛੋਟਾ ਘੱਲੂਘਾਰਾ ਵਾਪਰਿਆ। ਸ਼ਾਹ ਨਵਾਜ਼ ਖ਼ਾਨ ਨੇ 1747 ਤੋਂ 1748 ਈ: ਤੱਕ ਰਾਜ ਕੀਤਾ ਅਤੇ ਉਸਨੇ ਆਪਣੇ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਅਹਿਮਦ ਸ਼ਾਹ ਅਬਦਾਲੀ ਨੂੰ ਅਫ਼ਗਾਨਿਸਤਾਨ ਤੋਂ ਆਉਣ ਦਾ ਸੱਦਾ ਦਿੱਤਾ ਜਦ ਕਿ ਨਾਦਰਸ਼ਾਹ ਦੁਰਾਨੀ ਜਿਸ ਨੇ 1738-39 ਵਿਚ ਭਾਰਤ 'ਤੇ ਹਮਲਾ ਕੀਤਾ ਸੀ, ਦੇ ਹਮਲੇ ਨਾਲ ਮੁਗਲ ਸਾਮਰਾਜ ਖੋਖਲਾ ਹੋ ਚੁੱਕਿਆ ਸੀ। ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ 'ਤੇ ਕਈ ਹਮਲੇ ਕੀਤੇ ਅਤੇ ਹਰ ਹਮਲੇ ਵਿਚ ਹਿੰਦੁਸਤਾਨ ਨੂੰ ਖ਼ੂਬ ਲੁੱਟਿਆ ਅਤੇ ਵਾਪਸ ਜਾਂਦੇ ਸਮੇਂ ਉਹ ਅਣਗਿਣਤ ਧਨ, ਦੌਲਤ, ਕੀਮਤੀ ਸਾਮਾਨ ਤੇ ਨੌਜਵਾਨ ਲੜਕੇ-ਲੜਕੀਆਂ ਨੂੰ ਕੈਦ ਕਰ ਕੇ ਲੈ ਜਾਂਦਾ ਰਿਹਾ। ਜਦ ਅਹਿਮਦ ਸ਼ਾਹ ਅਬਦਾਲੀ ਨੇ ਚੌਥਾ ਹਮਲਾ ਕੀਤਾ ਤਾਂ ਉਹ ਦਿੱਲੀ ਵਿਚ ਆਪਣੀਆਂ ਫ਼ੌਜਾਂ ਨਾਲ ਬਿਨਾਂ ਕੋਈ ਲੜਾਈ ਕੀਤਿਆਂ ਵੜ ਗਿਆ। ਹਿੰਦੁਸਤਾਨ ਵਿਚ ਅਫ਼ਗਾਨੀਆਂ ਨੂੰ ਰੋਕਣ ਵਾਲਾ ਕੋਈ ਨਹੀਂ ਸੀ। ਜੇ ਕੋਈ ਅਫ਼ਗਾਨੀਆਂ ਦਾ ਟਾਕਰਾ ਕਰ ਸਕਦਾ ਸੀ ਤਾਂ ਉਹ ਮਰਹੱਟੇ ਜਾਂ ਸਿੰਘ ਸਰਦਾਰ ਸਨ। ਪਰ ਅਹਿਮਦ ਸ਼ਾਹ ਅਬਦਾਲੀ ਨੇ ਪਾਣੀਪਤ ਦੀ ਲੜਾਈ ਵਿਚ 14 ਜਨਵਰੀ, 1761 ਈ: ਨੂੰ ਮਰਹੱਟਿਆਂ ਦਾ ਲੱਕ ਤੋੜ ਦਿੱਤਾ ਸੀ। ਅਹਿਮਦ ਸ਼ਾਹ ਅਬਦਾਲੀ ਸਿੱਖਾਂ ਦੀ ਤਾਕਤ ਨੂੰ ਕੋਈ ਬਹੁਤੀ ਵੱਡੀ ਤਾਕਤ ਨਹੀਂ ਸੀ ਸਮਝਦਾ।

ਅਹਿਮਦ ਸ਼ਾਹ ਅਬਦਾਲੀ ਦਾ ਭੁਲੇਖਾ ਉਸ ਸਮੇਂ ਦੂਰ ਹੋ ਗਿਆ ਜਦ ਅਫ਼ਗਾਨੀ ਫ਼ੌਜਾਂ ਦਿੱਲੀ ਤੋਂ ਲਾਹੌਰ ਵਾਪਸ ਜਾ ਰਹੀਆਂ ਸਨ ਤਾਂ ਸਿੱਖ ਜਥਿਆਂ ਨੇ ਅਫ਼ਗਾਨੀ ਫ਼ੌਜਾਂ ਤੋਂ ਮਾਲ ਲੁੱਟ ਕੇ ਉਨ੍ਹਾਂ ਨੂੰ ਹਲਕਾ ਕਰ ਦਿੱਤਾ ਅਤੇ ਗੋਇੰਦਵਾਲ ਦੇ ਕੋਲ ਹਮਲਾ ਕਰ ਕੇ 2200 ਹਿੰਦੂ ਔਰਤਾਂ ਨੂੰ ਅਫ਼ਗਾਨਾਂ ਦੇ ਪੰਜੇ ਵਿਚੋਂ ਆਜ਼ਾਦ ਕਰਵਾਇਆ। ਅਹਿਮਦ ਸ਼ਾਹ ਅਬਦਾਲੀ ਵਾਪਸ ਜਾਣ ਤੋਂ ਪਹਿਲਾਂ ਜਿਨ੍ਹਾਂ ਜਰਨੈਲਾਂ ਨੂੰ ਲਾਹੌਰ ਦੀ ਸੰਭਾਲ ਸੌਂਪ ਕੇ ਗਿਆ ਸੀ, ਉਨ੍ਹਾਂ ਤੋਂ ਸਿੰਘ ਸਰਦਾਰਾਂ ਨੇ ਅਹਿਮਦ ਸ਼ਾਹ ਦੇ ਜਾਣ ਤੋਂ ਬਾਅਦ ਲਾਹੌਰ ਦਾ ਕਬਜ਼ਾ ਖੋਹ ਲਿਆ। ਖ਼ਾਲਸਾ ਪੰਥ ਨੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਲਾਹੌਰ ਦਾ ਬਾਦਸ਼ਾਹ ਬਣਾ ਕੇ ਖ਼ਾਲਸੇ ਦੇ ਨਾਂਅ ਦਾ ਸਿੱਕਾ ਜਾਰੀ ਕੀਤਾ।

ਅਹਿਮਦਸ਼ਾਹ ਅਬਦਾਲੀ ਨੂੰ ਜਦ ਲਾਹੌਰ 'ਤੇ ਸਿੰਘਾਂ ਵਲੋਂ ਕਬਜ਼ਾ ਕਰ ਕੇ ਸਿੱਕਾ ਜਾਰੀ ਕਰਨ ਬਾਰੇ ਖ਼ਬਰਾਂ ਮਿਲੀਆਂ ਤਾਂ ਉਹ ਸੜ ਬਲ ਕੇ ਕ੍ਰੋਧ ਵਿਚ ਆ ਗਿਆ। ਪੰਜਾਬ ਦੇ ਕਾਜ਼ੀ ਮੁੱਲਾਂ ਤਾਂ ਪਹਿਲਾਂ ਹੀ ਅਹਿਮਦਸ਼ਾਹ ਦੇ ਕੰਨ ਭਰ ਰਹੇ ਸਨ। ਅਹਿਮਦ ਸ਼ਾਹ ਅਬਦਾਲੀ ਨੇ ਇਹ ਧਾਰ ਕੇ ਪੰਜਾਬ ਵੱਲ ਫ਼ੌਜਾਂ ਭੇਜੀਆਂ ਕਿ ਜਿਸ ਤਰ੍ਹਾਂ ਉਸ ਨੇ ਮਰਾਠਿਆਂ ਨੂੰ ਖ਼ਤਮ ਕੀਤਾ ਹੈ, ਉਸੇ ਤਰ੍ਹਾਂ ਉਹ ਸਿੱਖਾਂ ਦਾ ਖੁਰਾ-ਖੋਜ ਮਿਟਾ ਦੇਵੇਗਾ। ਅਹਿਮਦ ਸ਼ਾਹ ਅਬਦਾਲੀ ਫ਼ੌਜਾਂ ਲੈ ਕੇ ਚੁੱਪ-ਚੁਪੀਤੇ ਲਾਹੌਰ ਪਹੁੰਚਿਆ, ਜਿਥੇ ਉਸ ਨੂੰ ਪਤਾ ਲੱਗਿਆ ਕਿ ਸਿੱਖ ਜਥੇ ਤਾਂ ਸਰਹਿੰਦ ਵੱਲ ਵਿਚਰ ਰਹੇ ਹਨ। ਅਹਿਮਦ ਸ਼ਾਹ ਛੇਤੀ ਤੋਂ ਛੇਤੀ ਖ਼ਾਲਸਾ ਫ਼ੌਜਾਂ ਨਾਲ ਟਾਕਰਾ ਕਰ ਕੇ ਉਨ੍ਹਾਂ ਨੂੰ ਖ਼ਤਮ ਕਰਨਾ ਚਾਹੁੰਦਾ ਸੀ। ਅਹਿਮਦ ਸ਼ਾਹ ਅਬਦਾਲੀ ਨੇ ਆਪਣੀਆਂ ਫ਼ੌਜਾਂ ਨੂੰ ਤਿੰਨਾਂ ਹਿੱਸਿਆਂ ਵਿਚ ਵੰਡਿਆ। ਇਕ ਹਿੱਸਾ ਆਪਣੇ ਅਧੀਨ, ਇਕ ਹਿੱਸਾ ਆਪਣੇ ਵਜ਼ੀਰ ਸ਼ਾਹਵਲੀ ਖਾਂ ਅਧੀਨ ਅਤੇ ਤੀਜਾ ਹਿੱਸਾ ਜਹਾਨ ਖਾਂ ਅਧੀਨ। ਖ਼ਾਲਸਾ ਪੰਥ ਇਸ ਸਮੇਂ ਕੁੱਪ ਪਿੰਡ ਦੇ ਕੋਲ ਇਕੱਠਾ ਹੋਇਆ ਸੀ ਅਤੇ ਸਿੰਘ ਸਰਦਾਰ ਚਾਹੁੰਦੇ ਸਨ ਕਿ ਬੱਚੇ, ਬੁੱਢੇ, ਬੀਬੀਆਂ ਨੂੰ ਲੱਖੀ ਜੰਗਲ ਦੇ ਇਲਾਕੇ ਵਿਚ ਪਹੁੰਚਾ ਦਿੱਤਾ ਜਾਵੇ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਸੀ ਕਿ ਅਹਿਮਦ ਸ਼ਾਹ ਜ਼ਰੂਰ ਆਵੇਗਾ। ਸਿੱਖਾਂ ਨੂੰ ਉਮੀਦ ਸੀ ਕਿ ਅਬਦਾਲੀ 6 ਜਾਂ 7 ਫਰਵਰੀ ਤੋਂ ਪਹਿਲਾਂ ਨਹੀਂ ਪਹੁੰਚ ਸਕੇਗਾ। ਅਬਦਾਲੀ ਜਦ ਮਾਲੇਰਕੋਟਲੇ ਪਹੁੰਚਿਆ ਤਾਂ ਅਫ਼ਗਾਨਾਂ ਦੇ ਆਉਣ ਦਾ ਪਤਾ ਸਿੰਘਾਂ ਨੂੰ ਲੱਗਿਆ। ਅਬਦਾਲੀ ਨੇ ਆਪਣਾ 150 ਮੀਲ ਦਾ ਸਫ਼ਰ ਕੁਝ ਘੰਟਿਆਂ ਵਿਚ ਮੁਕਾ ਕੇ ਸਿੰਘਾਂ ਲਈ ਸਮੱਸਿਆ ਪੈਦਾ ਕਰ ਦਿੱਤੀ। ਸਿੰਘ ਵਹੀਰ ਨੂੰ ਬਚਾਉਂਦੇ ਹੋਏ ਅੱਗੇ ਵਧਣ ਲੱਗੇ ਤਾਂ ਉਸ ਸਮੇਂ ਸਿੱਖਾਂ ਨੂੰ

**ਹਰਵਿੰਦਰ ਸਿੰਘ ਖਾਲਸਾ, ਬਠਿੰਡਾ**

ਰੋਕਣ ਲਈ ਜੈਨ ਖ਼ਾਂ ਅੱਗੇ ਵਧਿਆ ਜੋ ਸਰਹਿੰਦ ਦਾ ਫ਼ੌਜਦਾਰ ਸੀ। ਇਸ ਲੜਾਈ ਵਿਚ ਜੈਨ ਖ਼ਾਂ ਦੇ ਮਗਰਲੇ ਦਸਤੇ ਨੂੰ ਜੋ ਕਾਸਿਮ ਖਾਂ ਦੇ ਅਧੀਨ ਸੀ, ਸਿੰਘਾਂ ਨੇ ਬੁਰੀ ਤਰ੍ਹਾਂ ਭਾਂਜ ਦਿੱਤੀ ਅਤੇ ਉਸ ਨੂੰ ਪਿਛੇ ਹਟਣਾ ਪਿਆ।

ਇਸ ਸਮੇਂ ਅਹਿਮਦ ਸ਼ਾਹ ਅਬਦਾਲੀ ਵੱਡੀ ਫ਼ੌਜ ਲੈ ਕੇ ਪਹੁੰਚ ਗਿਆ। ਇਹ ਘਟਨਾ 5 ਫਰਵਰੀ, 1762 ਈ: ਦੀ ਹੈ। ਸਿੱਖ ਫ਼ੌਜਾਂ ਮੁਗਲਾਂ ਨਾਲ ਟਾਕਰਾ ਕਰ ਰਹੀਆਂ ਸਨ ਅਤੇ ਨਾਲ ਹੀ ਉਨ੍ਹਾਂ ਨੂੰ ਆਪਣੇ ਪਰਿਵਾਰਾਂ, ਬੱਚਿਆਂ, ਸਿੰਘਣੀਆਂ ਤੇ ਬਜ਼ੁਰਗਾਂ ਦਾ ਫ਼ਿਕਰ ਵੀ ਸੀ। ਅਫ਼ਗਾਨੀ ਫ਼ੌਜਾਂ ਨੇ ਸਾਰੇ ਪਾਸਿਉਂ ਸਿੱਖਾਂ 'ਤੇ ਹਮਲਾ ਕਰ ਦਿੱਤਾ। ਸਿੰਘ ਚਾਰੇ ਪਾਸਿਉਂ ਘਿਰ ਗਏ ਸਨ ਪਰ ਖ਼ਾਲਸਾ ਫ਼ੌਜਾਂ ਕਿਲ੍ਹਾ ਬਣਾਈ ਅਫ਼ਗਾਨਾਂ ਦਾ ਟਾਕਰਾ ਕਰਦੀਆਂ ਹੋਈਆਂ ਹੌਲੀ-ਹੌਲੀ ਪਿੱਛੇ ਹਟ ਰਹੀਆਂ ਸਨ। ਅਫ਼ਗਾਨ ਫ਼ੌਜਾਂ ਨੇ ਕਈ ਵਾਰ ਭਾਰੀ ਹਮਲਾ ਕਰ ਕੇ ਸਿੰਘਾਂ ਦੁਆਰਾ ਬਣਾਈ ਕੰਧ ਨੂੰ ਤੋੜ ਕੇ ਸਿੰਘਾਂ ਦੇ ਵਿਚ ਘੁਸਣਾ ਚਾਹਿਆ ਪਰ ਕਾਮਯਾਬ ਨਾ ਹੋ ਸਕੇ। ਇਸ ਤਰ੍ਹਾਂ ਲੜਦਾ-ਭਿੜਦਾ ਖ਼ਾਲਸਾ ਕੁਤਬੇ ਬਾਹਮਣੀ ਤੱਕ ਅੱਪੜ ਗਿਆ, ਜਿਥੇ ਦੋਵਾਂ ਫ਼ੌਜਾਂ ਨੇ ਪਾਣੀ ਦੀ ਢਾਬ ਤੋਂ ਪਾਣੀ ਪੀਤਾ ਅਤੇ ਘੋੜਿਆਂ ਨੂੰ ਪਿਲਾਇਆ। ਅਫ਼ਗਾਨਾਂ ਤੇ ਸਿੰਘਾਂ ਨੂੰ ਲੜਾਈ ਲੜਦਿਆਂ ਸ਼ਾਮ ਪੈ ਗਈ। ਦੂਜੇ ਪਾਸੇ ਸੈਂਕੜੇ ਅਫ਼ਗਾਨਾਂ ਨੇ ਨਿਹੱਥੇ ਬੱਚਿਆਂ, ਬੁੱਢਿਆਂ ਅਤੇ ਬੀਬੀਆਂ 'ਤੇ ਹਮਲਾ ਕਰ ਕੇ ਉਨ੍ਹਾਂ ਨੂੰ ਸ਼ਹੀਦ ਕਰਨਾ ਸ਼ੁਰੂ ਕਰ ਦਿੱਤਾ।

ਅਫ਼ਗਾਨਾਂ ਅਤੇ ਸਿੰਘਾਂ ਦੀ ਲੜਾਈ ਕੁੱਪ ਤੋਂ ਸ਼ੁਰੂ ਹੋ ਕੇ ਕੁਤਬੇ ਪਿੰਡ ਜਾ ਕੇ ਖਤਮ ਹੋਈ। ਅਹਿਮਦ ਸ਼ਾਹ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਵਹੀਰ ਅਤੇ ਖ਼ਾਲਸਾ ਫ਼ੌਜਾਂ ਨੂੰ ਅੱਡ-ਅੱਡ ਕਰ ਦਿੱਤਾ ਜਾਵੇ ਤਾਂ ਜੋ ਉਹ ਵਹੀਰ ਦਾ ਕਤਲੇਆਮ ਕਰ ਦੇਵੇ ਪਰ ਉਹ ਉਸ ਸਮੇਂ ਕਾਮਯਾਬ ਨਾ ਹੋ ਸਕਿਆ। ਅਖ਼ੀਰ ਉਹ ਲੜਾਈ ਦੀ ਕਮਾਨ ਜਹਾਨ ਖ਼ਾਨ ਨੂੰ ਦੇ ਕੇ ਆਪ ਮਲੇਰਕੋਟਲਾ ਵੱਲ ਚਲਾ ਗਿਆ। ਇਸ ਘੱਲੂਘਾਰੇ ਵਿਚ 35000 ਦੇ ਕਰੀਬ ਸਿੰਘ, ਸਿੰਘਣੀਆਂ, ਭੁਝੰਗੀ ਅਤੇ ਬਜ਼ੁਰਗ ਸ਼ਹੀਦੀਆਂ ਪਾ ਗਏ। ਸ਼ਹੀਦੀਆਂ ਪਾਉਣ ਵਾਲਿਆਂ ਵਿਚ ਜ਼ਿਆਦਾ ਗਿਣਤੀ ਵਹੀਰਿਆਂ ਦੀ ਸੀ। ਅਹਿਮਦ ਸ਼ਾਹ ਅਬਦਾਲੀ ਇਹ ਸਮਝਦਾ ਸੀ ਕਿ ਹੁਣ ਸਿੰਘ ਵੀ ਮਰਾਠਿਆਂ ਦੀ ਤਰ੍ਹਾਂ ਦਬ ਜਾਣਗੇ ਪਰ ਸਿੰਘਾਂ ਨੇ ਤਿੰਨ ਮਹੀਨੇ ਬਾਅਦ ਸਰਹਿੰਦ 'ਤੇ ਹਮਲਾ ਕਰ ਕੇ ਫ਼ਤਹਿ ਹਾਸਲ ਕੀਤੀ। ਅਖ਼ੀਰ ਜੈਨ ਖ਼ਾਨ ਨੇ 50,000 ਰੁਪਏ ਸਿੰਘਾਂ ਨੂੰ ਦੇ ਕੇ ਸਮਝੌਤਾ ਕੀਤਾ। ਸਿੰਘਾਂ ਨੇ ਅਗਸਤ 1762 ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਮੁੜ-ਮੁਰੰਮਤ ਅਤੇ ਸਰੋਵਰ ਦੀ ਸਫ਼ਾਈ ਸ਼ੁਰੂ ਕੀਤੀ।

ਅਹਿਮਦ ਸ਼ਾਹ ਅਬਦਾਲੀ ਅਕਤੂਬਰ ਮਹੀਨੇ ਲਾਹੌਰ ਪਹੁੰਚਿਆ, ਇਸੇ ਮਹੀਨੇ ਦੀਵਾਲੀ ਦਾ ਤਿਉਹਾਰ ਸੀ। ਉਸ ਨੂੰ ਉਮੀਦ ਸੀ ਕਿ ਸਿੱਖ ਦੀਵਾਲੀ ਦੇ ਸਮੇਂ ਸ੍ਰੀ ਅੰਮ੍ਰਿਤਸਰ ਇਕੱਠੇ ਹੋਣਗੇ ਅਤੇ ਉਸ ਸਮੇਂ ਸਿੱਖਾਂ 'ਤੇ ਹਮਲਾ ਕਰ ਕੇ ਉਨ੍ਹਾਂ ਨੂੰ ਖ਼ਤਮ ਕਰ ਦਿੱਤਾ ਜਾਵੇਗਾ। ਸਿੰਘ ਪਹਿਲਾਂ ਹੀ ਤਿਆਰੀ ਵਿਚ ਸਨ। ਅਹਿਮਦ ਸ਼ਾਹ ਅਬਦਾਲੀ ਨੇ 17 ਅਕਤੂਬਰ, 1762 ਈ: ਨੂੰ ਦੀਵਾਲੀ ਵਾਲੇ ਦਿਨ ਸਿੰਘਾਂ 'ਤੇ ਹਮਲਾ ਕਰ ਦਿੱਤਾ ਪਰ ਸਿੰਘ ਇੰਨੀ ਬਹਾਦਰੀ ਨਾਲ ਲੜੇ ਕਿ ਅਬਦਾਲੀ ਨੂੰ ਨਾਨੀ ਚੇਤੇ ਕਰਵਾ ਦਿੱਤੀ। ਅਹਿਮਦ ਸ਼ਾਹ ਅਬਦਾਲੀ ਅੰਮ੍ਰਿਤਸਰ ਤੋਂ ਫ਼ੌਜਾਂ ਸਮੇਤ ਲਾਹੌਰ ਭੱਜ ਗਿਆ। ਸਿੰਘਾਂ ਨੇ ਉਸ ਦਾ ਪਿੱਛਾ ਕੀਤਾ। ਅਹਿਮਦ ਸ਼ਾਹ ਲਾਹੌਰ ਵੀ ਨਹੀਂ ਠਹਿਰਿਆ ਅਤੇ ਉਸ ਨੇ ਅਟਕ ਪਾਰ ਕਰ ਕੇ ਸਾਹ ਲਿਆ। ਜਦੋਂ ਸਿੰਘ ਕੰਧਾਂ ਤੇ ਦਰਵਾਜ਼ੇ ਤੋੜ ਕੇ ਲਾਹੌਰ ਅੰਦਰ ਵੜੇ, ਉਸ ਸਮੇਂ ਤੱਕ ਸ਼ਿਕਾਰ ਹੱਥੋਂ ਨਿਕਲ ਚੁੱਕਿਆ ਸੀ। ਡਾ: ਹਰੀ ਰਾਮ ਗੁਪਤਾ ਦੇ ਕਥਨ ਅਨੁਸਾਰ 'ਅਬਦਾਲੀ ਫ਼ੌਜਾਂ ਸ਼ਸਤਰਾਂ ਵਿਚ ਤੇ ਯੁੱਧ ਕਲਾ ਵਿਚ ਬਹੁਤ ਪਰਬੀਨ ਸਨ। ਲੜਾਈ ਦੇ ਹਿਸਾਬ ਨਾਲ ਸਿੱਖਾਂ ਕੋਲ ਨਾ ਪੂਰੇ ਹਥਿਆਰ ਸਨ ਤੇ ਨਾ ਹੀ ਯੁੱਧ ਕਲਾ ਦੀ ਸਿੱਖਿਆ ਸੀ ਜੋ ਡਟਵੀਂ ਲੜਾਈ ਵਿਚ ਕੰਮ ਆਉਂਦੀ ਹੈ, ਪਰ ਉਹ ਜੋਸ਼ ਨਾਲ ਜੂਝਦੇ ਸਨ ਤੇ ਗੁਰੂ ਵਾਸਤੇ ਸਭ ਕੁਝ ਕੁਰਬਾਨ ਕਰਨ ਨੂੰ ਤਿਆਰ ਸਨ। ਇਸ ਲੜਾਈ ਵਿਚ ਕੁੱਪ ਤੋਂ ਬਰਨਾਲੇ ਤੱਕ ਸਾਰੇ ਇਲਾਕੇ ਵਿਚ ਲੋਥਾਂ ਹੀ ਲੋਥਾਂ ਖਿਲਰੀਆਂ ਹੋਈਆਂ ਸਨ। ਸਿੱਖ ਪੰਥ ਇਸ ਨੂੰ ਵੱਡੇ ਘਲੂਘਾਰੇ ਦੇ ਤੌਰ 'ਤੇ ਯਾਦ ਕਰਦਾ ਆ ਰਿਹਾ ਹੈ, ਜਿਥੇ ਇਕ ਦਿਨ ਦੇ ਵਿਚ ਇੰਨੀਆਂ ਸ਼ਹੀਦੀਆਂ ਹੋਈਆਂ। ਸਮੁੱਚਾ ਪੰਥ ਵੱਡੇ ਘਲੂਘਾਰੇ ਦੌਰਾਨ ਸ਼ਹੀਦ ਹੋਣ ਵਾਲੇ ਸਿੰਘਾਂ, ਸਿੰਘਣੀਆਂ ਤੇ ਭੁਝੰਗੀਆਂ ਨੂੰ ਪ੍ਰਣਾਮ ਕਰਦਾ ਹੈ।

# ਨਾਤਾ ਪ੍ਰਥਾ, ਇਕ ਸਮਾਜਿਕ ਕਲੰਕ

ਸਾਲ 2017 ਵਿਚ ਰਾਜਸਥਾਨ ਦੇ ਬਾਂਸਬਾੜਾ ਜ਼ਿਲ੍ਹੇ ਦੇ ਕਲਿੰਜਰਾ ਥਾਣਾ ਇਲਾਕੇ ਵਿਚ ਪ੍ਰੇਮ ਸਬੰਧਾਂ ਦੇ ਚਲਦਿਆਂ ਇਕ ਲੜਕਾ ਲੜਕੀ ਨੂੰ ਪਿਆਰ ਕਰਨ ਦੀ ਉਨ੍ਹਾਂ ਦੇ ਪਿੰਡ ਅਤੇ ਪਰਿਵਾਰ ਵਾਲਿਆਂ ਨੇ ਇਹੋ ਜਿਹੀ ਸਜ਼ਾ ਦਿੱਤੀ, ਜਿਹਦੇ ਬਾਰੇ ਵਿਚ ਹਰੇਕ ਸੁਣਨ ਵਾਲੇ ਦਾ ਰੋਮ ਰੋਮ ਖੜ੍ਹਾ ਹੋ ਗਿਆ। ਪਹਿਲਾਂ ਦੋਹਾਂ ਨੂੰ ਨੰਗਿਆਂ ਕਰ ਸਾਰੇ ਪਿੰਡ ਘੁੰਮਾਇਆ ਗਿਆ, ਫਿਰ ਲੜਕੀ ਦਾ 80 ਹਜ਼ਾਰ ਵਿਚ ਨਾਤਾ ਕਰ ਦਿੱਤਾ ਗਿਆ। ਇਸੇ ਤਰ੍ਹਾਂ ਰਾਜਸਮੰਦ ਜ਼ਿਲ੍ਹੇ ਦੇ ਆਦਿਵਾਸੀ ਇਲਾਕਿਆਂ 'ਚ ਕਈ ਔਰਤਾਂ ਦੇ ਨਾਤਾ ਦੇ ਤਹਿਤ ਆਪਣੀ ਮਰਜ਼ੀ ਦੇ ਵਿਰੁੱਧ ਕਈ ਵਾਰ ਦੁਬਾਰਾ ਵਿਆਹ ਕਰਨ ਦੇ ਮਾਮਲੇ ਸਾਹਮਣੇ ਆਏ। ਨਾਤਾ, ਨਾਤਰਾ ਅਤੇ ਨਾਤਰੀ ਇਕ ਜਿਹੋ ਜਿਹੀ ਪ੍ਰਥਾ ਹੈ, ਜਿਹਦੇ 'ਚ ਬਿਨਾ ਸ਼ਾਦੀ ਦੇ ਲੜਕੀ ਨੂੰ ਲੜਕੇ ਦੇ ਨਾਲ ਰਹਿਣ ਦੇ ਲਈ ਮਜਬੂਰ ਕੀਤਾ ਜਾਂਦਾ ਹੈ। ਪ੍ਰਦੇਸ਼ ਦੀਆਂ ਕੁਝ ਜਾਤੀਆਂ ਨੂੰ ਛੱਡ ਕੇ ਕਿਸੇ ਦੂਸਰੇ ਆਦਮੀ ਦੇ ਨਾਲ ਰਹਿ ਸਕਦੀ ਹੈ। ਐਨਾ ਹੀ ਨਹੀਂ, ਆਦਮੀ ਵੀ ਕਿਸੇ ਵਿਆਹੀ ਔਰਤ ਨੂੰ ਉਸ ਦੀ ਸਹਿਮਤੀ ਨਾਲ ਲਿਆ ਕੇ ਪਤਨੀ ਦੇ ਰੂਪ 'ਚ ਰੱਖ ਸਕਦਾ ਹੈ। ਅਸਲ 'ਚ ਨਾਤਾ ਪ੍ਰਥਾ 'ਚ ਔਰਤ ਜਾਂ ਆਦਮੀ ਨੂੰ ਸ਼ਾਦੀ ਕਰਨ ਦੀ ਜ਼ਰੂਰਤ ਨਹੀਂ ਹੁੰਦੀ ਹੈ ਅਤੇ ਨਾ ਹੀ ਕਿਸੇ ਕਿਸਮ ਦੇ ਰੀਤੀ ਰਿਵਾਜ ਕਰਨੇ ਪੈਂਦੇ ਹਨ। ਅਸਲ 'ਚ ਰਾਜਸਥਾਨ 'ਚ ਨਾਤਾ ਪ੍ਰਥਾ ਰੁਕਣ ਦਾ ਨਾਂ ਨਹੀਂ ਲੈ ਰਹੀ ਹੈ। ਇਸ ਪ੍ਰਥਾ 'ਚ ਕੋਈ ਵੀ ਵਿਆਹਿਆ ਆਦਮੀ ਜਾਂ ਔਰਤ ਜੇਕਰ ਕਿਸੇ ਦੂਸਰੇ ਆਦਮੀ ਜਾਂ ਔਰਤ ਦੇ ਨਾਲ ਆਪਣੀ ਮਰਜ਼ੀ ਨਾਲ ਰਹਿਣਾ ਚਾਹੁੰਦੀ ਹੈ ਤਾਂ ਉਹ ਇਕ-ਦੂਜੇ ਤੋਂ ਤਲਾਕ ਲੈ ਕੇ ਇਕ ਮਿਥੀ ਰਾਸ਼ੀ ਦੇ ਕੇ ਇਕੱਠੇ ਰਹਿ ਸਕਦੇ ਹਨ। ਕਹਿੰਦੇ ਹਨ ਕਿ ਨਾਤਾ ਪ੍ਰਥਾ ਵਿਧਾਵਾਂ ਅਤੇ ਛੱਡੀਆਂ ਔਰਤਾਂ ਦੇ ਲਈ ਸ਼ੁਰੂ ਹੋਈ ਸੀ। ਉਨ੍ਹਾਂ ਨੂੰ ਸਮਾਜਿਕ ਜੀਵਨ ਜੀਣ ਦੇ ਲਈ ਮਾਨਤਾ ਦੇਣ ਦੇ ਲਈ ਇਸ ਦੀ ਸ਼ੁਰੂਆਤ ਹੋਈ ਸੀ। ਇਸ ਪ੍ਰਥਾ ਦੇ ਪੰਜ ਪਿੰਡਾਂ ਦੇ ਪੰਚਾਂ ਰਾਹੀਂ ਕੁਝ ਫੈਸਲੇ ਲਏ ਜਾਂਦੇ ਹਨ। ਇਸੇ ਦੌਰਾਨ ਪਹਿਲੀ ਸ਼ਾਦੀ ਦੇ ਦੌਰਾਨ ਜਨਮੇ ਬੱਚਿਆਂ ਨੂੰ ਲੈ ਕੇ ਗੱਲ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਬਾਕੀ ਮੁੱਦਿਆਂ 'ਤੇ ਚਰਚਾ ਕਰ ਨਿਪਟਾਰਾ ਕੀਤਾ ਜਾਂਦਾ ਹੈ।

ਇਸ 'ਚ ਸਿਰਫ਼ ਔਰਤ, ਆਦਮੀ ਅਤੇ ਉਸ ਨਾਲ ਜੁੜੇ ਪੱਖਾਂ ਜਿਵੇਂ ਮਾਤਾ ਪਿਤਾ, ਔਰਤ ਦਾ ਪਤੀ ਅਤੇ ਆਦਮੀ ਦੀ ਪਤਨੀ ਦੇ ਵਿਚਾਲੇ ਸਹਿਮਤੀ ਬਣਾਉਣੀ ਹੁੰਦੀ ਹੈ। ਪੰਚਾਇਤ ਦੇ ਜ਼ਰੀਏ ਪਤਨੀ ਨੂੰ ਲੈ ਜਾਣ ਵਾਲੇ ਆਦਮੀ ਤੋਂ ਮਿਥੀ ਰਾਸ਼ੀ ਦੀ ਮੰਗ ਕੀਤੀ ਜਾਂਦੀ ਹੈ। ਵਿਆਹਿਆ ਆਦਮੀ ਵਿਆਹੁਤਾ ਔਰਤ ਨਾਲ ਜੁੜੇ ਪੱਖ ਨੂੰ ਇਕ ਮਿੱਥੀ ਰਾਸ਼ੀ ਦੇ ਕੇ ਆਪਣੇ ਨਾਲ ਰੱਖ ਸਕਦਾ ਹੈ। ਸੌਦਾ ਤੈਅ ਹੋਣ 'ਤੇ ਪਤਨੀ ਦੂਸਰੇ ਆਦਮੀ ਦੇ ਨਾਲ ਰਹਿਣ ਲੱਗੀ ਹੈ। ਇਸ ਲੈਣ ਦੇਣ ਕੀਤੀ ਜਾਣ ਵਾਲੀ ਰਾਸ਼ੀ ਨੂੰ ਝਗੜਾ-ਛੁਕਣਾ ਕਹਿੰਦੇ ਹਨ।

ਉਂਝ ਤਾਂ ਰਾਜਸਥਾਨ 'ਚ ਇਸ ਪ੍ਰਥਾ ਦਾ ਰੁਝਾਨ ਕਈਆਂ ਥਾਵਾਂ 'ਤੇ ਹੈ, ਪਰ ਆਦਿਵਾਸੀ ਤਬਕਿਆਂ, ਜਨਜਾਤੀ ਖੇਤਰਾਂ ਅਤੇ ਕੁਝ ਜਾਤੀਆਂ 'ਚ ਇਹ ਰਿਵਾਜ ਕਾਫ਼ੀ ਮਸ਼ਹੂਰ ਹੈ। ਪਹਿਲਾਂ ਇਹ ਪ੍ਰਥਾ ਜਿਥੇ ਸਿਰਫ਼ ਪਿੰਡਾਂ 'ਚ ਮੰਨੀ ਜਾਂਦੀ ਸੀ, ਉਥੇ ਵਰਤਮਾਨ ਯੁੱਗ 'ਚ ਇਹ ਕਈ ਕਸਬਿਆਂ ਤੱਕ ਫੈਲ



**ਪੇਸ਼ਕਸ਼ : ਨਿਰਮਲ ਪ੍ਰੇਮੀ ਰਾਮਗੜ੍ਹ**
**94631-61691**

ਚੁੱਕੀ ਹੈ। ਪੰਚਾਂ ਦਾ ਤਰਕ ਹੈ ਕਿ ਇਸ ਪ੍ਰਥਾ ਦੀ ਵਜ੍ਹਾ ਨਾਲ ਔਰਤਾਂ ਅਤੇ ਆਦਮੀਆਂ ਨੂੰ ਤਲਾਕ ਦੇ ਕਾਨੂੰਨੀ ਝੰਜਟਾਂ ਤੋਂ ਮੁਕਤੀ ਮਿਲ ਜਾਂਦੀ ਹੈ, ਪਰ ਅਸਲ 'ਚ ਇਹੋ ਜਿਹਾ ਹੁੰਦਾ ਨਹੀਂ ਹੈ।

ਸਮਾਂ ਲੰਘਣ ਦੇ ਨਾਲ ਇਸ ਪ੍ਰਥਾ 'ਚ ਵੀ ਕਈ ਤਬਦੀਲੀਆਂ ਹੁੰਦੀਆਂ ਚਲੀਆਂ ਗਈਆਂ। ਇਸ ਦੇ ਕਾਰਨ ਲੜਕੀਆਂ ਅਤੇ ਔਰਤਾਂ ਦੇ ਖਰੀਦਣ ਅਤੇ ਵੇਚਣ ਦੇ ਇਸ ਸਿਲਸਿਲੇ ਨੂੰ ਹੱਲਾਸ਼ੇਰੀ ਮਿਲ ਰਹੀ ਹੈ। ਉਥੇ ਦੂਜੇ ਪਾਸੇ ਇਹ ਪੁਰਸ਼ਵਾਦੀ ਸਮਾਜ 'ਚ ਔਰਤਾਂ ਦੇ ਕੰਟਰੋਲ ਦਾ ਵੀ ਹਥਿਆਰ ਬਣਦਾ ਜਾ ਰਿਹਾ ਹੈ। ਇਸ ਪ੍ਰਥਾ ਨਾਲ ਹੋ ਰਹੇ ਨੁਕਸਾਨ ਨੂੰ ਰੋਕਣ ਦੇ ਲਈ ਵਰਤਮਾਨ 'ਚ ਪੰਚਾਇਤਾਂ ਦੇ ਕੋਲ ਕੋਈ ਵੀ ਅਧਿਕਾਰਕ ਕੰਟਰੋਲ ਨਹੀਂ ਹੈ, ਜਿਸ ਨਾਲ ਨਾਤਾ ਪ੍ਰਥਾ ਔਰਤਾਂ ਦੇ ਸ਼ੋਸ਼ਣ ਦਾ ਸਭ ਤੋਂ ਵੱਡਾ ਹਥਿਆਰ ਬਣ ਕੇ ਸਾਹਮਣੇ ਆ ਰਹੀ ਹੈ।

ਕੁਝ ਸਮਾਂ ਪਹਿਲਾਂ ਦੱਖਣੀ ਰਾਜਸਥਾਨ 'ਚ ਇਕ ਗੈਰ ਸਰਕਾਰੀ ਸੰਗਠਨ ਦੇ ਵਲੋਂ ਕੀਤੇ ਗਏ ਅਧਿਐਨ 'ਚ ਪਾਇਆ ਗਿਆ ਹੈ ਕਿ ਜੇਕਰ ਬੱਚਿਆਂ ਦੀ ਮਾਂ ਨਾਤਾ ਪ੍ਰਥਾ ਦੇ ਤਹਿਤ ਕਿਸੇ ਦੂਸਰੇ ਆਦਮੀ ਦੇ ਕੋਲ ਚਲੀ ਗਈ ਹੈ ਤਾਂ ਬੱਚਿਆਂ ਨੂੰ ਸਕੂਲਾਂ 'ਚ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ 'ਚੋਂ ਬਹੁਤਿਆਂ ਦੇ ਕੋਲ ਆਪਣੀਆਂ ਭਾਵਨਾਵਾਂ ਨੂੰ ਸਾਂਝਾ ਕਰਨ ਦੇ ਲਈ ਦੋਸਤ ਨਹੀਂ ਹੁੰਦੇ। ਅਧਿਐਨ 'ਚ ਕਿਹਾ ਗਿਆ ਕਿ 13 ਪ੍ਰਤੀਸ਼ਤ ਬੱਚਿਆਂ ਨੂੰ ਆਪਣੇ ਪਰਿਵਾਰ 'ਚ ਨਾਤਾ ਦੇ ਕਾਰਨ ਸਕੂਲਾਂ 'ਚ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ 'ਚੋਂ ਛੇ ਪ੍ਰਤੀਸ਼ਤ ਬੱਚਿਆਂ ਨੂੰ ਮਰਜ਼ੀ ਨਾਲ ਜਾਂ ਸਮਾਜ ਦੀ ਸਹਿਮਤੀ ਨਾਲ ਕਿਸੇ ਹੋਰ ਆਦਮੀ ਦੇ ਨਾਲ ਚਲੀ ਜਾਂਦੀ ਹੈ। ਉਥੇ ਦੂਸਰੀ 'ਚ ਇਕ ਔਰਤ ਆਪਣੇ ਪਤੀ ਦੇ ਜਿਉਂਦੇ ਹੁੰਦੇ ਹੋਏ ਵੀ ਕਿਸੇ ਹੋਰ ਆਦਮੀ ਦੇ ਨਾਲ ਚਲੀ ਜਾਂਦੀ ਹੈ।

ਇਨ੍ਹਾਂ ਦੋਹਾਂ ਮਾਮਲਿਆਂ 'ਚ ਔਰਤਾਂ ਆਪਣੇ ਬੱਚਿਆਂ ਨੂੰ ਪਿਛੇ ਛੱਡ ਦਿੰਦੀਆਂ ਹਨ, ਕਿਉਂਕਿ ਉਨ੍ਹਾਂ ਦਾ ਨਵਾਂ ਪਤੀ ਆਪਣੇ ਪਹਿਲੇ ਪਤੀ ਦੇ ਬੱਚਿਆਂ ਨੂੰ ਕਬੂਲ ਕਰਨ ਨੂੰ ਤਿਆਰ ਨਹੀਂ ਹੁੰਦਾ ਹੈ। ਇਹ ਉਨ੍ਹਾਂ ਬੱਚਿਆਂ ਦੇ ਲਈ ਕਈ ਕਮਜ਼ੋਰੀਆਂ ਪੈਦਾ ਕਰਦਾ ਹੈ, ਜਿਨ੍ਹਾਂ ਨੂੰ ਆਪਣੇ ਦਾਦਾ-ਦਾਦੀ ਜਾਂ ਹੋਰ ਰਿਸ਼ਤੇਦਾਰਾਂ ਦੇ ਨਾਂਲ ਰਹਿਣ ਦੇ ਲਈ ਮਜ਼ਬੂਰ ਕੀਤਾ ਜਾਂਦਾ ਹੈ। ਪਤੀ ਜਾਂ ਪਤਨੀ ਦੀ ਛੇਤੀ ਮੌਤ, ਔਰਤਾਂ ਦੇ ਖਿਲਾਫ਼ ਘਰੇਲੂ ਹਿੰਸਾ ਤਲਾਕ, ਪਤੀ ਦਾ ਖਰਾਬ ਆਰਥਿਕ ਸਥਿਤੀ ਜਾਂ ਜਦ ਉਹ ਆਪਣੀ ਪਤਨੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ 'ਚ ਸਮਰੱਥਾ ਨਹੀਂ ਹੁੰਦਾ ਹੈ ਜਿਹੇ ਕਾਰਨਾਂ ਨੂੰ ਵੀ ਨਾਤਾ ਪ੍ਰਥਾ ਦੇ ਵਧਣ ਦੀ ਵਜ੍ਹਾ ਮੰਨਿਆ ਜਾਂਦਾ ਹੈ। ਇਸ ਦੇ ਇਲਾਵਾ ਸਮਾਜ ਦੀ ਆਧੁਨਿਕੀਕਰਨ ਅਤੇ ਮੋਬਾਇਲ ਅਤੇ ਟੀਵੀ ਦਾ ਪ੍ਰਚਲਨ ਵੀ ਨਾਤਾ ਦੇ ਦੂਜੇ ਕਾਰਨ ਹਨ।

ਨਾਤਾ ਪ੍ਰਥਾ 'ਤੇ ਕੀਤੇ ਗਏ ਇਕ ਹੋਰ ਅਧਿਐਨ 'ਚ ਹੈਰਾਨ ਕਰਨ ਵਾਲੇ ਤੱਥ ਨਿਕਲ ਕੇ ਸਾਹਮਣੇ ਆਏ। ਤੱਥ ਔਰਤਾਂ ਦੀ ਦੁਰਦਸ਼ਾ ਨੂੰ ਦਰਸਾਉਂਦੇ ਹੋਏ ਮਿਲੇ। ਨਾਤਾ ਪ੍ਰਥਾ ਦੇ ਕਾਰਨ ਦੇ ਰੂਪ 'ਚ ਪਤਨੀ ਦੇ ਨਾਲ ਪਤੀ ਦਾ ਅਪਮਾਨਜਨਕ ਰਵੱਈਆ ਸਾਹਮਣੇ ਆਇਆ, ਜਿਹਦੇ ਨਾਲ ਉਨ੍ਹਾਂ ਦੀ ਪੂਰੀ ਜ਼ਿੰਦਗੀ ਦੁੱਖਾਂ 'ਚ ਕਟਦੀ ਰਹੀ। ਉਥੇ ਅਨਿਸ਼ਚਿਤ ਵਿਧਵਾਪਣ ਅਤੇ ਤਲਾਕ ਦੀ ਮਜ਼ਬੂਰੀ ਜਿਹੇ ਕਾਰਨ ਵੀ ਸਹਮਣੇ ਆਏ। ਇਸ ਖੇਤਰ 'ਚ ਕੰਮ ਕਰਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਇਸ ਪ੍ਰਥਾ ਨੂੰ ਠੱਲ੍ਹ ਪਾਉਣ ਦੀ ਸਖ਼ਤ ਲੋੜ ਹੈ, ਜਿਹਦੇ ਲਈ ਸਭ ਤੋਂ ਪਹਿਲਾਂ ਤਾਂ ਸਰਕਾਰ ਨੂੰ ਸਖ਼ਤ ਕਾਨੂੰਨ ਬਣਾਉਣਾ ਹੋਵੇਗਾ।

# 9 ਫਰਵਰੀ : ਵੱਡਾ ਘੱਲੂਘਾਰਾ ਦਿਵਸ 'ਤੇ ਵਿਸ਼ੇਸ਼





ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਪ੍ਰਿਸੀਪਲ ਸਤਿਬੀਰ ਸਿੰਘ ਨੇ ਆਪਣੀ ਪੁਸਤਕ ਸਿੱਖ ਇਤਿਹਾਸ ਭਾਗ ਪਹਿਲਾ ਦੇ ਪੰਨਾ 239 ਤੋਂ 246 ਤੀਕ ਵੱਡੇ ਘਲੂਘਾਰੇ 'ਤੇ ਬੜੇ ਵਿਸਥਾਰ 'ਤੇ ਚਾਨਣਾ ਪਾਇਆ ਹੈ। ਅਹਿਮਦ ਸ਼ਾਹ ਅਬਦਾਲੀ ਨੇ 1748 ਤੋਂ ਲੈ ਕੇ 1761 ਤੱਕ ਪੰਜ ਹਮਲੇ ਹਿੰਦੁਸਤਾਨ 'ਤੇ ਕੀਤੇ ਸਨ। ਪੰਜਵਾਂ ਹਮਲਾ ਨਿਰੋਲ ਮਰਹੱਟਿਆਂ ਦੇ ਵਿਰੁੱਧ ਸੀ। ਅਬਦਾਲੀ ਨੇ ਪਾਨੀਪਤ ਦੀ ਤੀਜੀ ਜੰਗ ਵਿੱਚ ਮਰਹੱਟਿਆਂ ਨੂੰ ਤਕੜੀ ਹਾਰ ਦਿੱਤੀ। 13 ਜਨਵਰੀ 1761 ਨੂੰ ਮਰਹੱਟਿਆਂ ਨੂੰ ਹਰਾਉਣ ਉਪਰੰਤ ਅਬਦਾਲੀ ਮਾਰਚ ਦੇ ਮਹੀਨੇ ਵਾਪਸ ਮੁੜ ਪਿਆ। ਜਦ ਉਹ ਵਾਪਸ ਮੁੜ ਰਿਹਾ ਸੀ ਤਾਂ ਸਿੱਖਾਂ ਨੇ ਅਬਦਾਲੀ ਕੋਲੋਂ ਖ਼ੂਬ ਹਿੱਸਾ ਵੰਡਾਇਆ। ਇੱਕ ਕਥਨ ਅਨੁਸਾਰ ਅਟਕ ਤਕ ਉਸ ਦਾ ਪਿੱਛਾ ਕੀਤਾ। ਉਸ ਨੇ ਐਲਾਨੀਆਂ ਕਿਹਾ ਕਿ ਹੁਣ ਸਿੱਖਾਂ ਨੂੰ ਦਬਾ ਕੇ ਹੀ ਆਰਾਮ ਕਰਾਂਗਾ ਉਹ ਨਹੀਂ ਸੀ ਜਾਣਦਾ ਕਿ ਸਿੱਖ ਕੌਮ ਨੂੰ ਕੋਈ ਹਰਾ ਨਹੀਂ ਸਕਦਾ। ਪੰਜਾਬ ਦੇ ਕਬਜ਼ੇ ਲਈ ਹੁਣ ਦੋ ਤਾਕਤਾਂ- ਸਿੱਖ ਅਤੇ ਅਫ਼ਗਾਨ ਲੜ ਰਹੀਆਂ ਸਨ। ਬਾਕੀ ਸਭ ਤਾਕਤਾਂ ਜਾਂ ਮੁੱਕ ਗਈਆਂ ਸਨ ਜਾਂ ਬਲਹੀਨ ਹੋ ਗਈਆਂ ਸਨ। ਸਿੱਖ 1762 ਵਿੱਚ ਪੰਜਾਬ ਦੇ ਅਮਲੀ ਤੌਰ ਉੱਤੇ ਮਾਲਕ ਸਨ। ਅਬਦਾਲੀ ਦੇ ਨਿਯਤ ਕੀਤੇ ਗਵਰਨਰ ਖ਼ਵਾਜ਼ਾ ਮਿਰਜ਼ਾ ਖ਼ਾਨ ਚਹਾਰ ਮਹੱਲ ਵਾਲਾ, ਆਬਿਦ ਖ਼ਾਨ (ਲਾਹੌਰ), ਸਾਦਤ ਖ਼ਾਨ ਤੇ ਸਾਦਕ ਖ਼ਾਨ ਅਫ਼ਰੀਦੀ, ਸਿੱਖਾਂ ਦੀ ਵਧਦੀ ਤਾਕਤ ਨੂੰ ਰੋਕ ਨਾ ਪਾ ਸਕੇ। ਅਹਿਮਦ ਸ਼ਾਹ ਅਬਦਾਲੀ ਨੇ ਨੂਰ-ਉਦ-ਦੀਨ ਨੂੰ ਮਾਰ ਕੇ ਨਸਾ ਦਿੱਤਾ। ਲਾਹੌਰ ਦਾ ਗਵਰਨਰ ਆਬਿਦ ਖ਼ਾਨ ਵੀ ਛੱਡ ਕੇ ਨੱਸ ਗਿਆ। ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠਾਂ ਲਾਹੌਰ 'ਤੇ ਕਬਜ਼ਾ ਕੀਤਾ ਤੇ ਆਕਲਦਾਸ ਨੇ ਅਬਦਾਲੀ ਨੂੰ ਹਮਲਾ ਕਰਨ ਲਈ ਪ੍ਰੇਰਿਆ। ਸਿੱਖਾਂ ਨੂੰ ਸੂਹ ਮਿਲ ਗਈ। ਸਿੱਖਾਂ ਨੇ ਸਾਰਾ ਧਿਆਨ ਆਪਣੇ ਟੱਬਰਾਂ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾਣ ਵੱਲ ਲਗਾ ਦਿੱਤਾ ਅਤੇ ਸਾਰੇ ਮਲੇਰ ਕੋਟਲੇ ਵਿੱਚ ਇਕੱਠੇ ਹੋਣੇ ਸ਼ੁਰੂ ਹੋਏ।

ਅਹਿਮਦ ਸ਼ਾਹ 3 ਫਰਵਰੀ ਨੂੰ ਅੰਦਾਜ਼ਿਆਂ ਦੇ ਉਲਟ ਲਾਹੌਰ ਪੁੱਜ ਗਿਆ। ਸਿੱਖਾਂ ਦੇ ਅੰਦਾਜ਼ੇ ਮੁਤਾਬਿਕ ਘੱਟ ਤੋਂ ਘੱਟ ਉਸ ਨੂੰ ਲਾਹੌਰ ਪੁੱਜਦਿਆਂ ਦਸ ਦਿਨ ਲੱਗ ਜਾਣੇ ਸਨ। ਸਿੱਖਾਂ ਦਾ ਯਕੀਨ ਸੀ ਕਿ ਟੱਬਰਾਂ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾ ਕੇ ਉਹ ਵਾਪਸ ਮੁੜ ਕੇ ਲੜਨ ਲਈ ਤਿਆਰ ਹੋ ਸਕਣਗੇ, ਪਰ ਸਿੱਖਾਂ ਦੀ ਹੈਰਾਨੀ ਦੀ ਹੱਦ ਹੀ ਨਾ ਰਹੀ ਜਦ 5 ਫਰਵਰੀ ਨੂੰ ਕਾਸਮ ਖ਼ਾਨ ਨੂੰ ਹਮਲਾ ਕਰਦੇ ਡਿੱਠਾ। ਅਬਦਾਲੀ ਨੂੰ ਜਿੱਤ ਦਾ ਏਨਾ ਯਕੀਨ ਸੀ ਕਿ ਸ਼ਾਹ ਵਲੀ ਖ਼ਾਨ ਨੂੰ ਜਦ ਰਾਜਾ ਹਰਿ ਸਹਾਇ ਨੇ ਇਮਦਾਦ ਲਈ ਲਿਖਿਆ ਤਾਂ ਉਸ ਨੇ ਉੱਤਰ ਦਿੱਤਾ ਸੀ ਕਿ ਸਿੱਖਾਂ ਦੀ ਜੜ੍ਹ ਮੁਕਾ ਕੇ ਕੁਝ ਚਿਰ ਸਰਹੰਦ ਸ਼ਿਕਾਰ ਖੇਡੇਗਾ। ਜਿਥੇ ਸਿੰਘਾਂ ਦੇ ਟੱਬਰ ਟਿਕਦੇ ਨੇਜ਼ਿਆਂ 'ਤੇ ਵਸਤਰ ਟੰਗ ਬੈਰਕਾਂ ਬਣਾ ਲੈਂਦੇ। ਰਾਹ ਭਾਈ ਸੰਗੂ ਸਿੰਘ ਜੀ, ਬਾਬਾ ਆਲਾ ਸਿੰਘ ਦੇ ਭੇਜੇ ਕੋਤਵਾਲ ਬਾਈ ਸਖੂ ਸਿੰਘ ਜੀ ਹੰਭਲਵਾਲ ਤੇ ਭਾਈਕੇ ਦੇ ਭਾਈ ਬੁੱਢਾ ਸਿੰਘ (ਕੈਂਥਲ) ਦੱਸ ਰਹੇ ਸਨ। ਗੁਰੂ ਗ੍ਰੰਥ ਸਾਹਿਬ ਦੀਆਂ ਦੋਵੇਂ ਬੀੜਾਂ ਦਮਦਮੀ ਤੇ ਅੰਮ੍ਰਿਤਸਰੀ ਨਾਲ ਸਨ।

ਗਿਆਨੀ ਗਿਆਨ ਸਿਘ ਦੇ ਕਥਨ ਅਨੁਸਾਰ ਸਵੇਰ ਦਾ ਸਮਾਂ ਸੀ। ਸਿੰਘ ਅਜੇ ਤਿਆਰ ਵੀ ਨਹੀਂ ਸਨ ਹੋਏ। ਅਬਦਾਲੀ ਨੇ ਘੇਰਾ ਘੱਤ ਲਿਆ। ਅਬਦਾਲੀ ਦੀਆਂ ਫੌਜਾਂ ਨੇ ਪੁਜਦੇ ਸਾਰ ਹੀ ਕਤਲਿ-ਆਮ ਅਰੰਭ ਦਿੱਤਾ। ਸਿੰਘਾਂ ਨੇ ਝਟਪਟ ਤਿਆਰੇ ਕਰ ਲਏ। ਭਾਵੇਂ ਹਮਲਾ ਅਚਨਚੇਤ ਸੀ, ਪਰ ਸਿੱਖਾਂ ਨੇ ਡਟ ਕੇ ਮੁਕਾਬਲਾਇ ਕਰਨ ਦੀ ਠਾਣੀ। ਪਹਿਲੇ ਹੱਲੇ ਵਿੱਚ ਹਜ਼ਾਰਾਂ ਸਿੰਘ ਸ਼ਹੀਦ ਹੋ ਗਏ। ਟੱਬਰਾਂ ਨੂੰ ਬਚਾਉਣ ਲਈ ਸਿੱਖਾਂ ਨੇ ਵਿਚਾਰ ਬਣਾਈ ਅਤੇ ਨਾਲ ਹੀ ਉਸੇ ਪਲ ਟੱਬਰਾਂ ਦਾ ਖ਼ਿਆਲ ਆਇਆ। ਉਹ ਸਾਰੇ ਬੇਦੋਸ਼ੇ ਸ਼ਹੀਦ ਕਰ ਦਿੱਤੇ ਜਾਣਗੇ। ਸੋ ਜਲਦੀ ਵਿੱਚ ਹੀ ਇਹ ਫ਼ੈਸਲਾ ਹੋਇਆ ਕਿ ਵਹੀਰਾਂ ਦੇ ਇਰਦ ਗਿਰਦ ਚੌਖਟਾ (ਗੋਲ ਕਿਲ੍ਹਾ) ਬਣਾ ਕੇ ਦੁਸ਼ਮਣਾਂ ਦਾ ਮੁਕਾਬਲਾ ਕੀਤਾ ਜਾਏ। ਸਰਦਾਰ ਜੱਸਾ ਸਿੰਘ ਨੇ ਕਮਾਨ ਆਪਣੇ ਹੱਥ ਸੰਭਾਲ ਲਈ। ਸਰਦਾਰ ਸ਼ਾਮ ਸਿੰਘ ਦਾ ਜੱਥਾ ਵੀ ਨਾਲ ਸੀ। ਅਜੇ ਤਿੰਨ ਮੀਲ ਹੀ ਪੈਂਡਾ ਕੀਤਾ ਸੀ ਕਿ ਭੀਖਨ ਖ਼ਾਨ, ਜ਼ੈਨ ਖ਼ਾਨ ਅਤੇ ਸ਼ਾਹ ਵਲੀ ਖ਼ਾਨ ਆ ਪਏ। ਉਹ ਗੋਲ ਕਿਲ੍ਹਾ ਤੋੜਨ ਵਿੱਚ ਕਾਮਯਾਬ ਨਾ ਹੋ ਸਕੇ। ਸਿੱਖ ਫੌਜੀਆਂ ਨੇ ਇੱਕ ਜ਼ਿੰਦਾ ਮਨੁੱਖਾਂ ਦੀ ਦੀਵਾਰ ਖੜੀ ਕਰ ਦਿੱਤੀ। ਦਸਤੇ ਅਬਦਾਲੀ ਦੀ ਫ਼ੌਜ ਦਾ ਟਾਕਰਾ ਕਰਦੇ ਰਹੇ ਤੇ ਵਹੀਰ ਬਰਨਾਲਾ ਵੱਲ ਵੱਧਦਾ ਗਿਆ। ਜ਼ੈਨ ਖ਼ਾਨ ਤੋਂ ਵਹੀਰ ਬਹੁਤ ਦੂਰ ਚਲਾ ਗਿਆ। ਇਸ ਤਰ੍ਹਾਂ ਤੁਰਦੇ ਮੁਕਾਬਲਾ ਕਰਦੇ ਸਿੱਖਾਂ ਦਾ ਜਾਨੀ ਨੁਕਸਾਨ ਬਹੁਤ ਜ਼ਿਆਦਾ ਹੋ ਰਿਹਾ ਸੀ, ਪਰ ਸਿੰਘ ਡਟਕੇ ਹਮਲੇ ਕਰ ਰਹੇ ਸਨ।

ਜਦ ਸਿੰਘ ਡਟ ਕੇ ਲੜੇ ਤਾਂ ਅਬਦਾਲੀ ਦੀਆਂ ਫੌਜਾਂ ਵੀ ਘਾਬਰ ਕੇ 'ਤੋਬਾ ਤੇ ਅੱਲਾ' ਕਰਨ ਲੱਗ ਪਈਆਂ, । ਸਿੰਘ ਵਹੀਰ ਦੀ ਰਾਖੀ ਇਸ ਤਰ੍ਹਾਂ ਕਰ ਰਹੇ ਸਨ ਜਿਵੇਂ ਕੁਕੜੀ ਆਪਣੇ ਬੱਚਿਆਂ ਦੀ, ਖੰਭ ਖਿਲਾਰ ਕੇ ਰਾਖੀ ਕਰਦੀ ਹੈ। ਅਹਿਮਦ ਸ਼ਾਹ ਤੇ ਉਸ ਦੇ ਜਰਨੈਲ ਇਸ ਪ੍ਰਕਾਰ ਦੀ ਲੜਾਈ ਨੂੰ ਦਖ ਹੈਰਾਨ ਹੋ ਰਹੇ ਸਨ।

ਅਹਿਮਦ ਸ਼ਾਹ ਨੇ ਵਲੀ ਖ਼ਾਨ, ਭੀਖਨ ਖ਼ਾਨ ਮਲੇਰ ਕੋਟਲੇ ਵਾਲੇ ਅਤੇ ਜ਼ੈਨ ਖ਼ਾਨ ਨੂੰ ਤਕੜੇ ਹੋ ਕੇ ਹਮਲਾ ਕਰਨ ਲਈ ਪ੍ਰੇਰਿਆ। 48 ਹਜ਼ਾਰ ਫੌਜ ਵਿੱਚੋਂ ਅੱਠ ਹਜ਼ਾਰ ਫੌਜੀ ਵੱਖ ਕਰ ਲਏ ਤੇ ਜਮ ਕੇ ਹਮਲਾ ਕੀਤਾ। ਵਹੀਰ ਤੇ 'ਦਲ ਖ਼ਾਲਸਾ' ਵੱਖ ਕਰਨ ਵਿੱਚ ਅਬਦਾਲੀ ਸਫ਼ਲ ਹੋ ਗਿਆ। ਇਸ ਹਮਲੇ ਵਿੱਚ ਸਿੰਘਾਂ ਦੇ ਪੈਰ ਉੱਖੜੇ ਤੇ ਕਿਤਨੇ ਹੀ ਸਿੰਘ ਸ਼ਹੀਦ ਹੋ ਗਏ। ਸਿੱਖ ਸਰਦਾਰਾਂ ਤੇ ਜੱਥਿਆਂ ਦੀ ਵਾੜ ਇਸ ਹਮਲੇ ਨੇ ਤੋੜ ਦਿੱਤੀ। ਟੱਬਰਾਂ ਦੇ ਟੱਬਰ ਮਾਰੇ ਗਏ। ਵਹੀਰ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਹੁਣ ਅਬਦਾਲੀ ਦੀ ਇਹ ਖ਼ਾਹਿਸ਼ ਲੱਗਦੀ ਸੀ ਕਿ ਵਹੀਰ ਦੇ ਐਨ ਵਿਚਕਾਰ ਪੁੱਜ ਕੇ ਇਤਨਾ ਵੱਡਾ ਕਤਲਿਆਮ ਕੀਤਾ ਜਾਏ ਕਿ ਫੇਰ ਸਿੱਖ ਉਠਣ ਜੋਗੇ ਨਾ ਰਹਿਣ। ਅਬਦਾਲੀ ਦੀ ਚਾਲ ਸਮਝ ਕੇ ਸਿੱਖਾਂ ਦੀ ਜਥੇਬੰਦੀ ਪੱਕੀ ਕਰ ਲਈ। ਸਾਰੇ ਜਥੇ, ਭੰਗੀ, ਘਨੱਈਏ, ਸ਼ੁਕਰਚਕੀਏ, ਡਲੇਵਾਲੀਏ, ਸ਼ਹੀਦ, ਕਰੋੜੀਏ, ਰਾਮਗੜ੍ਹੀਏ, ਨਿਸ਼ਾਨਵਾਲੀਏ ਸਰਦਾਰ ਇਕੱਠੇ ਹੋ ਗਏ ਅਤੇ ਨਵੀਂ ਵਿਉਂਤ ਨਾਲ ਲੜਨ ਲੱਗੇ। ਅਚਾਨਕ ਹਮਲੇ 'ਤੇ ਫਿਰ ਲਗਾਤਾਰ ਹਮਲਿਆਂ ਵਿਚਕਾਰ ਜਿਸ ਤਰ੍ਹਾਂ ਸਿੱਖ ਸਰਦਾਰਾਂ ਨੇ ਆਪਣੇ ਆਪ ਨੂੰ ਬਚਾਇਆ, ਉਹ ਜੰਗੀ ਇਤਿਹਾਸ ਵਿੱਚ ਇੱਕ ਅਮਿੱਟ ਯਾਦਗਾਰ ਹੈ। ਜਿਸ ਪਾਸੇ ਸਿੰਘ ਦੌੜ ਕੇ ਪੈਂਦੇ ਸਨ ਉਸ ਪਾਸਿਉਂ ਦੁਸ਼ਮਣਾਂ ਦਾ ਤਕਰੀਬਨ ਖ਼ਾਤਮਾ ਹੀ ਹੋ ਜਾਂਦਾ ਸੀ।ਸਰਦਾਰ ਜੱਸਾ ਸਿੰਘ ਆਹਲੂਵਾਲੀਏ, ਸਰਦਾਰ ਸਿਆਮ ਸਿੰਘ ਅਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੇ ਤਗੜੇ ਹੱਥ ਦਿਖਾਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤਾਂ ਕਈ ਵਾਰ ਮੌਤ ਦੇ ਮੂੰਹ ਤੋਂ ਮਸਾਂ ਬਚੇ। ਆਪ ਨੂੰ ਲਹੂ-ਲੁਹਾਨ ਦੇਖ ਕੇ ਅੰਗ-ਪਾਲਕ ਭਾਈ ਗੁਰਮੁਖ ਸਿੰਘ ਨੇ ਘੋੜੇ ਨੂੰ ਅੱਡੀ ਲਗਾ ਕੇ ਪਾਸੇ ਕਰਾਉਣ ਲਈ ਚਾਬਕ ਚੁੱਕਿਆ ਹੀ ਸੀ ਕਿ ਜੁਰਅੱਤ ਦੀ ਮੂਰਤ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉੱਚੀ ਆਵਾਜ਼ ਦੇ ਕੇ ਕਿਹਾ "ਐਸੇ ਜੀਵਨ ਨਾਲੋਂ ਮਰਨਾ ਚੰਗਾ ਹੈ"। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਸਰੀਰ 'ਤੇ 22 ਜ਼ਖ਼ਮਾਂ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੂੰ 19 ਜ਼ਖ਼ਮ ਆਏ। ਸਰਦਾਰ ਜੱਸਾ ਸਿੰਘ ਲਹੂ ਲੁਹਾਨ ਹੋਏ ਲੜ ਰਹੇ ਸਨ। ਕਹਿੰਦੇ ਹਨ ਕਿਸੇ ਸਰਦਾਰ ਚੜ੍ਹਤ ਸਿੰਘ ਨੂੰ ਕਿਹਾ ਕਿ ਤੂੰ ਤਾਂ ਕਹਿੰਦਾ ਸੈਂ ਕਿ ਅਬਦਾਲੀ ਦਾ ਸਿੱਧਾ ਟਾਕਰਾ ਕਰਾਂਗਾ। ਹੁਣ ਇੱਥੇ ਕੀ ਕਰਦਾ ਹੈਂ! ਇਤਨਾ ਸੁਣਦੇ ਹੀ ਉਨ੍ਹਾਂ ਘੋੜਾ ਅਬਦਾਲੀ ਵੱਧ ਵਧਾ ਦਿੱਤਾ। ਸਰਦਾਰ ਚੜ੍ਹਤ ਸਿੰਘ ਨੇ ਜਿਸ ਬਹਾਦਰੀ ਨਾਲ ਵਹੀਰ ਦੇ ਅਨੇਕ ਸਿੱਖਾਂ ਨੂੰ ਬਚਾਇਆ, ਉਸ ਦੀ ਸਾਰੇ ਪੰਥ ਨੇ ਉਪਮਾ ਤੇ ਵਡਿਆਈ ਕੀਤੀ। ਜਦ ਘੋੜਾ ਥੱਕ ਜਾਂਦਾ, ਸਰਦਾਰ ਚੜ੍ਹਤ ਸਿੰਘ ਜੀ ਨਵਾਂ ਬਦਲ ਲੈਂਦੇ। ਪੰਜ ਘੋੜੇ ਸਦਾ ਨਾਲ ਰੱਖਦੇ। ਜਿੱਥੇ ਵੀ ਲਲਕਾਰ ਪੈਂਦੀ, ਸੁਣ ਕੇ ਫੱਟ ਘੋੜਾ ਦੁੜਾ ਉੱਥੇ ਪੁੱਜਦੇ। ਕਿਸੇ ਜ਼ਖ਼ਮੀ ਨੂੰ ਬੇਲੇ 'ਤੇ ਪਾ ਆਉਂਦੇ, ਕਿਸੇ ਫੱਟੜ ਸਿੰਘ ਨੂੰ ਪਿੱਠ 'ਤੇ ਚੁੱਕ ਕੇ ਸੁਰੱਖਿਅਤ ਥਾਂ ਪਹੁੰਚਾ ਫਿਰ ਆ ਜੂਝਦੇ। ਕਿਸੇ ਸਿੰਘ ਨੂੰ ਚੰਗਾ ਹੱਥ ਦਿਖਾਂਦੇ ਦੇਖ ਹੱਲਾ-ਸ਼ੇਰੀ ਦੇ ਕੇ ਹੋਰ ਅੱਗੇ ਨਿਕਲ ਜਾਂਦੇ। ਬਸਤਰ ਸਾਰੇ ਲਹੂ ਨਾਲ ਭਰ ਗਏ ਸਨ। ਜਿਵੇਂ ਹੁਣੇ ਹੀ ਹੋਲੀ ਖੇਡ ਕੇ ਆਏ ਹੋਣ।

ਸਾਰੇ ਪੰਥ ਨੇ ਸਰਦਾਰ ਚੜ੍ਹਤ ਸਿੰਘ ਜੀ ਦੀ ਇਤਨੀ ਉਪਮਾ ਕੀਤੀ ਕਿ ਅਸੀਸਾਂ ਦੇਣ ਕਿ "ਪਾਤਸ਼ਾਹੀ ਕਰੈਂ, ਲਾਹੌਰ ਮਾਰੈਂ, ਮੁਲਤਾਨ ਕਬਜ਼ਾ ਆਵੈ। ਕਸ਼ਮੀਰ ਕਾਬਲ ਤੱਕ ਹੁਕਮ ਚਲੇ"। ਦੁਰਾਨੀ ਵੀ ਪੂਰੇ ਜ਼ੋਰਾਂ ਨਾਲ ਹਮਲਾ ਕਰ ਰਹੇ ਸਨ। ਅਬਦਾਲੀ ਦੀਆਂ ਫੌਜਾਂ ਦਾ ਇੱਕੋ ਹੀ ਨਿਸ਼ਾਨਾ ਸੀ ਕਿ ਸਿੰਘਾਂ ਦੀ ਫੌਜ ਨੂੰ ਚੀਰ ਕੇ ਸਾਰੇ ਵਹੀਰ ਨੂੰ ਸ਼ਹੀਦ ਕਰ ਦਿੱਤਾ ਜਾਵੇ। ਇਸ ਦੌਰਾਨ ਵਿੱਚ ਵਹੀਰ ਪੰਜ ਕੁ ਮੀਲ ਚਲ ਚੁੱਕਿਆ ਸੀ। ਇਸ ਘੱਲੂਘਾਰੇ ਵਿੱਚ ਹੁਸੈਨ ਸ਼ਾਹੀ, ਤਾਰੀਖ਼ੇ ਅਹਿਮਦ, ਸੋਹਣ ਲਾਲ, ਅਲੀ-ਉਦ-ਦੀਨ ਤੇ ਭਾਈ ਰਤਨ ਸਿੰਘ ਦੇ ਕਥਨ ਅਨੁਸਾਰ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ। ਇਸ ਸਾਰੀ ਘਟਨਾ ਨੂੰ ਸਿੱਖ ਇਤਿਹਾਸ ਵਿੱਚ ਵੱਡਾ ਘੱਲੂਘਾਰਾ ਆਖ ਕੇ ਯਾਦ ਕੀਤਾ ਜਾਂਦਾ ਹੈ। ਛੋਟਾ ਘੱਲੂਘਾਰਾ ਜੂਨ, 1746 ਨੂੰ ਯਾਹੀਆ ਖ਼ਾਨ ਤੇ ਲਖਪਤ ਰਾਇ ਨੇ ਕੀਤਾ ਸੀ। ਛੋਟੇ ਘੱਲੂਘਾਰੇ ਵਿੱਚ 10 ਹਜ਼ਾਰ ਦੇ ਕਰੀਬ ਸਿੰਘ ਸ਼ਹੀਦ ਹੋਏ ਸਨ। ਇਸ ਘੱਲੂਘਾਰੇ ਵਿੱਚ, ਇਤਿਹਾਸਕਾਰ ਹੁਸੈਨ ਸ਼ਾਹੀ, ਤਾਰੀਖ਼ੇ ਅਹਿਮਦ, ਸੋਹਣ ਲਾਲ, ਅਲੀ-ਉਦ-ਦੀਨ ਤੇ ਭਾਈ ਰਤਨ ਸਿੰਘ ਦੇ ਕਥਨ ਅਨੁਸਾਰ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ। ਸਿੱਖ ਕੌਮ ਉੱਤੇ ਇਹ ਇੱਕ ਨਾ ਮਿਟਣ ਵਾਲੀ ਸੱਟ ਸੀ। ਅੱਧੀ ਕੌਮ ਇੱਕ ਦਿਨ 'ਚ ਸ਼ਹੀਦ ਹੋ ਗਈ ਪਰ ਸੰਸਾਰ ਨੇ ਹੈਰਾਨੀ ਨਾਲ ਪੜ੍ਹਿਆ ਅਤੇ ਇਤਿਹਾਸਕਾਰਾਂ ਲਿਖਿਆ ਕਿ ਸਿੱਖ ਨਾ ਸਿਰਫ਼ ਚੜ੍ਹਦੀਕਲਾ ਵਿੱਚ ਰਹੇ ਸਗੋਂ ਸ਼ੁਕਰ ਕੀਤਾ।

# ਵੱਡਾ ਘੱਲੂਘਾਰਾ: ਆਓ ਤਾਰੀਖਾਂ ਦੀ ਸਮੱਸਿਆ ਨੂੰ ਸਮਝੀਏ



ਸਰਵਜੀਤ ਸਿੰਘ ਸੈਕਰਾਮੈਂਟੋ
lsarbjits@gmail.com

ਸਿੱਖ ਇਤਿਹਾਸ ਦਾ ਸਭ ਤੋਂ ਵੱਡਾ ਖ਼ੂਨੀ ਕਾਂਡ, ਜਿਸ ਨੂੰ 'ਵੱਡਾ ਘੱਲੂਘਾਰਾ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ, ਕੁੱਪ ਰਹੀੜੇ ਦੇ ਜੰਗਲ ਵਿੱਚ 27 ਮਾਘ ਸੰਮਤ 1818 ਬਿਕ੍ਰਮੀ ਦਿਨ ਸ਼ੁਕਰਵਾਰ ਨੂੰ ਵਾਪਰਿਆ ਸੀ। ਪੰਜਾਬ ਉੱਪਰ ਅੰਗਰੇਜਾਂ ਦਾ ਕਬਜਾ ਹੋਣ ਤੋਂ ਪਿਛੋਂ, ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ ਪਿਆ ਤਾਂ ਇਸ ਦਿਹਾੜੇ ਦੀ ਤਾਰੀਖ 5 ਫਰਵਰੀ 1762 ਈ: (ਗਰੈਗੋਰੀਅਨ) ਲਿਖੀ ਗਈ। ਇਹ ਹੀ ਕਾਰਨ ਹੈ ਕਿ ਸੋਸ਼ਲ ਮੀਡੀਏ ਉੱਪਰ 5 ਫਰਵਰੀ ਨੂੰ ਬਹੁਤ ਸੱਜਣਾਂ ਵੱਲੋਂ ਪੋਸਟਾਂ ਪਾ ਕੇ ਵੱਡੇ ਘੱਲੂਘਾਰੇ ਦੇ ਇਤਿਹਾਸ ਨੂੰ ਯਾਦ ਕੀਤਾ ਗਿਆ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਵਿੱਚ ਇਹ ਦਿਹਾੜਾ 27 ਮਾਘ (9 ਫਰਵਰੀ) ਦਾ ਦਰਜ ਹੈ। ਕਈ ਸੱਜਣਾਂ ਵੱਲੋਂ ਇਹ ਸਵਾਲ ਕੀਤਾ ਗਿਆ ਹੈ ਕਿ ਇਸ ਦਿਹਾੜੇ ਦੀ ਅਸਲ ਤਾਰੀਖ ਕਿਹੜੀ ਹੈ?

ਮਹਾਨ ਕੋਸ਼ ਵਿੱਚ ਇਸ ਦਿਹਾੜੇ ਦੀ ਤਾਰੀਖ (ਪ੍ਰਵਿਸ਼ਟਾ) 28 ਮਾਘ ਸੰਮਤ 1818 ਬਿ: ਦਰਜ ਹੈ। ਇਸ ਮੁਤਾਬਕ ਇਹ 6 ਫਰਵਰੀ 1762 ਈ: ਬਣਦੀ ਹੈ। ਪੰਜਾਬੀ ਵਿਸ਼ਵ ਕੋਸ਼ ਵਿੱਚ ਇਹ ਤਾਰੀਖ 2 ਫਰਵਰੀ 1762 ਈ: (28 ਮਾਘ ਸੰਮਤ 1818) ਦਰਜ ਹੈ। (punjabipedia.org) ਇਹ ਤਾਰੀਖ ਸਹੀ ਨਹੀਂ ਹੈ ਅੰਗਰੇਜੀ ਤਾਰੀਖ ਵਿੱਚ ਬਦਲੀ ਕਰਨੇ ਵੇਲੇ ਹੋਈ ਉਕਾਈ ਸਾਫ ਨਜ਼ਰ ਆਉਂਦੀ ਹੈ। ਡਾ ਸੁਖਦਿਆਲ ਸਿੰਘ ਅਤੇ ਡਾ ਹਰਜਿੰਦਰ ਸਿੰਘ ਦਿਲਗੀਰ ਨੇ 5 ਫਰਵਰੀ 1762 ਈ: ਲਿਖੀ ਹੈ। ਇਸ ਮੁਤਾਬਕ ਇਹ 27 ਮਾਘ ਸੰਮਤ 1818 ਬਿਕ੍ਰਮੀ ਹੀ ਬਣਦੀ ਹੈ। ਨਾਨਕਸ਼ਾਹੀ ਕੈਲੰਡਰ ਬਣਾਉਣ ਵਾਲੀ ਕਮੇਟੀ ਨੇ ਵੀ 27 ਮਾਘ ਨੂੰ ਹੀ ਮੁੱਖ ਰੱਖਿਆ ਹੈ।

27 ਮਾਘ ਬਿਕ੍ਰਮੀ ਕੈਲੰਡਰ ਦਾ ਪ੍ਰਵਿਸ਼ਟਾ ਹੈ। ਜਿਸ ਦੇ ਸਾਲ ਦੀ ਲੰਬਾਈ 365.2587 ਦਿਨ (ਸੂਰਜੀ ਸਿਧਾਂਤ) ਸੀ। 1964 ਈ: ਵਿੱਚ ਇਸ ਕੈਲੰਡਰ ਵਿੱਚ ਕੀਤੀ ਗਈ ਸੋਧ ਮੁਤਾਬਕ ਹੁਣ ਇਸ ਦੇ ਸਾਲ ਦੀ ਲੰਬਾਈ 365.2563 ਦਿਨ (ਦ੍ਰਿਕ ਗਿਣਤ ਸਿਧਾਂਤ) ਹੈ। ਸ਼੍ਰੋਮਣੀ ਕਮੇਟੀ ਵੱਲੋਂ ਕੈਲੰਡਰ ਦ੍ਰਿਕ ਗਿਣਤ ਸਿਧਾਂਤ ਮੁਤਾਬਕ ਹੀ ਛਾਪਿਆ ਜਾਂਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਗੁਰੂ ਕਾਲ ਵਾਲੇ ਕੈਲੰਡਰ ਨੂੰ ਛੱਡ ਚੁੱਕੀ ਹੈ। 5 ਫਰਵਰੀ ਗਰੈਗੋਰੀਅਨ ਕੈਲੰਡਰ ਦੀ ਤਾਰੀਖ ਹੈ। ਇਸ ਦੇ ਸਾਲ ਦੀ ਲੰਬਾਈ 365.2425 ਦਿਨ ਹੈ। 27 ਮਾਘ ਸੰਮਤ 1818 ਬਿਕ੍ਰਮੀ ਵਾਲੇ ਦਿਨ ਗਰੈਗੋਰੀਅਨ ਕੈਲੰਡਰ ਦੀ 5 ਫਰਵਰੀ ਸੀ। ਸਾਲ ਦੀ ਲੰਬਾਈ ਵਿੱਚ ਅੰਤਰ ਹੋਣ ਕਾਰਨ ਇਸ ਸਾਲ (2024 ਈ:, ਸੰਮਤ 2080 ਬਿਕ੍ਰਮੀ ) 27 ਮਾਘ ਨੂੰ 9 ਫਰਵਰੀ ਹੈ । ਜੇ ਇਹ ਕੈਲੰਡਰ ਇਸੇ ਤਰ੍ਹਾਂ ਹੀ ਚਲਦਾ ਰਹੇ ਤਾਂ 3000 ਈ: ਵਿੱਚ 27 ਮਾਘ ਨੂੰ 23 ਫਰਵਰੀ ਜਾਂ 5 ਫਰਵਰੀ ਨੂੰ 9 ਮਾਘ ਹੋਵੇਗੀ। ਉਸ ਵੇਲੇ ਇਹ ਦਿਹਾੜਾ ਕਿਹੜੀ ਤਾਰੀਖ ਜਾਂ ਕਿਹੜੇ ਪ੍ਰਵਿਸ਼ਟੇ ਨੂੰ ਮਨਾਇਆ ਜਾਵੇਗਾ?

ਹੁਣ ਸਵਾਲ ਇਹ ਹੈ ਕਿ, ਕੀ ਅਸੀਂ ਇਹ ਦਿਹਾੜਾ ਆਪਣੇ ਖਿਤੇ ਵਿੱਚ ਪ੍ਰਚੱਲਤ ਉਸ ਵੇਲੇ ਦੇ ਕੈਲੰਡਰ ਮੁਤਾਬਕ ਅਸਲ ਪ੍ਰਵਿਸ਼ਟੇ ਭਾਵ 27 ਮਾਘ ਨੂੰ ਮਨਾਉਣਾ ਹੈ ਜਾਂ ਵਿਦੇਸ਼ੀ ਕੈਲੰਡਰ ਮੁਤਾਬਕ 5 ਫਰਵਰੀ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਸੂਰਜੀ ਬਿਕ੍ਰਮੀ ਕੈਲੰਡਰ ਵਿੱਚ ਇਤਿਹਾਸ ਦਿਹਾੜਿਆਂ ਦੀਆਂ ਤਾਰੀਖਾਂ ਤਿੰਨ ਕੈਲੰਡਰਾਂ ਮੁਤਾਬਕ ਨਿਰਧਾਰਤ ਕਰਕੇ, ਪ੍ਰਵਿਸ਼ਟਿਆਂ ਵਿੱਚ ਦਰਜ ਕੀਤੀਆਂ ਜਾਂਦੀਆਂ। ਕੁਝ ਦਿਹਾੜੇ ਚੰਦ ਦੇ ਕੈਲੰਡਰ ਮੁਤਾਬਕ (ਸਾਲ ਦੀ ਲੰਬਾਈ 354.37 ਦਿਨ), ਕੁਝ ਦਿਹਾੜੇ ਸੂਰਜੀ ਬਿਕ੍ਰਮੀ ਕੈਲੰਡਰ ਅਨੁਸਾਰ (ਸਾਲ ਦੀ ਲੰਬਾਈ 365.2587 ਦਿਨ) ਅਤੇ ਕੁਝ ਦਿਹਾੜੇ ਅੰਗਰੇਜੀ ਕੈਲੰਡਰ ਮੁਤਾਬਕ (ਸਾਲ ਦੀ ਲੰਬਾਈ, 2 ਸਤੰਬਰ 1752 ਈ: ਤੋਂ ਪਹਿਲਾ 365.25 ਦਿਨ ਅਤੇ 14 ਸਤੰਬਰ 1752 ਈ: ਤੋਂ ਪਿਛੋਂ 365.2425 ਦਿਨ)। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ।




ਇਸ ਸਮੱਸਿਆ ਦਾ ਹੱਲ ਹੈ ਨਾਨਕਸ਼ਾਹੀ ਕੈਲੰਡਰ। ਕੈਲੰਡਰ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਮੁਤਾਬਕ ਸਾਰੇ ਦਿਹਾੜਿਆਂ ਦੇ ਅਸਲ ਪ੍ਰਵਿਸ਼ਟਿਆਂ ਨੂੰ ਹੀ ਮੁੱਖ ਰੱਖਿਆ ਗਿਆ। ਸਾਲ ਦੀ ਲੰਬਾਈ, ਪ੍ਰਚੱਲਤ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ (365.2563 ਦਿਨ) ਨੂੰ ਸੋਧ ਕੇ, ਕੁਦਰਤ ਦੇ ਨਿਯਮ ਮੁਤਾਬਕ, ਧਰਤੀ ਵੱਲੋਂ ਸੂਰਜ ਦੁਆਲੇ ਇਕ ਚੱਕਰ ਪੂਰਾ ਕਰਨ ਦੇ ਅਸਲ ਸਮੇਂ ਮੁਤਾਬਕ 365.2425 ਦਿਨ ਰੱਖੀ ਗਈ ਹੈ। ਸਾਲ ਦੀ ਲੰਬਾਈ ਦੇ ਅੰਤਰ ਕਾਰਨ, ਦੁਨੀਆ ਦੇ ਸਾਂਝੇ ਕੈਲੰਡਰ ਦੀਆਂ ਤਾਰੀਖਾਂ ਨਾਲ, ਅੱਗੋਂ ਤੋਂ ਇਨ੍ਹਾਂ ਵਿੱਚ ਫਰਕ ਨਹੀਂ ਵੱਧੇਗਾ। ਨਾਨਕਸ਼ਾਹੀ ਕੈਲੰਡਰ ਵਿੱਚ ਵੱਡੇ ਘੱਲੂਘਾਰੇ ਦਾ ਅਸਲ ਪ੍ਰਵਿਸ਼ਟਾ, 27 ਮਾਘ ਹੀ ਦਰਜ ਹੈ। ਇਸ ਦਿਨ ਦੁਨੀਆ ਦੇ ਸਾਂਝੇ ਕੈਲੰਡਰ ਦੀ 8 ਫਰਵਰੀ ਹੁੰਦੀ ਹੈ। ਸੰਮਤ 1532 ਨਾਨਕਸ਼ਾਹੀ (3000 ਈ:) ਵਿੱਚ ਵੀ 27 ਮਾਘ ਵਾਲੇ ਦਿਨ 8 ਫਰਵਰੀ ਹੀ ਹੋਵੇਗੀ। ਜਦੋਂ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕੈਲੰਡਰ ਮੁਤਾਬਕ 3000 ਈ: ਵਿੱਚ 27 ਮਾਘ ਵਾਲੇ ਦਿਨ 23 ਫਰਵਰੀ ਹੋਵੇਗੀ।

# ਮਨੀਪੁਰ 'ਚ ਫ਼ਿਰਕੂ ਹਿੰਸਾ ਨੇ ਭੜਕਾਈ ਅੱਗ

> *ਮਨੀਪੁਰ ਸਰਕਾਰ ਦੇ ਸੁਰੱਖਿਆ ਸਲਾਹਕਾਰ ਕੁਲਦੀਪ ਸਿੰਘ ਨੇ 19 ਜਨਵਰੀ ਨੂੰ ਪੱਤਰਕਾਰਾਂ ਨੂੰ ਦੱਸਿਆ ਕਿ 12 ਜਨਵਰੀ ਨੂੰ ਸੁਰੱਖਿਆ ਦਸਤਿਆਂ 'ਤੇ ਹੋਏ ਹਮਲੇ ਮੀਆਂਮਾਰ ਤੋਂ ਆਏ ਕੁਕੀ ਅੱਤਵਾਦੀਆਂ ਨੇ ਕੀਤੇ ਸਨ ਜਿਨ੍ਹਾਂ ਵਿਚ 2 ਜਵਾਨ ਸ਼ਹੀਦ ਹੋ ਗਏ ਤੇ 20 ਕੁ ਜ਼ਖ਼ਮੀ ਹੋਏ ਸਨ। ਅਸਾਮ ਰਾਈਫਲਜ਼ ਦੇ ਇਕ ਬੁਲਾਰੇ ਅਨੁਸਾਰ 4 ਜਨਵਰੀ ਨੂੰ ਬਿਸ਼ਨਪੁਰ ਇਲਾਕੇ ਵਿਚ ਮੈਤੇਈ ਫ਼ਿਰਕੇ ਦੇ ਚਾਰ ਵਿਅਕਤੀਆਂ ਨੂੰ ਮਾਰਨ ਲਈ ਸਨਾਈਪਰ ਗੰਨਾਂ ਦੀ ਵਰਤੋਂ ਕੀਤੀ ਗਈ ਸੀ। ਇਹ ਵਿਅਕਤੀ ਦੰਗਿਆਂ ਕਾਰਨ ਉਜੜੇ ਹੋਏ ਇਕ ਕੁਕੀ ਪਿੰਡ ਤੋਂ ਲੱਕੜ ਅਤੇ ਹੋਰ ਸਾਮਾਨ ਚੋਰੀ ਕਰਨ ਵਾਸਤੇ ਗਏ ਸਨ।*




**ਬਲਰਾਜ ਸਿੰਘ ਸਿੱਧੂ**

ਅੱਠ ਮਹੀਨੇ ਤੋਂ ਮਨੀਪੁਰ ਭਰਾ ਮਾਰੂ ਲੜਾਈ ਦੀ ਅੱਗ ਵਿਚ ਝੁਲਸ ਰਿਹਾ ਹੈ। ਤਿੰਨ ਮਈ 2023 ਨੂੰ ਸ਼ੁਰੂ ਹੋਈ ਕਤਲੋਗਾਰਤ ਪਹਿਲਾਂ ਸਿਰਫ਼ ਇੰਫਾਲ ਘਾਟੀ ਵਿਚ ਰਹਿਣ ਵਾਲੇ ਮੈਤੇਈ ਅਤੇ ਪਹਾੜਾਂ ਦੇ ਵਾਸੀ ਕੁਕੀ ਕਬੀਲੇ ਤੱਕ ਮਹਿਦੂਦ ਸੀ। ਇੱਛਾ ਸ਼ਕਤੀ ਦੀ ਘਾਟ ਕਾਰਨ ਸੂਬਾ ਸਰਕਾਰ ਇਸ ਹਿੰਸਾ 'ਤੇ ਕਾਬੂ ਪਾਉਣ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਜਿਸ ਕਾਰਨ ਹੁਣ ਤੱਕ ਦੋ ਕੁ ਸੌ ਵਿਅਕਤੀ ਦੋਵਾਂ ਫ਼ਿਰਕਿਆਂ ਦੇ ਤੇ ਸੁਰੱਖਿਆ ਕਰਮੀ ਮਾਰੇ ਜਾ ਚੁੱਕੇ ਹਨ ਤੇ 50000 ਤੋਂ ਵੱਧ ਬੇਘਰ ਹੋ ਗਏ ਹਨ। ਕੁਝ ਮਹੀਨੇ ਪਹਿਲਾਂ ਵਾਇਰਲ ਹੋਈ ਇਕ ਵੀਡੀਓ ਤੋਂ ਪਤਾ ਲੱਗਾ ਹੈ ਕਿ ਸੈਂਕੜੇ ਔਰਤਾਂ ਦੀ ਇੱਜ਼ਤ ਵੀ ਰੋਲੀ ਜਾ ਚੁੱਕੀ ਹੈ।

ਇਸ ਫ਼ਿਰਕੂ ਹਿੰਸਾ ਨੇ ਹੁਣ ਇਕ ਨਵਾਂ ਰੂਪ ਅਖ਼ਤਿਆਰ ਕਰ ਲਿਆ ਹੈ। ਕਈ ਸਾਲਾਂ ਤੋਂ ਚੁੱਪ ਬੈਠੇ ਮਨੀਪੁਰੀ ਅੱਤਵਾਦੀ ਗਿਰੋਹ ਜੋ ਜਨਤਾ ਦੀ ਹਮਦਰਦੀ ਗੁਆ ਚੁੱਕੇ ਸਨ, ਦੁਬਾਰਾ ਸਰਗਰਮ ਹੋ ਗਏ ਹਨ। ਉਹ ਕਥਿਤ ਤੌਰ 'ਤੇ ਚੀਨ ਅਤੇ ਮੀਆਂਮਾਰ ਦੀ ਸਹਾਇਤਾ ਨਾਲ ਮੁੜ ਹਥਿਆਰਬੰਦ ਹੋ ਕੇ ਸੁਰੱਖਿਆ ਦਸਤਿਆਂ 'ਤੇ ਹਮਲੇ ਕਰ ਰਹੇ ਹਨ ਤੇ ਫਿਰੌਤੀਆਂ ਉਗਰਾਹੁਣ ਲੱਗ ਪਏ ਹਨ। ਸੂਬੇ ਦਾ ਸਰਕਾਰੀ ਤੰਤਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ ਹੈ ਤੇ ਦੋਵਾਂ ਫ਼ਿਰਕਿਆਂ ਦੀਆਂ ਨਿੱਜੀ ਮਿਲਸ਼ੀਆ ਆਪੋ-ਆਪਣੇ ਬਹੁਗਿਣਤੀ ਵਾਲੇ ਖੇਤਰਾਂ ਵਿਚ ਬਰਾਬਰ ਦੀ ਸਰਕਾਰ ਚਲਾ ਰਹੀਆਂ ਹਨ। ਉਨ੍ਹਾਂ ਦੀ ਛਤਰ-ਛਾਇਆ ਹੇਠ ਹਥਿਆਰਾਂ ਅਤੇ ਨਸ਼ਿਆਂ ਦੀ ਤਸਕਰੀ ਬਿਨਾਂ ਕਿਸੇ ਡਰ-ਭੈਅ ਦੇ ਵੱਡੇ ਪੱਧਰ 'ਤੇ ਚੱਲ ਪਈ ਹੈ। ਲੱਗਦਾ ਹੈ ਕਿ ਜਲਦੀ ਹੀ ਮਨੀਪੁਰ ਭਾਰਤ ਭਰ ਦੇ ਗੈਂਗਸਟਰਾਂ ਅਤੇ ਮਾਓਵਾਦੀਆਂ ਨੂੰ ਹਥਿਆਰ ਸਪਲਾਈ ਕਰਨ ਦਾ ਨਵਾਂ ਕੇਂਦਰ ਬਣ ਜਾਵੇਗਾ। ਫਿਰੌਤੀਆਂ ਤੋਂ ਹੋਣ ਵਾਲੀ ਅਥਾਹ ਕਮਾਈ ਕਾਰਨ ਅੱਤਵਾਦੀ ਗਿਰੋਹ ਦਿਨ-ਬ-ਦਿਨ ਤਾਕਤਵਰ ਹੁੰਦੇ ਜਾ ਰਹੇ ਹਨ। ਉਹ ਵਪਾਰੀਆਂ, ਆਮ ਲੋਕਾਂ ਤੇ ਇੱਥੋਂ ਤੱਕ ਕਿ ਥ੍ਰੀ ਵਹੀਲਰ ਚਲਾਉਣ ਵਾਲਿਆਂ ਤੋਂ ਵੀ ਪੈਸਾ, ਰਾਸ਼ਨ ਅਤੇ ਗੱਡੀਆਂ ਤੱਕ ਭੋਟ ਰਹੇ ਹਨ। ਚੂੜਾਚਾਂਦਪੁਰ ਦੇ ਇਕ ਕਾਰ ਡੀਲਰ ਨੇ ਬੋਲੈਰੋ ਗੱਡੀ ਦੇਣ ਤੋਂ ਇਨਕਾਰ ਕਰਨ ਦੀ ਹਿੰਮਤ ਕੀਤੀ ਤਾਂ ਅੱਤਵਾਦੀਆਂ ਨੇ ਬੰਦੂਕ ਦੀ ਨੋਕ 'ਤੇ ਉਸ ਤੋਂ ਤਿੰਨ ਗੱਡੀਆਂ ਖੋਹ ਲਈਆਂ ਤੇ ਕੁੱਟ-ਕੁੱਟ ਕੇ ਅਧਮੋਇਆ ਕਰ ਦਿੱਤਾ। ਅਜਿਹੇ ਹਾਲਾਤ ਵਿਚ ਆਮ ਆਦਮੀ ਕੋਲ ਅੱਤਵਾਦੀਆਂ ਦੀਆਂ ਨਾਜਾਇਜ਼ ਮੰਗਾਂ ਮੰਨਣ ਤੋਂ ਇਲਾਵਾ ਹੋਰ ਕੋਈ ਚਾਰਾ ਬਾਕੀ ਨਹੀਂ ਰਿਹਾ। ਅੱਤਵਾਦੀਆਂ ਦਾ ਐਨਾ ਡਰ ਬੈਠ ਚੁੱਕਾ ਹੈ ਕਿ ਲੋਕ ਪੁਲਿਸ ਕੋਲ ਜਾਣ ਤੋਂ ਕਤਰਾਉਂਦੇ ਹਨ। ਪੈਸੇ ਦੀ ਭੁੱਖ ਵਿਚ ਅੰਨ੍ਹੇ ਹੋ ਚੁੱਕੇ ਇਹ ਅੱਤਵਾਦੀ ਹੁਣ ਆਪਣੇ-ਬਿਗਾਨੇ ਵਿਚ ਕੋਈ ਫ਼ਰਕ ਨਹੀਂ ਕਰਦੇ। ਪਿਛਲੇ ਸਾਲ 8 ਦਸੰਬਰ ਨੂੰ ਇੰਫਾਲ ਦੇ ਇਕ ਮੈਤੇਈ ਵਪਾਰੀ ਨੇ ਪੁਲਿਸ ਕੋਲ ਦਰਖਾਸਤ ਦਿੱਤੀ ਸੀ ਕਿ ਡੀਐੱਮ ਕਾਲਜ ਆਫ ਸਾਇੰਸ (ਇੰਫਾਲ) ਦੇ ਹੋਸਟਲ ਤੋਂ ਉਸ ਦੇ 21 ਸਾਲਾ ਲੜਕੇ ਨੂੰ ਅਗਵਾ ਕਰ ਲਿਆ ਗਿਆ ਹੈ ਤੇ ਛੱਡਣ ਦੇ ਇਵਜ਼ 'ਚ 15 ਲੱਖ ਦੀ ਫਿਰੌਤੀ ਮੰਗੀ ਗਈ ਹੈ।

ਪੁਲਿਸ ਨੇ ਕਾਰਵਾਈ ਕਰ ਕੇ ਲੜਕੇ ਨੂੰ ਛੁਡਵਾ ਲਿਆ ਤੇ ਅੱਤਵਾਦੀ ਗਰੁੱਪ ਕੰਗਲੀਪਾਲ ਕਮਿਊਨਿਸਟ ਪਾਰਟੀ (ਪੀਪਲਜ਼ ਵਾਰ ਗਰੁੱਪ) ਦੇ ਅੱਠ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਹੈਰਾਨੀਜਨਕ ਗੱਲ ਇਹ ਹੈ ਕਿ ਇਹ ਗਰੁੱਪ ਫ਼ਿਰਕੂ ਹਿੰਸਾ ਸ਼ੁਰੂ ਹੋਣ ਦੇ ਸਮੇਂ ਤੋਂ ਹੀ ਮੈਤੇਈਆਂ ਦੀ ਕੁਕੀਆਂ ਦੇ ਖ਼ਿਲਾਫ਼ ਮਦਦ ਕਰ ਰਿਹਾ ਹੈ। ਸਿਰਫ਼ ਜਨਵਰੀ ਮਹੀਨੇ ਵਿਚ ਹੀ ਪੁਲਿਸ ਨੇ ਅੱਤਵਾਦੀ ਜਥੇਬੰਦੀਆਂ ਕੇਸੀਪੀ (ਨੋਵੋਨ ਗਰੁੱਪ), ਪੀਪਲਜ਼ ਲਿਬਰੇਸ਼ਨਜ਼ ਆਰਮੀ (ਪੀਐੱਲਏ), ਪੀਪਲਜ਼ ਰੈਵੋਲਿਊਸ਼ਨਰੀ ਪਾਰਟੀ (ਕਾਂਗਲੀਪਾਕ ਗਰੁੱਪ) ਅਤੇ ਨੈਸ਼ਨਲ ਰੈਵੋਲਿਊਸ਼ਨਰੀ ਫਰੰਟ ਆਫ ਮਨੀਪੁਰ ਵਰਗੀਆਂ ਅੱਤਵਾਦੀ ਜਥੇਬੰਦੀਆਂ ਦੇ 49 ਮੈਂਬਰ ਫਿਰੌਤੀਆਂ ਲਈ ਧਮਕੀਆਂ ਦੇਣ ਦੇ ਜੁਰਮ ਹੇਠ ਗ੍ਰਿਫ਼ਤਾਰ ਕੀਤੇ ਹਨ। ਪੁਲਿਸ ਅਤੇ ਅਰਧ ਸੈਨਿਕ ਬਲਾਂ ਦੇ ਲੁੱਟੇ ਹੋਏ ਆਧੁਨਿਕ ਹਥਿਆਰਾਂ ਕਾਰਨ ਇਹ ਗਿਰੋਹ ਪਹਿਲਾਂ ਨਾਲੋਂ ਕਿਤੇ ਵੱਧ ਤਾਕਤਵਰ ਹੋ ਗਏ ਹਨ। ਵਰਣਨਯੋਗ ਹੈ ਕਿ ਮਨੀਪੁਰ ਹਿੰਸਾ ਦੇ ਸ਼ੁਰੂਆਤੀ ਦਿਨਾਂ 'ਚ ਪੁਲਿਸ ਤੇ ਹੋਰ ਸੁਰੱਖਿਆ ਫੋਰਸਾਂ ਦੇ ਅਸਲ੍ਹਾਖਾਨਿਆਂ ਤੋਂ 5682 ਅਸਾਲਟਾਂ, ਇਨਸਾਸ ਅਤੇ ਐੱਲਐੱਮਜੀ ਆਦਿ ਵਰਗੇ ਮਾਰੂ ਹਥਿਆਰਾਂ ਸਮੇਤ 650000 ਗੋਲ਼ੀਆਂ ਲੁੱਟੀਆਂ ਗਈਆਂ ਸਨ ਜਿਨ੍ਹਾਂ ਵਿੱਚੋਂ ਹੁਣ ਤੱਕ ਸਿਰਫ਼ 1647 ਰਾਈਫਲਾਂ ਅਤੇ 23000 ਗੋਲ਼ੀਆਂ ਹੀ ਬਰਾਮਦ ਹੋ ਸਕੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਜ਼ਿਆਦਾਤਰ ਲੁੱਟੇ ਹੋਏ ਹਥਿਆਰ ਅੱਤਵਾਦੀਆਂ ਕੋਲ ਪਹੁੰਚ ਗਏ ਹਨ। ਬਾਰਾਂ ਜਨਵਰੀ ਨੂੰ ਕੁਕੀ ਬਹੁਲ ਮੋਰੇਹ ਸ਼ਹਿਰ ਦੇ ਨਜ਼ਦੀਕ ਅੱਤਵਾਦੀਆਂ ਨੇ ਤਿੰਨ ਘਟਨਾਵਾਂ ਵਿਚ ਸੁਰੱਖਿਆ ਦਸਤਿਆਂ 'ਤੇ ਹਮਲੇ ਕਰਨ ਲਈ ਇਨ੍ਹਾਂ ਲੁੱਟੇ ਹੋਏ ਹਥਿਆਰਾਂ ਦੀ ਵਰਤੋਂ ਕੀਤੀ ਹੈ। ਇਹ ਅੱਤਵਾਦੀ ਗਰੁੱਪ ਸੁਰੱਖਿਆ ਦਸਤਿਆਂ ਦੇ ਦਬਾਅ ਕਾਰਨ ਕਈ ਸਾਲਾਂ ਤੋਂ ਮੀਆਂਮਾਰ ਵਿਚ ਲੁਕੇ ਬੈਠੇ ਸਨ ਤੇ ਹੁਣ ਸੁਨਹਿਰੀ ਮੌਕਾ ਵੇਖ ਕੇ ਵਗਦੀ ਗੰਗਾ ਵਿਚ ਹੱਥ ਧੋ ਰਹੇ ਹਨ।

ਮਨੀਪੁਰ ਸਰਕਾਰ ਦੇ ਸੁਰੱਖਿਆ ਸਲਾਹਕਾਰ ਕੁਲਦੀਪ ਸਿੰਘ ਨੇ 19 ਜਨਵਰੀ ਨੂੰ ਪੱਤਰਕਾਰਾਂ ਨੂੰ ਦੱਸਿਆ ਕਿ 12 ਜਨਵਰੀ ਨੂੰ ਸੁਰੱਖਿਆ ਦਸਤਿਆਂ 'ਤੇ ਹੋਏ ਹਮਲੇ ਮੀਆਂਮਾਰ ਤੋਂ ਆਏ ਕੁਕੀ ਅੱਤਵਾਦੀਆਂ ਨੇ ਕੀਤੇ ਸਨ ਜਿਨ੍ਹਾਂ ਵਿਚ 2 ਜਵਾਨ ਸ਼ਹੀਦ ਹੋ ਗਏ ਤੇ 20 ਕੁ ਜ਼ਖ਼ਮੀ ਹੋਏ ਸਨ। ਅਸਾਮ ਰਾਈਫਲਜ਼ ਦੇ ਇਕ ਬੁਲਾਰੇ ਅਨੁਸਾਰ 4 ਜਨਵਰੀ ਨੂੰ ਬਿਸ਼ਨਪੁਰ ਇਲਾਕੇ ਵਿਚ ਮੈਤੇਈ ਫ਼ਿਰਕੇ ਦੇ ਚਾਰ ਵਿਅਕਤੀਆਂ ਨੂੰ ਮਾਰਨ ਲਈ ਸਨਾਈਪਰ ਗੰਨਾਂ ਦੀ ਵਰਤੋਂ ਕੀਤੀ ਗਈ ਸੀ। ਇਹ ਵਿਅਕਤੀ ਦੰਗਿਆਂ ਕਾਰਨ ਉਜੜੇ ਹੋਏ ਇਕ ਕੁਕੀ ਪਿੰਡ ਤੋਂ ਲੱਕੜ ਅਤੇ ਹੋਰ ਸਾਮਾਨ ਚੋਰੀ ਕਰਨ ਵਾਸਤੇ ਗਏ ਸਨ। ਸੰਨ 2008 ਵਿਚ ਕੇਂਦਰ, ਮਨੀਪੁਰ ਅਤੇ ਉਪਰੋਕਤ ਅੱਤਵਾਦੀ ਜਥੇਬੰਦੀਆਂ ਦਰਮਿਆਨ ਜੰਗਬੰਦੀ ਲਈ ਇਕ ਸਮਝੌਤਾ ਹੋਇਆ ਸੀ ਜਿਸ ਅਨੁਸਾਰ ਇਨ੍ਹਾਂ ਜਥੇਬੰਦੀਆਂ ਨੇ ਹਥਿਆਰ ਸੁੱਟ ਦਿੱਤੇ ਸਨ ਤੇ ਆਪਣੇ ਕੈਂਪਾਂ ਤੋਂ ਬਾਹਰ ਨਾ ਜਾਣਾ ਮਨਜ਼ੂਰ ਕਰ ਲਿਆ ਸੀ। ਇਨ੍ਹਾਂ ਕੈਂਪਾਂ ਜਾਂ ਖੁੱਲ੍ਹੀਆਂ ਜੇਲ੍ਹਾਂ ਦੀ ਨਿਗਰਾਨੀ ਅਸਾਮ ਰਾਈਫਲਜ਼ ਦੇ ਅਧੀਨ ਸੀ ਪਰ 7 ਨਵੰਬਰ 2023 ਨੂੰ ਪੁਲਿਸ ਨੇ ਦੋ ਵਿਅਕਤੀਆਂ, ਲਹੁਨਖੋਸ਼ੀ ਚੌਂਗਲੋਈ ਅਤੇ ਸਾਤਗਿਨ ਹੈਂਗਸਿੰਗ ਨੂੰ ਦੋ ਮੈਤੇਈ ਲੜਕਿਆਂ ਦੇ ਕਤਲ ਕੇਸ ਵਿਚ ਗ੍ਰਿਫ਼ਤਾਰ ਕੀਤਾ ਹੈ।

ਇਹ ਦੋਵੇਂ ਕੁਕੀ ਰੈਵੋਲਿਊਸ਼ਨਰੀ ਆਰਮੀ ਦੇ ਮੈਂਬਰ ਹਨ ਜਿਸ ਨੇ ਇਸ ਸਮਝੌਤੇ ਅਧੀਨ ਹਥਿਆਰ ਸੁੱਟੇ ਸਨ। ਵੈਸੇ ਸੂਬਾ ਸਰਕਾਰ 10 ਮਾਰਚ 2023 ਨੂੰ ਇਕਤਰਫ਼ਾ ਤੌਰ 'ਤੇ ਇਸ ਸਮਝੌਤੇ ਨੂੰ ਰੱਦ ਕਰ ਚੁੱਕੀ ਹੈ। ਮਨੀਪੁਰ ਸਰਕਾਰ ਵੱਲੋਂ ਸ਼ਾਂਤੀ ਸਥਾਪਤ ਕਰਨ ਵਿਚ ਨਾਕਾਮ ਰਹਿਣ ਕਾਰਨ ਦੋਵਾਂ ਭਾਈਚਾਰਿਆਂ (ਮੈਤੇਈ ਅਤੇ ਕੁਕੀ) ਦਾ ਆਪਣੀ ਸੁਰੱਖਿਆ ਲਈ ਅੱਤਵਾਦੀ ਜਥੇਬੰਦੀਆਂ ਵੱਲ ਝੁਕਾਅ ਵਧਦਾ ਜਾ ਰਿਹਾ ਹੈ। ਮਿਸਾਲ ਦੇ ਤੌਰ 'ਤੇ 24 ਜਨਵਰੀ ਨੂੰ ਮਨੀਪੁਰ ਦੀ ਸਭ ਤੋਂ ਪ੍ਰਭਾਵਸ਼ਾਲੀ ਮੈਤੇਈ ਹਥਿਆਰਬੰਦ ਜਥੇਬੰਦੀ ਅਰਾਬਾਈ ਟੈਂਗੋਲ ਨੇ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਮੈਤੇਈ ਵਿਧਾਇਕਾਂ (ਕੁੱਲ 37) ਦੀ ਇਕ ਮੀਟਿੰਗ ਬੁਲਾਈ ਸੀ ਜਿਸ ਵਿਚ ਸਿਰਫ ਮੁੱਖ ਮੰਤਰੀ ਨੂੰ ਛੱਡ ਕੇ ਬਾਕੀ ਸਾਰੇ 36 ਮੈਤੇਈ ਵਿਧਾਇਕਾਂ ਨੇ ਭਾਗ ਲਿਆ ਸੀ। ਮੀਟਿੰਗ ਤੋਂ ਬਾਅਦ ਜਥੇਬੰਦੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਾਰੇ ਵਿਧਾਇਕਾਂ ਨੇ ਸਰਬਸੰਮਤੀ ਨਾਲ ਉਨ੍ਹਾਂ ਦੇ ਮੰਗ ਪੱਤਰ 'ਤੇ ਦਸਤਖ਼ਤ ਕਰ ਦਿੱਤੇ ਹਨ। ਉਨ੍ਹਾਂ ਦੀਆਂ ਮੁੱਖ ਮੰਗਾਂ 'ਚ ਮੀਆਂਮਾਰ ਦੇ ਰਫਿਊਜੀਆਂ ਨੂੰ ਮਨੀਪੁਰ ਤੋਂ ਬਾਹਰ ਕੱਢਣਾ, ਮੀਆਂਮਾਰ ਦੀ ਸਰਹੱਦ 'ਤੇ ਤਾਰ ਲਗਾਉਣੀ, ਅਸਾਮ ਰਾਈਫਲਜ਼ (ਅਰਧ ਸੈਨਿਕ ਬਲ) ਦੀ ਥਾਂ ਕਿਸੇ ਹੋਰ ਫੋਰਸ ਨੂੰ ਤਾਇਨਾਤ ਕਰਨਾ ਅਤੇ ਮੀਆਂਮਾਰ ਤੋਂ ਆਏ ਕੁਕੀ ਰਫਿਊਜੀਆਂ ਨੂੰ ਅਨੁਸੂਚਿਤ ਕਬੀਲਿਆਂ ਦੀ ਸੂਚੀ ਵਿੱਚੋਂ ਬਾਹਰ ਕਰਨਾ ਆਦਿ ਸ਼ਾਮਲ ਹਨ। ਅਰਾਬਾਈ ਟੈਂਗੋਲ ਜਥੇਬੰਦੀ ਐਨੀ ਤਾਕਤਵਰ ਹੈ ਕਿ ਪੁਲਿਸ ਦੀ ਬਜਾਏ ਇਸ ਦੇ ਹਥਿਆਰਬੰਦ ਵਲੰਟੀਅਰ ਮੈਤੇਈ ਪਿੰਡਾਂ ਦੀ ਰਖਵਾਲੀ ਕਰਦੇ ਹਨ।

ਸੁਰੱਖਿਆ ਦਸਤੇ ਵੀ ਫ਼ਿਰਕੂ ਨਫ਼ਰਤ ਦੀ ਲਪੇਟ ਵਿਚ ਆ ਗਏ ਹਨ। ਕੁਕੀ ਅੱਤਵਾਦੀ ਮਨੀਪੁਰ ਪੁਲਿਸ ਕਮਾਂਡੋਜ਼ 'ਤੇ ਮੈਤੇਈ ਪੱਖੀ ਹੋਣ ਦਾ ਇਲਜ਼ਾਮ ਲਗਾ ਕੇ ਹਮਲੇ ਕਰ ਰਹੇ ਹਨ ਤੇ ਮੈਤੇਈ ਅਸਾਮ ਰਾਈਫਲਜ਼ 'ਤੇ ਕੁਕੀ ਪੱਖੀ ਹੋਣ ਦਾ ਇਲਜ਼ਾਮ ਲਗਾ ਕੇ। ਸਥਿਤੀ ਐਨੀ ਭਿਆਨਕ ਹੋ ਗਈ ਹੈ ਕਿ 17 ਜਨਵਰੀ ਨੂੰ ਮਨੀਪੁਰ ਸਰਕਾਰ ਨੇ ਕੇਂਦਰੀ ਗ੍ਰਹਿ ਮੰਤਾਰਲੇ ਕੋਲੋਂ ਹੈਲੀਕਾਪਟਰਾਂ ਦੀ ਮੰਗ ਕੀਤੀ ਸੀ ਤਾਂ ਜੋ ਕੁਕੀ ਬਹੁਲ ਮੋਰੇਹ ਸ਼ਹਿਰ ਵਿਖੇ ਅੱਤਵਾਦੀਆਂ ਦੇ ਘੇਰੇ ਵਿਚ ਫਸੇ ਪੁਲਿਸ ਕਮਾਂਡੋਜ਼ ਨੂੰ ਬਾਹਰ ਕੱਢਿਆ ਜਾ ਸਕੇ।

ਇਸ ਗੜਬੜ ਨੇ ਅੱਤਵਾਦ ਦੇ ਨਾਲ-ਨਾਲ ਨਸ਼ਿਆਂ ਦੀ ਤਸਕਰੀ ਨੂੰ ਵੀ ਰੱਜ ਕੇ ਉਤਸ਼ਾਹ ਦਿੱਤਾ ਹੈ। ਦਸੰਬਰ ਮਹੀਨੇ ਵਿਚ ਪੁਲਿਸ ਨੇ 250 ਏਕੜ ਦੇ ਲਗਪਗ ਅਫੀਮ ਦੀ ਖੇਤੀ ਨੂੰ ਨਸ਼ਟ ਕੀਤਾ ਹੈ ਤੇ 15 ਜਨਵਰੀ ਨੂੰ ਪੰਜ ਪੁਲਿਸ ਵਾਲੇ ਸਰਕਾਰੀ ਗੱਡੀ ਵਿਚ ਮੀਆਂਮਾਰ ਤੋਂ ਨਸ਼ਿਆਂ ਦੀ ਖੇਪ ਲਿਆਉਂਦੇ ਪਕੜੇ ਗਏ ਹਨ। ਅੱਜ ਹਾਲਾਤ ਅੱਠ ਮਹੀਨੇ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਉਲਝ ਗਏ ਹਨ। ਹਾਲਾਤ ਨੂੰ ਕਾਬੂ ਹੇਠ ਕਰਨ ਲਈ ਕੇਂਦਰ ਸਰਕਾਰ ਨੂੰ ਪਹਿਲਾਂ ਨਾਲੋਂ ਕਈ ਗੁਣਾ ਵੱਧ ਯਤਨ ਕਰਨੇ ਪੈਣੇ ਹਨ। ਇਸ ਕੰਮ ਲਈ ਸੂਬਾ ਸਰਕਾਰ 'ਤੇ ਕੋਈ ਖ਼ਾਸ ਆਸ ਨਹੀਂ ਰੱਖੀ ਜਾ ਸਕਦੀ ਕਿਉਂਕਿ ਉਹ ਪੂਰੀ ਤਰ੍ਹਾਂ ਇਕਪਾਸੜ, ਅਸਮਰੱਥ ਤੇ ਵਿਕਲਾਂਗ ਹੋਈ ਪਈ ਹੈ।

# ਸ਼੍ਰੋਮਣੀ ਕਮੇਟੀ ਦੇ ਵੋਟਰ ਫਾਰਮ ਵਿਚੋਂ ਜਾਤ ਵਾਲਾ ਖਾਨਾ ਹਟਾਇਆ ਜਾਏ

**ਮਾ. ਲਖਵਿੰਦਰ ਸਿੰਘ ਰਈਆ ਹਵੇਲੀਆਣਾ**

ਗੁਰੂਨਾਨਕ ਦੇਵ ਜੀ ਵਲੋਂ ਲਾਏ ਸਿੱਖੀ ਦੇ ਬੂਟੇ ਦਾ ਮੂਲ ਆਧਾਰ ਇਨਸਾਨੀਅਤ ਉੱਪਰ ਟਿਕਿਆਹੋਇਆ ਹੈ। ਸਿੱਖ ਧਰਮ 'ਚ ਮਨੁੱਖੀ ਊਚ-ਨੀਚ, ਜਾਤ-ਪਾਤ ਦੇ ਭੇਦਭਾਵ ਨੂੰ ਕੋਈ ਮਹੱਤਤਾਨਹੀਂਦਿੱਤੀ ਗਈ। ਸਗੋਂ ਸਦੀਆਂ ਤੋਂ ਚਲੀ ਆ ਰਹੀ ਛੂਤ-ਛਾਤ ਦੀ ਪ੍ਰਥਾ ਦਾ ਕਰੜਾ ਵਿਰੋਧ ਕਰਦਿਆਂ ਗੁਰੂ ਸਾਹਿਬ ਨੇ 'ਨਾਨਕ ਉਤਮੁ ਨੀਚੁ ਨ ਕੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ:7) ਦੇ ਸਨਮੁੱਖ ਮਨੁੱਖੀ ਬਰਾਬਰਤਾ 'ਤੇ ਜ਼ੋਰ ਦਿੱਤਾ ਹੈ। ਮਨੁੱਖੀ ਗੁਣਾਂ ਦੀ ਕਦਰ ਕਰਦਿਆਂ ਸਮੇਂਦੀ ਅਖੌਤੀ ਨੀਵੀਂ ਜਾਤ ਦੇਰਬਾਬੀ ਭਾਈ ਮਰਦਾਨਾ ਨੂੰ ਆਪਣਾ ਸੰਗੀ ਸਾਥੀ ਬਣਾ ਕੇ ਜਾਤ-ਪਾਤ ਉੱਪਰ ਅਭਿਆਸੀ ਅਮਲ ਕਰਦਿਆਂ ਜਾਤੀ ਪ੍ਰਥਾ 'ਤੇ ਕਰਾਰੀ ਸੱਟ ਮਾਰੀ ਸੀ। ਅਗਲੇ ਗੁਰੂ ਸਾਹਿਬਾਨਾਂ ਨੇ ਵੀਜਾਤ-ਪਾਤ ਦੇ ਬੰਧਨਾਂ ਤੋਂ ਉੱਪਰ ਉਠ ਕੇ ਸਿੱਖੀ ਜੀਵਨ ਜਾਚ ਨੂੰ ਖ਼ੁਦ ਕਮਾਇਆ ਤੇ ਸਿੱਖਾਂ ਨੂੰ ਵੀ ਅਜਿਹੀ ਜੀਵਨ ਜਾਚ ਕਮਾਉਣ ਦੀ ਸਿੱਖਿਆ ਦਿੱਤੀ। ਸ੍ਰੀ ਗੁਰੂ ਅਮਰਦਾਸ ਜੀ ਦਾ ਸੰਦੇਸ਼ 'ਪਹਿਲੇ ਪੰਗਤ ਪਾਛੇ ਸੰਗਤ' ਵੀ ਸਮੁੱਚੀ ਮਨੁੱਖਤਾ ਵਿਚ ਬਰਾਬਰੀ/ਭਾਈਚਾਰਕ ਸਾਂਝ ਦਾ ਸੰਕਲਪ ਦ੍ਰਿੜ ਕਰਵਾਉਂਦਾ ਹੈ। ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਇਸ ਸਿਧਾਂਤ ਉਤੇ ਹੋਰ ਵੀ ਸੁਨਹਿਰੀਪਾਣ ਚੜ੍ਹਾਉਂਦਿਆਂਇਕ ਹੀ ਬਾਟੇ ਵਿਚੋਂ ਖੰਡੇ ਦੀ ਪਾਹੁਲ (ਅੰਮ੍ਰਿਤ) ਛਕਾ ਕੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' (ਅਕਾਲ ਉਸਤਤ ਵਿਚੋਂ) ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਇਆ। ਇਸ ਤੋਂਅੱਗੇ ਗੁਰੂ ਸਾਹਿਬ ਵਧ ਕੇ 'ਆਪੇ ਗੁਰੁ ਚੇਲਾ' ਦਾ ਇਕ ਵੱਡਾ ਇਨਕਲਾਬੀ ਕਦਮਵੀ ਪੁੱਟ ਕੇ ਨਿਵੇਕਲਾ ਇਤਿਹਾਸ ਰਚ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਵੀ ਕਈ ਥਾਈਂ ਜਾਤ-ਪਾਤ ਦਾ ਖੰਡਨ ਕੀਤਾ ਹੋਇਆ ਮਿਲਦਾ ਹੈ। ਭਰਾਤਰੀ ਭਾਵ ਨੂੰ ਉੱਚ ਪੱਧਰੀ ਮਹੱਤਤਾ ਦਿੱਤੀ ਗਈ ਹੈ। ਪਰ ਅਜੇ ਤੱਕਸਿੱਖ ਕੌਮ ਦੀ ਤ੍ਰਾਸਦੀਹੀ ਬਣੀ ਹੋਈ ਹੈ ਕਿ ਇਹ ਜਾਤ-ਪਾਤ ਦੇ ਜੂਲ਼ੇ ਨੂੰ ਗਲ਼ੋਂ ਨਹੀਂ ਲਾਹ ਸਕੀ। ਸਗੋਂ ਜਾਤ-ਪਾਤ ਦਾ ਸੰਕਟ ਹੋਰ ਵੀ ਡੂੰਘਾ ਹੁੰਦਾ ਜਾ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਜਾਤ-ਪਾਤ 'ਤੇ ਆਧਾਰਿਤ ਬਹੁਤ ਸਾਰੇ ਗੁਰੂ ਘਰਾਂ ਦੀ ਸਥਾਪਨਾ ਹੋ ਚੁੱਕੀ ਹੈ ਅਤੇ ਅੱਗੇ ਵੀ ਧੜਾਧੜ ਹੋ ਵੀ ਰਹੀ ਹੈ, ਜੋ ਗੁਰਮਤਿ ਸਿਧਾਂਤ ਦੇ ਬਿਲਕੁਲ ਉਲਟਅਤੇ ਮਨਮਤਿ ਵਾਲੀ ਬਿਰਤੀ ਹੈ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਰ ਪ੍ਰੋਫਾਰਮੇ ਵਿਚ ਵੀ ਜਾਤ-ਪਾਤ ਨੂੰ ਉਤਸ਼ਾਹਿਤ ਕਰਦਿਆਂ ਅਨੁਸੂਚਿਤ ਜਾਤੀ ਦੇ ਵੋਟਰਾਂ ਲਈ ਵਿਸ਼ੇਸ਼ਰੂਪ ਵਿਚਆਪਣੀ ਜਾਤੀ ਪਛਾਣ ਭਰਨਲਈਫਾਰਮ ਦੇ ਹੇਠਾਂ ਜਗ੍ਹਾ ਛੱਡੀ ਗਈ ਹੈ, ਜਿੱਥੇ ਸੰਬੰਧਿਤ ਵੋਟਰ ਨੇ ਆਪਣੀ ਖਾਸ ਜਾਤ ਨੂੰ ਦਰਸਾਉਣਾ ਹੈ, ਜੋ ਬਿਲਕੁਲ ਗ਼ੈਰ-ਵਾਜਬ ਹੈ। ਇਕ ਸਿੱਖ, ਸਿੱਖ ਹੀ ਹੈ। ਭਾਵੇਂ ਉਹ ਆਰਥਿਕ ਤੌਰ 'ਤੇ ਵੱਡਾ-ਛੋਟਾ ਹੋ ਸਕਦਾ ਹੈ। ਇਸ ਪ੍ਰੋਫਾਰਮੇ 'ਚ ਜਾਤੀ ਪਛਾਣ ਦਰਸਾਉਣਵਾਲੀ ਜਗ੍ਹਾ ਨਾਲ ਇਹੀ ਪ੍ਰਭਾਵ ਜਾਂਦਾ ਹੈ ਕਿ ਸਿੱਖੀ 'ਚ ਵੀ ਨੀਵੀਂ ਜਾਤ ਨੂੰ ਵੀ ਨੀਵਾਂ ਹੀ ਸਮਝਿਆ ਜਾਂਦਾ ਹੈ।



ਸੰਬੰਧਿਤ ਸਿੱਖ ਵੋਟਰ ਲਈ ਜਾਤ ਬਰਾਦਰੀ ਦਰਸਾਉਣ ਨਾਲ ਉਸ ਨੂੰ ਸਰਕਾਰੀ ਆਰਥਿਕ ਸਹੂਲਤਵਾਂਗ ਕੋਈ ਸਹੂਲਤਵੀ ਨਹੀਂ ਮਿਲਣੀ ਤਾਂ ਵੀ ਅਨੁਸੂਚਿਤ ਜਾਤੀ 'ਟੈਗ' ਨੂੰ ਬੇਲੋੜੇ ਹੀ ਪ੍ਰੋਫਾਰਮੇ 'ਚ ਘੁਸੇੜਿਆ ਗਿਆ ਹੈ, ਜਿਸ ਬਾਰੇ ਸਿੱਖ ਕੌਮ ਖ਼ਾਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨੋਟਿਸ ਲੈਂਦਿਆਂ ਅਨੁਸੂਚਿਤ ਜਾਤੀ ਦੇਇਸ ਅਖੌਤੀ ਕਾਲਮ ਨੂੰ ਹਟਵਾ ਕੇ ਨਿਰੋਲ ਸਿੱਖ ਵੋਟਰ ਦੇ ਰੂਪ ਵਾਲੇ ਪ੍ਰੋਫਾਰਮੇ ਨੂੰ ਜਾਰੀ ਕਰਵਾਉਣਾ ਚਾਹੀਦਾ ਹੈ ਤਾਂ ਕਿ ਹਰ ਸਿੱਖ ਵੋਟਰ ਨੂੰ 'ਸਿੱਖ' ਵਜੋਂ ਮਾਣ ਹਾਸਿਲ ਹੋ ਸਕੇ। ਵੈਸੇ ਵੀ ਹਰ ਸਿੱਖ (ਭਾਵੇਂਉਸ ਦੀ ਕੋਈ ਵੀ ਜਾਤ ਹੋਵੇ) ਨੂੰ ਵੋਟ ਫਾਰਮਭਰਨ ਸਮੇਂ ਅਨੁਸੂਚਿਤ ਜਾਤੀ ਬਾਰੇ ਜਾਣਕਾਰੀ ਦੇਣ ਵਾਲੀ ਇਸ ਜਗ੍ਹਾ ਨੂੰ ਅੱਖੋਂ-ਪਰੋਖੇ ਕਰਕੇ ਇਸ ਜਗ੍ਹਾ ਨੂੰ ਖਾਲੀ ਛੱਡਦੇਣਾ ਚਾਹੀਦਾ ਜਾਂ ਫਿਰ ਜਾਤ-ਪਾਤਦੇ ਇਸ ਕਾਲਮ ਨੂੰ ਨਕਾਰਦਿਆਂ 'ਲਾਗੂ ਨਹੀਂ' ਲਿਖ ਦੇਣਾ ਚਾਹੀਦਾ ਹੈ।

ਜਿਸ ਨਾਲ ਗੁਰਮਤਿ ਦੇ ਅਸਲ ਸਿਧਾਂਤ

**'ਸਭੇ ਸਾਝੀਵਾਲ ਸਦਾਇਨਿ ਤੂੰ**
**ਕਿਸੈ ਨ ਦਿਸਹਿ ਬਾਹਰਾ ਜੀਉ॥'**

**(ਗੁਰੂ ਗ੍ਰੰਥ ਸਾਹਿਬ ਅੰਗ: 97)**

ਅਥਵਾ

**'ਅਵਲਿ ਅਲਹ ਨੂਰੁ ਉਪਾਇਆ**
**ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ**
**ਕਉਨ ਭਲੇ ਕੋ ਮੰਦੇ॥'**

(ਗੁਰੂ ਗ੍ਰੰਥ ਸਾਹਿਬ ਅੰਗ :1349)

ਦਾਅਸਲ ਮਾਅਨਿਆਂ'ਚ ਪ੍ਰਕਾਸ਼ ਤੇ ਪਸਾਰਾ ਹੋ ਸਕੇ।

# ਅਦਾਲਤਾਂ ਨੇ ਇਮਰਾਨ ਖ਼ਾਨ ਕੀਤਾ ਚਿੱਤ



ਦਰਬਾਰਾ ਸਿੰਘ ਕਾਹਲੋਂ

14 ਅਗਸਤ 1947 ਨੂੰ ਕੌਮਾਂਤਰੀ ਸਾਜ਼ਿਸ਼ ਅਧੀਨ ਦੋ ਕੌਮਾਂ ਦੀ ਥਿਊਰੀ ਨੂੰ ਆਧਾਰ ਬਣਾਉਂਦੇ ਹੋਏ ਭਾਰਤ ਦੀ ਵੰਡ ਕਰ ਕੇ ਹੋਂਦ ਵਿਚ ਆਏ ਪਾਕਿਸਤਾਨ ਦੇ ਇਤਿਹਾਸ ਦਾ ਇਕ-ਇਕ ਵਰਕਾ ਸੱਤਾ ਦੀਆਂ ਜ਼ਾਲਮਾਨਾ ਕਰੂਰਤਾਂ, ਗ਼ੈਰ-ਕਾਨੂੰਨੀ ਕਾਰਨਾਮਿਆਂ ਅਤੇ ਬੇਕਿਰਕ ਬੇਇਨਸਾਫ਼ੀ ਨਾਲ ਲਬਰੇਜ਼ ਨਜ਼ਰ ਆਉਂਦਾ ਹੈ। ਸੱਤਾ ਦੀ ਲਗਾਤਾਰ ਜੰਗ ਤੇ ਇਸ ਲਈ ਵਰਤੀ ਜਾਂਦੀ ਜ਼ਾਲਮਾਨਾ ਰਾਜਕੀ ਸ਼ਕਤੀ ਦਾ ਨਤੀਜਾ ਇਹ ਹੈ ਇਸ ਦੇਸ਼ ਦੇ ਗ਼ਰੀਬ, ਆਮ ਤੇ ਘੱਟ-ਗਿਣਤੀ ਭਾਈਚਾਰਿਆਂ, ਕਬੀਲਿਆਂ ਅਤੇ ਦੂਰ-ਦਰਾਜ ਦੇ ਇਲਾਕਿਆਂ ਦੇ ਲੋਕ ਨਰਕ ਭਰਿਆ ਜੀਵਨ ਬਤੀਤ ਕਰਨ ਲਈ ਮਜਬੂਰ ਹਨ। ਜੇਲ੍ਹ ਅੰਦਰ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਸਬੰਧੀ ਅੱਠ ਫਰਵਰੀ ਨੂੰ ਆਮ ਚੋਣਾਂ ਤੋਂ 9-10 ਦਿਨ ਪਹਿਲਾਂ ਉੱਤੋ-ਥੱਲੀ ਆਏ ਅਦਾਲਤੀ ਫ਼ੈਸਲਿਆਂ ਨੇ ਉਨ੍ਹਾਂ ਦੇ ਸਿਆਸੀ ਭਵਿੱਖ ਨੂੰ ਹਾਲ ਦੀ ਘੜੀ ਬੇਯਕੀਨੀ ਦੇ ਅੰਨ੍ਹੇ ਖ਼ੂਹ ਵਿਚ ਸੁੱਟ ਦਿੱਤਾ ਹੈ।

30 ਜਨਵਰੀ ਨੂੰ ਬਗ਼ੈਰ ਕਿਸੇ ਕਾਇਦੇ-ਕਾਨੂੰਨ ਦੇ ਇਕ ਸਾਈਫਰ ਕੇਸ ਲਈ ਆਫੀਸ਼ੀਅਲ ਗੁਪਤ ਕਾਨੂੰਨ ਤਹਿਤ ਗਠਿਤ ਕੀਤੀ ਜਸਟਿਸ ਅਬਦੁਲ ਹਸਨ ਜ਼ੁਲਕਾਰਨੈਨ ਦੀ ਰਾਹਨੁਮਾਈ ਹੇਠ ਵਿਸ਼ੇਸ਼ ਅਦਾਲਤ ਨੇ ਇਮਰਾਨ ਖ਼ਾਨ ਅਤੇ ਉਸ ਦੀ ਤਹਿਰੀਕ-ਏ-ਇਨਸਾਫ਼ (ਪੀਟੀਆਈ) ਪਾਰਟੀ ਦੇ ਉੱਪ ਪ੍ਰਧਾਨ ਅਤੇ ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਰਾਜ ਵਿਰੋਧੀ ਦਰਸਾਉਂਦੇ ਹੋਏ 10-10 ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ। ਸਿਤਮ ਦੀ ਗੱਲ ਇਹ ਹੈ ਕਿ ਅਦਾਲਤ ਨੇ ਇਸ ਸਬੰਧੀ ਆਗਾਮੀ ਕਾਨੂੰਨੀ ਚਾਰਾਜੋਈ ਤੋਂ ਵੀ ਵੰਚਿਤ ਕਰ ਦਿੱਤਾ ਹੈ।

ਸਾਈਫਰ ਕੇਸ ਇਕ ਡਿਪਲੋਮੈਟਿਕ ਦਸਤਾਵੇਜ਼ ਬਾਰੇ ਹੈ ਜਿਸ ਵਿਚ ਪਾਕਿਸਤਾਨੀ ਫੈਡਰਲ ਜਾਂਚ ਏਜੰਸੀ ਨੇ ਇਕ ਚਾਰਜਸ਼ੀਟ ਤਿਆਰ ਕੀਤੀ ਸੀ ਜੋ ਇਮਰਾਨ ਖ਼ਾਨ ਨੇ ਪ੍ਰਧਾਨ ਮੰਤਰੀ ਹੁੰਦੇ ਉਸ ਨੂੰ ਵਾਪਸ ਨਹੀਂ ਕੀਤਾ ਸੀ। ਉਸ ਦੀ ਤਹਿਰੀਕ-ਏ-ਇਨਸਾਫ਼ ਪਾਰਟੀ ਇਸ ਦਸਤਾਵੇਜ਼ ਨੂੰ ਅਮਰੀਕਾ ਵੱਲੋਂ ਧਮਕੀ ਦਰਸਾਉਂਦੀ ਸੀ ਕਿ ਇਮਰਾਨ ਖ਼ਾਨ ਨੂੰ ਪ੍ਰਧਾਨ ਮੰਤਰੀ ਪਦ ਤੋਂ ਹਟਾ ਦਿੱਤਾ ਜਾਵੇਗਾ। ਮਾਰਚ 2022 'ਚ ਇਕ ਰੈਲੀ ਅੰਦਰ ਇਮਰਾਨ ਨੇ ਇਕ ਦਸਤਾਵੇਜ਼ੀ ਪੱਤਰ ਲਹਿਰਾਉਂਦੇ ਹੋਏ ਕਿਹਾ ਸੀ ਕਿ ਉਸ ਕੋਲ ਕੌਮਾਂਤਰੀ ਪੱਧਰ 'ਤੇ ਉਸ ਦੀ ਸਰਕਾਰ ਡੇਗੇ ਜਾਣ ਦੀ ਸਾਜ਼ਿਸ਼ ਦਾ ਸਬੂਤ ਮੌਜੂਦ ਹੈ।

ਇਮਰਾਨ ਖ਼ਾਨ ਨੇ ਇਕ ਨੋਟ ਆਪਣੇ ਭਾਸ਼ਣ ਵਿਚ ਪੜ੍ਹਦਿਆਂ ਕਿਹਾ ਸੀ ਕਿ ਵਿਦੇਸ਼ਾਂ ਤੋਂ ਫੰਡ ਆਉਂਦੇ ਹਨ ਸਰਕਾਰ ਬਦਲਣ ਲਈ। ਇਸ ਮੰਤਵ ਲਈ ਦੇਸ਼ ਅੰਦਰ ਲੋਕਾਂ ਨੂੰ ਵਰਤਿਆ ਜਾਂਦਾ ਹੈ। ਇਨ੍ਹਾਂ ਵਿੱਚੋਂ ਕੁਝ ਅਣਜਾਣੇ ਅਤੇ ਕੁਝ ਜਾਣਬੁੱਝ ਕੇ ਸਾਡੇ ਤੇ ਸਾਡੀ ਸਰਕਾਰ ਖ਼ਿਲਾਫ਼ ਧਨ ਦੀ ਵਰਤੋਂ ਕਰਦੇ ਹਨ। ਇਹ ਮੰਦਭਾਗੀ ਘਟਨਾ ਐਨ ਉਸ ਸਮੇਂ ਵਾਪਰੀ ਜਦੋਂ ਵਿਰੋਧੀ ਧਿਰ ਨੈਸ਼ਨਲ ਅਸੈਂਬਲੀ ਅੰਦਰ ਸਰਕਾਰ ਵਿਰੁੱਧ ਅਵਿਸ਼ਵਾਸ ਦਾ ਮਤਾ ਲੈ ਕੇ ਆਈ ਸੀ। ਇਹ ਦਸਤਾਵੇਜ਼ ਕੈਬਨਿਟ ਅੰਦਰ ਵੀ ਦਰਸਾਇਆ ਪਰ ਇਸ ਮੀਟਿੰਗ ਵਿੱਚੋਂ ਸੱਤਾਧਾਰੀ ਗੱਠਜੋੜ ਸਰਕਾਰ ਸਬੰਧਤ ਮੁਤਹਿਦਾ ਕੌਮੀ ਲਹਿਰ ਪਾਕਿਸਤਾਨ ਅਤੇ ਬਲੋਚਿਸਤਾਨ ਅਵਾਮੀ ਪਾਰਟੀ ਨਾਲ ਸਬੰਧਤ ਕੈਬਨਿਟ ਮੰਤਰੀ ਹਾਜ਼ਰ ਨਹੀਂ ਸਨ ਹੋਏ। ਕੁਝ ਮੀਡੀਆ ਐਂਕਰ ਵੀ ਬੁਲਾਏ ਸਨ ਪਰ ਉਨ੍ਹਾਂ ਨੂੰ ਇਹ ਦਸਤਾਵੇਜ਼ ਨਹੀਂ ਸੀ ਵਿਖਾਇਆ। ਪਹਿਲਾਂ ਤਾਂ ਪ੍ਰਧਾਨ ਮੰਤਰੀ ਨੇ ਇਸ ਪੱਤਰ ਨੂੰ ਅਮਰੀਕਾ ਨਾਲ ਸਬੰਧਤ ਦੱਸਿਆ ਪਰ ਅਗਲੇ ਪਲ ਕਿਸੇ ਹੋਰ ਦੇਸ਼ ਨਾਲ ਸਬੰਧਤ ਤਰਸਾਇਆ। ਸੋ, ਇਹ ਡਰਾਮਾ ਸ਼ੱਕੀ ਨਜ਼ਰ ਆਇਆ।

ਲੇਕਿਨ ਪਾਕਿਸਤਾਨੀ ਲੋਕਤੰਤਰੀ ਇਤਿਹਾਸ ਵਿਚ ਪਹਿਲੀ ਵਾਰ ਇਕ ਪ੍ਰਧਾਨ ਮੰਤਰੀ ਨੂੰ ਸਦਨ ਅੰਦਰ ਅਵਿਸ਼ਵਾਸ ਦਾ ਮਤਾ ਪਾਸ ਕਰ ਕੇ ਅਹੁਦੇ ਤੋਂ ਦਸਤਬਰਦਾਰ ਕਰ ਦਿੱਤਾ ਗਿਆ ਸੀ। ਇੱਥੇ ਇਹ ਵਰਣਨਯੋਗ ਹੈ ਕਿ ਬਦਕਿਸਮਤ ਪਾਕਿਸਤਾਨ ਵਿਚ ਅੱਜ ਤੱਕ ਸਭ ਪ੍ਰਧਾਨ ਮੰਤਰੀ ਇਸ ਬਦਕਿਸਮਤੀ ਦਾ ਸ਼ਿਕਾਰ ਰਹੇ ਕਿ ਕਦੇ ਕੋਈ ਆਪਣੇ 5 ਸਾਲ ਦਾ ਕਾਰਜਕਾਲ ਪੂਰਾ ਨਾ ਕਰ ਸਕਿਆ। ਪਹਿਲੇ ਪ੍ਰਧਾਨ ਮੰਤਰੀ ਲਿਆਕਤ ਅਲੀ ਖ਼ਾਨ ਗੋਲ਼ੀ ਦਾ ਸ਼ਿਕਾਰ ਹੋਏ। ਖਵਾਜ਼ਾ ਨਿਜ਼ਾਮੂਦੀਨ, ਮੁਹੰਮਦ ਅਲੀ ਬੁਗਰਾ, ਚੌ: ਮੁਹਮੰਦ ਅਲੀ, ਐੱਚ.ਐੱਸ.ਸੁਹਰਾਵਰਦੀ, ਇਬਰਾਹੀਮ ਚੌਂਦਰੀਗਰ, ਮਲਿਕ ਫਿਰੋਜ਼ ਖਾਨਨੂੰਨ, ਨੂਰ-ਉਲ-ਅਮੀਨ ਥੋੜ੍ਹੇ-ਥੋੜ੍ਹੇ ਵਕਫ਼ੇ ਅੰਦਰ ਫ਼ੌਜੀ ਹਾਕਮਾਂ ਵੱਲੋਂ ਚਲਦੇ ਕੀਤੇ ਜਾਂਦੇ ਰਹੇ। ਜ਼ੁਲਫਕਾਰ ਅਲੀ ਭੁੱਟੋ ਵੀ ਇਮਰਾਨ ਖ਼ਾਨ ਵਾਂਗ ਦੇਸ਼ ਵਿਰੋਧੀ ਗਰਦਾਨਿਆ ਅਤੇ ਫਾਂਸੀ ਚਾੜ੍ਹ ਦਿੱਤਾ ਗਿਆ। ਬੇਨਜ਼ੀਰ ਭੁੱਟੋ ਦੀਆਂ ਦੋ ਸਰਕਾਰਾਂ ਰਾਸ਼ਟਰਪਤੀ ਵੱਲੋਂ ਭੰਗ ਕੀਤੀਆਂ ਗਈਆਂ। ਮੀਆਂ ਨਵਾਜ਼ ਸ਼ਰੀਫ਼ ਦੀਆਂ ਤਿੰਨ ਸਰਕਾਰਾਂ ਚੱਲਦੀਆਂ ਕੀਤੀਆਂ। ਸੰਨ 2017 ਵਿਚ ਨਵਾਜ਼ ਸ਼ਰੀਫ ਨੂੰ ਆਪਣੇ ਪੂਰਵਧਿਕਾਰੀ ਪ੍ਰਧਾਨ ਮੰਤਰੀ ਯੂਸਫ ਰਜ਼ਾ ਜਿਲਾਨੀ ਵਾਂਗ ਸੁਪਰੀਮ ਕੋਰਟ ਵੱਲੋਂ ਅਯੋਗ ਕਰਾਰ ਦਿੱਤਾ ਗਿਆ ਸੀ। ਉਹ ਜਨਰਲ ਮੁਸ਼ੱਰਫ ਦੇ ਕਹਿਰ ਤੋਂ ਸਾਊਦੀ ਵਿਚੋਲਗੀ ਕਰ ਕੇ ਬਚ ਸਕਿਆ ਸੀ।

ਦੂਸਰੇ ਤੋਸ਼ਾਖਾਨਾ ਕੇਸ ਵਿਚ 31 ਜਨਵਰੀ 2024 ਨੂੰ ਰਾਵਲਪਿੰਡੀ ਦੀ ਅਦਿਆਲਾ ਜੇਲ੍ਹ ਵਿਚ ਬੰਦ ਸਾਬਕਾ ਪ੍ਰਧਾਨ ਮੰਤਰੀ ਅਤੇ ਉਸ ਦੀ ਤੀਸਰੀ ਪਤਨੀ ਬੁਸ਼ਰਾ ਖ਼ਾਨ ਜੋ ਤੰਤਰ-ਮੰਤਰ ਲਈ ਵੀ ਬਦਨਾਮ ਮੰਨੀ ਜਾਂਦੀ ਹੈ, ਨੂੰ ਜੱਜ ਮੁਹੰਮਦ ਬਸ਼ੀਰ ਨੇ 14-14 ਸਾਲ ਦੀ ਸਜ਼ਾ ਅਤੇ ਦੋਹਾਂ ਨੂੰ 23-23 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ। ਇਸ ਫ਼ੈਸਲੇ ਅਨੁਸਾਰ ਉਨ੍ਹਾਂ 'ਤੇ 10 ਸਾਲ ਤੱਕ ਕਿਸੇ ਵੀ ਜਨਤਕ ਅਹੁਦੇ 'ਤੇ ਆਸੀਨ ਹੋਣ 'ਤੇ ਰੋਕ ਲਗਾ ਦਿੱਤੀ ਗਈ। ਤੋਸ਼ਾਖਾਨਾ ਕੇਸ ਹੋਰ ਭ੍ਰਿਸ਼ਟਾਚਾਰ ਸਬੰਧੀ ਕੇਸਾਂ ਵਿੱਚੋਂ ਇਕ ਹੈ ਜਿਸ ਵਿਚ ਉਨ੍ਹਾਂ 'ਤੇ ਦੇਸ਼ ਵਿਦੇਸ਼ ਤੋਂ ਮਿਲੇ ਬਹੁਕੀਮਤੀ ਤੋਹਫ਼ੇ ਵੇਚਣ ਦਾ ਦੋਸ਼ ਹੈ। ਸਾਬਕਾ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਅਨੁਸਾਰ ਉਨ੍ਹਾਂ ਨੇ ਕਾਹਬਾ ਸਬੰਧੀ ਮਾਡਲ ਵੇਚਣ ਜਿਹੀ ਅਤਿ-ਸ਼ਰਮਨਾਕ ਹਰਕਤ ਕਰਨ ਤੋਂ ਗੁਰੇਜ਼ ਨਹੀਂ ਕੀਤਾ।

ਬਹੱਤਰ ਸਾਲਾ ਇਮਰਾਨ ਖ਼ਾਨ ਦਾ ਜਨਮ ਸੰਨ 1952 ਵਿਚ ਲਾਹੌਰ ਵਿਖੇ ਹੋਇਆ ਸੀ। ਨੀਲੀਆਂ ਅੱਖਾਂ ਵਾਲਾ ਇਹ ਸ਼ਖ਼ਸ ਪਾਕਿਸਤਾਨ ਕ੍ਰਿਕਟ ਟੀਮ ਦਾ ਕਪਤਾਨ ਰਿਹਾ। ਇਸ ਨੇ ਸੰਨ 1996 ਵਿਚ ਉੱਚ ਰਾਜਨੀਤਕ ਇੱਛਾਵਾਂ ਦੀ ਪੂਰਤੀ ਲਈ ਅਤੇ ਪਾਕਿਸਤਾਨ ਦੀ ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਹਾਲਤ ਲਗਾਤਾਰ ਬਦਤਰ ਹੁੰਦੇ ਵੇਖਦਿਆਂ ਤਹਿਰੀਕ-ਏ-ਇਨਸਾਫ਼ ਪਾਰਟੀ ਦਾ ਗਠਨ ਕੀਤਾ ਸੀ ਪਰ ਸਫਲਤਾ ਲਈ ਉਸ ਨੂੰ ਲੰਬਾ ਸਮਾਂ ਇੰਤਜ਼ਾਰ ਕਰਨਾ ਪਿਆ। ਦੇਸ਼ ਅੰਦਰ ਗੁਰਬਤ, ਮਹਿੰਗਾਈ, ਦਹਿਸ਼ਤਗਰਦੀ, ਹਿੰਸਾ, ਅਸੁਰੱਖਿਆ, ਨਫ਼ਰਤ ਦਾ ਮਾਹੌਲ ਪਸਰਨ ਅਤੇ ਰਵਾਇਤੀ ਪਾਰਟੀਆਂ ਜਿਵੇਂ ਮੁਸਲਿਮ ਲੀਗ (ਨਵਾਜ਼), ਪਾਕਿਸਤਾਨ ਪੀਪਲਜ਼ ਪਾਰਟੀ, ਐੱਮਕਿਊਐੱਮ, ਪਾਕਿਸਤਾਨੀ ਅਵਾਮੀ ਲੀਗ ਆਦਿ ਤੋਂ ਲੋਕਾਂ ਦਾ ਦਿਲ ਉਕਤਾਉਣ ਕਰ ਕੇ ਅਤੇ ਸੰਨ 2013 ਦੀਆਂ ਆਮ ਚੋਣਾਂ ਵਿਚ ਧਾਂਦਲੀ ਹੋਣ ਕਾਰਨ ਉਸ ਨੇ ਇਸਲਾਮਾਬਾਦ ਵਿਚ ਕਈ ਮਹੀਨੇ ਵਿਰੋਧ ਪ੍ਰਦਰਸ਼ਨ ਜਾਰੀ ਰੱਖੇ ਜੋ ਪਿਸ਼ਾਵਰ ਆਰਮੀ ਪਬਲਿਕ ਸਕੂਲ ਵਿਚ ਭਿਆਨਕ ਦਹਿਸ਼ਤਗਰਦ ਹਮਲੇ ਕਰਕੇ ਵਾਪਸ ਲੈਣੇ ਪਏ।

ਸੰਨ 2018 ਦੀਆਂ ਆਮ ਚੋਣਾਂ ਤੋਂ ਪਹਿਲਾਂ ਪੂਰੇ ਦੇਸ਼ ਅੰਦਰ ਉਸ ਦੀ ਪਾਰਟੀ ਅਤੇ ਲੀਡਰਸ਼ਿਪ ਦੇ ਹੱਕ ਵਿਚ ਹਵਾ ਵਗਣੀ ਸ਼ੁਰੂ ਹੋ ਗਈ ਜਿਵੇਂ ਕਦੇ ਪੰਜਾਬ (ਭਾਰਤ) ਵਿਚ ਸੰਨ 1995 ਵਿਚ ਗਿੱਦੜਬਾਹਾ ਦੀ ਵੱਕਾਰੀ ਸੀਟ ਜਿੱਤਣ ਕਰ ਕੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਹੱਕ ਵਿਚ ਸੰਨ 1997 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਵਗਣੀ ਸ਼ੁਰੂ ਹੋ ਗਈ ਸੀ। ਇਕ 'ਨਵੇਂ ਪਾਕਿਸਤਾਨ' ਦੀ ਸਿਰਜਣਾ ਦੇ ਵਾਅਦੇ 'ਤੇ ਇਤਬਾਰ ਕਰਦੇ ਹੋਏ ਪਾਕਿਸਤਾਨੀ ਅਵਾਮ ਨੇ ਇਮਰਾਨ ਦੀ ਪਾਰਟੀ ਨੂੰ ਸੱਤਾ ਦੀ ਵਾਗਡੋਰ ਸੰਭਾਲ ਦਿੱਤੀ। ਅਠਾਰਾਂ ਅਗਸਤ 2018 ਨੂੰ ਇਮਰਾਨ ਨੇ ਪਾਕਿਸਤਾਨ ਦੇ 22ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ।

ਲੇਕਿਨ ਪਾਕਿਸਤਾਨ ਨੂੰ 'ਰਿਆਸਤ-ਏ-ਮਦੀਨਾ' ਜਿਹੀ ਜਨਤਕ ਭਲਾਈ ਵਾਲੀ ਸਰਕਾਰ ਤਾਂ ਕੀ ਦੇਣੀ ਸੀ, ਉਹ ਵਿਦੇਸ਼ ਵਿਚ ਪਾਕਿਸਤਾਨ ਵਿੱਚੋਂ ਬਾਹਰ ਗਏ 3-4 ਬਿਲੀਅਨ ਡਾਲਰ ਵਿੱਚੋਂ ਧੇਲਾ ਵੀ ਵਾਪਸ ਨਾ ਲਿਆ ਸਕੇ। ਉਲਟਾ ਮਹਿੰਗਾਈ, ਗੁਰਬਤ, ਬੇਰੁਜ਼ਗਾਰੀ, ਦਹਿਸ਼ਤਗਰਦੀ ਹਿੰਸਾ, ਆਪਸੀ ਨਫ਼ਰਤ, ਅਸੁਰੱਖਿਆ ਦੇ ਖ਼ੌਫ਼ ਵਿਚ ਪਾਕਿਸਤਾਨ ਧਸਦਾ ਚਲਾ ਗਿਆ। ਵਿਰੋਧੀ ਧਿਰਾਂ ਨੇ ਇਮਰਾਨ ਵਿਰੁੱਧ ਪੀਡੀਐੱਮ ਗਠਿਤ ਕੀਤਾ ਜਿਸ ਪੀਐੱਮਐੱਲ (ਨਵਾਜ਼ ਸ਼ਰੀਫ਼), ਪੀਪੀਪੀ (ਬਿਲਾਵਲ ਭੁੱਟੋ) ਨੇ ਹੱਥ ਮਿਲਾ ਲਿਆ ਤੇ 10 ਅਪ੍ਰੈਲ 2022 ਨੂੰ ਅੱਧੀ ਰਾਤ ਦਾ ਟੱਲ ਖੜਕਣ 'ਤੇ ਅਵਿਸ਼ਵਾਸ ਮਤਾ ਨੈਸ਼ਨਲ ਅਸੈਂਬਲੀ ਵਿਚ ਪਾਸ ਕਰ ਕੇ ਇਮਰਾਨ ਨੂੰ ਸੱਤਾ ਤੋਂ ਦਸਤਬਰਦਾਰ ਕਰ ਦਿੱਤਾ। ਇਮਰਾਨ ਖ਼ਾਨ ਨੇ ਸਰਕਾਰ ਤੋੜਨ ਦਾ ਇਲਜ਼ਾਮ ਫ਼ੌਜ ਮੁਖੀ ਕਮਰ ਜਾਵੇਦ ਬਾਜਵਾ ਅਤੇ ਅਮਰੀਕਾ 'ਤੇ ਲਗਾਇਆ ਤੇ 'ਹਕੀਕੀ ਆਜ਼ਾਦੀ' ਲੰਬੇ ਮਾਰਚ ਦਾ ਐਲਾਨ ਕੀਤਾ। ਬਦਨਾਮ ਖ਼ੁਫ਼ੀਆ ਏਜੰਸੀ ਆਈਐੱਸਆਈ ਦੇ ਮੁਖੀ ਲੈਫਟੀਨੈਂਟ ਜਨਰਲ ਨਦੀਮ ਅੰਜੁਮ ਦੇ ਅਸਤੀਫ਼ੇ ਦੀ ਮੰਗ ਕੀਤੀ। ਤਿੰਨ ਨਵੰਬਰ 2022 ਨੂੰ ਇਸ ਮਾਰਚ ਦੌਰਾਨ ਇਮਰਾਨ 'ਤੇ ਕਾਤਲਾਨਾ ਹਮਲਾ ਵਜ਼ੀਰਾਬਾਦ ਵਿਖੇ ਹੋਇਆ ਜਿਸ ਵਿਚ ਸਾਬਕਾ ਪੀਐੱਮ ਦੀਆਂ ਲੱਤਾਂ ਜ਼ਖ਼ਮੀ ਹੋਈਆਂ। ਹਿੰਸਾ ਸਬੱਬ ਇਮਰਾਨ ਨੇ ਮਾਰਚ ਵਾਪਸ ਲੈ ਲਿਆ ਪਰ ਉਨ੍ਹਾਂ ਦੀ ਪਾਰਟੀ ਦੇ ਕਾਰਕੁਨਾਂ ਨੇ 9 ਮਈ 2022 ਨੂੰ ਇਮਰਾਨ ਦੀ ਅਲ ਕਾਦਿਰ ਟਰੱਸਟ ਕੇਸ ਵਿਚ ਗ੍ਰਿਫ਼ਤਾਰੀ ਤੋਂ ਬਾਅਦ ਮਿਲਟਰੀ ਸਥਾਨਾਂ, ਰਿਹਾਇਸ਼ਾਂ 'ਤੇ ਹਮਲੇ ਦੀ ਵੱਡੀ ਗ਼ਲਤੀ ਕੀਤੀ। ਮਿਲਟਰੀ ਨੇ ਪਾਕਿਸਤਾਨ ਦੇ ਇਤਿਹਾਸ ਵਿਚ ਇਸ ਨੂੰ 'ਕਾਲੇ ਅਧਿਆਏ' ਦਾ ਨਾਮ ਦਿੱਤਾ।

ਪਾਰਟੀ ਅੰਦਰੂਨੀ ਚੋਣਾਂ ਦੇ ਮਸਲੇ ਨੂੰ ਲੈ ਕੇ ਸੁਪਰੀਮ ਕੋਰਟ ਨੇ ਇਮਰਾਨ ਦੀ ਪਾਰਟੀ ਦਾ ਚੋਣਾਂ ਤੋਂ ਐਨ ਪਹਿਲਾਂ ਚੋਣ ਨਿਸ਼ਾਨ 'ਕ੍ਰਿਕਟ ਬੱਲਾ' ਜ਼ਬਤ ਕਰ ਲਿਆ। ਦੋਸ਼ੀ ਹੋਣ ਕਰ ਕੇ ਉਸ ਦੇ ਦੋ ਹਲਕਿਆਂ 'ਮੀਆਂ ਵਾਲੀ' ਅਤੇ 'ਲਾਹੌਰ' ਤੋਂ ਪੇਪਰ ਰੱਦ ਕਰ ਦਿੱਤੇ ਗਏ। ਸੰਵਿਧਾਨ ਅਨੁਸਾਰ 16 ਮਹੀਨੇ ਸ਼ਾਹਬਾਜ਼ ਸ਼ਰੀਫ਼ ਦੀ ਮਿਲੀ-ਜੁਲੀ ਸਰਕਾਰ ਲਾਂਭੇ ਕਰ ਕੇ ਅਨਵਾਰੁਲ ਹੱਕ ਕੱਕੜ ਦੀ ਅਗਵਾਈ ਵਿਚ ਆਜ਼ਾਦਾਨਾ ਅਤੇ ਮੁਨਸਫਾਨਾ ਚੋਣਾਂ ਕਰਾਉਣ ਲਈ ਕੇਅਰਟੇਕਰ ਹਕੂਮਤ ਗਠਿਤ ਕੀਤੀ। ਇਸ ਦੀ ਅਗਵਾਈ ਵਿਚ 8 ਫਰਵਰੀ ਨੂੰ ਚੋਣਾਂ ਹੋਣ ਜਾ ਰਹੀਆਂ ਹਨ। ਨੈਸ਼ਨਲ ਅਸੈਂਬਲੀ ਤੇ 4 ਸੂਬਿਆਂ 'ਚ ਸ਼ਾਂਤਮਈ ਢੰਗ ਨਾਲ ਚੋਣਾਂ ਕਰਾਉਣ ਲਈ ਫ਼ੌਜ ਮੁਖੀ ਜਨਰਲ ਆਸਿਮ ਮੁਨੀਰ ਤੇ ਮੁੱਖ ਚੋਣ ਕਮਿਸ਼ਨਰ ਸਿਕੰਦਰ ਸੁਲਤਾਨ ਨੇ ਭਰੋਸਾ ਦਿੱਤਾ ਹੈ। ਪਹਿਲਾਂ ਪੀਟੀਆਈ ਉਮੀਦਵਾਰਾਂ ਦੇ ਪੇਪਰ ਰਿਜੈਕਟ ਕੀਤੇ ਜੋ ਬਾਅਦ 'ਚ ਸਭ ਬਹਾਲ ਕਰ ਦਿੱਤੇ। ਇੱਕੀ ਅਕਤੂਬਰ 2023 ਨੂੰ 5 ਸਾਲ ਲੰਡਨ ਬਨਵਾਸ ਤੋਂ ਨਵਾਜ਼ ਸ਼ਰੀਫ਼ ਦੇ ਪਰਤਣ ਨਾਲ ਮੁੱਖ ਮੁਕਾਬਲਾ ਮੁਸਲਿਮ ਲੀਗ (ਨਵਾਜ਼), ਪੀਟੀਆਈ, ਪੀਪੀਪੀ ਤੇ ਮੁਤਹਿਦਾ ਕੌਮੀ ਮੂਵਮੈਂਟ ਆਦਿ ਵਿਚਾਲੇ ਹੈ। ਇਸ ਵਾਰ ਫ਼ੌਜ ਦੀ ਅੰਦਰਖਾਤੇ ਨਵਾਜ਼ ਸ਼ਰੀਫ਼ ਨੂੰ ਹਮਾਇਤ ਪ੍ਰਾਪਤ ਹੈ। ਸਥਾਪਤ ਨਿਜ਼ਾਮ ਵੀ ਉਸ ਦੀ ਪਿੱਠ 'ਤੇ ਹੈ। ਬਾਈ ਪ੍ਰਤੀਸ਼ਤ ਨੌਜਵਾਨ ਵੋਟਰ ਵੀ ਵੱਡੇ ਪੱਧਰ 'ਤੇ ਉਸ ਵੱਲ ਤਿਲਕਦੇ ਨਜ਼ਰ ਆਉਂਦੇ ਹਨ। ਵੇਖੋ! 8 ਫਰਵਰੀ ਨੂੰ ਊਠ ਕਿਸ ਕਰਵਟ ਬੈਠਦਾ ਹੈ?

# ਨਸ਼ਿਆਂ ਤੋਂ ਬਚਣ ਦੇ ਉਪਾਅ



-ਅਰਸ਼ ਬਿੰਗ, ਬਰਨਾਲਾ

ਪੰਜਾਬੀਆਂ ਨੇ ਹਰ ਖੇਤਰ 'ਚ ਝੰਡੇ ਗੱਡੇ ਹਨ ਪਰ ਕੁਝ ਸਾਲਾਂ ਤੋਂ ਇਹ ਨਸ਼ਿਆਂ 'ਚ ਗਲਤਾਨ ਹੋ ਰਹੇ ਹਨ। ਅੰਕੜੇ ਦੱਸਦੇ ਹਨ ਕਿ ਮਰਦਾਂ ਦੇ ਨਾਲ-ਨਾਲ ਔਰਤਾਂ ਵੀ ਨਸ਼ਿਆਂ ਦੀਆਂ ਸ਼ਿਕਾਰ ਹੋ ਰਹੀਆਂ ਹਨ। ਦੁੱਧ, ਲੱਸੀ ਪੀਣ ਦੇ ਸ਼ੌਕੀਨ ਕਦੋਂ ਚਾਹਾਂ 'ਤੇ ਡੁੱਲ੍ਹ ਗਏ, ਪਤਾ ਹੀ ਨਹੀਂ ਲੱਗਿਆ। ਫਿਲਮਾਂ, ਗਾਣਿਆਂ ਰਾਹੀਂ ਨਸ਼ਿਆਂ ਦਾ ਪ੍ਰਚਾਰ ਕੀਤਾ ਜਾਣ ਲੱਗਾ। ਵਿਆਹਾਂ ਵਿਚ ਸ਼ਰਾਬ ਦੀ ਮੌਜੂਦਗੀ ਨੂੰ ਸਟੇਟਸ ਸਿੰਬਲ ਸਮਝਿਆ ਜਾਣ ਲੱਗਾ।

ਆਪਾਂ ਇਸ ਨਸ਼ਿਆਂ ਦੇ ਇਤਿਹਾਸ ਬਾਰੇ ਗੱਲ ਨਾ ਕਰ ਕੇ ਇਸ ਗੱਲ ਵੱਲ ਧਿਆਨ ਦੇਈਏ ਕਿ ਨਸ਼ਿਆਂ ਦੀ ਇਸ ਦਲਦਲ 'ਚੋਂ ਕਿਵੇਂ ਨਿਕਲਿਆ ਜਾ ਸਕਦਾ ਹੈ। ਕੁਝ ਨੁਕਤਿਆਂ 'ਤੇ ਗੱਲ ਕਰਦੇ ਹਾਂ। ਪਹਿਲੀ ਗੱਲ ਇਹ ਕਿ ਕੋਈ ਮਰਦ/ਔਰਤ ਨਸ਼ਾ ਕਦੋਂ ਸ਼ੁਰੂ ਕਰਦਾ ਹੈ? ਇਸ ਦੇ ਦੋ ਕਾਰਨ ਹੋ ਸਕਦੇ ਹਨ। ਪਹਿਲਾ ਕਾਰਨ ਮਾੜੀ ਸੰਗਤ ਜਾਂ ਸ਼ੌਕ-ਸ਼ੌਕ 'ਚ ਨਸ਼ਾ ਕਰਨਾ ਹੈ। ਦੂਜਾ ਕਾਰਨ ਕੋਈ ਗ਼ਮ ਜਾਂ ਦੁੱਖ-ਤਕਲੀਫ਼ ਨੂੰ ਮਿਟਾਉਣ ਲਈ ਨਸ਼ੇ ਦਾ ਸੇਵਨ ਕਰਨਾ ਹੈ। ਪਹਿਲੇ ਕਾਰਨ ਵਾਲਾ ਨਸ਼ੇ ਦੀ ਦਲਦਲ ਵਿਚ ਧਸਦਾ ਹੀ ਜਾਂਦਾ ਹੈ ਜਦਕਿ ਦੂਜੇ ਕਾਰਨ ਵਾਲਿਆਂ ਨੂੰ ਜੇ ਥੋੜ੍ਹਾ-ਬਹੁਤਾ ਭਾਵਨਾਤਮਕ ਸਹਾਰਾ ਮਿਲ ਜਾਵੇ ਤਾਂ ਉਹ ਮਰਦ/ਔਰਤ ਇਸ ਦਲਦਲ ਤੋਂ ਬਾਹਰ ਨਿਕਲ ਸਕਦੇ ਹਨ।

ਪਹਿਲੇ ਕਾਰਨ ਵਾਲਾ ਵੀ ਨਸ਼ਾ ਛੱਡ ਸਕਦਾ ਹੈ ਪਰ ਇਸ ਲਈ ਉਸ ਨੂੰ ਖ਼ੁਦ ਹੀ ਮਾਨਸਿਕ ਤੌਰ 'ਤੇ ਤਕੜਾ ਹੋਣਾ ਪਵੇਗਾ। ਨਸ਼ਾ ਛੱਡਣਾ ਜੇ ਔਖਾ ਨਹੀਂ ਤਾਂ ਇੰਨਾ ਸੌਖਾ ਵੀ ਨਹੀਂ ਹੁੰਦਾ। ਹਾਂ, ਜੇ ਕੋਈ ਨਸ਼ਾ ਛੱਡਣ ਦੀ ਮਨ ਵਿਚ ਪੱਕੀ ਧਾਰ ਲਵੇ ਤਾਂ ਨਸ਼ਾ ਛੱਡਣਾ ਆਸਾਨ ਹੋ ਜਾਂਦਾ ਹੈ। ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਨਸ਼ੇ ਤੋਂ ਕਿਵੇਂ ਬਚੀਏ ਤੇ ਕਿਵੇਂ ਇਸ ਦਲਦਲ ਵਿੱਚੋਂ ਨਿਕਲ ਸਕਦੇ ਹਾਂ। ਚੇਤੇ ਰੱਖੋ, ਸ਼ੌਕ-ਸ਼ੌਕ 'ਚ ਨਸ਼ਾ ਕਰਨਾ ਤੁਹਾਨੂੰ ਪੱਕਾ ਨਸ਼ੇੜੀ ਬਣਾ ਦਿੰਦਾ ਹੈ। ਵਿਹਲਾ ਵਿਅਕਤੀ ਮਾੜੇ ਕੰਮਾਂ ਜਾਂ ਨਸ਼ੇ ਦੀ ਦਲਦਲ 'ਚ ਧਸਦਾ ਹੀ ਜਾਂਦਾ ਹੈ।

ਆਪਣਾ ਧਿਆਨ ਆਪਣੇ ਕੰਮਾਂ ਤੇ ਨਿਸ਼ਾਨਿਆਂ 'ਤੇ ਕੇਂਦਰਿਤ ਕਰੋ। ਸਮਾਜ 'ਚ ਚੰਗੇ ਲੋਕ ਵੀ ਹੁੰਦੇ ਹਨ ਤੇ ਮਾੜੇ ਵੀ। ਹਰ ਕਿਸੇ ਨੂੰ ਇਨ੍ਹਾਂ ਦੋਵਾਂ ਤਰ੍ਹਾਂ ਦੇ ਮਨੁੱਖਾਂ ਵਿਚ ਵਿਚਰਨਾ ਪੈਂਦਾ ਹੈ। ਯਾਰ, ਦੋਸਤ, ਗੁਆਂਢੀ ਤੇ ਰਿਸ਼ਤੇਦਾਰ ਇਹ ਸਾਰੇ ਹੀ ਸਾਨੂੰ ਬੜੇ ਅਜੀਜ਼ ਹੁੰਦੇ ਹਨ। ਇਨ੍ਹਾਂ ਦੇ ਚੰਗੇ ਗੁਣਾਂ ਨੂੰ ਧਾਰਨ ਕਰੋ ਤੇ ਮਾੜੇ ਗੁਣਾਂ ਨੂੰ ਆਪਣੇ 'ਤੇ ਭਾਰੂ ਨਾ ਹੋਣ ਦਿਉ। ਚੰਗੇ ਬੰਦਿਆਂ, ਚੰਗੀਆਂ ਸ਼ਖ਼ਸੀਅਤਾਂ ਦੀ ਸੰਗਤ ਕਰਦੇ ਰਹੋ। ਚੰਗੇ ਵਿਚਾਰਾਂ ਦੇ ਧਾਰਨੀ ਬਣੋ ਤੇ ਚੰਗੀਆਂ ਕਿਤਾਬਾਂ ਪੜ੍ਹਦੇ ਰਹੋ। ਇੰਜ ਕਰਨ ਨਾਲ ਸਾਡੇ ਅੰਦਰ ਮਾੜੇ ਵਿਚਾਰ ਘਟਦੇ ਜਾਣਗੇ ਤੇ ਚੰਗੇ ਵਿਚਾਰ ਵਧਣ ਲੱਗਣਗੇ।

ਇੰਜ ਤੁਹਾਡੇ 'ਚ ਹਾਂ-ਪੱਖੀ ਸੁਧਾਰ ਆਉਣ ਲੱਗੇਗਾ। ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਕਸਰਤ ਤੇ ਧਿਆਨ ਲਈ ਵੀ ਕੁਝ ਸਮਾਂ ਕੱਢੋ। ਇਹ ਦੋਵੇਂ ਤੁਹਾਨੂੰ ਤਨੋਂ-ਮਨੋਂ ਤਰੋ-ਤਾਜ਼ਾ ਤੇ ਹਾਂ-ਪੱਖੀ ਊਰਜਾ ਨਾਲ ਭਰਪੂਰ ਰੱਖਦੇ ਹਨ। ਖ਼ੁਦ ਨੂੰ ਪਿਆਰ ਕਰੋ। ਮਾਂ-ਬਾਪ ਦੇ ਆਗਿਆਕਾਰ ਬਣੋ। ਕਿਰਤ ਕਰੋ ਤੇ ਕਾਮਯਾਬੀਆਂ ਪ੍ਰਾਪਤ ਕਰੋ।

# ਲੋਕਰਾਜ ਤੋਂ ਵੋਟ ਰਾਜ ਵਿਚ ਬਦਲ ਰਿਹਾ ਭਾਰਤ

**ਡਾ. ਰਣਜੀਤ ਸਿੰਘ**




ਭਾਰਤ ਨੂੰ ਲੋਕਰਾਜ ਬਣਿਆ ਅਠਵਾਂ ਦਹਾਕਾ ਜਾ ਰਿਹਾ ਹੈ। ਦੇਖਣਾ ਇਹ ਹੈ ਕਿ ਦੇਸ਼ ਵਿਚ ਕੀ ਸੱਚਮੁੱਚ ਲੋਕਾਂ ਦਾ ਰਾਜ ਹੈ। ਅਮਰੀਕਾ ਦੇ ਰਾਸ਼ਟਰਪਤੀ ਲਿੰਕਨ ਨੇ ਲੋਕਰਾਜ ਦੀ ਪਰਿਭਾਸ਼ਾ ਦਿੰਦੇ ਹੋਏ ਆਖਿਆ ਸੀ- 'ਲੋਕਾਂ ਦੁਆਰਾ ਬਣਾਈ ਗਈ, ਲੋਕਾਂ ਲਈ ਤੇ ਲੋਕਾਂ ਦੀ ਸਰਕਾਰ ਨੂੰ ਲੋਕਰਾਜ ਆਖਿਆ ਜਾ ਸਕਦਾ ਹੈ।' ਸਮੇਂ ਦੇ ਬੀਤਣ ਨਾਲ ਲੋਕਰਾਜ ਪਰਪੱਕ ਹੋਣਾ ਚਾਹੀਦਾ ਸੀ ਪਰ ਹੁਣ ਇਸ ਵਿਚ ਨਿਘਾਰ ਆ ਰਿਹਾ ਹੈ। ਇਹ ਕੇਵਲ ਲੋਕਾਂ ਦੁਆਰਾ ਬਣਾਈ ਸਰਕਾਰ ਤਕ ਹੀ ਸੀਮਤ ਹੋ ਗਿਆ ਹੈ। ਅਸਲ ਵਿਚ ਲੋਕਰਾਜ ਵੋਟ ਰਾਜ ਬਣ ਰਿਹਾ ਹੈ। ਲੋਕਾਂ ਦੀ ਯਾਦ ਰਾਜਸੀ ਪਾਰਟੀਆਂ ਨੂੰ ਉਦੋਂ ਹੀ ਆਉਂਦੀ ਹੈ ਜਦੋਂ ਚੋਣਾਂ ਨੇੜੇ ਆਉਂਦੀਆਂ ਹਨ। ਲੋਕਾਂ ਦੀਆਂ ਵੋਟਾਂ ਨਾਲ ਚੁਣੇ ਗਏ ਨੁਮਾਇੰਦੇ ਲੋਕ ਹਿਤਾਂ ਦੀ ਰਾਖੀ ਕਰਨ ਦੀ ਥਾਂ ਆਪਣੀ ਕੁਰਸੀ ਦੀ ਰਾਖੀ ਵਲ ਵਧੇਰੇ ਧਿਆਨ ਦੇ ਰਹੇ ਹਨ। ਅਸਲ ਵਿਚ ਉਹ ਪੁਰਾਣੇ ਰਾਜਿਆਂ ਵਾਂਗ ਵਿਚਰਦੇ ਹਨ। ਉਨ੍ਹਾਂ ਦੀ ਦੇਖੀ ਦੇਖਾ ਅਫ਼ਸਰਸ਼ਾਹੀ ਵੀ ਲੋਕਾਂ ਦੇ ਹਾਕਮ ਹੀ ਬਣ ਗਈ ਹੈ। ਅਸਲ ਵਿਚ ਅੰਗਰੇਜ਼ ਦੀ ਅਫਸਰਸ਼ਾਹੀ ਤੇ ਹੁਣ ਦੀ ਅਫਸਰਸ਼ਾਹੀ ਦੇ ਕੰਮ ਵਿਚ ਕੋਈ ਫ਼ਰਕ ਨਹੀਂ ਆਇਆ ਸਗੋਂ ਇਸ ਵਿਚ ਨਿਘਾਰ ਹੀ ਆਇਆ ਹੈ। ਇਮਾਨਦਾਰੀ ਦੀ ਥਾਂ ਰਿਸ਼ਵਤਖੋਰੀ ਅਤੇ ਸਿਫਾਰਸ਼ਾਂ ਭਾਰੂ ਹਨ। ਰਾਜਸੀ ਪਾਰਟੀਆਂ ਚੋਣਾਂ ਆਪਣੀ ਪਾਰਟੀ ਦੇ ਫ਼ਲਸਫ਼ੇ ਆਧਾਰਿਤ ਨਹੀਂ ਲੜਦੀਆਂ ਸਗੋਂ ਇਕ ਦੂਜੇ ਦੇ ਮੁਕਾਬਲੇ ਚਿਕੜ ਰਾਜਨੀਤੀ ਅਤੇ ਮੁਫ਼ਤਖੋਰੀ ਆਧਾਰਿਤ ਪ੍ਰਚਾਰ ਕੀਤਾ ਜਾਂਦਾ ਹੈ।

ਪ੍ਰਚਾਰ ਦਾ ਦੂਜਾ ਢੰਗ ਕਿਸੇ ਵਿਅਕਤੀ ਵਿਸ਼ੇਸ਼ ਨੂੰ ਸੂਬੇ ਦਾ ਭਵਿੱਖੀ ਮੁੱਖ ਮੰਤਰੀ ਅਤੇ ਦੇਸ਼ ਦਾ ਪ੍ਰਧਾਨ ਮੰਤਰੀ ਐਲਾਨ ਕੇ ਉਸ ਦੇ ਨਾਮ ਉਤੇ ਵੋਟਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਪ੍ਰਧਾਨ ਮੰਤਰੀ ਦੀ ਚੋਣ ਬਹੁਮਤ ਪ੍ਰਾਪਤ ਪਾਰਟੀ ਦੇ ਲੋਕ ਸਭਾ ਮੈਂਬਰ ਕਰਦੇ ਹਨ ਪਰ ਜਦੋਂ ਪ੍ਰਧਾਨ ਮੰਤਰੀ ਬਾਰੇ ਪਹਿਲਾਂ ਹੀ ਐਲਾਨ ਹੋ ਜਾਂਦਾ ਹੈ ਅਤੇ ਮੈਂਬਰ ਵੀ ਉਸੇ ਦੇ ਨਾਮ ਹੇਠ ਵੋਟਾਂ ਪ੍ਰਾਪਤ ਕਰਦੇ ਹਨ ਤਾਂ ਮੈਂਬਰਾਂ ਦੀ ਇਹ ਸ਼ਕਤੀ ਖ਼ਤਮ ਹੋ ਜਾਂਦੀ ਹੈ। ਸਰਕਾਰ ਦੇ ਸਾਰੇ ਫ਼ੈਸਲੇ ਕੈਬਨਿਟ ਦੀ ਮੀਟਿੰਗ ਵਿਚ ਹੁੰਦੇ ਹਨ ਪਰ ਕੈਬਨਿਟ ਦੇ ਵਜ਼ੀਰ ਪ੍ਰਧਾਨ ਮੰਤਰੀ ਬਣਾਉਂਦੇ ਹਨ। ਇਸ ਕਰ ਕੇ ਕਿਸੇ ਵੀ ਮੰਤਰੀ ਦੀ ਹਿੰਮਤ ਨਹੀਂ ਪੈਂਦੀ ਕਿ ਉਹ ਸਰਕਾਰ ਦੇ ਫ਼ੈਸਲੇ ਉਤੇ ਕਿੰਤੂ ਕਰ ਸਕੇ। ਜੇ ਕੋਈ ਅਜਿਹਾ ਕਰਦਾ ਹੈ ਤਾਂ ਉਸ ਨੂੰ ਆਪਣੀ ਵਜ਼ੀਰੀ ਤੋਂ ਹੱਥ ਧੋਣੇ ਪੈਂਦੇ ਹਨ। ਕੈਬਨਿਟ ਵਿਚ ਵਿਚਾਰੇ ਬਿਲਾਂ ਨੂੰ ਪਾਰਲੀਮੈਂਟ ਸੰਜੀਦਗੀ ਨਾਲ ਵਿਚਾਰ ਵਟਾਂਦਰਾ ਕਰ ਕੇ ਪਾਸ ਕਰਦੀ ਹੈ। ਉਸ ਪਿਛੋਂ ਹੀ ਇਨ੍ਹਾਂ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਲੈ ਕੇ ਲਾਗੂ ਕੀਤਾ ਜਾਂਦਾ ਹੈ ਪਰ ਪਾਰਲੀਮੈਂਟ ਵਿਚ ਉਸਾਰੂ ਬਹਿਸ ਬੀਤੇ ਦੀ ਗੱਲ ਬਣ ਗਈ ਹੈ। ਹੁਣ ਪਾਰਲੀਮੈਂਟ ਵਿਚ ਬਹਿਸ ਹੁੰਦੀ ਹੀ ਨਹੀਂ। ਵਿਰੋਧੀ ਧਿਰ ਕਿਸੇ ਨਾ ਕਿਸੇ ਮੁੱਦੇ ਨੂੰ ਲੈ ਕੇ ਪਾਰਲੀਮੈਂਟ ਚੱਲਣ ਹੀ ਨਹੀਂ ਦਿੰਦੀ ਪਰ ਜਦੋਂ ਵਿਰੋਧੀ ਪਾਰਟੀ ਪਾਰਲੀਮੈਂਟ ਵਿਚ ਨਾਅਰੇ ਲਗਾਉਂਦੀ ਹੋਈ ਬਾਹਰ ਚਲੀ ਜਾਂਦੀ ਹੈ ਤਾਂ ਬਿਨਾਂ ਕਿਸੇ ਵਿਚਾਰ ਵਟਾਂਦਰੇ ਦੇ ਬਿਲ ਪਾਸ ਹੋ ਜਾਂਦੇ ਹਨ। ਇੰਝ ਇਕ ਤਰ੍ਹਾਂ ਨਾਲ ਦੇਸ਼ ਵਿਚ ਪ੍ਰਧਾਨ ਮੰਤਰੀ ਰਾਜ ਹੀ ਲਾਗੂ ਹੋ ਜਾਂਦਾ ਹੈ।

ਕਾਨੂੰਨੀ ਤੌਰ ਉਤੇ ਭਾਵੇਂ ਸਾਰਿਆਂ ਨੂੰ ਬਰਾਬਰੀ ਦਿੱਤੀ ਗਈ ਹੈ ਪਰ ਅਮਲੀ ਰੂਪ ਵਿਚ ਅਜੇ ਵੀ ਆਰਥਿਕ, ਸਮਾਜਿਕ ਅਤੇ ਰਾਜਨੀਤਕ ਪੱਧਰ 'ਤੇ ਚੋਖਾ ਵਿਤਕਰਾ ਕਾਇਮ ਹੈ। ਪਿਛਲੇ ਦਿਨੀਂ ਪ੍ਰਕਾਸ਼ਿਤ ਹੋਈ ਰਿਪੋਰਟ ਅਨੁਸਾਰ ਸੰਸਾਰ ਦੇ 147 ਗਰੀਬ ਦੇਸ਼ਾਂ ਵਿਚ ਭਾਰਤ ਦਾ 107ਵਾਂ ਨੰਬਰ ਹੈ। ਸਰਕਾਰੀ ਅੰਕੜਿਆਂ ਅਨੁਸਾਰ 28% ਵਸੋਂ ਗਰੀਬੀ ਦੀ ਰੇਖਾ ਤੋਂ ਹੇਠਾਂ ਹੈ। ਅਸਲ ਵਿਚ ਗਿਣਤੀ ਇਸ ਤੋਂ ਵੱਧ ਹੈ। ਇਨ੍ਹਾਂ ਲੋਕਾਂ ਕੋਲ ਆਪਣੇ ਘਰ ਨਹੀਂ ਹੈ। ਪੰਜ ਸਾਲ ਤੋਂ ਘੱਟ ਉਮਰ ਦੇ ਅੱਧੇ ਬੱਚੇ ਭੁੱਖਮਰੀ ਦੇ ਸ਼ਿਕਾਰ ਹਨ। ਸਰਕਾਰ ਪਿਛਲੇ ਕਈ ਸਾਲਾਂ ਤੋਂ 80 ਕਰੋੜ ਲੋਕਾਂ ਨੂੰ ਮੁਫ਼ਤ ਰਾਸ਼ਨ ਦੇ ਰਹੀ ਹੈ। ਇਸ ਦਾ ਅਰਥ ਹੋਇਆ ਕਿ ਦੇਸ਼ ਦੀ ਅੱਧੀ ਆਬਾਦੀ ਆਪਣੀ ਰੋਟੀ ਦੇ ਸਮਰੱਥ ਨਹੀਂ ਹੈ। ਤਿੰਨ ਚੌਥਾਈ ਬੱਚੇ ਹਾਈ ਸਕੂਲ ਪਾਸ ਨਹੀਂ ਕਰਦੇ। ਵਸੋਂ ਦੇ ਕੋਈ 20 ਪ੍ਰਤੀਸ਼ਤ ਲੋਕ ਹੀ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਰੱਖਦੇ ਹਨ ਅਤੇ ਇਨ੍ਹਾਂ ਦੇ ਕਬਜ਼ੇ ਵਿਚ ਹੀ ਨੌਕਰੀਆਂ ਹਨ। ਰਿਸ਼ਵਤ ਦਾ ਹਰ ਪਾਸੇ ਬੋਲਬਾਲਾ ਹੈ। ਲੋਕ ਆਪਣੀਆਂ ਵੋਟਾਂ ਨਾਲ ਆਪਣੇ ਆਗੂਆਂ ਦੀ ਚੋਣ ਕਰਦੇ ਹਨ। ਇੰਝ ਲੋਕ ਹੀ ਆਗੂਆਂ ਨੂੰ ਤਾਕਤ ਬਖ਼ਸ਼ਦੇ ਹਨ। ਆਗੂਆਂ ਉਤੇ ਇਹ ਜ਼ਿੰਮੇਵਾਰੀ ਆਉਂਦੀ ਹੈ ਕਿ ਉਹ ਲੋਕ ਹੱਕਾਂ ਦੀ ਰਾਖੀ ਕਰਨ। ਜੇਕਰ ਦਫ਼ਤਰਾਂ ਵਿਚ ਲੋਕਾਂ ਦਾ ਮਾਣ-ਸਨਮਾਨ ਨਹੀਂ ਹੁੰਦਾ, ਉਨ੍ਹਾਂ ਦੇ ਕੰਮ ਕਰਨ ਵਿਚ ਦੇਰੀ ਕੀਤੀ ਜਾਂਦੀ ਹੈ ਜਾਂ ਉਨ੍ਹਾਂ ਤੋਂ ਰਿਸ਼ਵਤ ਮੰਗੀ ਜਾਂਦੀ ਹੈ ਤਾਂ ਕਰਮਚਾਰੀ ਵਿਰੁੱਧ ਢੁਕਵੀਂ ਕਾਰਵਾਈ ਹੋਣੀ ਚਾਹੀਦੀ ਹੈ। ਕਰਮਚਾਰੀ ਲੋਕਾਂ ਦੇ ਨੌਕਰ ਹਨ। ਲੋਕਾਂ ਦਾ ਸਤਿਕਾਰ ਕਰਨਾ ਉਨ੍ਹਾਂ ਦਾ ਫ਼ਰਜ਼ ਬਣਦਾ ਹੈ। ਸਹੀ ਅਰਥਾਂ ਵਿਚ ਉਹ ਦੇਸ਼ ਹੀ ਲੋਕਰਾਜ ਵਾਲੇ ਤੇ ਵਿਕਸਤ ਹਨ, ਜਿਥੇ ਮਨੁੱਖ ਦੀ ਕਦਰ ਕੀਤੀ ਜਾਂਦੀ ਹੈ। ਇਨ੍ਹਾਂ ਦੇਸ਼ਾਂ ਵਿਚ ਸਰਕਾਰੀ ਕਰਮਚਾਰੀ ਜਿਸ ਵਿਚ ਪੁਲੀਸ ਵੀ ਸ਼ਾਮਿਲ ਹੈ, ਲੋਕਾਂ ਨੂੰ 'ਸਰ' ਆਖ ਕੇ ਸੰਬੋਧਨ ਕਰਦੇ ਹਨ ਤੇ ਬਹੁਤ ਹੀ ਸਤਿਕਾਰ ਨਾਲ ਗੱਲ ਕਰਦੇ ਹਨ। ਹਰ ਢੰਗ ਨਾਲ ਲੋਕਾਂ ਦੀ ਸਹਾਇਤਾ ਕੀਤੀ ਜਾਂਦੀ ਹੈ। ਜੇਕਰ ਕਿਸੇ ਕੰਮ ਕਰਨ ਵਿਚ ਦੇਰੀ ਹੋ ਜਾਵੇ ਤਾਂ ਮੁਆਫ਼ੀ ਮੰਗੀ ਜਾਂਦੀ ਹੈ। ਇਥੇ ਤਾਂ ਦਫ਼ਤਰਾਂ ਵਿਚ ਆਮ ਆਦਮੀ ਨਾਲ ਕੋਈ ਸਿੱਧੇ ਮੂੰਹ ਗੱਲ ਹੀ ਨਹੀਂ ਕਰਦਾ। ਅਫਸਰ ਤਾਂ ਦੂਰ ਦੀ ਗੱਲ, ਦਫ਼ਤਰ ਦਾ ਸੇਵਾਦਾਰ ਵੀ ਰੁੱਖਾ ਬੋਲਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਸੰਸਾਰ ਦਾ ਪੰਜਵਾਂ ਵੱਡਾ ਅਰਥਚਾਰਾ ਬਣ ਗਿਆ ਹੈ। ਨਿਜੀ ਖੇਤਰ ਵਿਚ ਵਧੀਆ ਸਕੂਲ, ਹਸਪਤਾਲ ਤੇ ਕਈ ਹੋਰ ਅਦਾਰੇ ਬਣੇ ਹਨ ਪਰ ਇਨ੍ਹਾਂ ਤਕ ਪਹੁੰਚ ਕੇਵਲ ਵਸੋਂ ਦੇ ਉਤਲੀ ਇਕ ਤਿਹਾਈ ਦੀ ਹੀ ਹੈ।

ਲੋਕਰਾਜ ਸਹੀ ਅਰਥਾਂ ਵਿਚ ਉਦੋਂ ਹੀ ਲੋਕਾਂ ਦਾ ਰਾਜ ਬਣ ਸਕਦਾ ਹੈ ਜਦੋਂ ਨਾਗਰਿਕਾਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਹੋਵੇ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇ। ਸਾਡੇ ਦੇਸ਼ ਵਿਚ ਅਮੀਰ ਅਤੇ ਗਰੀਬ ਵਿਚ ਪਾੜਾ ਘੱਟ ਹੋਣ ਦੀ ਥਾਂ ਵਧ ਰਿਹਾ ਹੈ। ਸਾਡਾ ਸਰਕਾਰੀ ਢਾਂਚਾ ਰਿਸ਼ਵਤਖੋਰ ਅਤੇ ਬੇਈਮਾਨ ਬਣ ਗਿਆ ਹੈ। ਨੇਤਾ ਵੀ ਕੇਵਲ ਆਪਣੇ ਹੀ ਹੱਕਾਂ ਦੀ ਰਾਖੀ ਕਰਦੇ ਹਨ। ਲੋਕਾਂ ਨਾਲ ਹੋ ਰਹੇ ਧੱਕੇ ਬਾਰੇ ਉਨ੍ਹਾਂ ਨੂੰ ਬਹੁਤੀ ਚਿੰਤਾ ਨਹੀਂ ਹੈ। ਰਾਜਸੀ ਪਾਰਟੀਆਂ ਕੇਵਲ ਉਹ ਮੁੱਦੇ ਹੀ ਚੁੱਕਦੀਆਂ ਹਨ ਜਿਨ੍ਹਾਂ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਵੋਟਾਂ ਪ੍ਰਾਪਤ ਕੀਤੀਆਂ ਜਾ ਸਕਣ। ਉਹ ਸਮਝਦੇ ਹਨ ਕਿ ਗਰੀਬ ਅਤੇ ਅਨਪੜ੍ਹ ਲੋਕਾਂ ਦੀਆਂ ਵੋਟਾਂ ਪ੍ਰਾਪਤ ਕਰਨੀਆਂ ਸੌਖੀਆਂ ਹਨ। ਧਰਮ ਦਾ ਮੁੱਖ ਮੰਤਵ ਲੋਕਾਈ ਨੂੰ ਸੱਚਾ ਤੇ ਸੁੱਚਾ ਜੀਵਨ ਜੀਉਣ ਅਤੇ ਦੂਜਿਆਂ ਦੇ ਹੱਕਾਂ ਦਾ ਸਤਿਕਾਰ ਕਰਨ ਲਈ ਪ੍ਰੇਰਨਾ ਦੇਣਾ ਹੈ। ਸਾਡੇ ਦੇਸ਼ ਵਿਚ ਧਰਮ ਦਾ ਸਰੂਪ ਸੌੜਾ ਬਣਾ ਕੇ ਇਸ ਦੀ ਵਰਤੋਂ ਲੋਕਾਂ ਵਿਚ ਵੰਡੀਆਂ ਪਾਉਣ ਲਈ ਕੀਤੀ ਜਾ ਰਹੀ ਹੈ। ਇਹ ਕੋਈ ਅਤਕਥਨੀ ਨਹੀਂ ਹੋਵੇਗੀ ਕਿ ਜੇਕਰ ਆਖ ਦਿੱਤਾ ਜਾਵੇ ਕਿ ਧਰਮ ਵਪਾਰ ਬਣ ਗਿਆ ਹੈ। ਹੋਣਾ ਇਸ ਦੇ ਉਲਟ ਚਾਹੀਦਾ ਸੀ, ਵਪਾਰ ਵਿਚ ਧਰਮ ਦੀ ਲੋੜ ਹੈ ਤਾਂ ਜੋ ਬੇਇਨਸਾਫੀ ਨੂੰ ਰੋਕਿਆ ਜਾ ਸਕੇ।

ਧਰਮ ਨੂੰ ਵਪਾਰ ਬਣਨ ਤੋਂ ਰੋਕਿਆ ਜਾਵੇ ਅਤੇ ਲੋਕਾਂ ਨੂੰ ਸੱਚ ਤੇ ਹੱਕ ਦੇ ਰਾਹ ਉਤੇ ਤੁਰਨਾ ਸਿਖਾਇਆ ਜਾਵੇ। ਜਦੋਂ ਤੱਕ ਦੇਸ਼ ਦੀ ਸਾਰੀ ਵਸੋਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਨਹੀਂ ਹੁੰਦੀ, ਉਦੋਂ ਤੱਕ ਮਨੁੱਖੀ ਅਧਿਕਾਰਾਂ ਦੀ ਰਾਖੀ ਨਹੀਂ ਹੋ ਸਕਦੀ। ਜਦੋਂ ਤੱਕ ਲੋਕਾਂ ਦਾ ਸਤਿਕਾਰ ਨਹੀਂ ਹੁੰਦਾ, ਉਦੋਂ ਤੱਕ ਲੋਕਰਾਜ ਸਥਾਪਿਤ ਨਹੀਂ ਹੋ ਸਕਦਾ। ਹੁਣ ਦੇਸ਼ ਵਿਚ ਕੁਰਸੀ ਜਾਂ ਪੈਸੇ ਦਾ ਸਤਿਕਾਰ ਹੈ। ਹੋਣਾ ਇਸ ਦੇ ਉਲਟ ਚਾਹੀਦਾ ਹੈ ਕਿ ਹਰ ਕੁਰਸੀ ਲੋਕਾਂ ਦਾ ਸਤਿਕਾਰ ਕਰੇ ਤੇ ਉਨ੍ਹਾਂ ਨਾਲ ਵਰਤਾਰਾ ਮਾਲਕਾਂ ਵਰਗਾ ਹੋਵੇ। ਸਾਰੇ ਨਾਗਰਿਕਾਂ ਦੀ ਮੁੱਢਲੀਆਂ ਲੋੜਾਂ ਪੂਰੀਆਂ ਹੋਣ ਤੇ ਸਰਕਾਰੇ ਦਰਬਾਰੇ ਉਨ੍ਹਾਂ ਨੂੰ ਲੋੜੀਂਦਾ ਸਤਿਕਾਰ ਮਿਲੇ। ਉਦੋਂ ਹੀ ਦੇਸ਼ ਵਿਚ ਸਹੀ ਅਰਥਾਂ ਵਿਚ ਲੋਕਰਾਜ ਸਥਾਪਿਤ ਹੋਵੇਗਾ।

# ਇਮਤਿਹਾਨਾਂ ਸਮੇਂ ਮਾਪਿਆਂ ਦੀ ਭੂਮਿਕਾ

**ਬਰਜਿੰਦਰ ਕੌਰ ਬਿਸਰਾਓ**



ਮਾਪਿਆਂ ਅਤੇ ਬੱਚਿਆਂ ਵਿੱਚ ਵੈਸੇ ਤਾਂ ਹਰ ਮੌਕੇ ਆਪਸੀ ਤਾਲਮੇਲ ਹੋਣਾ ਬਹੁਤ ਜ਼ਰੂਰੀ ਹੈ ਪਰ ਇਮਤਿਹਾਨਾਂ ਦੇ ਦਿਨਾਂ ਵਿੱਚ ਇਸ 'ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੁੰਦੀ ਹੈ। ਬੱਚਿਆਂ ਦੇ ਇਮਤਿਹਾਨ ਨਜ਼ਦੀਕ ਹੋਣ ਕਾਰਨ ਉਨ੍ਹਾਂ 'ਤੇ ਪੜ੍ਹਾਈ ਦਾ ਜ਼ਿਆਦਾ ਦਬਾਅ ਹੈ, ਉੱਤੋਂ ਮਾਪਿਆਂ ਦੀਆਂ ਉਮੀਦਾਂ 'ਤੇ ਖ਼ਰਾ ਉਤਰਨ ਦਾ ਵੀ ਦਬਾਅ ਹੁੰਦਾ ਹੈ। ਫਿਰ ਜੇਕਰ ਮਾਪੇ ਆਪਣੇ ਅਧੂਰੇ ਸੁਫ਼ਨੇ ਬੱਚਿਆਂ ਰਾਹੀਂ ਪੂਰੇ ਕਰਨ ਦੀਆਂ ਯੋਜਨਾਵਾਂ ਬਣਾ ਕੇ ਬੈਠੇ ਹਨ ਤਾਂ ਸਥਿਤੀ ਬਹੁਤ ਖ਼ਰਾਬ ਹੋ ਜਾਂਦੀ ਹੈ। ਅਜਿਹੇ ਵਿੱਚ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਮੁੱਖ ਰੱਖਦੇ ਹੋਏ ਸਮਝਦਾਰੀ ਨਾਲ ਕੰਮ ਲੈਣਾ ਚਾਹੀਦਾ ਹੈ।

ਮਾਪਿਆਂ ਕੋਲ ਜ਼ਿੰਦਗੀ ਦੇ ਤਜਰਬੇ ਹੋਣ ਦੇ ਨਾਲ ਨਾਲ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਯੋਜਨਾਵਾਂ ਹੁੰਦੀਆਂ ਹਨ। ਇਹ ਦੋਵੇਂ ਗੱਲਾਂ ਹਰ ਗ਼ਰੀਬ ਅਤੇ ਅਮੀਰ ਮਾਪਿਆਂ ਵਿੱਚ ਵੇਖਣ ਨੂੰ ਮਿਲਦੀਆਂ ਹਨ। ਇਹ ਗੱਲ ਵੱਖਰੀ ਹੈ ਕਿ ਉਹ ਇਨ੍ਹਾਂ ਗੱਲਾਂ ਨੂੰ ਨਿਭਾਉਂਦੇ ਆਪੋ ਆਪਣੇ ਤਰੀਕਿਆਂ ਨਾਲ ਹਨ। ਅੱਜ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਮਾਪਿਆਂ ਕੋਲ ਬੱਚਿਆਂ ਨੂੰ ਦੇਣ ਲਈ ਸਮਾਂ ਨਹੀਂ ਹੈ ਜਦੋਂਕਿ ਬੱਚੇ ਭਾਰੀ ਸਿਲੇਬਸਾਂ ਦੇ ਬੋਝ ਕਾਰਨ ਥੱਕੇ ਥੱਕੇ ਜਾਪਦੇ ਹਨ। ਇਮਤਿਹਾਨਾਂ ਦੇ ਨੇੜੇ ਆਉਂਦੇ ਹੀ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਵੱਧ ਅੰਕ ਲੈਣ ਲਈ ਪ੍ਰੇਰਿਤ ਕਰ ਕੇ ਦਬਾਅ ਬਣਾਇਆ ਜਾਣ ਲੱਗਦਾ ਹੈ। ਮਾਪਿਆਂ ਨੂੰ ਸਮੇਂ ਸਮੇਂ 'ਤੇ ਬੱਚਿਆਂ ਦੀ ਰਿਪੋਰਟ ਤੋਂ ਜਾਣੂ ਕਰਵਾ ਕੇ ਪਹਿਲਾਂ ਹੀ ਬੱਚੇ ਦੀ ਪੜ੍ਹਾਈ ਦੀ ਸਥਿਤੀ ਸਾਫ਼ ਕਰ ਦਿੱਤੀ ਜਾਂਦੀ ਹੈ। ਸਪੱਸ਼ਟ ਜਿਹੇ ਸ਼ਬਦਾਂ ਵਿੱਚ ਸਕੂਲਾਂ ਵਾਲਿਆਂ ਵੱਲੋਂ ਆਪਣਾ ਪੱਲਾ ਝਾੜ ਲਿਆ ਜਾਂਦਾ ਹੈ ਜਾਂ ਫਿਰ ਆਪਣਾ ਅੱਧਾ ਬੋਝ ਵੰਡਾ ਲਿਆ ਜਾਂਦਾ ਹੈ। ਕਈ ਪ੍ਰਾਈਵੇਟ ਸਕੂਲਾਂ ਵਿੱਚ ਬੱਚਿਆਂ ਨੂੰ ਸਕੂਲ ਪ੍ਰਬੰਧਕ ਵਾਧੂ ਸਮਾਂ ਦੇ ਕੇ ਤਿਆਰੀ ਵੀ ਕਰਵਾਉਂਦੇ ਹਨ। ਇਸ ਦੇ ਨਾਲ ਹੀ ਬੱਚਿਆਂ ਨੂੰ ਟਿਊਸ਼ਨ 'ਤੇ ਵੀ ਜਾਣਾ ਪੈਂਦਾ ਹੈ। ਅਸਲ ਵਿੱਚ ਇਮਤਿਹਾਨ ਨੇੜੇ ਆਉਣ ਨਾਲ ਇਨ੍ਹਾਂ ਸਾਰੀਆਂ ਗੱਲਾਂ ਦਾ ਬੱਚਿਆਂ 'ਤੇ ਮਾਨਸਿਕ ਦਬਾਅ ਬਣਦਾ ਹੈ ਜਦੋਂਕਿ ਇਹ ਸਮਾਂ ਹੁੰਦਾ ਹੈ ਕਿ ਬੱਚਿਆਂ ਨੂੰ ਮਾਨਸਿਕ ਦਬਾਅ ਹੇਠ ਆਉਣ ਤੋਂ ਬਚਾਇਆ ਜਾਵੇ।

ਮਾਪੇ ਚਾਹੇ ਕੰਮ-ਕਾਜੀ ਹੋਣ ਜਾਂ ਘਰੇਲੂ ਪਰ ਇਸ ਸਮੇਂ ਉਨ੍ਹਾਂ ਦੀ ਬੱਚਿਆਂ ਨੂੰ ਬਹੁਤ ਜ਼ਰੂਰਤ ਹੁੰਦੀ ਹੈ। ਬੱਚਿਆਂ ਨੂੰ ਮਾਪੇ ਇੱਕ ਗੱਲ ਤਾਂ ਤੁਰੇ ਫਿਰਦੇ ਵੀ ਆਖ ਦਿੰਦੇ ਹਨ, "ਪੜ੍ਹ ਲੈ ਇਮਤਿਹਾਨ ਸਿਰ 'ਤੇ ਨੇ ਪੜ੍ਹ ਲਏਂਗਾ ਤਾਂ ਕੁਛ ਬਣ ਜਾਏਂਗਾ।" ਦਿਨ ਵਿੱਚ ਦੋ ਚਾਰ ਵਾਰ ਮਾਂ ਵੱਲੋਂ ਆਖ ਦੇਣਾ ਤੇ ਹਫ਼ਤੇ ਦਸ ਦਿਨ ਬਾਅਦ ਪਿਤਾ ਵੱਲੋਂ ਕਹਿ ਕੇ ਆਪਣੀ ਜ਼ਿੰਮੇਵਾਰੀ ਨਿਪਟਾ ਲਈ ਜਾਂਦੀ ਹੈ ਜਾਂ ਫਿਰ ਕੋਈ ਡਰਾਵਾ ਦੇ ਕੇ ਬੱਚੇ ਅੰਦਰ ਡਰ ਪੈਦਾ ਕਰ ਦਿੱਤਾ ਜਾਂਦਾ ਹੈ। ਬੱਚਾ ਸਕੂਲ ਤੋਂ ਘਰ, ਫਿਰ ਘਰ ਤੋਂ ਟਿਊਸ਼ਨ ਤੇ ਟਿਊਸ਼ਨ ਤੋਂ ਘਰ ਵਾਪਸ ਪਰਤਣ ਤੱਕ ਮਾਪਿਆਂ ਦੀ ਜ਼ਿੰਮੇਵਾਰੀ ਨਿੱਬੜ ਜਾਂਦੀ ਹੈ ਜਦੋਂਕਿ ਜਿਹੜੀਆਂ ਗੱਲਾਂ ਵਿੱਚ ਬੱਚੇ ਨੂੰ ਮਾਪਿਆਂ ਦੀ ਲੋੜ ਹੁੰਦੀ ਹੈ ਉਹ ਅੱਖੋਂ ਪਰੋਖੇ ਕਰ ਦਿੱਤੀਆਂ ਜਾਂਦੀਆਂ ਹਨ।

ਇਮਤਿਹਾਨਾਂ ਦੇ ਨੇੜੇ ਆਉਂਦੇ ਹੀ ਮਾਪਿਆਂ ਨੂੰ ਬੱਚੇ ਪ੍ਰਤੀ ਸੁਹਿਰਦਤਾ ਦਾ ਰਵੱਈਆ ਅਪਣਾਉਂਦੇ ਹੋਏ ਉਸ ਨਾਲ ਹਲਕੇ ਮਾਹੌਲ ਵਿੱਚ ਗੱਲਬਾਤ ਕਰਨੀ ਚਾਹੀਦੀ ਹੈ। ਉਸ ਦੀਆਂ ਸਮੱਸਿਆਵਾਂ ਨੂੰ ਟੋਹਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬੱਚਾ ਪੜ੍ਹਾਈ ਪ੍ਰਤੀ ਕਿਸ ਤਰ੍ਹਾਂ ਦੀ ਮਾਨਸਿਕਤਾ ਲੈ ਕੇ ਚੱਲ ਰਿਹਾ ਹੈ, ਉਹ ਆਪਣੇ ਭਵਿੱਖ ਪ੍ਰਤੀ ਸੰਜੀਦਾ ਹੈ ਕਿ ਨਹੀਂ, ਜੇ ਉਸ ਦੇ ਵੱਧ ਅੰਕ ਆਉਂਦੇ ਹਨ ਤਾਂ ਉਹ ਕੀ ਕਰਨ ਬਾਰੇ ਸੋਚਦਾ ਹੈ ਜਾਂ ਘੱਟ ਅੰਕ ਆਉਣ 'ਤੇ ਉਹ ਨਿਰਾਸ਼ ਹੋ ਕੇ ਕੁੱਝ ਗ਼ਲਤ ਕਦਮ ਤਾਂ ਨਹੀਂ ਉਠਾਉਣ ਬਾਰੇ ਸੋਚ ਰਿਹਾ। ਬੱਚੇ ਦੇ ਦਿਮਾਗ਼ ਨੂੰ ਪੜ੍ਹਨਾ ਮਾਪਿਆਂ ਲਈ ਬਹੁਤ ਜ਼ਰੂਰੀ ਹੁੰਦਾ ਹੈ। ਮਾਪਿਆਂ ਵੱਲੋਂ ਬੱਚੇ ਅੰਦਰ ਕਦੇ ਵੀ ਕਿਸੇ ਹੋਰ ਬੱਚੇ ਨਾਲੋਂ ਜ਼ਿਆਦਾ ਅੰਕ ਲੈਣ ਲਈ ਧੱਕਾ ਨਾ ਕੀਤਾ ਜਾਵੇ, ਰੱਬ ਨਾ ਕਰੇ ਜੇ ਕਿਤੇ ਉਸ ਬੱਚੇ ਨਾਲੋਂ ਅੰਕ ਘੱਟ ਆ ਜਾਣ ਤਾਂ ਇਹੋ ਜਿਹੀਆਂ ਗੱਲਾਂ ਦੇ ਘਾਤਕ ਨਤੀਜੇ ਨਿਕਲ ਸਕਦੇ ਹਨ। ਬਾਹਰਲੇ ਮੁਲਕਾਂ ਵਿੱਚ ਪੜ੍ਹਾਈ ਦੇ ਮੁੱਦੇ 'ਤੇ ਬੱਚੇ, ਅਧਿਆਪਕ ਅਤੇ ਮਾਪੇ ਇਨ੍ਹਾਂ ਚਿੰਤਾਵਾਂ ਤੋਂ ਸੁਰਖ਼ਰੂ ਹੁੰਦੇ ਹਨ ਕਿਉਂਕਿ ਬੱਚੇ ਦੀ ਰੁਚੀ ਮੁਤਾਬਕ ਉਨ੍ਹਾਂ ਨੂੰ ਉਸੇ ਖੇਤਰ ਵਿੱਚ ਭੇਜ ਦਿੱਤਾ ਜਾਂਦਾ ਹੈ ਪਰ ਸਾਡੇ ਮਾਪੇ ਆਪਣੀ ਰੁਚੀ ਦੀ ਪੜ੍ਹਾਈ ਪੂਰੀ ਨਾ ਕਰਨ ਕਰਕੇ ਉਹ ਆਪਣੇ ਬੱਚੇ ਰਾਹੀਂ ਆਪਣਾ ਸੁਫ਼ਨਾ ਸਾਕਾਰ ਕਰਨਾ ਚਾਹੁੰਦੇ ਹਨ, ਚਾਹੇ ਬੱਚੇ ਦੀ ਉਸ ਵਿੱਚ ਕੋਈ ਰੁਚੀ ਨਾ ਹੀ ਹੋਵੇ।

ਮਾਪਿਆਂ ਨੂੰ ਹਰ ਸਮੇਂ ਬੌਸ ਦੀ ਭੂਮਿਕਾ ਵਿੱਚ ਨਾ ਰਹਿ ਕੇ ਸਿਰਫ਼ ਚੰਗੇ ਮਾਪੇ ਬਣਨਾ ਚਾਹੀਦਾ ਹੈ ਤਾਂਕਿ ਜਦ ਬੱਚੇ ਨੂੰ ਕੋਈ ਸਮੱਸਿਆ ਆਵੇ ਤਾਂ ਉਹ ਇੱਕ ਦੋਸਤ ਵਾਂਗ ਮਾਪਿਆਂ ਨੂੰ ਦੱਸ ਸਕੇ। ਸਿਰਫ਼ ਨਾਮੀ ਸਕੂਲ ਵਿੱਚ ਦਾਖਲਾ ਦਿਵਾਉਣਾ, ਸਕੂਲਾਂ ਦੀਆਂ ਮੋਟੀਆਂ ਫੀਸਾਂ ਭਰਨੀਆਂ, ਵਧੀਆ ਵਰਦੀਆਂ ਖ਼ਰੀਦ ਕੇ ਦੇਣੀਆਂ ਤੇ ਮਹਿੰਗੀਆਂ ਟਿਊਸ਼ਨਾਂ 'ਤੇ ਭੇਜਣਾ ਹੀ ਮਾਪਿਆਂ ਦੀ ਜ਼ਿੰਮੇਵਾਰੀ ਨਹੀਂ ਹੁੰਦੀ। ਅਧਿਆਪਕਾਂ ਵੱਲੋਂ ਜੋ ਸਕੂਲ ਵਿੱਚ ਪੜ੍ਹਾਇਆ ਜਾਂਦਾ ਹੈ ਕੀ ਬੱਚਾ ਉਹ ਨਾਲ ਦੀ ਨਾਲ ਕਰ ਰਿਹਾ ਹੈ, ਉਹ ਜਮਾਤ ਟੈਸਟਾਂ ਵਿੱਚ ਕੁਝ ਕਰ ਰਿਹਾ ਹੈ ਜਾਂ ਨਹੀਂ, ਉਹ ਆਪਣਾ ਬਸਤਾ ਕਿਸ ਤਰੀਕੇ ਨਾਲ ਸੰਭਾਲਦਾ ਹੈ, ਇਨ੍ਹਾਂ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਉਸ ਦੀਆਂ ਰੁਚੀਆਂ ਦਾ ਪਤਾ ਲੱਗ ਜਾਂਦਾ ਹੈ।

ਇਮਤਿਹਾਨਾਂ ਸਮੇਂ ਮਾਪਿਆਂ ਵੱਲੋਂ ਬੱਚਿਆਂ ਨੂੰ ਚੰਗਾ ਪੜ੍ਹਨ ਲਈ ਪਿਆਰ ਨਾਲ ਪ੍ਰੇਰਿਤ ਕੀਤਾ ਜਾਵੇ, ਗੱਲਾਂ ਗੱਲਾਂ ਵਿੱਚ ਉੱਘੀਆਂ ਸ਼ਖ਼ਸੀਅਤਾਂ ਦੀਆਂ ਘਾਲਣਾਵਾਂ ਰਾਹੀਂ ਉਨ੍ਹਾਂ ਅੰਦਰ ਜਗਿਆਸੂ ਬਿਰਤੀ ਪੈਦਾ ਕੀਤੀ ਜਾਵੇ, ਬੱਚਿਆਂ ਦਾ ਹੌਸਲਾ ਵਧਾਇਆ ਜਾਵੇ। ਬੱਚਿਆਂ ਨੂੰ ਇਹ ਅਹਿਸਾਸ ਕਰਵਾਇਆ ਜਾਵੇ ਕਿ ਸਿਰਫ਼ ਨੰਬਰ ਹੀ ਸਭ ਕੁੱਝ ਨਹੀਂ ਹੁੰਦੇ। ਗੱਲ ਗੱਲ 'ਤੇ 'ਨਾਲਾਇਕ' ਸ਼ਬਦ ਵਰਤ ਕੇ ਉਸ ਨੂੰ ਨੀਵਾਂ ਦਿਖਾਉਣ ਦੀ ਬਜਾਏ ਉਸ ਨੂੰ ਛੋਟੀ ਜਿਹੀ ਪ੍ਰਾਪਤੀ 'ਤੇ ਵਡਿਆ ਕੇ ਉਸ ਦਾ ਹੌਸਲਾ ਵਧਾਇਆ ਜਾਵੇ। ਇਨ੍ਹਾਂ ਛੋਟੀਆਂ ਛੋਟੀਆਂ ਗੱਲਾਂ ਦਾ ਧਿਆਨ ਰੱਖਣ ਨਾਲ ਕਿਸੇ ਵੀ ਬੱਚੇ ਦਾ ਭਵਿੱਖ ਸੰਵਰ ਸਕਦਾ ਹੈ।

# ਔਰਤਾਂ ਖਿਲਾਫ ਹੋ ਰਹੇ ਜੁਰਮਾਂ ਵਿਚ ਬੇਹਿਸਾਬ ਵਾਧਾ

ਭਾਰਤੀ ਸਮਾਜ ਔਰਤਾਂ ਲਈ ਨਿਰਦਈ ਸਮਾਜ ਹੈ। ਇੱਥੇ ਕਾਨੂੰਨੀ ਤੌਰ 'ਤੇ ਤਾਂ ਭਾਵੇਂ ਔਰਤਾਂ ਨੂੰ ਕਈ ਹੱਕ ਪ੍ਰਾਪਤ ਹਨ ਪਰ ਹਕੀਕਤ ਵਿਚ ਉਨ੍ਹਾਂ ਦੀ ਹਾਲਤ ਦੂਜੇ ਦਰਜੇ ਦੇ ਨਾਗਰਿਕ ਅਤੇ ਮਨੁੱਖਾਂ ਵਾਲੀ ਹੈ। ਘਰ ਤੋਂ ਸ਼ੁਰੂ ਹੋ ਕੇ ਪੜ੍ਹਾਈ, ਨੌਕਰੀ ਅਤੇ ਸਮਾਜ ਦੇ ਹਰ ਹਿੱਸੇ ਵਿਚ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਹਿੰਸਾ ਦਾ ਸ਼ਿਕਾਰ ਹੋਣ ਪੈਂਦਾ ਹੈ। ਕਦੀ ਇੱਥੇ ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਆਪਣਾ ਜੀਵਨ ਸਾਥੀ ਚੁਣਨ ਲਈ ਅਣਖ ਦੇ ਨਾਮ 'ਤੇ ਕਤਲ ਕਰ ਦਿੱਤਾ ਜਾਂਦਾ ਹੈ ਅਤੇ ਕਦੀ ਦਾਜ ਦੇ ਨਾਮ 'ਤੇ ਜਿਊਂਦਾ ਸਾੜ ਦਿੱਤਾ ਜਾਂਦਾ ਹੈ। ਹਰ ਰੋਜ਼ ਔਰਤਾਂ ਨਾਲ ਹੁੰਦੇ ਜਬਰ ਜਨਾਹ ਦੀਆਂ ਖਬਰਾਂ ਨਾਲ ਅਖਬਾਰਾਂ ਭਰੀਆਂ ਰਹਿੰਦੀਆਂ ਹਨ। ਅਜਿਹੇ ਮਾਹੌਲ 'ਚ ਔਰਤਾਂ ਨੂੰ ਭਿਆਨਕ ਮਾਨਸਿਕ ਤਣਾਅ 'ਚ ਜ਼ਿੰਦਗੀ ਕੱਟਣੀ ਪੈਂਦੀ ਹੈ। ਇਹ ਸਿਰਫ ਹਵਾਈ ਗੱਲਾਂ ਨਹੀਂ ਸਗੋਂ ਇਨ੍ਹਾਂ ਨੂੰ ਸਹੀ ਸਿੱਧ ਕਰਦੇ ਤੱਥ ਵੀ ਮੌਜੂਦ ਹਨ।

ਕੁਝ ਚਿਰ ਪਹਿਲਾਂ ਹੀ ਭਾਰਤ ਸਰਕਾਰ ਵੱਲੋਂ ਜਾਰੀ ਕੀਤੀ ਜਾਂਦੀ ਕੌਮੀ ਅਪਰਾਧ ਰਿਕਾਰਡ ਵਿਭਾਗ ਦੀ ਰਿਪੋਰਟ ਮੁਤਾਬਕ ਸਾਲ 2022 ਵਿਚ ਔਰਤਾਂ ਖਿਲਾਫ ਕੁੱਲ 4.45 ਲੱਖ ਮਾਮਲੇ ਦਰਜ ਕੀਤੇ ਗਏ ਜੋ 2021 ਅਤੇ 2020 ਨਾਲੋਂ ਵੱਧ ਹਨ। ਇਨ੍ਹਾਂ ਅਪਰਾਧਾਂ ਦੀ ਸੂਚੀ ਵਿਚ ਪਤੀ ਜਾਂ ਰਿਸ਼ਤੇਦਾਰਾਂ ਵੱਲੋਂ ਕੀਤੀ ਜਾਂਦੀ ਹਿੰਸਾ ਤੋਂ ਲੈ ਕੇ ਬਲਾਤਕਾਰ, ਛੇੜਖਾਨੀ, ਅਗਵਾ ਕਰਨ ਜਿਹੇ ਅਪਰਾਧ ਸ਼ਾਮਲ ਹਨ। ਇਹ ਵੀ ਸਿਰਫ ਉਹ ਅਪਰਾਧ ਹਨ ਜੋ ਕਿਸੇ ਤਰ੍ਹਾਂ ਨਾਲ ਭਾਰਤ ਦੀ ਨਿਕੰਮੀ ਪੁਲੀਸ ਅਤੇ ਨਿਆਂ ਪ੍ਰਣਾਲੀ ਦੇ ਕੋਲ ਦਰਜ ਕੀਤੇ ਗਏ ਹਨ, ਔਰਤਾਂ ਨਾਲ ਹੁੰਦੇ ਜ਼ਿਆਦਾਤਰ ਅਪਰਾਧ ਤਾਂ ਸਮਾਜ ਦੇ ਸਾਹਮਣੇ ਵੀ ਨਹੀਂ ਆਉਂਦੇ। ਇਹ ਅੰਕੜੇ ਮਨੁੱਖਤਾ ਨੂੰ ਸ਼ਰਮਸਾਰ ਕਰ ਸਕਦੇ ਹਨ ਪਰ ਭਾਰਤ ਦੇਸ਼ ਦੇ ਹਾਕਮ ਅਤੇ ਨੌਕਰਸ਼ਾਹੀ ਬੜੀ ਬੇਸ਼ਰਮੀ ਨਾਲ ਇਨ੍ਹਾਂ ਤੱਥਾਂ ਤੋਂ ਵੀ ਮੂੰਹ ਲੁਕਾਉਣ ਦੇ ਨਿੱਤ ਨਵੇਂ ਬਹਾਨੇ ਘੜਨ ਵਿਚ ਮਾਹਿਰ ਹੈ। ਕੌਮੀ ਅਪਰਾਧ ਰਿਕਾਰਡ ਵਿਭਾਗ ਦਾ ਕਹਿਣਾ ਹੈ ਕਿ ਇਨ੍ਹਾਂ ਅੰਕੜਿਆਂ ਵਿਚ ਵਾਧੇ ਦਾ ਅਰਥ ਇਹ ਨਹੀਂ ਹੈ ਕਿ ਔਰਤਾਂ ਖਿਲਾਫ ਹੋਣ ਵਾਲੇ ਜੁਰਮਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ ਸਗੋਂ ਇਹ ਹੈ ਕਿ ਦੇਸ਼ ਵਿਚ ਅਪਰਾਧ ਦਰਜ ਕਰਨ ਵਾਲੀ ਪ੍ਰਣਾਲੀ ਦੇ ਬਿਹਤਰ ਹੋਣ ਨਾਲ ਇਨ੍ਹਾਂ ਅੰਕੜਿਆਂ ਵਿਚ ਵਾਧਾ ਹੋਇਆ ਹੈ। ਇਹੋ ਜਿਹੇ ਨਿਆਂ ਪ੍ਰਬੰਧ ਤੋਂ ਔਰਤਾਂ ਕਿਵੇਂ ਆਪਣੀ ਸੁਰੱਖਿਆ ਤੇ ਇਨਸਾਫ ਦੀ ਉਮੀਦ ਰੱਖ ਸਕਦੀਆਂ ਹਨ?




ਇਸ ਰਿਪੋਰਟ ਮੁਤਾਬਕ ਦੇਸ਼ ਵਿਚ ਔਰਤਾਂ ਦੇ ਰਹਿਣ ਲਈ ਸਭ ਤੋਂ ਵੱਧ ਭਿਆਨਕ ਹਾਲਤ ਉੱਤਰ ਪ੍ਰਦੇਸ਼ ਦੀ ਹੈ ਜਿੱਥੇ 2022 ਵਿਚ ਔਰਤਾਂ ਖਿਲਾਫ ਹੋਣ ਵਾਲੇ ਜੁਰਮਾਂ ਦੇ 65743 ਮਾਮਲੇ ਦਰਜ ਕੀਤੇ ਗਏ। ਇਸ ਤੋਂ ਬਾਅਦ ਮਹਾਰਾਸ਼ਟਰ 45331, ਰਾਜਸਥਾਨ 45058, ਪੱਛਮੀ ਬੰਗਾਲ 34731 ਅਤੇ ਮੱਧ ਪ੍ਰਦੇਸ਼ 32765 ਮਾਮਲਿਆਂ ਨਾਲ ਇਸ ਸੂਚੀ ਵਿਚ ਸ਼ਾਮਲ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਔਰਤਾਂ ਖਿਲਾਫ ਹੋਣ ਵਾਲੇ ਅਪਰਾਧਾਂ ਦੀ ਸੰਖਿਆ ਕੌਮੀ ਔਸਤ ਤੋਂ ਕਾਫੀ ਵੱਧ ਹੈ। 2022 ਵਿਚ ਦਿੱਲੀ ਵਿਚ ਔਰਤਾਂ ਖਿਲਾਫ ਵੱਖ ਵੱਖ ਤਰ੍ਹਾਂ ਦੇ ਜੁਰਮਾਂ ਦੇ 14247 ਪਰਚੇ ਦਰਜ ਕੀਤੇ ਗਏ। ਅਜਿਹੇ ਮਾਮਲਿਆਂ ਵਿਚ ਦਿੱਲੀ ਦੀ ਔਸਤ 144.4 ਹੈ ਜੋ ਦੇਸ਼ ਦੀ ਔਸਤ 66.4 ਤੋਂ ਚੋਖੀ ਵੱਧ ਹੈ। ਸਿਰਫ 2022 ਵਿਚ ਹੀ ਦਿੱਲੀ ਵਿਚ ਬਲਾਤਕਾਰ ਦੇ 1204 ਪਰਚੇ ਦਰਜ ਹੋਏ ਜੋ ਦੇਸ਼ ਦੇ ਕੁੱਲ ਬਲਾਤਕਾਰ ਨਾਲ ਸਬੰਧਿਤ ਮਾਮਲਿਆਂ ਦਾ 31% ਹੈ! ਦੇਸ਼ ਦੀ ਰਾਜਧਾਨੀ ਦਾ ਹਾਲ ਇਹ ਹੈ ਕਿ ਇੱਥੇ ਹਰ ਰੋਜ਼ 3 ਔਰਤਾਂ ਬਲਾਤਕਾਰ ਦਾ ਸ਼ਿਕਾਰ ਹੁੰਦੀਆਂ ਹਨ। ਇਸ ਤੋਂ ਬਾਅਦ ਦੇਸ਼ ਦੀ ਆਰਥਿਕ ਰਾਜਧਾਨੀ ਕਹੀ ਜਾਣ ਵਾਲੇ ਸ਼ਹਿਰ ਮੁੰਬਈ ਦੇ ਤੱਥ ਵੀ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੇ ਹਨ। ਇਸ ਸ਼ਹਿਰ ਵਿਚ ਔਰਤਾਂ ਵਿਰੁੱਧ ਹਿੰਸਾ ਦੀਆਂ 6176 ਘਟਨਾਵਾਂ ਹੋਈਆਂ। ਇਸ ਰਿਪੋਰਟ ਵਿਚ ਉਨ੍ਹਾਂ ਮਾਮਲਿਆਂ ਦਾ ਹੀ ਜ਼ਿਕਰ ਹੈ ਜੋ ਅਧਿਕਾਰਤ ਤੌਰ 'ਤੇ ਦਰਜ ਕੀਤੇ ਗਏ ਅਤੇ ਸਾਡੇ ਸਾਹਮਣੇ ਆਏ। ਭਾਰਤ ਵਿਚ ਔਰਤਾਂ ਨਾਲ ਹੋਣ ਵਾਲੀਆਂ

**ਗੁਰਪ੍ਰੀਤ ਅੰਮ੍ਰਿਤਸਰ**

ਜ਼ਿਆਦਾਤਰ ਜ਼ਿਆਦਤੀਆਂ ਲੁਕੀਆਂ ਰਹਿੰਦੀਆਂ ਹਨ। ਇਹ ਅਪਰਾਧ ਕਰਨ ਵਾਲੇ ਮੁਜਰਮਾਂ ਵਿਚੋਂ ਵਿਰਲੇ-ਟਾਵੇਂ ਨੂੰ ਹੀ ਕਾਨੂੰਨ ਵੱਲੋਂ ਸਜ਼ਾ ਮਿਲਦੀ ਹੈ। ਬਾਕੀ ਬਹੁਤੇ ਮਾਮਲੇ ਸਾਲਾਂ ਬੱਧੀ ਅਦਾਲਤਾਂ ਵਿਚ ਲਟਕਦੇ ਹਨ। ਇੱਥੇ ਇੱਕ ਹੋਰ ਗੱਲ ਯਾਦ ਰੱਖਣ ਦੀ ਲੋੜ ਹੈ ਕਿ ਇਨ੍ਹਾਂ ਅੰਕੜਿਆਂ ਵਿਚ ਵਿਆਹੁਤਾ ਜਬਰ ਜਨਾਹ ਦੇ ਅੰਕੜੇ ਸ਼ਾਮਲ ਨਹੀਂ। ਭਾਰਤੀ ਕਾਨੂੰਨ ਵਿਆਹੁਤਾ ਜਬਰ ਜਨਾਹ ਨੂੰ ਜੁਰਮ ਮੰਨਣ ਤੋਂ ਇਨਕਾਰੀ ਹੈ। ਸੰਵਿਧਾਨ ਦੀ ਧਾਰਾ 375 ਵਿਆਹੁਤਾ ਜਬਰ ਜਨਾਹ ਨੂੰ ਕਾਨੂੰਨੀ ਜੁਰਮ ਦੀ ਸ਼੍ਰੇਣੀ ਤੋਂ ਬਾਹਰ ਰੱਖਦੀ ਹੈ। ਇੱਕ ਸਰਕਾਰੀ ਵਿਭਾਗ ਦੇ ਸਰਵੇਖਣ ਮੁਤਾਬਕ ਸਰੀਰਕ ਸ਼ੋਸ਼ਣ ਦਾ ਸ਼ਿਕਾਰ 18-49 ਸਾਲ ਦੀਆਂ 83% ਔਰਤਾਂ ਨੇ ਆਪਣੇ ਮੌਜੂਦਾ ਪਤੀ ਨੂੰ ਇਸ ਦਾ ਦੋਸ਼ੀ ਠਹਿਰਾਇਆ।

ਭਾਰਤੀ ਸਮਾਜ ਵਿਚ ਔਰਤ ਵਿਰੋਧੀ ਮਾਨਸਿਕਤਾ ਦੀਆਂ ਡੂੰਘੀਆਂ ਜੜ੍ਹਾਂ ਹਨ। ਇਸ ਦੇਸ਼ ਵਿਚ ਹਾਲੇ ਵੀ ਪੱਛੜੀਆਂ ਜਗੀਰੂ ਕਦਰਾਂ-ਕੀਮਤਾਂ ਬਹੁਤ ਹਾਵੀ ਹਨ। ਅਜੋਕੇ ਸਮੇਂ ਵਿਚ ਵੀ ਭਾਰਤ ਦੀਆਂ ਬਹੁਤੀਆਂ ਔਰਤਾਂ ਨੂੰ ਬਹੁਤ ਹੀ ਤੰਗ ਘੇਰੇ ਵਿਚ ਆਪਣੀ ਪੂਰੀ ਜ਼ਿੰਦਗੀ ਬਤੀਤ ਕਰਨੀ ਪੈਂਦੀ ਹੈ। ਆਪਣੀ ਮਰਜ਼ੀ ਨਾਲ ਪਿਆਰ ਕਰਨ ਅਤੇ ਜੀਵਨ ਸਾਥੀ ਚੁਣਨ ਤੋਂ ਲੈ ਕੇ ਆਜ਼ਾਦੀ ਨਾਲ ਘਰੋਂ ਬਾਹਰ ਨਿੱਕਲਣ, ਇੱਛਾ ਮੁਤਾਬਕ ਕੱਪੜੇ ਪਹਿਨਣ, ਨੌਕਰੀ ਕਰਨ ਵਰਗੇ ਬਹੁਤ ਹੀ ਮਾਮੂਲੀ ਜਿਹੇ ਹੱਕਾਂ ਲਈ ਵੀ ਔਰਤਾਂ ਨੂੰ ਸੰਘਰਸ਼ ਕਰਨਾ ਪੈਂਦਾ ਹੈ। ਔਰਤਾਂ ਨੂੰ ਵਿਆਹ ਤੋਂ ਪਹਿਲਾਂ ਪਿਤਾ ਤੇ ਬਾਅਦ ਵਿਚ ਪਤੀ ਦੀ ਮਰਜ਼ੀ ਮੁਤਾਬਕ ਜਿਊਣਾ ਪੈਂਦਾ ਹੈ। ਵਿਆਹ ਤੋਂ ਬਾਅਦ ਔਰਤਾਂ ਉੱਪਰ ਹਿੰਸਾ ਨੂੰ ਇਸ ਸਮਾਜ ਵਿਚ ਸਮਾਜਿਕ ਮਾਨਤਾ ਪ੍ਰਾਪਤ ਹੈ। ਹਰ ਸਾਲ ਤਕਰੀਬਨ 5 ਲੱਖ ਕੁੜੀਆਂ ਗਰਭ ਵਿਚ ਹੀ ਕਤਲ ਕਰ ਦਿੱਤੀਆਂ ਜਾਂਦੀਆਂ ਹਨ। ਅਣਖ ਦੇ ਨਾਮ 'ਤੇ ਹੋਣ ਵਾਲੇ ਕਤਲਾਂ ਦਾ ਸ਼ਿਕਾਰ ਵੀ ਜ਼ਿਆਦਾਤਰ ਔਰਤਾਂ ਹੀ ਹੁੰਦੀਆਂ ਹਨ। ਬਸਤੀਵਾਦੀ ਗ਼ੁਲਾਮੀ ਕਾਰਨ ਸਿਹਤਮੰਦ ਢੰਗ ਨਾਲ ਸਰਮਾਏਦਾਰੀ ਵਿਕਾਸ ਨਾ ਹੋਣ ਕਾਰਨ ਭਾਰਤੀ ਸਮਾਜ ਅੱਜ ਇਨ੍ਹਾਂ ਮੱਧਯੁਗੀ ਅਲਾਮਤਾਂ ਨਾਲ ਪੀੜਤ ਹੈ।

ਇਸ ਦੇ ਨਾਲ ਅਜੋਕੇ ਸਰਮਾਏਦਾਰੀ ਪ੍ਰਬੰਧ ਦੇ ਭੈੜੇ ਵਿਕਾਰਾਂ ਦਾ ਵੀ ਅਜੀਬ ਮਿਲਗੋਭਾ ਬਣ ਗਿਆ ਹੈ। ਸਰਮਾਏਦਾਰੀ ਆਉਣ ਨਾਲ ਔਰਤਾਂ ਦੀ ਗ਼ੁਲਾਮੀ ਦਾ ਰੂਪ ਬਦਲ ਜਾਂਦਾ ਹੈ। ਕੁਝ ਹੱਦ ਤੱਕ ਨਿੱਜੀ ਆਜ਼ਾਦੀਆਂ ਵੀ ਭਾਵੇਂ ਮਿਲਦੀਆਂ ਹਨ ਪਰ ਸਮਾਜਿਕ ਪ੍ਰਬੰਧ ਵਿਚ ਔਰਤਾਂ ਦੇ ਸਰੀਰ ਨੂੰ ਜਿਣਸ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਔਰਤਾਂ ਦੀ ਹੋਂਦ ਨੂੰ ਸਿਰਫ ਮਰਦਾਂ ਦੇ ਭੋਗ ਦੀ ਵਸਤ ਤੱਕ ਸੀਮਿਤ ਕਰਨਾ ਸਰਮਾਏਦਾਰੀ ਸੱਭਿਆਚਾਰ ਦੀ ਹੀ ਅਲਾਮਤ ਹੈ। ਤਰ੍ਹਾਂ ਤਰ੍ਹਾਂ ਦੀਆਂ ਜਿਣਸਾਂ ਵੇਚਣ ਲਈ ਔਰਤਾਂ ਦੇ ਜਿਸਮ ਦਾ ਸਹਾਰਾ ਲਿਆ ਜਾਂਦਾ ਹੈ। ਫਿਲਮਾਂ, ਗਾਣਿਆਂ ਆਦਿ ਵਿਚ ਔਰਤਾਂ ਨੂੰ ਇੱਕ ਮਨੁੱਖ ਨਾ ਹੋ ਕੇ ਸਿਰਫ ਭੋਗਣ ਲਾਇਕ ਸੁੰਦਰ ਸਰੀਰ ਵਜੋਂ ਹੀ ਦਿਖਾਇਆ ਜਾਂਦਾ ਹੈ। ਇਸ ਤੋਂ ਬਿਨਾਂ ਪੋਰਨੋਗ੍ਰਾਫੀ ਸਰਮਾਏਦਾਰੀ ਸੱਭਿਆਚਾਰ ਦਾ ਸਭ ਤੋਂ ਘਿਨਾਉਣਾ ਰੂਪ ਹੈ। ਇਹ ਫਿਲਮਾਂ ਔਰਤਾਂ ਖਿਲਾਫ ਸਰੀਰਕ ਹਿੰਸਾ, ਜਬਰ ਜਨਾਹ ਨੂੰ ਜਾਇਜ਼ ਬਣਾ ਕੇ ਪੇਸ਼ ਕਰਦੀਆਂ ਹਨ। ਇਸ ਤੋਂ ਬਿਨਾਂ ਇਹ ਲਿੰਗ ਕਿਰਿਆ ਨੂੰ ਹੀ ਮਨੁੱਖੀ ਰਿਸ਼ਤੇ ਦਾ ਕੇਂਦਰ ਅਤੇ ਇੱਕੋ-ਇੱਕ ਵਜ੍ਹਾ ਦੇ ਤੌਰ 'ਤੇ ਸਥਾਪਤ ਕਰਦੀਆਂ ਹਨ ਅਤੇ ਔਰਤ-ਮਰਦ ਰਿਸ਼ਤਿਆਂ ਵਿਚਲੇ ਇਨਸਾਨੀ ਪੱਖ ਨੂੰ ਬਿਲਕੁਲ ਖਾਰਜ ਕਰ ਕੇ ਪਸ਼ੂਆਂ ਵਰਗੇ ਸਬੰਧ ਦੇ ਰੂਪ ਵਿਚ ਦਿਖਾਉਂਦੀਆਂ ਹਨ। ਭਾਰਤ ਵਿਚ ਭਾਵੇਂ ਸਰਕਾਰ ਵੱਲੋਂ ਪੋਰਨੋਗ੍ਰਾਫੀ 'ਤੇ ਪਾਬੰਦੀ ਹੈ ਪਰ ਇਸ ਦੇ ਬਾਵਜੂਦ ਇੱਥੇ ਛੋਟੇ ਬੱਚਿਆਂ ਤੱਕ ਵੀ ਪੋਰਨ ਦੀ ਪਹੁੰਚ ਹੈ। ਇਨ੍ਹਾਂ ਸਭ ਕਾਰਨਾਂ ਕਰ ਕੇ ਔਰਤਾਂ ਖਿਲਾਫ ਹੋਣ ਵਾਲੇ ਜੁਰਮਾਂ ਨੂੰ ਹੋਰ ਹੁਲਾਰਾ ਮਿਲਦਾ ਹੈ। ਔਰਤਾਂ ਖਿਲਾਫ ਹੋਣ ਵਾਲੇ ਜੁਰਮ ਰੋਕਣ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਲਾਜ਼ਮੀ ਹੀ ਲੋਕ ਸੰਘਰਸ਼ਾਂ ਨਾਲ ਸਰਕਾਰ ਅਤੇ ਨਿਆਂ ਪ੍ਰਣਾਲੀ 'ਤੇ ਦਬਾਅ ਬਣਾਉਣਾ ਚਾਹੀਦਾ ਹੈ। ਲੋਕ ਸੰਘਰਸ਼ਾਂ ਵਿਚ ਸ਼ਾਮਲ ਹੋ ਕੇ ਹੀ ਔਰਤਾਂ ਨੂੰ ਸਮਾਜਿਕ ਪੱਧਰ 'ਤੇ ਮਨੁੱਖੀ ਸਨਮਾਨ ਭਰਪੂਰ ਜ਼ਿੰਦਗੀ ਮਿਲੇਗੀ। ਇਸ ਦੇ ਨਾਲ ਹੀ ਜਗੀਰੂ ਅਤੇ ਸਰਮਾਏਦਾਰਾ ਔਰਤ ਵਿਰੋਧੀ ਕਦਰਾਂ-ਕੀਮਤਾਂ ਦੇ ਗਲਬੇ ਨੂੰ ਤੋੜਨ ਲਈ ਸੱਭਿਆਚਾਰਕ ਅਤੇ ਵਿਚਾਰਧਾਰਕ ਪੱਧਰ 'ਤੇ ਵੀ ਤਿੱਖੇ ਸੰਘਰਸ਼ ਦੀ ਲੋੜ ਹੈ।

# ਪੰਜਾਬ ਵਿਚ ਗੈਂਗਸਟਰਵਾਦ ਬਣ ਚੁੱਕਾ ਹੈ ਵੱਡਾ ਮਸਲਾ

ਹਰਿਆਣਾ ਦੇ ਯਮੁਨਾਨਗਰ 'ਚ ਬੰਬੀਹਾ ਗੈਂਗ ਨੇ ਲਾਰੈਂਸ ਬਿਸ਼ਨੋਈ ਗਿਰੋਹ ਦੇ ਇਕ 'ਸ਼ੂਟਰ' ਨੂੰ ਜਿਊਂਦੇ ਜੀਅ ਸਾੜ ਦਿੱਤਾ ਹੈ। ਇਨ੍ਹਾਂ ਹੀ ਦੋਵੇਂ ਅਪਰਾਧਕ ਗਿਰੋਹਾਂ ਦੀ ਆਪਸੀ ਰੰਜਿਸ਼ ਕਾਰਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਹੋਇਆ ਸੀ। ਇਸ ਗੈਂਗਵਾਰ ਨੇ ਹੁਣ ਤੱਕ ਅਨੇਕ ਨੌਜਵਾਨਾਂ ਦੀ ਜਾਨ ਲੈ ਲਈ ਹੈ।

ਇਹ ਸਾਰੇ ਉਹ ਨੌਜਵਾਨ ਸਨ ਜਿਹੜੇ ਗੈਂਗਸਟਰ ਬਣ ਕੇ ਵਿਚਰਦੇ ਰਹੇ ਸਨ। ਗੈਂਗਸਟਰ ਅੱਤਵਾਦੀਆਂ ਦਾ ਹੀ ਦੂਜਾ ਰੂਪ ਹਨ ਜੋ ਦੇਸੀ ਅਸਲਾ ਆਪਣੇ ਕੋਲ ਰੱਖ ਕੇ ਆਪਣੇ ਬੇਹੱਦ ਤਾਕਤਵਰ ਹੋਣ ਤੇ ਆਪਣੇ ਇਲਾਕੇ ਦਾ 'ਦਾਦਾ' ਹੋਣ ਦਾ ਭਰਮ ਪਾਲ਼ ਲੈਂਦੇ ਹਨ। ਜਨਤਕ ਥਾਵਾਂ 'ਤੇ ਗੋਲ਼ੀਆਂ ਚਲਾ ਕੇ ਆਮ ਜਨਤਾ ਨੂੰ ਡਰਾਉਣ 'ਚ ਉਨ੍ਹਾਂ ਨੂੰ ਡਾਢੀ ਖ਼ੁਸ਼ੀ ਮਿਲਦੀ ਹੈ। ਦੋ ਕੁ ਸਾਲ ਪਹਿਲਾਂ ਦੇ ਅੰਕੜਿਆਂ ਅਨੁਸਾਰ ਪੰਜਾਬ 'ਚ 70 ਦੇ ਲਗਪਗ ਗਿਰੋਹ ਸਰਗਰਮ ਸਨ ਜੋ ਅਗਵਾ, ਕਤਲਾਂ, ਲੁੱਟਾਂ-ਖੋਹਾਂ ਤੇ ਫਿਰੌਤੀਆਂ ਵਸੂਲਣ ਜਿਹੇ ਅਪਰਾਧਾਂ 'ਚ ਸ਼ਾਮਲ ਰਹੇ ਹਨ।

ਸੈਂਕੜੇ ਗ੍ਰਿਫ਼ਤਾਰੀਆਂ ਤੋਂ ਬਾਵਜੂਦ ਇਨ੍ਹਾਂ 'ਚੋਂ ਬਹੁਤ ਸਾਰੇ ਗੈਂਗ ਹਾਲੇ ਵੀ ਸਰਗਰਮ ਹਨ। ਅਜਿਹੇ ਅਪਰਾਧੀ ਦਿਨ-ਦਿਹਾੜੇ ਆਪਣੀਆਂ ਵਾਰਦਾਤਾਂ ਨੂੰ ਅੰਜਾਮ ਦੇਣ 'ਚ ਬੜੀ ਸ਼ਾਨ ਸਮਝਦੇ ਹਨ। ਬਹੁਤ ਸਾਰੇ ਸਮਰੱਥ ਗੈਂਗਸਟਰ ਹੁਣ ਕੈਨੇਡਾ, ਅਮਰੀਕਾ ਤੇ ਹੋਰ ਪੱਛਮੀ ਮੁਲਕਾਂ 'ਚ ਜਾ ਕੇ ਵਸ ਗਏ ਹਨ ਤੇ ਉੱਥੋਂ ਹੀ ਆਪਣੇ ਗਿਰੋਹ ਚਲਾ ਰਹੇ ਹਨ। ਭਾਰਤ ਦੇ ਕੁਝ ਦੋਖੀ ਦੇਸ਼ਾਂ ਦੇ ਦਹਿਸ਼ਤਗਰਦਾਂ ਤੋਂ ਉਨ੍ਹਾਂ ਨੂੰ ਫੰਡਿੰਗ ਵੀ ਹੁੰਦੀ ਹੈ।

ਇਨ੍ਹਾਂ ਗੈਂਗਸਟਰਾਂ ਦੇ ਪਿਛੋਕੜ 'ਤੇ ਜੇ ਨਜ਼ਰ ਮਾਰੀਏ ਤਾਂ ਉਨ੍ਹਾਂ ਦੀ ਸ਼ੁਰੂਆਤ ਛੋਟੀਆਂ-ਮੋਟੀਆਂ ਵਾਰਦਾਤਾਂ ਤੋਂ ਹੋਈ ਸੀ ਪਰ ਬਾਅਦ 'ਚ ਉਹ ਤਾਕਤਵਰ ਹੁੰਦੇ ਚਲੇ ਗਏ। ਸੂਬੇ 'ਚ ਨਸ਼ਿਆਂ ਤੇ ਹਥਿਆਰਾਂ ਦੀ ਸਪਲਾਈ ਕਰਨ 'ਚ ਇਨ੍ਹਾਂ ਹੀ ਗੈਂਗਸਟਰਾਂ ਤੇ ਉਨ੍ਹਾਂ ਦੇ ਗਿਰੋਹਾਂ ਦਾ ਵੱਡਾ ਹੱਥ ਹੈ। ਇਨ੍ਹਾਂ ਗਿਰੋਹਾਂ ਦੀਆਂ ਆਪਸੀ ਲੜਾਈਆਂ 'ਚ ਆਮ ਜਨਤਾ ਨੂੰ ਡਾਢਾ ਨੁਕਸਾਨ ਪੁੱਜਦਾ ਹੈ। ਇਹ ਸਮਾਜ ਵਿਰੋਧੀ ਅਨਸਰ ਸੋਸ਼ਲ ਮੀਡੀਆ ਦੀ ਡਟ ਕੇ ਦੁਰਵਰਤੋਂ ਕਰ ਰਹੇ ਹਨ। ਉਹ ਸ਼ਰੇਆਮ ਸੁਪਾਰੀ ਲੈ ਕੇ ਕਤਲ ਕਰਵਾਉਂਦੇ ਹਨ। ਬੀਤੇ ਕੁਝ ਸਮੇਂ ਦੌਰਾਨ ਪੰਜਾਬ 'ਚ ਭਾਵੇਂ ਗੈਂਗਸਟਰਾਂ ਵਿਰੁੱਧ ਵੱਡੀਆਂ ਕਾਰਵਾਈਆਂ ਕੀਤੀਆਂ ਗਈਆਂ ਹਨ ਪਰ ਫਿਰ ਵੀ ਉਨ੍ਹਾਂ ਦੀਆਂ ਗ਼ੈਰ-ਕਾਨੂੰਨੀ ਗਤੀਵਿਧੀਆਂ ਹਾਲੇ ਵੀ ਜਾਰੀ ਹਨ।





ਕੈਨੇਡਾ 'ਚ ਰਹਿੰਦੇ ਗੋਲਡੀ ਬਰਾੜ ਜਿਹੇ ਗੈਂਗਸਟਰ 'ਤੇ ਸਿੱਧੂ ਮੂਸੇਵਾਲਾ ਤੇ ਡੇਰਾ ਸੱਚਾ ਸੌਦਾ ਦੇ ਪੈਰੋਕਾਰ ਪ੍ਰਦੀਪ ਸਿੰਘ ਦੇ ਕਤਲਾਂ ਸਮੇਤ 50 ਤੋਂ ਵੱਧ ਹੋਰ ਸੰਗੀਨ ਕਿਸਮ ਦੇ ਅਪਰਾਧਾਂ ਦੇ ਦੋਸ਼ ਹਨ। ਸਾਲ 2019 'ਚ ਜਦੋਂ ਉਹ ਸਟੂਡੈਂਟ ਵੀਜ਼ਾ 'ਤੇ ਕੈਨੇਡਾ ਗਿਆ ਸੀ ਤਦ ਉਸ ਖ਼ਿਲਾਫ਼ ਕੋਈ ਵੀ ਮਾਮਲਾ ਨਹੀਂ ਸੀ ਪਰ ਉੱਥੇ ਜਾ ਕੇ ਉਹ ਅਪਰਾਧ ਜਗਤ ਦੇ ਢਹੇ ਚੜ੍ਹ ਗਿਆ। ਲਾਰੈਂਸ ਬਿਸ਼ਨੋਈ ਵੀ ਪੰਜਾਬ ਯੂਨੀਵਰਸਿਟੀ 'ਚ ਜਾ ਕੇ ਹੀ ਮਾੜੀ ਸੰਗਤ 'ਚ ਪਿਆ ਸੀ।

ਆਖ਼ਰ ਵਿੱਦਿਆ ਦੇ ਇਨ੍ਹਾਂ ਮੰਦਰਾਂ 'ਚ ਸਮਾਜ ਵਿਰੋਧੀ ਅਨਸਰਾਂ ਦੀ ਛੂਤ ਕਿਉਂ ਤੇ ਕਿਵੇਂ ਫੈਲਦੀ ਹੈ, ਇਸ ਬਾਰੇ ਸਿਰਫ਼ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੂੰ ਹੀ ਨਹੀਂ ਸਗੋਂ ਬੁੱਧੀਜੀਵੀ ਚਿੰਤਕਾਂ ਨੂੰ ਵੀ ਆਪਸ 'ਚ ਸਿਰ ਜੋੜ ਕੇ ਵਿਚਾਰ-ਵਟਾਂਦਰਾ ਕਰਨ ਦੀ ਲੋੜ ਹੈ। ਉਂਜ ਜ਼ਿਆਦਾਤਰ ਨੌਜਵਾਨ ਜੇਲ੍ਹਾਂ 'ਚ ਜਾ ਕੇ ਵੀ ਮਾੜੇ ਅਨਸਰਾਂ ਦੇ ਢਹੇ ਚੜ੍ਹਦੇ ਵੇਖੇ ਗਏ ਹਨ। ਉਹ ਆਮ ਪਰਿਵਾਰਾਂ ਦੇ ਚਿਰਾਗ ਹੀ ਹੁੰਦੇ ਹਨ। ਕਿਸੇ ਦੇ ਪੁੱਤਰ, ਪਤੀ ਤੇ ਭਰਾ ਹੁੰਦੇ ਹਨ। ਨੌਜਵਾਨਾਂ ਨੂੰ ਅਪਰਾਧਾਂ ਦੀ ਅੰਨ੍ਹੀ ਗੁਫ਼ਾ 'ਚ ਜਾ ਕੇ ਬਰਬਾਦ ਹੋਣ ਤੋਂ ਰੋਕਣ ਲਈ ਸਮਾਜ ਨੂੰ ਹੀ ਕੋਈ ਯੋਗ ਤੇ ਠੋਸ ਉਪਰਾਲੇ ਕਰਨੇ ਹੋਣਗੇ। ਤਦ ਹੀ ਇਨ੍ਹਾਂ ਨੌਜਵਾਨਾਂ ਨੂੰ ਗੈਂਗਸਟਰਵਾਦ ਵੱਲ ਜਾਣ ਤੋਂ ਰੋਕਿਆ ਜਾ ਸਕਦਾ ਹੈ।

# ਕੈਂਸਰ ਦਾ ਹਰ ਉਮਰ 'ਚ ਵੱਧ ਰਿਹਾ ਹੈ ਅੰਕੜਾ

*''ਵਿਸ਼ਵ ਕੈਂਸਰ ਦਿਵਸ-2024 ਦਾ ਥੀਮ ਹੈ- ਕੇਅਰ ਗੈਪ ਨੂੰ ਬੰਦ ਕਰੋ: ਹਰ ਆਦਮੀ ਕੈਂਸਰ ਕੇਅਰ ਤੱਕ ਪਹੁੰਚ ਦਾ ਹੱਕਦਾਰ ਹੈ। ਲਾਈਫ ਸਟਾਈਲ ਨਾਲ ਜੁੜੀ ਆਮ ਬਣ ਚੁੱਕੀ ਬਿਮਾਰੀ ਕੈਂਸਰ ਦਾ ਵੱਧ ਰਿਹਾ ਅੰਕੜਾ ਵਿਸ਼ਵ ਪੱਧਰ 'ਤੇ ਚਿੰਤਾ ਬਣ ਚੁੱਕਾ ਹੈ। ਡਰੱਗਜ਼, ਵੀਡ, ਵੇਪਸ, ਤੰਬਾਕੂ, ਜੰਕ-ਫੂਡ,'ਤੇ ਪ੍ਰੈਗਨੈਂਸੀ ਦੌਰਾਣ ਅਲਕੋਹਲ ਦੀ ਵਰਤੋਂ ਪ੍ਰਤੀ ਜਾਗਰੂਕ ਹੋਣ ਦੇ ਨਾਲ-ਨਾਲ ਕੰਟ੍ਰੋਲ ਕਰਨਾ ਵੀ ਜ਼ਰੂਰੀ ਹੋ ਗਿਆ ਹੈ''- ਅਨਿਲ ਧੀਰ ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*




4 ਫਰਵਰੀ 2024 ਵਾਲੇ ਦਿਨ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਵਿਸ਼ਵ ਕੈਂਸਰ ਦਿਵਸ ਮਨਾ ਕੇ ਹਰ ਆਦਮੀ ਨੂੰ ਜਾਗਰੁਕ ਕੀਤਾ ਜਾ ਰਿਹਾ ਹੈ। ਵਿਸ਼ਵ ਸਿਹਤ ਸੰਸਥਾ ਦੇ ਮੁਤਾਬਿਕ, ਸਾਲ 2022 'ਚ ਅੰਦਾਜ਼ਨ 20 ਮਿਲੀਅਨ ਨਵੇਂ ਕੈਂਸਰ ਦੇ ਕੇਸ ਅਤੇ 9.7 ਮਿਲੀਅਨ ਮੌਤ ਦੇ ਸ਼ਿਕਾਰ ਹੋਏ ਹਨ। ਕੈਂਸਰ ਦੀ ਜਾਂਚ ਤੋਂ ਬਾਅਦ 5 ਸਾਲ ਦੇ ਅੰਦਰ ਜਿੰਦਾ ਰਹਿਣ ਵਾਲਿਆਂ ਦਾ ਅੰਕੜਾ ਕਰੀਬਨ 53.5 ਮਿਲੀਅਨ ਸੀ। ਲੱਗਭਗ 5 ਵਿੱਚੋਂ 1 ਵਿਅਕਤੀ ਆਪਣੇ ਜੀਵਨ ਕਾਲ 'ਚ ਕੈਂਸਰ ਦਾ ਵਿਕਾਸ ਕਰਦਾ ਹੈ, ਲੱਗਭਗ 9 ਵਿੱਚੋਂ 1 ਪੁਰਸ਼ ਅਤੇ 12 ਵਿੱਚੋਂ 1 ਔਰਤ ਇਸ ਬਿਮਾਰੀ ਮੌਤ ਦਾ ਸ਼ਿਕਾਰ ਹੋ ਜਾਂਦੀ ਹੈ।

ਹਰ ਸਾਲ, ਇਸ ਦਿਨ ਵਿਸ਼ਵ ਭਰ 'ਚ ਹਰ ਪੱਧਰ 'ਤੇ ਆਨਲਾਈਨ ਅਤੇ ਔਫਲਾਈਨ ਕੈਂਸਰ ਪ੍ਰਤੀ ਗਤੀਵਿਧੀਆਂ, ਜਾਗਰੁਕਤਾ ਇੱਕ ਸ਼ਕਤੀਸ਼ਾਲੀ ਰੀਮਾਈਂਡਰ ਵੱਜੋਂ ਕੰਮ ਕਰਦੀਆਂ ਹਨ ਕਿ ਹਰ ਆਦਮੀ ਕੈਂਸਰ ਦੇ ਬੋਝ ਨੂੰ ਘਟਾਉਣ ਅਤੇ ਜਾਗਰੁਕਤਾ ਪੈਦਾ ਕਰਨ 'ਚ ਆਪਣੀ ਭੂਮਿਕਾ ਨਿਭਾਉਂਦਾ ਹੈ। ਵਿਸ਼ਵ ਭਰ ਵਿਚ ਜਾਨਲੇਵਾ ਬਿਮਾਰੀ ਕੈਂਸਰ, ਬੱਚੇ, ਨੌਜਵਾਨ, ਮੱਧ ਉਮਰ, ਅਤੇ ਸੀਨੀਅਰਜ਼ ਵਿਚ ਤੇਜ਼ੀ ਨਾਲ ਵੱਧ ਰਹੀ ਹੈ। ਕੈਂਸਰ ਦੁਨੀਆ ਭਰ ਵਿਚ ਮੌਤ ਦਾ ਦੂਜਾ ਕਾਰਨ ਬਣ ਗਈ ਹੈ। ਹਰ ਸਾਲ ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਦੇਸ਼ਾਂ ਵਿਚ ਲੱਗਭਗ 83%ਅਤੇ ਅੰਦਾਜ਼ਨ 11 ਮਿਲੀਅਨ ਲੋਕ ਕੈਂਸਰ ਦੇ ਕਾਰਨ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਹਰ ਸਾਲ ਵਿਸ਼ਵ ਭਰ ਵਿੱਚ ਅੰਦਾਜ਼ਨ 300,000 ਤੋਂ ਵੱਧ ਬੱਚੇ ਕੈਂਸਰ ਦਾ ਸ਼ਿਕਾਰ ਹੋ ਰਹੇ ਹਨ। ਡਬਲਯੂਐਚਓ ਨੇ ਕਿਹਾ ਹੈ ਕਿ ਬਚਪਨ ਦੇ ਕੈਂਸਰ ਪ੍ਰਤੀਵਚਨਬੱਧਤਾ ਅਤੇ ਕੈਂਸਰ ਅਵੇਅਰਨੈਸ ਪ੍ਰੋਗਰਾਮਾਂ ਨੂੰ ਤਰਜੀਹ ਵੀ ਦੇ ਰਿਹਾ ਹੈ। ਗਲੋਬਲ ਅਤੇ ਰਾਸ਼ਟਰੀ, ਖੇਤਰੀ ਪੱਧਰ 'ਤੇ ਵੱਖਰੀ ਰਣਨੀਤੀ ਅਤੇ ਗਤੀਵਿਧੀਆਂ ਨਾਲ ਕੈਂਸਰ ਨਾਲ ਪੀੜਤ ਬੱਚਿਆਂ ਲਈ ਮਿਆਰੀ ਸੇਵਾਵਾਂ ਪ੍ਰਦਾਨ ਕਰਨ ਲਈ ਠੋਸ ਉਪਰਾਲੇ ਕਰ ਰਹੇ ਹਾਂ।

ਕੈਂਸਰ ਦਾ ਭਾਰ ਵਿਸ਼ਵਵਿਆਪੀ ਪੱਧਰ 'ਤੇ ਵੱਧਦਾ ਜਾ ਰਿਹਾ ਹੈ। ਸਿਰਫ ਅਮਰੀਕਾ ਵਿਚ ਕੈਂਸਰ ਦੀ ਕੁੱਲ ਸਲਾਨਾ ਆਰਥਿਕ ਲਾਗਤ 1.16 ਟ੍ਰਿਲੀਅਨ ਦਾ ਅਨੁਮਾਨ ਹੈ ਪਰ ਦੁਨੀਆ ਭਰ ਵਿਚ ਕੈਂਸਰ


ਅਨਿਲ ਧੀਰ
ਕਾਲਮਨਿਸਟ
healthmedia1@hotmail.com

ਕਾਰਨ ਹੋਣ ਵਾਲਾ ਖਰਚ ਵੀ ਕਈ ਟ੍ਰਿਲੀਅਨ ਤੋਂ ਵੱਧ ਹੈ। ਬਿਮਾਰੀ ਦਾ ਛੇਤੀ ਪਤਾ ਲਗਾਉਣ ਅਤੇ ਇਲਾਜ ਦੇ ਸਾਧਨਾਂ ਦੀ ਨਵੀਂ ਰਣਨੀਤੀ ਨਾਲ ਹਰ ਸਾਲ ਕਰੀਬਨ 3.7 ਮਿਲੀਅਨ ਲੋਕਾਂ ਦੀ ਜ਼ਿੰਦਗੀ ਬਚਾਈ ਜਾ ਸਕਦੀ ਹੈ। ਕੈਂਸਰ ਦੇ ਬੋਝ ਨੂੰ ਘੱਟ ਕਰਨ ਵਿਚ ਹਰ ਆਦਮੀ ਨੂੰ "ਮੈਂ ਕਰ ਸਕਦਾ ਹਾਂ, ਯਾਨਿ ਅਸੀਂ ਕਰ ਸਕਦੇ ਹਾਂ" ਵਰਗੀ ਸੋਚ ਨੂੰ ਬਰਕਰਾਰ ਰੱਖਣ ਦੀ ਲੋੜ ਹੈ ਤਾਂਕਿ ਕੈਂਸਰ ਨਾਲ ਹੋਣ ਵਾਲੀ ਮੌਤਾਂ ਨੂੰ ਘੱਟ ਕਰਨ ਲਈ ਰੱਲ-ਮਿਲ ਕੇ ਗਲੋਬਲ ਟੀਚਿਆਂ ਨੂੰ ਹਾਸਿਲ ਕੀਤਾ ਜਾ ਸਕੇ। ਕੈਂਸਰ ਇਕ ਜੈਨੇਟਿਕ ਬਿਮਾਰੀ ਹੈ- ਯਾਨਿ ਕੈਂਸਰ ਜੀਨਾਂ ਵਿਚ ਕੱਝ ਤਬਦੀਲੀਆਂ ਕਰਕੇ ਹੋ ਜਾਂਦਾ ਹੈ, ਜੋ ਸਾਡੇ ਸੈਲਾਂ ਦੇ ਕੰਮ ਨੂੰ ਕੰਟ੍ਰੋਲ ਕਰਦੇ ਹਨ। ਕੈਂਸਰ ਬਿਮਾਰੀਆਂ ਦਾ ਇੱਕ ਵੱਡਾ ਸਮੂਹ ਹੁੰਦਾ ਹੈ ਜੋ ਸਰੀਰ ਦੇ ਲਗਭਗ ਕਿਸੇ ਵੀ ਅੰਗ ਜਾਂ ਟਿਸ਼ੂ ਵਿੱਚ ਸ਼ੁਰੂ ਹੋ ਸਕਦਾ ਹੈ ਜਦੋਂ ਅਸਾਧਾਰਨ ਸ਼ੈੱਲ ਬੇਕਾਬੂ ਹੋ ਜਾਂਦੇ ਹਨ। ਸਰੀਰ ਦੇ ਨਾਲ ਲੱਗਦੇ ਅੰਗਾਂ ਜਾਂ ਹਿੱਸਿਆਂ ਉੱਤੇ ਅਟੈਕ ਅਤੇ ਅੰਗਾਂ ਵਿਚ ਫੈਲਣ ਦੀਆਂ ਸੀਮਾਵਾਂ ਪਾਰ ਕਰ ਜਾਂਦੇ ਹਨ। ਬਾਅਦ ਦੀ ਪ੍ਰਕਿਰਿਆ ਨੂੰ ਮੈਟਾਸਟਾਸਾਈਜ਼ਿੰਗ ਕਿਹਾ ਜਾਂਦਾ ਹੈ ਅਤੇ ਇਹ ਕੈਂਸਰ ਤੋਂ ਮੌਤ ਦਾ ਕਾਰਨ ਬਣਦਾ ਹੈ। ਫੇਫੜੇ, ਪ੍ਰੋਸਟੇਟ, ਕੋਲੋਰੇਕਟਲ, ਪੇਟ, ਅਤੇ ਜ਼ਿਗਰ ਦਾ ਕੈਂਸਰ ਮਰਦਾਂ ਵਿੱਚ, ਅਤੇ ਔਰਤਾਂ ਵਿੱਚ ਛਾਤੀ, ਬੱਚੇਦਾਨੀ, ਥਾਇਰਾਈਡ, ਫੇਫੜੇ ਅਤੇ ਕੋਲੋਰਟਲ ਦਾਕੈਂਸਰ ਆਮ ਦੇਖਣ ਨੂੰ ਮਿਲ ਰਿਹਾ ਹੈ। 30-50% ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੇ ਮੁੱਖ ਜੋਖਮ ਕਾਰਕਾਂ ਨੂੰ ਕੰਟ੍ਰੋਲ ਜਾਂ ਪਰਹੇਜ਼ ਕਰਕੇ ਅਤੇ ਰੋਕਥਾਮ ਰਣਨੀਤੀਆਂ ਨੂੰ ਲਾਗੂ ਕਰਕੇ ਮੌਤ ਦਾ ਆਂਕੜਾਘਟਾਇਆ ਜਾ ਸਕਦਾ ਹੈ। ਕੈਂਸਰ ਦੀ ਸ਼ੁਰੂਆਤ ਦਾ ਪਤਾ ਲਗਾਉਣ ਲਈ ਸਟੀਕ ਅਡਵਾਂਸ ਜਾਂਚ ਪ੍ਰਕ੍ਰਿਆ ਨਾਲ ਬਿਮਾਰੀ ਨੂੰ ਨਿਯੰਤਰਣ ਕੀਤਾ ਜਾ ਸਕਦਾ ਹੈ।

**ਕਾਰਨ:**

- **ਉਮਰ:** ਉਮਰ ਦੇ ਮੁਤਾਬਿਕ 61 ਸਾਲ ਦੀ ਉਮਰ ਵਿਚ ਛਾਤੀ ਦਾ ਕੈਂਸਰ, 66 ਸਾਲ ਵਿਚ ਪ੍ਰੋਸਟੇਟ, 68 ਦੀ ਉਮਰ ਵਿਚ ਕੋਲੋਰੇਟਲ ਕੈਂਸਰ, 70 ਦੀ ਉਮਰ ਵਿਚ ਫੇਫੜਿਆਂ ਦਾ ਕੈਂਸਰ ਜਿਆਦਾ ਦੇਖਿਆ ਜਾ ਰਿਹਾ ਹੈ।
- **ਅਲਕੋਹਲ:** ਦੀ ਬੇਹਿਸਾਬ ਵਰਤੋਂ ਮੂੰਹ, ਠੋਡੀ, ਵੌਇਸ ਬਾਕਸ, ਜਿਗਰ ਅਤੇ ਛਾਤੀ ਦੇ ਕੈਂਸਰ ਦੇ ਖਤਰੇ ਨੂੰ ਵਧਾ ਰਹੀ ਹੈ।
- **ਸੋਜਸ਼:** ਇੱਕ ਸਧਾਰਣ ਸਰੀਰਕ ਪ੍ਰਤੀਕਰਮ ਹੈ ਜੋ ਟਿਸ਼ੂ ਨੂੰ ਠੀਕ ਕਰਨ ਦਾ ਕਾਰਨ ਬਣਦਾ ਹੈ। ਇਹ ਪ੍ਰਕਿਰਿਆ ਓਦੋਂ ਸ਼ੁਰੂ ਹੁੰਦੀ ਹੈ ਜਦੋਂ ਖਰਾਬ ਹੋਏ ਟਿਸ਼ੂ ਦੁਆਰਾ ਰਸਾਇਣ ਜਾਰੀ ਕੀਤੇ ਜਾਂਦੇ ਹਨ। ਇਸਦੇ ਜਵਾਬ ਵਿਚ ਚਿੱਟੇ ਖ਼ੂਨ ਦੇ ਸੈਲ ਉਹ ਪਦਾਰਥ ਬਣਾਉਂਦੇ ਹਨ ਜੋ ਸੈੱਲਾਂ ਵਿਚ ਵੰਡ ਪਾਉਂਦੇ ਹਨ ਅਤੇ ਸੱਟ ਨੂੰ ਠੀਕ ਕਰਨ ਵਿਚ ਮਦਦ ਕਰਨ ਲਈ ਟਿਸ਼ੂ ਦੁਬਾਰਾ ਬਣਾਉਣ ਵਿਚ ਵਾਧਾ ਕਰਦੇ ਹਨ।
- **ਹਾਰਮੋਨਜ਼:** ਫੀਮੇਲ ਸੈਕਸ ਹਾਰਮੋਨਜ਼ ਐਸਟਰੋਜਨਜ਼ ਗਰੁੱਪ ਨੂੰ ਕਾਰਸਿਨਜ ਦੇ ਤੌਰ ਲਈ ਜਾਣਿਆ ਜਾਂਦਾ ਹੈ। ਹਾਲਾਂਕਿ ਇਨਾਂ ਦੀ ਔਰਤ-ਮਰਦਾਂ ਵਿਚ ਖਾਸ ਸਰੀਰਕ ਭੂਮਿਕਾ ਹੈ। ਮੇਨੋਪੋਜਲ ਹਾਰਮੋਨ ਥੈਰੇਪੀ (ਐਸਟ੍ਰੋਜਨ ਪਲੱਸ ਪ੍ਰਜੈਸਟਿਨ, ਜੋਕਿ ਫੀਮੇਲ ਹਾਰਮੋਨ ਪ੍ਰੋਜੇਸਟੀਰੋਨ ਦਾ ਸਿੰਥੈਟਿਕ ਸੰਸਕਰਣ ਹੈ ਲੈਣ ਨਾਲ ਛਾਤੀ ਦੇ ਕੈਂਸਰ ਦਾ ਖਤਰਾ ਵਧਾ ਸਕਦਾ ਹੈ।
- **ਇਮਯੂਨੋਸਪਰੈਸਿਵ:** ਦਵਾਈਆਂ ਦੀ ਵਰਤੋਂ ਕੈਂਸਰ ਦਾ ਕਾਰਨ ਬਣਨ ਵਾਲੀ ਇਨਫੈਕਸ਼ਨ ਨਾਲ ਲੜਨ ਲਈ ਕੀਤੀ ਜਾਂਦੀ ਹੈ।
- **ਵਾਇਰਸ:** ਬੈਕਟਰੀਆ ਅਤੇ ਪਰਜੀਵੀ ਸਮੇਤ ਕੁੱਝ ਛੂਤਕਾਰੀ ਏਜੰਟ ਕੈਂਸਰ ਦੇ ਖਤਰੇ ਨੂੰ ਵਧਾ ਸਕਦੇ ਹਨ। ਕੁੱਝ ਵਾਇਰਸ, ਬੈਕਟਰੀਆ ਅਤੇ ਪਰਜੀਵੀ ਵੀ ਗੰਭੀਰ ਸੋਜਸ਼ ਦਾ ਕਾਰਨ ਬਣਦੇ ਹਨ, ਜਿਸ ਨਾਲ ਕੈਂਸਰ ਹੋ ਸਕਦਾ ਹੈ।
- **ਮੋਟਾਪਾ:** ਔਰਤਾਂ ਵਿਚ ਛਾਤੀ, ਕੋਲਨ, ਗੁਦਾ, ਐਂਡੋਮੇਟ੍ਰੀਅਮ(ਬੱਚੇਦਾਨੀ), ਕਿਡਨੀ ਅਤੇ ਪੈਨਕ੍ਰੀਅਸ ਦੇ ਕੈਂਸਰ ਦਾ ਖਤਰਾ ਵਧਾ ਸਕਦਾ ਹੈ।
- **ਰੇਡੀਏਸ਼ਨ:** ਡੀ ਐਨ ਏ ਨੂੰ ਨੁਕਸਾਨ ਪਹੁੰਚਾਉਣ ਅਤੇ ਕੈਂਸਰ ਦਾ ਕਾਰਨ ਬਣਨ ਵਿਚ ਆਇਓਨਾਈਜ਼ਿੰਗ ਰੇਡੀਏਸ਼ਨ ਵਿਚ ਰੇਡਨ, ਐਕਸ-ਰੇ, ਗਾਮਾ ਕਿਰਨਾਂ, ਵੀ ਕੈਂਸਰ ਦੀ ਸੰਭਾਵਨਾ ਵਧਾ ਦਿੰਦੀ ਹੈ।
- **ਸੂਰਜ ਦੀ ਕਿਰਣਾਂ:** ਸੂਰਜ, ਸਨਲੈਂਪਸ, ਅਤੇ ਟੈਨਿੰਗ, ਯੂਵੀ ਰੇਡੀਏਸ਼ਨ ਦੇ ਐਕਸਪੋਜਰ ਹੋਣ ਨਾਲ ਚਮੜੀ ਦਾ ਕੈਂਸਰ ਹੋ ਸਕਦਾ ਹੈ।
- ਇੰਡਸਟਰੀਅਲ, ਸਿਗਰੇਟ ਅਤੇ ਘਰੇਲੂ ਧੂੰਆ ਵੀ ਕਾਰਨ ਬਣ ਸਕਦਾ ਹੈ।
- ਫੇਫੜਿਆਂ ਦੇ ਕੈਂਸਰ ਨਾਲ ਹੋਣ ਵਾਲੀ ਮੌਤ ਦਾ ਕਾਰਨ ਸਿਗਰੇਟ-ਤੰਬਾਕੂ ਪੀਣ ਵਾਲੇ ਲੋਕ ਹਨ। ਕਦੇ-ਕਦੇ ਸਿਗਰਟ ਪੀਣ ਵਾਲੇ ਵੀ 15-30% ਜਿਆਦਾ ਲੰਗ ਕੈਂਸਰ ਦੇ ਸ਼ਿਕਾਰ ਹੋ ਸਕਦੇ ਹਨ। 10 ਵਿੱਚੋਂ 9 ਫੇਫੜਿਆਂ ਦੇ ਕੈਂਸਰ ਦੀਆਂ ਮੌਤਾਂ ਸਿਗਰੇਟ ਪੀਣ ਜਾਂ ਦੂਜੀ ਧੂੰਏ ਦੇ ਐਕਸਪੋਜਰ ਕਾਰਨ ਹੁੰਦੀਆਂ ਹਨ।

**ਲੋੜ ਹੈ ਧਿਆਨ ਰੱਖਣ ਦੀ :**

- ਵੀਡ, ਵੇਪਸ, ਤੰਬਾਕੂ ਦੀ ਲਗਾਤਾਰ ਵੱਧ ਰਹੀ ਵਰਤੋਂ ਜਾਨਲੇਵਾ ਸਾਬਿਤ ਹੋ ਰਹੀ ਹੈ, ਅੱਜ ਇਸਤੇਮਾਲ ਤੋਂ ਬਚਣ ਦੀ ਲੋੜ ਹੈ।
- ਪ੍ਰੋਸੈਸ ਕੀਤੇ ਮੀਟ ਘੱਟ ਵਰਤੋ।
- ਸਰੀਰ ਦੇ ਵਜ਼ਨ ਨੂੰ ਮੇਨਟੇਨ ਕਰਕੇ ਰੱਖੋ।
- ਖੁਰਾਕ 'ਚ ਤਾਜ਼ੇ ਫੱਲ-ਸਬਜ਼ੀਆਂ ਨੂੰ ਸ਼ਾਮਿਲ ਕਰੋ।
- ਰੋਜਾਨਾਂ ਵਰਕ-ਆਉਟ, ਯੋਗਾ, ਸੈਰ ਕਰਨ ਦੀ ਆਦਤ ਪਾ ਲਵੋ।
- ਸ਼ਰਾਬ ਦੀ ਵਰਤੋਂ ਨੂੰ ਲਿਮਿਟ ਵਿੱਚ ਰੱਖੋ।
- ਸ਼ਾਦੀਸ਼ੁਦਾ ਔਰਤ-ਮਰਦ ਸੈਕਸ ਰਿਸ਼ਤਿਆਂ ਪ੍ਰਤੀ ਇਮਾਨਦਾਰੀ ਵਰਤਨ।
- ਇੰਡਸਟਰੀਅਲ, ਸਿਗਰੇਟ ਅਤੇ ਘਰੇਲੂ ਧੂੰਏ ਦੇ ਮਾਹੌਲ ਤੋਂ ਬਚੋ।
- ਹਰ 6 ਮਹੀਨੇ ਬਾਅਦ ਆਪਣਾ ਬਲੱਡ-ਵਰਕ ਜਰੂਰ ਕਰਾਓ। ਗੰਭੀਰ ਕਿਸਮ ਦੀ ਇਨਫੈਕਸ਼ਨ ਨਾਲ ਵੀ ਕੈਂਸਰ ਹੋ ਸਕਦਾ ਹੈ।

**ਨੋਟ:** ਸਰੀਰ ਅੰਦਰ ਕਿਸੇ ਵੀ ਬਿਮਾਰੀ ਦੇ ਲੱਛਣ ਜ਼ਿਆਦਾ ਦੇਰ ਰਹਿਣ ਦੀ ਹਾਲਤ ਵਿਚ ਸਮਾਂ ਬਰਬਾਦ ਕੀਤੇ ਬਿਨਾਂ ਆਪਣੇ ਫੈਮਿਲੀ ਡਾਕਟਰ ਜਾਂ ਹਸਪਤਾਲ ਨਾਲ ਸੰਪਰਕ ਕਰੋ। ਕਿਉਂਕਿ ਸ਼ੁਰੂ ਵਿਚ ਹੀ ਜਾਂਚ ਰਾਹੀਂ ਅਤੇ ਥਿਰੈਪੀ ਨਾਲ ਉਮਰ ਵਧਾਈ ਜਾ ਸਕਦੀ ਹੈ। ਜ਼ਿੰਦਗੀ 'ਚ ਅਸਲੀ ਧਨ ਤੰਦਰੁਸਤੀ ਹੀ ਹੈ।

# ਛੋਟੀ ਉਮਰ 'ਚ ਹੀ ਸਾਥ ਛੱਡ ਰਹੇ ਹਨ ਦੰਦ



ਦੰਦ ਜੀਵਨ ਭਰ ਸਾਥ ਦੇਣ ਤਾਂ ਹੀ ਮਨੁੱਖ ਖਾਣ-ਪੀਣ ਅਤੇ ਜੀਵਨ ਦਾ ਸਹੀ ਆਨੰਦ ਮਾਣ ਸਕਦਾ ਹੈ ਪਰ ਹੁਣ ਅਜਿਹਾ ਨਹੀਂ ਹੋ ਰਿਹਾ। ਦੰਦ ਹੁਣ ਸਮੇਂ ਤੋਂ ਪਹਿਲਾਂ ਹੀ ਡਿਗ (ਨਿਕਲ) ਜਾਂਦੇ ਹਨ। ਦੁੱਧ ਵਾਲੇ ਦੰਦ ਛੇਤੀ ਨਿਕਲ ਰਹੇ ਹਨ, ਉਥੇ ਹੀ ਬਾਅਦ ਵਿਚ ਉੱਗੇ ਦੰਦ ਵੀ ਕਈ ਕਾਰਨਾਂ ਕਰਕੇ ਰੋਗਗ੍ਰਸਤ ਹੋ ਕੇ ਕਮਜ਼ੋਰ ਹੋ ਰਹੇ ਹਨ ਅਤੇ ਟੁੱਟ ਰਹੇ ਹਨ। ਖੁਰਾਕ 'ਚ ਸ਼ੱਕਰ ਦੀ ਮਾਤਰਾ ਵੱਧ ਗਈ ਹੈ। ਜੰਕ ਫੂਡ ਵੀ ਦੰਦਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਸਭ ਤੋਂ ਵੱਡੀ ਗੱਲ ਹੈ ਕਿ ਛੋਟੀ ਉਮਰ 'ਚ ਪਾਇਰੀਆ ਵਰਗੀ ਬਿਮਾਰੀ ਦਾ ਹੋਣਾ ਹੈ। ਇਹ ਘੱਟ ਉਮਰ ਦਾ ਪਾਇਰੀਆ ਲੜਕੀਆਂ 'ਚ ਜ਼ਿਆਦਾ ਹੋ ਰਿਹਾ ਹੈ।

**ਦੰਦਾਂ ਦੀ ਸਮੱਸਿਆ :** ਦੰਦਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਕੀੜੇ ਆਦਿ ਦੀ ਸਮੱਸਿਆ ਹੁਣ ਜ਼ਿਆਦਾ ਹੋ ਰਹੀ ਹੈ। ਦੰਦਾਂ 'ਚ ਇਹ ਕੀੜੇ ਜ਼ਿਆਦਾ ਜੀਵੀ ਬੈਕਟੀਰੀਆ ਹਨ ਜੋ ਦੰਦਾਂ ਦੀ ਰੱਖਿਆ ਕਰਨ ਵਾਲੀ ਪਹਿਲੀ ਪਰਤ ਨੂੰ ਖੋਲ੍ਹ ਕੇ ਖੋਖਲਾ ਬਣਾ ਰਹੇ ਹਨ।

**ਘੱਟ ਉਮਰ ਦਾ ਪਾਇਰੀਆ :** ਬੱਚਿਆਂ 'ਚ ਘੱਟ ਉਮਰ 'ਚ ਪਾਇਰੀਆ ਦੀ ਹੁਣ ਆਮ ਸ਼ਿਕਾਇਤ ਹੋ ਗਈ ਹੈ, ਜਿਸ ਦੀ ਲਪੇਟ 'ਚ ਲੜਕੀਆਂ ਜ਼ਿਆਦਾ ਹਨ। ਇਹ ਅਣਗਿਣਤ ਕਾਰਨਾਂ ਨਾਲ ਹੋ ਰਿਹਾ ਹੈ। ਮਾਤਾ-ਪਿਤਾ ਜਾਂ ਦਾਦਾ-ਦਾਦੀ, ਨਾਨਾ-ਨਾਨੀ ਦੀ ਸ਼ੂਗਰ ਦੀ ਸਥਿਤੀ 'ਚ ਇਹ ਰੋਗ ਬੱਚਿਆਂ 'ਚ ਵੀ ਪਾਇਆ ਜਾ ਰਿਹਾ ਹੈ। ਬੱਚਿਆਂ 'ਚ ਰੋਗ ਰੋਕੂ ਸਮਰੱਥਾ ਦਾ ਵੀ ਘੱਟ ਹੋਣਾ ਇਕ ਮਹੱਤਵਪੂਰਨ ਕਾਰਨ ਹੈ। ਇਸ ਨਾਲ ਦੰਦਾਂ ਦੇ ਆਸ-ਪਾਸ ਦੀਆਂ ਨਾੜੀਆਂ ਨਸ਼ਟ ਹੋਣ ਲੱਗਦੀਆਂ ਹਨ। ਪਰ ਇਸ 'ਚ ਸੁਧਾਰ ਦੀ ਗਤੀ ਬਹੁਤ ਘਟ ਹੁੰਦੀ ਹੈ। ਖ਼ਰਾਬ ਹੋਈ ਜਗ੍ਹਾ ਤੋਂ ਬਾਅਦ 'ਚ ਬਦਬੂ ਆਉਣ ਲੱਗਦੀ ਹੈ।

ਕਈ ਕਾਰਨਾਂ ਕਰਕੇ ਪਾਇਰੀਆ ਦੀ ਬਿਮਾਰੀ ਹੋਣ ਨਾਲ ਸੰਭਾਵਨਾ ਸੱਤ ਗੁਣਾ ਵਧ ਗਈ ਹੈ। ਖਾਣ-ਪੀਣ 'ਚ ਆਇਆ ਬਦਲਾਅ। ਸਮੇਂ-ਸਮੇਂ 'ਤੇ ਦੰਦਾਂ ਦੀ ਠੀਕ ਤਰ੍ਹਾਂ ਨਾਲ ਸਫ਼ਾਈ ਨਾ ਕਰਨਾ।

**ਇਲਾਜ ਅਤੇ ਬਚਾਅ :** ਦੰਦਾਂ ਦੀ ਕਿਸੇ ਵੀ ਬਿਮਾਰੀ ਦੀ ਹਾਲਤ 'ਚ ਡਾਕਟਰੀ ਸਲਾਹ ਨਾਲ ਉਸ 'ਤੇ ਕਾਬੂ ਪਾਇਆ ਜਾ ਸਕਦਾ ਹੈ। ਦੰਦਾਂ ਦੀ ਸਫ਼ਾਈ, ਦਵਾਈ ਦੀ ਵਰਤੋਂ ਜਾਂ ਸਰਜਰੀ ਕਰਵਾਈ ਜਾ ਸਕਦੀ ਹੈ। ਦਿਨ ਭਰ 'ਚ ਦੋ ਵਾਰ ਬਰੁਸ਼ ਜ਼ਰੂਰ ਕਰੋ ਅਤੇ ਮਿੱਠਾ ਜਾਂ ਕੁਝ ਹੋਰ ਖਾਣ ਤੋਂ ਬਾਅਦ ਦੰਦਾਂ ਨੂੰ ਸਾਫ਼ ਕਰਨਾ ਨਾ ਭੁੱਲੋ। ਲੋਰਾਈਡ ਭਰਪੂਰ ਟੂਥਪੇਸ਼ਟ ਦੀ ਵਰਤੋਂ ਕਰੋ ਇਹ ਦੰਦਾਂ ਦੀ ਬਾਹਰੀ ਪਰਤ ਮਜ਼ਬੂਤ ਕਰਦੀ ਹੈ ਅਤੇ ਰੋਗ ਰੋਗੂ ਸਮਰੱਥਾ ਵਧਾਉਂਦੀ ਹੈ। ਬੱਚਿਆਂ ਨੂੰ ਦੰਦਾਂ ਦੀ ਸਫ਼ਾਈ ਦੀ ਆਦਤ ਪਾਓ। ਬਚਪਨ 'ਚ ਹੀ ਬੱਚੇ ਨੂੰ ਦੰਦਾਂ ਦੀ ਸਫ਼ਾਈ ਦੀ ਆਦਤ ਪਾਉਣ ਦਾ ਲਾਭ ਉਸ ਨੂੰ ਸਦਾ ਮਿਲੇਗਾ। ਦੁੱਧ ਵਾਲੇ ਦੰਦਾਂ ਦੀ ਉਮਰ ਵਧੇਗੀ। ਨਵੇਂ ਦੰਦਾਂ ਨੂੰ ਕੀੜਾ ਨਹੀਂ ਲੱਗੇਗਾ। ਦੰਦ ਸੁਰੱਖਿਅਤ ਅਤੇ ਮਜ਼ਬੂਤ ਰਹਿਣਗੇ। ਕੁਝ ਵੀ ਖਾਣ ਜਾਂ ਕੋਈ ਵੀ ਚੀਜ਼ ਪੀਣ ਤੋਂ ਬਾਅਦ ਮੂੰਹ ਧੋਵੋ ਅਤੇ ਕੁਰਲਾ ਜ਼ਰੂਰ ਕਰੋ। ਪਾਣੀ ਨਾਲ ਕੁਰਲਾ ਕਰਨ ਨਾਲ ਦੰਦਾਂ 'ਚ ਫਸੇ ਪਦਾਰਥ ਛੇਤੀ ਸਾਫ਼ ਹੋ ਜਾਂਦੇ ਹਨ। ਬੱਚਿਆਂ ਨੂੰ ਮਿੱਠਾ ਜਾਂ ਚਾਕਲੇਟ ਖਾਣ ਤੋਂ ਬਾਅਦ ਦੰਦ ਜ਼ਰੂਰ ਸਾਫ਼ ਕਰਨ ਲਈ ਕਹੋ। ਬਚਪਨ ਤੋਂ ਹੀ ਦੰਦਾਂ ਦੀ ਆਮ ਜਾਂਚ ਕਰਵਾਉਂਦੇ ਰਹੋ।

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ

- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

# ਅਕਾਦਮਿਕ ਆਜ਼ਾਦੀਆਂ ਦੇ ਮਸਲੇ

**ਡਾ. ਬਲਜਿੰਦਰ**

*ਯੂਜੀਸੀ ਐਕਟ-1956 ਤਹਿਤ ਸਥਾਪਤ ਕੀਤਾ ਗਿਆ ਯੂਜੀਸੀ ਅਜਿਹਾ ਅਦਾਰਾ ਹੈ ਜਿਸ ਦਾ ਕਾਰਜ ਉੱਚ ਪੱਧਰ ਦੀ ਪੜ੍ਹਾਈ ਦੀ ਸਮੀਖਿਆ ਤੇ ਸਿਲੇਬਸ ਤਿਆਰ ਕਰਨਾ, ਇਹਦੇ ਮਿਆਰ ਸਥਾਪਤ ਕਰਨਾ, ਫੀਸਾਂ ਤੈਅ ਕਰਨਾ, ਖੋਜ ਕਾਰਜਾਂ ਤੇ ਲੋੜਾਂ ਲਈ ਸਰਕਾਰੀ ਸਹਾਇਤਾ ਨੂੰ ਰੈਗੂਲੇਟ ਕਰ ਕੇ ਅਲੱਗ ਅਲੱਗ ਅਦਾਰਿਆਂ ਨੂੰ ਸਹਾਇਤਾ ਮੁਹੱਈਆ ਕਰਾਉਣਾ, ਯੂਨੀਵਰਸਿਟੀਆਂ ਲਈ ਹੋਰ ਸਾਰੇ ਮਿਆਰ ਸਥਾਪਤ ਕਰਨਾ ਹੈ ਪਰ ਮੌਜੂਦਾ ਸਰਕਾਰ ਅਧੀਨ ਇਸ ਖ਼ੁਦਮੁਖ਼ਤਾਰ ਅਦਾਰੇ ਨੂੰ ਮਹਿਜ਼ ਸਰਕਾਰੀ ਨੀਤੀਆਂ ਦਾ ਵਾਹਕ ਬਣਾ ਦਿੱਤਾ ਗਿਆ ਹੈ।*



ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਨਵੀਂ ਲਾਗੂ ਕੀਤੀ ਕੌਮੀ ਵਿੱਦਿਆ ਨੀਤੀ ਨੇ ਆਪਣੇ ਰੰਗ ਦਿਖਾਉਣੇ ਸ਼ੁਰੂ ਦਿੱਤੇ ਹਨ। ਯੂਨੀਵਰਸਿਟੀਆਂ ਵਰਗੇ ਉੱਚ ਸਿੱਖਿਆ ਦੇ ਅਦਾਰਿਆਂ ਨੂੰ ਮਿਲਣ ਵਾਲੀ ਅਕਾਦਮਿਕ ਆਜ਼ਾਦੀਆਂ ਨੂੰ ਖੋਰਾ ਲਾ ਕੇ ਉਹਨਾਂ ਨੂੰ ਹਾਕਮ ਪਾਰਟੀ ਦੇ ਪ੍ਰਾਪੇਗੰਡੇ ਦਾ ਸਾਧਨ ਬਣਾਇਆ ਜਾ ਰਿਹਾ ਹੈ।

ਉੱਚ ਸਿੱਖਿਆ 'ਤੇ ਨਿਗਰਾਨੀ ਅਤੇ ਉਸ ਨੂੰ ਗ੍ਰਾਂਟਾਂ ਦੇਣ ਵਾਲੇ ਅਦਾਰੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਨੇ ਮੁਲਕ ਭਰ ਦੇ ਵਿਦਿਅਕ ਅਦਾਰਿਆਂ- ਯੂਨੀਵਰਸਿਟੀਆਂ ਤੇ ਕਾਲਜਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੇ ਕੈਂਪਸ ਅੰਦਰ 'ਬੇਟੀ ਬਚਾਓ ਬੇਟੀ ਪੜ੍ਹਾਓ' ਦੇ ਲੋਗੋ, ਭਾਵ ਨਾਅਰਿਆਂ ਨੂੰ ਪ੍ਰਮੁੱਖਤਾ ਨਾਲ ਲਗਾਉਣ। ਕੇਂਦਰੀ ਹਕੂਮਤ ਵੱਲੋਂ ਉੱਚ ਵਿੱਦਿਅਕ ਅਦਾਰਿਆਂ ਦੀਆਂ ਅਕਾਦਮਿਕ ਆਜ਼ਾਦੀਆਂ ਖੋਹਣ ਦੀ ਇਹ ਕੋਈ ਪਹਿਲੀ ਕੋਸ਼ਿਸ਼ ਨਹੀਂ; ਇਸ ਤੋਂ ਪਹਿਲਾਂ ਵੀ ਅਜਿਹੀਆਂ ਕੋਸ਼ਿਸ਼ਾਂ ਨੂੰ ਅੰਜਾਮ ਦਿੱਤਾ ਜਾ ਚੁੱਕਿਆ ਹੈ।

ਸਤੰਬਰ 2023 ਵਿਚ ਜੀ-20 ਮੀਟਿੰਗਾਂ ਅਤੇ ਸਵੱਛ ਭਾਰਤ ਮੁਹਿੰਮ ਬਾਰੇ ਵੀ ਆਪਣੇ ਵਿਦਿਆਰਥੀਆਂ ਨੂੰ ਜਾਣੂ ਕਰਾਉਣ ਦੇ ਮਕਸਦ ਨਾਲ ਇਹਨਾਂ ਬਾਰੇ ਆਪਣੇ ਕੈਂਪਸ ਅੰਦਰ ਪ੍ਰਚਾਰ ਕਰਨ ਦੇ ਹੁਕਮ ਦਿੱਤੇ ਸਨ। ਪਹਿਲੀ ਦਸੰਬਰ 2023 ਨੂੰ ਯੂਜੀਸੀ ਦੀ ਇੱਕ ਚਿੱਠੀ ਰਾਹੀਂ ਇਹ ਹੁਕਮ ਸੁਣਾਇਆ ਕਿ ਰੇਲਵੇ ਸਟੇਸ਼ਨਾਂ 'ਤੇ ਬਣਾਏ ਸੈਲਫੀ ਪੁਆਇੰਟ ਦੀ ਤਰਜ਼ 'ਤੇ ਪ੍ਰਧਾਨ ਮੰਤਰੀ ਦੀ ਵੱਡ-ਅਕਾਰੀ ਫੋਟੋ ਆਪਣੇ ਕੈਂਪਸ ਅੰਦਰ ਲਾ ਕੇ ਸੈਲਫੀ ਪੁਆਇੰਟ ਬਣਾਇਆ ਜਾਵੇ ਤਾਂ ਕਿ ਨੌਜਵਾਨਾਂ ਅੰਦਰ ਇਹ ਸੰਚਾਰ ਕੀਤਾ ਜਾ ਸਕੇ ਕਿ ਭਾਰਤ ਕਿਵੇਂ ਕੌਮਾਂਤਰੀ ਪੱਧਰ 'ਤੇ ਮੱਲਾਂ ਮਾਰ ਰਿਹਾ ਹੈ। ਕਹਿਣ ਨੂੰ ਤਾਂ ਇਹ ਨਿਰਦੇਸ਼ ਕੌਮੀ ਸਿੱਖਿਆ ਨੀਤੀ-2020 ਤਹਿਤ ਜਾਰੀ ਕੀਤੇ ਗਏ ਹਨ ਪਰ ਇਹ ਉਹੀ ਖ਼ਦਸ਼ੇ ਹਨ ਜਿਹਨਾਂ ਬਾਬਤ ਵਿੱਦਿਅਕ ਮਾਹਿਰਾਂ, ਅਧਿਆਪਕਾਂ, ਵਿਦਿਆਰਥੀਆਂ ਸਮੇਤ ਜਮਹੂਰੀ ਹੱਕਾਂ ਲਈ ਸਰਗਰਮ ਜੱਥੇਬੰਦੀਆਂ ਤੇ ਹੋਰਨਾਂ ਇਨਸਾਫਪਸੰਦ ਲੋਕਾਂ ਨੇ ਇਸ ਨੀਤੀ ਦੇ ਖਰੜੇ ਦੇ ਜਾਰੀ ਹੋਣ ਦੇ ਤੁਰੰਤ ਬਾਅਦ ਜ਼ਾਹਰ ਕਰ ਦਿੱਤੇ ਸਨ ਕਿ ਇਹ ਨੀਤੀ ਵਿੱਦਿਆ ਦੇ ਮਿਆਰ ਨੂੰ ਗਿਰਾਵਟ ਵੱਲ ਲੈ ਜਾਵੇਗੀ ਤੇ ਅਕਾਦਮਿਕ ਆਜ਼ਾਦੀਆਂ ਨੂੰ ਖੋਰਾ ਲਾਵੇਗੀ।

ਇਸ 'ਚ ਕੋਈ ਦੋ ਰਾਵਾਂ ਨਹੀਂ ਕਿ ਯੂਨੀਵਰਸਿਟੀ ਵਿਚਲਾ ਅਕਾਦਮਿਕ ਮਾਹੌਲ ਅਤੇ ਖੁੱਲ੍ਹ ਹੀ ਉੱਚ ਪਾਏ ਦੀ ਪੜ੍ਹਾਈ ਦੀ ਅਤੇ ਨਵੀਆਂ ਖੋਜਾਂ ਲਈ ਰਾਹ ਪੱਧਰਾ ਕਰਦੀ ਹੈ ਪਰ ਸਰਕਾਰ ਦੇ ਇਹ ਦਾਅਪੇਚ ਅਕਾਦਮਿਕ ਆਜ਼ਾਦੀਆਂ ਦਾ ਗਲ ਘੁੱਟਦੇ ਹਨ ਅਤੇ ਉਹਨਾਂ ਨੂੰ ਆਪਣੇ ਸਿਆਸੀ ਏਜੰਡਿਆਂ ਦੇ ਪ੍ਰਚਾਰ ਲਈ ਬਣਾਏ ਅਦਾਰਿਆਂ ਵਾਂਗ ਵਰਤ ਰਹੇ ਹਨ। ਆਜ਼ਾਦ ਸੋਚ ਦੇ ਇਹਨਾਂ ਅਦਾਰਿਆਂ ਨੂੰ ਬੰਨ੍ਹ ਮਾਰਿਆ ਜਾ ਰਿਹਾ ਹੈ ਅਤੇ ਬਹੁਰੰਗੀ ਸੋਚ ਦੀ ਥਾਂ ਇੱਕਰੰਗੀ ਸੋਚ ਠੋਸਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜਿਹਨਾਂ ਅੰਦਰ ਆਪਣੀ ਗੱਲ ਰੱਖਣ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਹੈ।

ਲੰਘੇ ਵਰ੍ਹੇ ਅਜਿਹੇ ਕਈ ਮੌਕੇ ਆਏ ਜਦੋਂ ਇਹਨਾਂ ਆਜ਼ਾਦੀਆਂ ਨੂੰ ਖੋਰਾ ਲੱਗਦਾ ਦੇਖਿਆ ਜਾ ਸਕਦਾ ਹੈ। ਚੋਟੀ ਦੇ ਅਦਾਰੇ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਨੂੰ ਕੈਂਪਸ ਅੰਦਰ ਯੂਏਪੀਏ ਦੇ ਮਾਮਲੇ 'ਤੇ ਬਹਿਸ ਕਰਨ ਲਈ ਇੱਥੋਂ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਹੋ ਰਹੀ ਇਕੱਤਰਤਾ ਰੱਦ ਕਰਨ ਦੇ ਹੁਕਮ ਸੁਣਾਏ ਗਏ। ਪਿਛਲੀ ਮਾਰਚ ਵਿਚ ਜਵਾਹਰ ਲਾਲ ਯੂਨੀਵਰਸਿਟੀ ਨੇ ਆਪਣੇ ਕੈਂਪਸ ਅੰਦਰ ਆਵਾਜ਼ ਉਠਾਉਣ ਵਾਲੇ ਵਿਦਿਆਰਥੀਆਂ 'ਤੇ 20000 ਰੁਪਏ ਜੁਰਮਾਨਾ ਠੋਕ ਦਿੱਤਾ ਭਾਵੇਂ ਬਾਅਦ ਵਿਚ ਇਸ ਨੂੰ ਵਾਪਸ ਲੈ ਲਿਆ ਗਿਆ। ਨਿੱਜੀ ਖੇਤਰ ਦੀ ਦਿੱਲੀ ਨੇੜਲੀ ਅਸ਼ੋਕਾ ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਕਿਉਂਕਿ ਉਸ ਨੇ ਆਪਣੇ ਇੱਕ ਪਰਚੇ ਵਿਚ ਭਾਜਪਾ ਵਲੋਂ ਬਹੁਗਿਣਤੀ ਨਾਲ 2019 ਵਿਚ ਚੋਣਾਂ ਜਿੱਤਣ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ ਸਨ।

ਜਦੋਂ ਗੱਲ ਅਕਾਦਮਿਕ ਆਜ਼ਾਦੀਆਂ ਨੂੰ ਖੋਹਣ ਦੀ ਆਉਂਦੀ ਹੈ ਤਾਂ ਸੂਬਾਈ ਤੇ ਕੇਂਦਰੀ ਹਕੂਮਤਾਂ ਵੱਲੋਂ ਦਿਖਾਈ ਕਾਰਕਰਦਗੀ 'ਚ ਕੋਈ ਵਖਰੇਵਾਂ ਨਹੀਂ ਰਹਿ ਜਾਂਦਾ। ਸੂਬਾਈ ਸਰਕਾਰਾਂ ਦੇ ਅਧਿਕਾਰ ਹੇਠਲੀਆਂ ਯੂਨੀਵਰਸਿਟੀਆਂ 'ਚ ਵਾਈਸ ਚਾਂਸਲਰਾਂ ਅਤੇ ਹੋਰਨਾਂ ਉੱਚ ਅਧਿਕਾਰੀਆਂ ਦੀਆਂ ਨਿਯੁਕਤੀਆਂ, ਤਬਾਦਲੇ, ਯੂਨੀਵਰਸਿਟੀਆਂ ਨੂੰ ਮਾਲੀ ਤੇ ਹੋਰ ਸਹੂਲਤਾਂ ਦੇਣੀਆਂ, ਇਹ ਸਰਕਾਰੀ ਮਿਹਰ 'ਤੇ ਨਿਰਭਰ ਕਰਦਾ ਹੈ ਨਾ ਕਿ ਯੂਨੀਵਰਸਿਟੀ ਪੱਧਰ 'ਤੇ ਕੋਈ ਸਕੀਮ ਬਣਾ ਕੇ ਭੇਜੀ ਜਾਂਦੀ ਹੈ ਤੇ ਪੜਤਾਲ ਉਪਰੰਤ ਸਰਕਾਰ ਉਸ ਦੀ ਕਿਸੇ ਗਰਾਂਟ ਜਾਂ ਹੋਰ ਨਿਯੁਕਤੀ ਵਗੈਰਾ ਨੂੰ ਮਨਜ਼ੂਰੀ ਦਿੰਦੀ ਹੈ।

ਯੂਜੀਸੀ ਐਕਟ-1956 ਤਹਿਤ ਸਥਾਪਤ ਕੀਤਾ ਗਿਆ ਯੂਜੀਸੀ ਅਜਿਹਾ ਅਦਾਰਾ ਹੈ ਜਿਸ ਦਾ ਕਾਰਜ ਉੱਚ ਪੱਧਰ ਦੀ ਪੜ੍ਹਾਈ ਦੀ ਸਮੀਖਿਆ ਤੇ ਸਿਲੇਬਸ ਤਿਆਰ ਕਰਨਾ, ਇਹਦੇ ਮਿਆਰ ਸਥਾਪਤ ਕਰਨਾ, ਫੀਸਾਂ ਤੈਅ ਕਰਨਾ, ਖੋਜ ਕਾਰਜਾਂ ਤੇ ਲੋੜਾਂ ਲਈ ਸਰਕਾਰੀ ਸਹਾਇਤਾ ਨੂੰ ਰੈਗੂਲੇਟ ਕਰ ਕੇ ਅਲੱਗ ਅਲੱਗ ਅਦਾਰਿਆਂ ਨੂੰ ਸਹਾਇਤਾ ਮੁਹੱਈਆ ਕਰਾਉਣਾ, ਯੂਨੀਵਰਸਿਟੀਆਂ ਲਈ ਹੋਰ ਸਾਰੇ ਮਿਆਰ ਸਥਾਪਤ ਕਰਨਾ ਹੈ ਪਰ ਮੌਜੂਦਾ ਸਰਕਾਰ ਅਧੀਨ ਇਸ ਖ਼ੁਦਮੁਖ਼ਤਾਰ ਅਦਾਰੇ ਨੂੰ ਮਹਿਜ਼ ਸਰਕਾਰੀ ਨੀਤੀਆਂ ਦਾ ਵਾਹਕ ਬਣਾ ਦਿੱਤਾ ਗਿਆ ਹੈ। ਐਕਟ ਵਿਚ ਕਿਹਾ ਗਿਆ ਹੈ ਕਿ ਇਹ ਯੂਨੀਵਰਸਿਟੀਆਂ ਦੀ ਸਹਿਮਤੀ ਨਾਲ ਵਾਈਸ ਚਾਂਸਲਰਾਂ ਦੀ ਨਿਯੁਕਤੀ ਕਰੇਗਾ ਪਰ ਹੁਣ ਵਾਈਸ ਚਾਂਸਲਰ ਕੌਣ ਨਿਯੁਕਤ ਕਰਦਾ ਹੈ ਅਤੇ ਉਹਨਾਂ ਦੀ ਅਕਾਦਮਿਕ ਯੋਗਤਾ ਕੀ ਹੈ, ਇਸ ਬਾਰੇ ਬਹੁਤਾ ਨਾ ਹੀ ਲਿਖਿਆ ਜਾਵੇ ਤਾਂ ਬਿਹਤਰ ਹੈ ਕਿਉਂਕਿ ਖਾਸ ਵਿਚਾਰਧਾਰਾ ਨੂੰ ਪੱਠੇ ਪਾਉਣ ਵਾਲੇ ਲੋਕ ਹੀ ਇਹਨਾਂ ਉੱਚ ਅਹੁਦਿਆਂ 'ਤੇ ਬਿਰਾਜਮਾਨ ਕੀਤੇ ਜਾ ਰਹੇ ਹਨ।

ਇੱਕ ਹੋਰ ਗੱਲ ਵੀ ਜਾਣਨ ਵਾਲੀ ਹੈ ਕਿ ਨਿਊਜ਼ੀਲੈਂਡ ਦੇ ਸੰਵਿਧਾਨ ਵਾਂਗ ਸਾਡੇ ਸੰਵਿਧਾਨ ਅੰਦਰ ਅਕਾਦਮਿਕ ਆਜ਼ਾਦੀਆਂ ਦੀ ਵਿਸ਼ੇਸ਼ ਰੂਪ 'ਚ ਕੋਈ ਗੱਲ ਨਹੀਂ ਕੀਤੀ ਹੋਈ ਪਰ ਬੁਨਿਆਦੀ ਹੱਕਾਂ ਵਿਚ ਦਰਜ, ਬੋਲਣ ਦੀ ਆਜ਼ਾਦੀ ਤੋਂ ਹੀ ਇਸ ਅਕਾਦਮਿਕ ਆਜ਼ਾਦੀ ਦਾ ਲੱਖਣ ਲਾ ਲਿਆ ਜਾਂਦਾ ਹੈ। ਸੰਵਿਧਾਨ ਅੰਦਰ ਦਰਜ ਇਸ ਮੱਦ ਤਹਿਤ ਮੁਲਕ ਦੀ ਏਕਤਾ, ਅਖੰਡਤਾ, ਅਮਨ-ਕਾਨੂੰਨ ਅਤੇ ਮੁਆਸ਼ਰੇ ਦੇ ਪੱਖ ਤੋਂ ਖ਼ਤਰੇ ਭਾਂਪਦਿਆਂ ਇਸ ਆਜ਼ਾਦੀ ਨੂੰ ਕਦੇ ਵੀ ਖੋਹਿਆ ਜਾ ਸਕਦਾ ਹੈ ਜਿਵੇਂ ਉਪਰਲੀਆਂ ਮਿਸਾਲਾਂ ਤੋਂ ਸਪੱਸ਼ਟ ਹੈ। ਇਸ ਸੰਵਿਧਾਨਕ ਆਜ਼ਾਦੀ 'ਤੇ ਦੇਸ਼ਧ੍ਰੋਹ ਵਾਲੀ ਧਾਰਾ 124 ਤਹਿਤ ਜਾਂ ਫਿਰ ਆਮ ਰੂਪ 'ਚ ਹੀ ਵਰਤੋਂ ਵਿਚ ਲਿਆਂਦੀ ਜਾਂਦੀ ਧਾਰਾ 295 ਤਹਿਤ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ਾਂ ਤਹਿਤ ਇਸ ਆਜ਼ਾਦੀ 'ਤੇ ਪਾਬੰਦੀਆਂ ਮੜ੍ਹ ਦਿੱਤੀਆਂ ਜਾਂਦੀਆਂ ਹਨ; ਮਤਲਬ, ਸੰਵਿਧਾਨ ਵਿਚਲੀ ਵਿਚਾਰ ਪ੍ਰਗਟ ਕਰਨ ਦੀ ਇਹ ਆਜ਼ਾਦੀ ਸਰਕਾਰ ਦੇ ਰਹਿਮੋ-ਕਰਮ 'ਤੇ ਹੈ।

ਇਹੀ ਕਾਰਨ ਹਨ ਕਿ ਸੰਸਾਰ ਦੀਆਂ ਯੂਨੀਵਰਸਿਟੀਆਂ ਜਦੋਂ ਕੋਈ ਸਰਵੇਖਣ ਜਾਂ ਖੋਜ ਕਾਰਜ ਕਰ ਕੇ ਦੱਸਦੀਆਂ ਹਨ ਕਿ ਭਾਰਤ ਅੰਦਰ ਅਕਾਦਮਿਕ ਆਜ਼ਾਦੀਆਂ ਕਿੰਨੀਆਂ ਕੁ ਹਨ ਤਾਂ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਉਂਦੇ ਹਨ। ਸਵੀਡਨ ਦੀ ਗੋਥਨਬਰੀ ਦੀ ਯੂਨੀਵਰਸਿਟੀ ਦੀ ਇੰਸਟੀਚਿਊਟ ਆਫ ਵੀ-ਡੈੱਮ ਦੇ ਅੰਕੜੇ ਦੱਸਦੇ ਹਨ ਕਿ ਭਾਰਤ ਅੰਦਰ ਅਕਾਦਮਿਕ ਆਜ਼ਾਦੀਆਂ ਦਾ ਅੰਕੜਾ 179 ਮੁਲਕਾਂ ਦੇ ਅੰਕੜਿਆਂ 'ਚੋਂ ਹੇਠਲੇ 30 ਫੀਸਦੀ ਦੇਸ਼ਾਂ 'ਚ ਰਹਿ ਰਿਹਾ ਹੈ। 2 ਫਰਵਰੀ 2023 ਨੂੰ ਜਾਰੀ ਇਸ ਰਿਪੋਰਟ ਵਿਚ ਸਭ ਤੋਂ ਹੇਠਾਂ 0 ਤੋਂ ਸ਼ੁਰੂ ਕਰ ਕੇ ਵੱਧ ਤੋਂ ਵੱਧ 1 ਅੰਕ ਮੁਤਾਬਕ ਸਾਰੇ ਪੱਖਾਂ ਨੂੰ ਪਰਖਿਆ ਗਿਆ ਹੈ। ਇਸ ਮਾਮਲੇ ਵਿਚ ਭਾਰਤ ਨੇ 0.38 ਅੰਕ ਪ੍ਰਾਪਤ ਕੀਤੇ ਹਨ ਜਿਹੜੇ ਪਾਕਿਸਤਾਨ ਦੇ 0.43 ਤੋਂ ਕਿਤੇ ਘੱਟ ਹਨ। ਰਿਪੋਰਟ ਤਿਆਰ ਕਰਨ ਲੱਗਿਆਂ ਵੀ-ਡੈੱਮ ਇੰਸਟੀਚਿਊਟ ਨੇ ਜਿਹਨਾਂ ਮੱਦਾਂ ਨੂੰ ਧਿਆਨ ਵਿਚ ਰੱਖਿਆ ਹੈ, ਉਹ ਹਨ: ਖੋਜ ਕਰਨ ਤੇ ਪੜ੍ਹਾਈ ਕਰਾਉਣ ਦੀ ਆਜ਼ਾਦੀ, ਯੂਨੀਵਰਸਿਟੀਆਂ ਨੂੰ ਅਕਾਦਮਿਕ ਖ਼ੁਦਮੁਖ਼ਤਾਰੀ, ਕੈਂਪਸ ਅੰਦਰ ਸਹੂਲਤਾਂ ਦਾ ਮੁਕੰਮਲ ਹੋਣਾ ਅਤੇ ਕਿਸੇ ਵੀ ਤਰ੍ਹਾਂ ਪਰੋਖੋਂ ਨਾ ਕੀਤੇ ਜਾਣ ਵਾਲੀ ਗੱਲ ਅਕਾਦਮਿਕ ਤੇ ਸੱਭਿਆਚਾਰਕ ਇਜ਼ਹਾਰ ਨੂੰ ਪ੍ਰਗਟ ਕਰਨ ਦੀ ਆਜ਼ਾਦੀ। ਇਹ ਗੱਲ ਕਹਿਣ ਵਿਚ ਕੋਈ ਰੌਲਾ ਨਹੀਂ ਹੈ ਕਿ ਭਾਰਤੀ ਅਕਾਦਮਿਕ ਆਜ਼ਾਦੀਆਂ ਦੀ ਅਜਿਹੀ ਦੁਰਦਸ਼ਾ 70ਵਿਆਂ ਦੇ ਮੁੱਢ ਵਿਚ ਭਾਵ 1975 ਦੀ ਇੰਦਰਾ ਗਾਂਧੀ ਸਰਕਾਰ ਵੇਲੇ ਥੋਪੀ ਐਮਰਜੈਂਸੀ ਵੇਲੇ ਹੋਈ ਸੀ ਜਦੋਂ ਸਰਕਾਰ ਨੇ ਹਰ ਕਿਸਮ ਦੇ ਵਿਰੋਧ ਉੱਪਰ ਪਾਬੰਦੀਆਂ ਲਾ ਦਿੱਤੀਆਂ ਗਈਆਂ ਸਨ। ਆਰਐੱਸਐੱਸ-ਭਾਜਪਾ ਨੇ ਉਸ ਵੇਲੇ ਕਾਂਗਰਸ ਦੀਆਂ ਇਹਨਾਂ ਪਾਬੰਦੀਆਂ ਦਾ ਵਿਰੋਧ ਕੀਤਾ ਸੀ ਅਤੇ ਇਹਨਾਂ ਨੂੰ ਤਾਨਾਸ਼ਾਹੀ ਵਾਲੇ ਕਦਮ ਬਿਆਨਿਆ ਸੀ।

ਮੁਲਕ ਭਰ ਦੀਆਂ ਇਨਸਾਫ ਪਸੰਦ ਤੇ ਜਮਹੂਰੀ ਤਾਕਤਾਂ ਸਾਹਮਣੇ ਇਹ ਕਾਰਜ ਹੱਥ ਅੱਡੀ ਖੜ੍ਹਾ ਹੈ ਕਿ ਅਗਰ ਉਹ ਮੁਲਕ ਦੇ ਨੌਜਵਾਨ ਨੂੰ ਸੰਸਾਰ ਦੇ ਹਾਣ ਦਾ ਬਣਾਉਣਾ ਲੋਚਦੇ ਹਨ ਤਾਂ ਉਹਨਾਂ ਨੂੰ ਭਾਜਪਾ ਹਕੂਮਤ ਸੀ 2020 ਵਿਚ ਲਿਆਂਦੀ ਤੇ ਲਾਗੂ ਕੀਤੀ ਨਵੀਂ ਕੌਮੀ ਵਿੱਦਿਆ ਨੀਤੀ ਦੀਆਂ ਬਾਰੀਕੀਆਂ ਨੂੰ ਆਮ ਲੋਕਾਂ, ਵਿਦਿਆਰਥੀਆਂ/ਅਧਿਆਪਕਾਂ ਵਿਚ ਲੈ ਕੇ ਜਾਣਾ ਚਾਹੀਦਾ ਹੈ ਅਤੇ ਇਸ ਖਿਲਾਫ ਵਿਸ਼ਾਲ ਲੋਕਾਈ ਨੂੰ ਲਾਮਬੰਦ ਕਰਨਾ ਚਾਹੀਦਾ ਹੈ।


## Change of Name

I, Sodi Singh slo Kabul Singh, VOP Lohian Khas Distt. Jalandhar, Punjab, India, presently residing at 4231 N Cresta Ave Fresno California 93723, has changed my name from Sodi Singh to Sodhi Singh Kaur, all concerned please note.



# ਸਾਦਾ ਜੀਵਨ, ਉੱਤਮ ਜੀਵਨ



ਸੁਰਿੰਦਰ ਪਾਲ ਕੌਰ

ਅਜੋਕੇ ਯੁੱਗ ਵਿੱਚ ਹਰ ਕੋਈ ਫੈਸ਼ਨ ਦੀ ਦੌੜ ਵਿੱਚ ਅੱਗੇ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਫੈਸ਼ਨ ਕੇਵਲ ਪਹਿਰਾਵੇ ਜਾਂ ਸੁੰਦਰ ਦਿਖਾਈ ਦੇਣ ਦਾ ਹੀ ਨਹੀਂ, ਸਗੋਂ ਬਾਹਰੀ ਕੱਪੜਿਆਂ ਤੋਂ ਲੈ ਕੇ ਘਰ-ਕੋਠੀ, ਕਾਰ, ਘਰੇਲੂ ਵਰਤੋਂ ਦਾ ਸਾਮਾਨ ਆਦਿ ਤੱਕ ਫੈਲ ਚੁੱਕਾ ਹੈ। ਪੁਰਾਣੇ ਸਮੇਂ ਵਿੱਚ ਲੋਕ ਬਾਹਰੀ ਦਿਖਾਵੇ ਜਾਂ ਪਹਿਰਾਵੇ ਦੀ ਬਜਾਏ ਅੰਦਰੋਂ ਮਜ਼ਬੂਤ ਹੁੰਦੇ ਸਨ। ਉਹ ਆਪਣੇ ਆਪ ਨੂੰ ਅੰਦਰੂਨੀ ਗੁਣਾਂ ਨਾਲ ਭਰਪੂਰ ਕਰਨ ਵਿੱਚ ਵਡਿਆਈ ਸਮਝਦੇ ਸਨ। ਇਹੀ ਕਾਰਨ ਸੀ ਕਿ ਪੁਰਾਣੇ ਵੇਲਿਆਂ ਵਿੱਚ ਸਰੀਰਕ ਰੋਗ ਨਾਂਮਾਤਰ ਸਨ ਅਤੇ ਮਾਨਸਿਕ ਰੋਗ ਬਿਲਕੁਲ ਨਹੀਂ ਸਨ।

ਕਿਹਾ ਜਾਂਦਾ ਹੈ ਕਿ ਸਾਡੇ ਵਿਚਾਰ ਹੀ ਸਾਡੇ ਸਰੀਰ ਅਤੇ ਆਲੇ-ਦੁਆਲੇ ਨੂੰ ਪ੍ਰਭਾਵਿਤ ਕਰਦੇ ਹਨ। ਮਨੋਵਿਗਿਆਨੀ ਮੰਨਦੇ ਹਨ ਕਿ ਜੋ ਮਨੁੱਖ ਮਾਨਸਿਕ ਤੌਰ ’ਤੇ ਸਕੂਨ ਅਤੇ ਟਿਕਾਅ ਵਿੱਚ ਹੁੰਦਾ ਹੈ ਉਸ ਨੂੰ ਕੋਈ ਰੋਗ ਵੀ ਨਹੀਂ ਲੱਗਦਾ। ਸਾਡੇ ਪੀਰਾਂ-ਪੈਗੰਬਰਾਂ, ਰਿਸ਼ੀਆਂ-ਮੁਨੀਆਂ, ਸਾਧੂਆਂ ਅਤੇ ਗੁਰੂਆਂ ਨੇ ਮਨ ਨੂੰ ਟਿਕਾਅ ਵਿੱਚ ਰੱਖਣ ਦੇ ਤਰੀਕੇ ਦੱਸੇ ਪਰ ਉੱਤਮ ਤਰੀਕਾ ਮਨ ਨੂੰ ਇਹ ਕਬੂਲ ਕਰਾਉਣਾ ਹੈ ਕਿ ਜੋ ਕੁਝ ਵੀ ਹੋ ਰਿਹਾ ਹੈ, ਉਸ ਨੂੰ ਸਵੀਕਾਰ ਕਰੋ। ਸਾਡੇ ਧਾਰਮਿਕ ਗ੍ਰੰਥਾਂ ਵਿੱਚ ਥਾਂ-ਥਾਂ ਮਨੁੱਖ ਨੂੰ ਪ੍ਰਭੂ ਦੇ ਭਾਣੇ ਅੰਦਰ ਰਹਿ ਕੇ ਜੀਵਨ ਗੁਜ਼ਾਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਪੁਰਾਣੇ ਲੋਕ ਭਾਣਾ ਮੰਨਣ ਦੀ ਜਿਊਂਦੀ ਜਾਗਦੀ ਮਿਸਾਲ ਹਨ। ਉਹ ਜੋ ਹੋ ਰਿਹਾ ਹੈ, ਜਿਵੇਂ ਹੋ ਰਿਹਾ ਹੈ ਅਤੇ ਜਿਸ ਤਰੀਕੇ ਨਾਲ ਵੀ ਹੋ ਰਿਹਾ ਹੈ, ਨੂੰ ਸਵੀਕਾਰ ਕਰਦੇ ਸਨ। ਫਾਲਤੂ ਦੀਆਂ ਚਿੰਤਾਵਾਂ ਉਨ੍ਹਾਂ ਤੋਂ ਕੋਹਾਂ ਦੂਰ ਸਨ। ਉਹ ਜੇਕਰ ਚਿੰਤਾ ਕਰਦੇ ਸਨ ਤਾਂ ਇਸ ਗੱਲ ਦੀ ਕਿ ਸਾਡੇ ਕੋਲੋਂ ਕਿਸੇ ਦਾ ਅਣਜਾਣੇ ਵਿੱਚ ਵੀ ਦਿਲ ਨਾ ਦੁਖ ਜਾਵੇ, ਕੋਈ ਰੱਬ ਦਾ ਬੰਦਾ ਸਾਡੇ ਕਾਰਨ ਪਰੇਸ਼ਾਨ ਨਾ ਹੋ ਜਾਵੇ।

ਸਮੇਂ ਦੇ ਨਾਲ-ਨਾਲ ਮਨੁੱਖ ਨੇ ਹਰੇਕ ਖੇਤਰ ਵਿੱਚ ਬਹੁਤ ਤਰੱਕੀ ਕਰ ਲਈ ਹੈ। ਅਨੇਕਾਂ ਤਰ੍ਹਾਂ ਦੀਆਂ ਕਾਢਾਂ ਨੇ ਸਾਡੇ ਜੀਵਨ ਨੂੰ ਬੇਹੱਦ ਸੁਖਾਲਾ ਕਰ ਦਿੱਤਾ ਹੈ ਪਰ ਸਾਡੇ ਮਨ ਰੋਗੀ ਹੋ ਗਏ ਹਨ। ਪੁਰਾਣੇ ਲੋਕਾਂ ਦੇ ਉਲਟ ਸਾਡੇ ਮਨਾਂ ਅੰਦਰ ਇਹ ਚਿੰਤਾ ਰਹਿੰਦੀ ਹੈ ਕਿ ਕੋਈ ਸਾਡੇ ਨਾਲੋਂ ਵਧੇਰੇ ਤਰੱਕੀ ਕਿਉਂ ਕਰ ਰਿਹਾ ਹੈ, ਕਿਸੇ ਕੋਲ ਸਾਡੇ ਨਾਲੋਂ ਵਧੀਆ ਕਾਰ ਕਿਵੇਂ ਆ ਗਈ। ਬਲਕਿ ਅੱਜਕੱਲ੍ਹ ਤਾਂ ਅਸੀਂ ਇਸ ਫੈਸ਼ਨ ਦੀ ਦੌੜ ਵਿੱਚ ਆਪਣੇ ਬੱਚਿਆਂ ਨੂੰ ਵੀ ਕਸ਼ਟ ਦੇ ਰਹੇ ਹਾਂ। ਫਲਾਣੇ ਦਾ ਬੇਟਾ/ ਬੇਟੀ ਡਾਕਟਰ ਬਣ ਗਿਆ ਹੈ, ਸਾਡਾ ਬੱਚਾ ਉਸ ਤੋਂ ਪਿੱਛੇ ਕਿਵੇਂ ਰਹਿ ਸਕਦਾ ਹੈ। ਕੋਈ ਗੁਆਂਢੀ ਜਾਂ ਰਿਸ਼ਤੇਦਾਰ ਦਾ ਬੱਚਾ ਵਿਦੇਸ਼ ਜਾ ਰਿਹਾ ਹੈ ਤਾਂ ਸਾਡਾ ਬੱਚਾ ਕਿਉਂ ਨਹੀਂ ਜਾ ਸਕਦਾ। ਬਹੁਤ ਸਾਰੇ ਬੱਚੇ ਮਾਪਿਆਂ ਦੇ ਧੱਕੇ ਧਕਾਏ ਉਨ੍ਹਾਂ ਖੇਤਰਾਂ ਵਿੱਚ ਜਾ ਰਹੇ ਹਨ ਜਿਨ੍ਹਾਂ ਵਿੱਚ ਉਨ੍ਹਾਂ ਨੂੰ ਕੋਈ ਦਿਲਚਸਪੀ ਹੀ ਨਹੀਂ ਹੈ। ਸਿਰਫ਼ ਮਾਪਿਆਂ ਦਾ ਹੰਕਾਰ ਜਾਂ ਬੱਚਿਆਂ ਦੀਆਂ ਲਾਲਸਾਵਾਂ ਉਨ੍ਹਾਂ ਨੂੰ ਮਜਬੂਰ ਕਰ ਦਿੰਦੀਆਂ ਹਨ ਕਿ ਉਹ ਵੀ ਦੁਨੀਆ ਵਾਂਗ ਮ੍ਰਿਗ ਤ੍ਰਿਸ਼ਨਾ ਦੀ ਦੌੜ ਵਿੱਚ ਸ਼ਾਮਲ ਹੋ ਜਾਣ। ਫਰਜ਼ ਕਰੋ ਕਿ ਇੱਕ ਬੱਚਾ ਵਧੀਆ ਪੇਂਟਰ ਜਾਂ ਸਕੈੱਚ ਆਰਟਿਸਟ ਬਣਨ ਦੀ ਰੁਚੀ ਰੱਖਦਾ ਹੈ ਪਰ ਮਾਪਿਆਂ ਦੀ ਇੱਛਾ ਹੈ ਕਿ ਉਹ ਡਾਕਟਰ ਬਣੇ। ਉਸ ’ਤੇ ਦਬਾਅ ਪਾ ਕੇ ਮਾਪੇ ਉਸ ਨੂੰ ਡਾਕਟਰ ਤਾਂ ਬਣਾ ਲੈਣਗੇ ਪਰ ਉਸ ਦੇ ਅੰਦਰਲਾ ਕਲਾਕਾਰ ਚਕਨਾਚੂਰ ਹੋ ਜਾਵੇਗਾ। ਉਹ ਜਿੰਨੇ ਮਰਜ਼ੀ ਪੈਸੇ ਕਮਾ ਲਵੇ ਪਰ ਸਾਰੀ ਉਮਰ ਰੂਹ ਦੀ ਸ਼ਾਂਤੀ ਤੋਂ ਸੱਖਣਾ ਰਹੇਗਾ।

ਪੁਰਾਣੇ ਲੋਕ ਸਿੱਧੇ ਸਾਦੇ ਜੀਵਨ ਨੂੰ ਤਰਜੀਹ ਦਿੰਦੇ ਸਨ। ਉਹ ਬੱਚੇ ਦੀ ਦਿਲਚਸਪੀ ਮੁਤਾਬਕ ਉਸ ਨੂੰ ਕੰਮਕਾਰ ਵੱਲ ਜਾਣ ਦਿੰਦੇ ਸਨ। ਬਹੁਤੀਆਂ ਰੋਕਾਂ ਟੋਕਾਂ ਨਹੀਂ ਲਗਾਉਂਦੇ ਸਨ। ਹਾਂ ਵੱਡਿਆਂ-ਬਜ਼ੁਰਗਾਂ ਦਾ ਤਪ ਤੇਜ਼ ਅਤੇ ਰੋਅਬ ਬਹੁਤ ਹੁੰਦਾ ਸੀ ਪਰ ਫਿਰ ਵੀ ਬੱਚਿਆਂ ’ਤੇ ਇੰਨਾ ਦਬਾਅ ਨਹੀਂ ਪਾਇਆ ਜਾਂਦਾ ਸੀ ਕਿ ਬੱਚੇ ਮਨੋਰੋਗੀ ਹੀ ਬਣ ਜਾਣ। ਦੂਜੇ ਪਾਸੇ ਅਜੋਕੇ ਯੁੱਗ ਵਿੱਚ ਬਹੁਤੇ ਮਾਪੇ ਬੱਚਿਆਂ ਨੂੰ ਆਪਣੀਆਂ ਸਿਰਜੀਆਂ ਪਹਿਲਾਂ ਮੁਤਾਬਕ ਮਕਸਦ ਤੈਅ ਕਰਨ ਲਈ ਮਜਬੂਰ ਕਰਦੇ ਹਨ।

ਸਾਨੂੰ ਆਪਣੀਆਂ ਅਤੇ ਆਪਣੇ ਬੱਚਿਆਂ ਦੀਆਂ ਮਾਨਸਿਕ, ਸਰੀਰਕ ਅਤੇ ਭਾਵਨਾਤਮਕ ਸਮੱਸਿਆਵਾਂ ਨੂੰ ਹੱਲ ਕਰਨ ਲਈ ਚਿੰਤਾ ਕਰਨੀ ਚਾਹੀਦੀ ਹੈ ਨਾ ਕਿ ਇਸ ਗੱਲ ਦੀ ਕਿ ਲੋਕਾਂ ਕੋਲ ਸਾਡੇ ਨਾਲੋਂ ਵਧੀਆ ਅਤੇ ਵੱਧ ਚੀਜ਼ਾਂ ਕਿਉਂ ਅਤੇ ਕਿਵੇਂ ਹਨ। ਚੀਜ਼ਾਂ ਸੁੱਖ ਦੇ ਸਕਦੀਆਂ ਹਨ, ਸ਼ਾਂਤੀ ਨਹੀਂ। ਸਾਡਾ ਆਪਣਾ ਮਨ ਹੀ ਸਾਡੀਆਂ ਖ਼ੁਸ਼ੀਆਂ ਜਾਂ ਦੁੱਖਾਂ ਦਾ ਸਿਰਜਕ ਹੈ ਪਰ ਖ਼ੁਸ਼ੀਆਂ ਖੇੜੇ ਸਿਰਜਣ ਲਈ ਮਨ ਵਿਚਾਰਾ ਟਿਕਾਅ ਭਾਲਦਾ ਹੈ। ਮਨ ਦਾ ਟਿਕਾਅ ਸਾਦੀ, ਸਰਲ ਅਤੇ ਸੁਖੈਨ ਜ਼ਿੰਦਗੀ ਜਿਉਂ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਅੱਜ ਸਾਡੇ ਲਈ ਸਭ ਤੋਂ ਲਾਜ਼ਮੀ ਇਹ ਹੈ ਕਿ ਅਸੀਂ ਆਪਣੇ ਅਤੇ ਆਪਣੇ ਪਰਿਵਾਰ ਦੇ ਮਨ ਦਾ ਇਲਾਜ ਕਰੀਏ। ਜਦੋਂ ਸਾਡਾ ਮਨ ਟਿਕਾਅ ਅਤੇ ਸ਼ਾਂਤੀ ਵਿੱਚ ਆ ਜਾਵੇਗਾ, ਸਾਡਾ ਸਰੀਰ ਆਪਣੇ ਆਪ ਤੰਦਰੁਸਤ ਰਹਿਣ ਲੱਗ ਪਵੇਗਾ। ਅੱਜਕੱਲ੍ਹ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰਾਂ ਕੋਲ ਬਹੁਤ ਭੀੜ ਹੁੰਦੀ ਹੈ। ਕਾਰਨ ਸਪੱਸ਼ਟ ਹੈ ਕਿ ਸਭ ਮੁਕਾਬਲੇ ਦੀ ਦੌੜ ਵਿੱਚ ਲੱਗੇ ਹੋਣ ਕਰਕੇ ਕਿਸੇ ਨਾ ਕਿਸੇ ਮਾਨਸਿਕ ਉਲਝਣ ਨਾਲ ਜੂਝ ਰਹੇ ਹਨ ਪਰ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਇੰਨੇ ਡਾਕਟਰ ਹੋਣ ਦੇ ਬਾਵਜੂਦ ਮਾਨਸਿਕ ਸਿਹਤ ਤੰਦਰੁਸਤ ਕਿਉਂ ਨਹੀਂ ਹੋ ਰਹੀ। ਕਾਰਨ ਸਾਫ਼ ਹੈ ਕਿ ਅਸੀਂ ਬਾਹਰੀ ਤੌਰ ’ਤੇ ਸੱਜਣ-ਫੱਬਣ ਅਤੇ ਸ਼ਿੰਗਾਰ ਕਰਨ ਵੱਲ ਹੀ ਰੁਚਿਤ ਹਾਂ ਨਾ ਕਿ ਮਨ ਨੂੰ ਸਜਾਉਣ, ਸੰਵਾਰਨ ਅਤੇ ਸੋਹਣੇ ਵਿਚਾਰਾਂ ਨਾਲ ਭਰਨ ਵੱਲ।

ਸਾਡੇ ਰੋਗ ਭਾਵੇਂ ਉਹ ਸਰੀਰਕ ਹੋਣ ਜਾਂ ਮਾਨਸਿਕ, ਇਨ੍ਹਾਂ ਦਾ ਪੁਖ਼ਤਾ ਅਤੇ ਪੱਕਾ ਇਲਾਜ ਸਿੱਧੇ ਸਾਦੇ, ਦਿਖਾਵੇ ਰਹਿਤ ਜੀਵਨ ਨੂੰ ਅਪਣਾਉਣ ਨਾਲ ਹੀ ਹੋ ਸਕਦਾ ਹੈ। ਇਸ ਤੋਂ ਪਹਿਲਾਂ ਕਿ ਇਹ ਧਰਤੀ ਮਾਨਸਿਕ ਰੋਗੀਆਂ ਨਾਲ ਹੀ ਭਰ ਜਾਵੇ ਆਓ! ਪੁਰਾਣੇ ਸਮਿਆਂ ਦੇ ਲੋਕਾਂ ਦੀਆਂ ਖ਼ੁਸ਼ੀਆਂ ਬਾਰੇ ਵਿਚਾਰ ਕਰਕੇ ਆਪਣੇ ਸਰੀਰ ਅਤੇ ਮਨ ਨੂੰ ਸਰਲ ਕਰੀਏ। ਇਸ ਗੱਲ ਦਾ ਵਿਸ਼ਲੇਸ਼ਣ ਕਰੀਏ ਕਿ ਮੁਕਾਬਲੇ ਦੀ ਅੰਨ੍ਹੀ ਦੌੜ ਨੇ ਸਾਨੂੰ ਮਸਨੂਈ ਅਤੇ ਥੋੜ੍ਹ ਚਿਰੀਆਂ ਖ਼ੁਸ਼ੀਆਂ ਦੇ ਕੇ ਬਦਲੇ ਵਿੱਚ ਸਾਡੇ ਕੋਲੋਂ ਕਿੰਨਾ ਕੁੱਝ ਕੀਮਤੀ ਖੋਹ ਲਿਆ ਹੈ।


## Metrimonial

Suitable match for Parminder Singh Josan Sikh boy, trucking business in Kansas USA, age 29 years, Height 5'-7". Contact 913-256-9498



CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

Uscipp Insurance Services
1050 N Carpenter RD STE C, Modesto, CA 95351



TRUCK INSURANCE
TRUCK TAX IFTA



Amarjit S Bir
amarjit@uscipp.org
Lic#0I15593CA
Ph: (925)318-1247

## ਗੁਰੂ ਨਾਨਕ ਫਕੀਰ

ਗੁਰੂ ਨਾਨਕ ਵਰਗਾ ਕੋਈ ਨਾ ਹੋਇਆ ਫਕੀਰ,
ਚਾਰੇ ਕੁੰਟਾ ਘੁੰਮ ਕੇ ਸੋਧੇ ਕਈ ਆਲਮਗੀਰ।
ਸਾਰੇ ਗੁਰੂ ਹੋਏ ਦਰਵੇਸ਼, ਦਿੱਤੇ ਨਵੇਂ ਵਿਚਾਰ,
ਧੱਕਾ ਕਿਸੇ ਨਾਲ ਨਹੀਂ ਕਰਨਾ, ਹੋਣਾ ਪਵੇ ਸ਼ਰਮਸ਼ਾਰ।
ਮਲਿਕ ਭਾਗੋ ਦੀ ਰੋਟੀ ਕਮਾਈ ਵਾਲੀ ਨਹੀਂ,
ਕੋਧਰੇ ਦੇ ਪੂੜੇ ਛਕੇ ਪਿਆਰ ਨਾਲ।
ਬਲੀ ਕੰਧਾਰੀ ਦਾ ਭਾਰਾ ਪੱਥਰ ਸੁੱਟ ਕੇ ਡਰਾਉਣ ਦਾ,
ਹੰਕਾਰ ਟੁੱਟਿਆ, ਪੈਰਾਂ ਚ ਬਾਬੇ ਦੇ ਪੈ ਗਿਆ ਹੋਇਆ ਨਿਹਾਲ।
ਦਸਾਂ ਗੁਰੂਆਂ ਦੀ ਜੋਤ, ਇਸੇ ਵਿਚਾਰਧਾਰਾ ਤੇ ਚੱਲੀ,
ਕੁਦਰਤ ਦੇ ਬਣਾਏ ਬੰਦਿਆਂ 'ਚ, ਊਚ ਨੀਚ ਨਾ ਕੋਈ।
ਭਾਈ ਬਾਲਾ ਤੇ ਭਾਈ ਮਰਦਾਨਾ, ਇੱਕ ਹਿੰਦੂ ਇੱਕ ਮੁਸਲਮਾਨ,
ਕਦੀ ਵੀ ਵਿਤਕਰੇ ਦੀ ਗੁੰਜਾਇਸ਼, ਨਾ ਹੋਈ ਵਿਦਮਾਨ।
ਬਾਬਾ ਨਾਨਕ ਨੇ ਕਦੀ ਵੀ, ਕਿਸੇ ਨੂੰ ਨਹੀਂ ਸਮਝਿਆ ਬੇਗਾਨਾ,
ਅੱਜ ਵੀ ਹਰ ਧਰਮ, ਹਰ ਫਿਰਕਾ, ਉਹਨਾਂ ਦਾ ਦੀਵਾਨਾ।
ਉਹ ਨਹੀਂ ਚਾਹੁੰਦੇ ਸੀ, ਕੁਦਰਤ ਨਾਲ ਕੋਈ ਛੇੜ ਛਾੜ,
ਹਰ ਇੱਕ ਨੂੰ ਕੁਦਰਤ ਨੇ ਕਿਸੇ ਨਾ ਕਿਸੇ ਗੁਣ ਨਾਲ ਕੀਤਾ ਹੈ ਪਰਵਾਨਾ।
ਕਾਮ, ਕ੍ਰੋਧ ਲੋਭ,ਮੋਹ , ਹੰਕਾਰ ਤੋਂ ਬਚਣ ਦਾ ਕੀਤਾ ਵਚਨ,
ਦੂਰੋਂ ਦੂਰੋਂ ਲੋਕੀ ਸੁਣਨ ਆਉਂਦੇ ਸੀ, ਉਹਨਾਂ ਦਾ ਪ੍ਰਵਚਨ।
ਇੱਕ ਜੋਤ ਨਾਲ ਜੁੜਨ ਦਾ ਦਿੰਦੇ ਸੀ ਹੋਕਾ,
ਖੁਸ਼ੀਆਂ ਤੇ ਸਾਂਝੀਵਾਲਤਾ ਦਾ ਜੀਵਨ ਹੀ ਅਨੋਖਾ।

**ਅਮਰਜੀਤ ਸਿੰਘ ਤੂਰ**
9878469639

## ਇਨਸਾਫ਼ ਦੀ ਜੰਗ

ਹੱਕ ਸੱਚ ਇਨਸਾਫ਼ ਦੀ ਜੰਗ ਹੈ ਸਾਡੀ
ਰਹਿੰਦਾ ਹਰ ਰੋਜ ਤੂੰ ਝੂਠ ਨੂੰ ਬੋਲਦਾ ਏਂ
ਹੱਥ ਵਿੱਚ ਤੱਕੜ ਵਿਤਕਰੇ ਦੇ ਫੜਕੇ ਤੂੰ
ਸੌਦਾ ਝੂਠ ਦਾ ਵਿੱਚ ਰਹਿੰਦਾ ਤੋਲਦਾ ਏਂ

ਸਾਡਾ ਜ਼ਨਮ ਹੋਇਆ ਖੰਡੇ ਦੀ ਧਾਰ ਵਿੱਚੋਂ
ਤਾਂ ਹੀ ਜ਼ੁਲਮ ਦੇ ਨਾਲ ਮੱਥਾ ਲਾਉਂਦੇ ਆਂ
ਰੱਸਾ ਫਾਂਸੀ ਦਾ ਮੂੰਹ ਨਾਲ ਚੁੰਮ ਕੇ ਤੇ
ਆਪਣੇ ਹੱਥ ਨਾਲ ਗਲ ਵਿੱਚ ਪਾਉਂਦੇ ਆਂ

ਸਾਡਾ ਇਤਿਹਾਸ ਚੰਗੀ ਤਰਾਂ ਪੜ ਲਵੀਂ ਤੂੰ
ਬੰਦਾ ਮੈਦਾਨੇ ਜੰਗ ਜਦ ਆਣ ਗੱਜਿਆ ਸੀ
ਸੂਬੇ ਸਰਹੰਦ ਵਰਗੇ ਮਿੱਟੀ 'ਚ ਮਿਲਾ ਦਿੱਤੇ
ਸੁੱਚਾ ਨੰਦ ਵੀ ਮੂਹਰੇ ਲੱਗ ਭੱਜਿਆ ਸੀ

ਖੇਡ ਸਿਆਸਤ ਦੀ ਧਰਮ ਦੇ ਨਾਂ ਤੇ ਖੇਡੇ
ਇਹਨਾਂ ਚਾਲਾਂ ਨੂੰ ਸਾਰਾ ਜੱਗ ਜਾਣਦਾ ਏ
ਸਰਦੀ ਕਹਿਰ ਦੀ ਬਰਫ਼ ਪਹਾੜੀਆਂ ਤੇ
ਕੌਣ ਦੇਸ਼ ਦਾ ਰਾਖਾ ਹਿੱਕਾਂ ਨੂੰ ਤਾਣਦਾ ਏ



**ਗੁਰਚਰਨ ਸਿੰਘ ਧੰਜੂ**

## ਰੋ ਪੈਂਦੀ ਏ...

ਉਹ ਹੱਸਦੀ-ਹੱਸਦੀ ਰੋ ਪੈਂਦੀ ਏ,
ਪਤਾ ਨੀ ਕਾਹਤੋਂ।
ਲੱਗਦਾ ਦਿਲ ਦੇ ਵਿੱਚ ਕੁੱਝ,
ਲੁਕੋ ਲੈਂਦੀ ਏ ਸਾਥੋਂ।
ਉਹ ਹੱਸਦੀ.....
ਵੈਸੇ ਤਾਂ ਉਹ ਹੱਸਦੀ ਵੱਸਦੀ,
ਫੁੱਲਾਂ ਵਾਂਗੂੰ ਖਿੜੀ ਰਹੇ।
ਪਰ ਕਦੇ ਕਦਾਈਂ ਜਾਪੇ ਜਿਓਂ,
ਸੋਚਾਂ ਦੇ ਵਿੱਚ ਘਿਰੀ ਰਹੇ।
ਆਵੇ ਫ਼ਿਕਰਾਂ ਦੀ ਖੁਸਬੋ ਜਿਹੀ,
ਓਹਦੇ ਹਰ ਇੱਕ ਸਾਹ ਤੋਂ।
ਉਹ ਹੱਸਦੀ......
ਉਹਦੀ ਅੱਖ ਦੇ ਵਿੱਚ ਚਮਕੇ,
ਮੋਤੀ ਕੋਈ ਕੋਈ।
'ਕੱਲਿਆਂ ਬੈਠ ਕੇ ਸਾਇਦ ਹੋਣੀ,
ਰੱਜ ਕੇ ਉਹ ਰੋਈ।
ਜੀਅ ਕਰਦਾ ਪੈਰੀਂ ਵਿਛਾ ਦੇਵਾਂ,
ਖੁਸੀ ਆਵੇ ਜਿਸ ਰਾਹ ਤੋਂ।
ਉਹ ਹੱਸਦੀ.....
ਦਿਲ ਦੇ ਵਿੱਚ ਮੁਹੱਬਤਾਂ ਭਰੀਆਂ,
ਕੋਈ ਨਾ ਵੈਰ ਦਿਸੇਂਦਾ।
ਫ਼ਿਰ ਕਿਉਂ ਰੋਵੇ ਮਰਜਾਣੀ,
ਕਿਹੜਾ ਹੈ ਦਰਦ ਡਸੇਂਦਾ।
ਦੇਵੇ ਹਿੰਮਤਾਂ ਰੱਬ 'ਮਨਜੀਤ' ਨੂੰ,
ਪੁੱਛ ਲਵਾਂ ਫੜ ਕੇ ਬਾਂਹ ਤੋਂ।
ਉਹ ਹੱਸਦੀ......



**ਮਨਜੀਤ ਕੌਰ ਧੀਮਾਨ**
9464633059

## ਬੱਚੇ ਸਾਰੇ ਨੱਚਣ...



ਜਦੋਂ ਕਿੱਧਰੇ ਵਾਜੇ ਵੱਜਣ
ਤਾਂ ਬੱਚੇ ਸਾਰੇ ਨੱਚਣ,
ਕਹਿੰਦੇ ਮਾਮੇ ਦਾ ਵਿਆਹ ਹੈ ਆਇਆ,
ਘਰ ਵਿੱਚ ਅਸੀਂ ਡੀ.ਜੇ.ਲਾਇਆ,
ਕੁੜੀਆਂ- ਮੁੰਡਿਆਂ ਭੰਗੜਾ ਪਾਇਆ,
ਸਾਰਿਆਂ ਨੇ ਚਟਪਟਾ ਭੋਜਨ ਖਾਇਆ,
ਮਾਮੇ ਮੇਰੇ ਨੇ ਸਿਹਰਾ ਲਾਇਆ,
ਮਾਮੀ ਨੇ ਵੀ ਲਹਿੰਗਾ ਪਾਇਆ,
ਨਾਨਾ ਜੀ ਨੇ ਪੱਗੜੀ ਬੰਨ੍ਹੀ,
ਖੂਬ ਨੱਚਿਆ ਮੇਰਾ ਭਾਈ ਸੰਨੀ,
ਮਾਮੀਆਂ ਨੇ ਰਲ ਕੇ ਗੀਤ ਗਾਏ,
ਫੁੱਫੜ ਜੀ ਨੇ ਵੀ ਚਾਅ ਪੁਗਾਏ,
ਆਂਢੀਆਂ - ਗੁਆਂਢੀਆਂ ਖੁਸ਼ੀ ਮਨਾਈ,
ਸੋਹਣੀ ਮਾਮੀ ਘਰ ਵਿੱਚ ਆਈ,
ਵਿਹੜੇ ਵਿੱਚ ਟੈਂਟ ਲਗਾਏ,
ਦੂਰੋਂ - ਦੂਰੋਂ ਹਲਵਾਈ ਆਏ,
ਜਦੋਂ ਕਿੱਧਰੇ ਵਾਜੇ ਵੱਜਣ
ਤਾਂ ਬੱਚੇ ਸਾਰੇ ਨੱਚਣ ,
ਤਾਂ ਬੱਚੇ ਸਾਰੇ ਨੱਚਣ ...।



**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
9478561356

## ਇਕ ਨਜਮ ਤੇਰੇ ਨਾਂਅ

ਮੇਰਾ ਕਸੂਰ ਕੀ ?
ਦੋ ਪੈਰ ਧਨਾਡਾਂ ਦੀ ਜਮੀਂਨ ਤੇ ਧਰ ਬੈਠਾ !
ਆਜਾਦ ਭਾਰਤ ਦੇ ਸੰਵਿਧਾਨ ਤੇ ਬਸ
ਬਰਾਬਰਤਾ ਦਾ ਯਕੀਨ ਕਰ ਬੈਠਾ !!!
ਤਿੱਤਲੀਆਂ ਕਦੇ ਪਤੰਗਾਂ ਪਿੱਛੇ ਨੱਠਣਾ
ਨੱਠਦਿਆਂ -ਨੱਠਦਿਆਂ ..ਉਡਣ ਦੀ ਕਲਪਨਾ
ਬੇਖਬਰ ਹੋ ਜਾਣਾ... ਚਾਵਾਂ ਦੇ ਖੰਭ ਫੜਦਿਆਂ
ਜੂਹਾਂ-ਹੱਦਾਂ, ਵਾੜਾਂ-ਦੀਵਾਰਾਂ ਤੋਂ ਪਾਰ !!
ਮਹਜਬਾਂ, ਜਾਤਾਂ ਦੇ... ਪੁੱਠ-ਕੰਡਿਆਂ 'ਚ ਗਿਰਨਾ
ਗਿਰੇ ਨੂੰ ਧੂਹ ਲੈ ਜਾਣਾ ...ਪੰਜਿਆਂ' 'ਚ ਜਕੜ੍
ਖੂੰਖਾਰ.. ਵਹਿਸੀ.. ਸ਼ਿਕਰੇ ਦਰਿੰਦੇ ਨੇ!!
ਤੋੜ ਦੇਣੀਆਂ ਪਸਲੀਆਂ, ...ਹੱਡੀਆਂ!!!
ਸਾਇਦ ਮੈਂ ਵੀ ਪਸੂ ਸੀ !
"ਮੋਰਾਂਵਾਲੀ" ਦੇ ਕੋਈ ਅਵਾਰਾ ਜਿਹਾ!!
ਕਸੂਰ ਮੇਰਾ ਸੀ,
ਚਾਹਿਤ ਆਜਾਦ ਉਡਣ ਦੀ
ਕੋਬਰਿਆਂ ਦੀਆਂ ਵਰਨੀਆਂ ਉਪਰੋਂ
ਪਰ ਗਾਲਾਂ ਮੇਰੀ ਜਨਨੀ ਮਾਂ ਨੂੰ ਕਿਉਂ ?
ਗਾਲਾਂ ਮੇਰੀ ਜਾਤ ਨੂੰ ਕਿਉਂ ?
ਗਾਲਾਂ ਮੇਰੀ ਔਕਾਤ ਨੂੰ ਕਿਉਂ ?
ਮੇਰਾ ਕਸੂਰ ਆਜਾਦ ਭਾਰਤ 'ਚ
ਜੰਮਣਾ ਕਿਰਤੀ ਗੁਲਾਮ ਦੇ
ਬੇ-ਜਮੀਨਿਆਂ ਦੇ !!
ਸਕਤੀਹੀਣਾਂ ਦੇ !!
ਸਦੀਆਂ ਤੋਂ ਲਿਤਾੜਿਆ, ਪਸੀਜਿਆਂ ਦੇ !!
ਧੱਕੇਸਾਹੀਆਂ ਦਾ ਸੰਤਾਪ ਤਾਂ
ਸਾਡੇ ਮੱਥਿਆਂ ਤੇ ਉਕਰਿਆ ਪਿਐ !!
ਰੁਲਦੇ ਨੇ ਬਚਪਨ ਅਸਾਡੇ
ਧਨਾਡਾਂ ਦੀਆਂ ਖੁਰਲੀਆਂ 'ਚ
ਡੰਗਰਾਂ ਵਾਲੇ ਰੱਸੇ ਸਾਡਿਆਂ ਗਲਿਆਂ ਵਿੱਚ
ਡੰਡਿਆਂ ਦੀਆਂ ਲਾਸਾਂ ਹੰਡਾਉਦੇਂ ਸਾਡੇ ਪਿੰਡੇ
ਹਾਂ ਅਸੀਂ ਆਜਾਦ ਮੁਲਕ ਦੇ ਆਜਾਦ ਬਸ਼ਿੰਦੇ
ਕਟੇ ਖੰਭਾਂ ਵਾਲੇ..ਨੋਚੇ,.. ਜਕੜੇ ਪਰਿੰਦੇ!



**ਬਲਜਿੰਦਰ ਸਿੰਘ 'ਬਾਲੀ ਰੇਤਗੜ੍ਹ'**
+919465129168

## ਅਦਾਲਤਾਂ 'ਤੇ ਆਸ

ਰਾਜ-ਮਦ ਦੇ ਨਸ਼ੇ ਵਿੱਚ ਚੂਰ ਹੋ ਕੇ
ਮੱਤ-ਦਾਨ ਦੀ 'ਮੱਤ' ਵੀ ਮਾਰ ਦਿੰਦੇ।

ਧੱਕੇਸ਼ਾਹੀ ਕਰਵਾਉਂਦੇ ਨੇ ਚਮਚਿਆਂ ਤੋਂ
ਜਿੱਤੇ ਹੋਇਆਂ ਦੇ ਤਾਈਂ ਵੀ ਹਾਰ ਦਿੰਦੇ।

'ਪੁੱਠ ਚਾੜ੍ਹਦੇ' ਧਰਮ ਦੀ ਚਤਰ ਬਣਕੇ
ਪਸ਼ੂਆਂ ਵਾਂਗ ਹੀ ਲੋਕਾਂ ਨੂੰ ਚਾਰ ਦਿੰਦੇ।

ਕਹਿੰਦੇ ਰਹਿੰਦੇ ਨੇ ਦਿਆਂ ਗੇ ਫੁੱਲ ਸਭਨੂੰ
ਹੁਕਮਰਾਨ ਬਣਕੇ ਐਪਰ 'ਖਾਰ' ਦਿੰਦੇ।

ਠੱਲ੍ਹ ਪਵੇ ਗੀ ਕਿੱਦਾਂ ਇਹ ਫਿਕਰ ਭਾਰੀ
ਜਾ ਰਹੇ ਵਿਗੜਦੇ ਦੇਖ ਕੇ ਹਾਲਤਾਂ ਨੂੰ।

ਲੋਕ-ਰਾਜ ਦਾ ਕਤਲ ਜਦ ਹੋਣ ਲੱਗੇ
ਹੋਣਾ ਚਾਹੀਦਾ 'ਸਖਤ' ਅਦਾਲਤਾਂ ਨੂੰ!



**ਤਰਲੋਚਨ ਸਿੰਘ 'ਦੁਪਾਲ ਪੁਰ'**
78146-92724

## ਭਾਨਾ-ਸਿੱਧੂ

ਪਿੰਡ ਕੋਟਦੂਨੇ ਦਾ ਜੰਮਿਆ ਮੁੰਡਾ ਭਾਨਾ ਦੁਨੀਆ ਕਹਿੰਦੀ
ਡ ਰਦੀ ਹੈ ਸਰਕਾਰ ਵੀ ਉਸ ਤੋਂ ਉਚਾ ਸਾਹ ਨਾ ਲੈਂਦੀ
ਭੇਤ ਖਲੋਂਦਾ ਏਜੰਟਾਂ ਦੇ ਤਾਂ ਹੀ ਮਸਲੇ ਬਣ ਗਏ ਭਾਰੇ
ਕੀ ਮਾੜਾ ਕਰਤਾ ਭਾਨੇ ਨੇ ਕਿਉਂ ਦੁਸ਼ਮਣ ਬਣ ਗਏ ਸਾਰੇ।

ਸੱਚੀ ਗੱਲ ਦਾ ਦੁੱਖ ਲੱਗਦਾ ਉਹ ਕਹਿਣ ਦੁਹਾਈਆਂ ਪਾਉਂਦੇ
ਪਰਖ ਲੈਂਦੀ ਫਿਰ ਦੁਨੀਆ ਤੇ ਜਿਹੜੇ ਝੂਠੇ ਲਾਰੇ ਲਾਉਂਦੇ
ਠੱਗੀ ਠੋਰੀ ਕਰਦਾ ਜਿਹੜਾ ਉਹਨੂੰ ਦਿਨੇ ਦਿਖਾਉਂਦਾ ਤਾਰੇ
ਕੀ ਮਾੜਾ ਕਰਤਾ ਭਾਨੇ ਨੇ ਕਿਉਂ ਦੁਸ਼ਮਣ...

ਕਿਵੇਂ ਸ਼ਾਮ ਸਵੇਰੇ ਦਾਅ ਲਾਉਂਦੇ ਨਿੱਤੇ ਏਜੰਟ ਮਾਰਦੇ ਠੱਗੀ
ਦਿਲ ਪੁੱਛਿਆ ਫਿਰ ਜਾਣੇ ਉਨ੍ਹਾਂ ਦਾ ਠੱਗੀ ਜੀਹਦੇ ਨਾਲ ਵੱਜੀ
ਫਿਰ ਹੱਥ ਪੈਰ ਉਹ ਮਾਰਦਾ ਤੇ ਉਹਨੂੰ ਝੂਠੇ ਲਾਉਂਦੇ ਲਾਰੇ
ਕੀ ਮਾੜਾ ਕਰਤਾ ਭਾਨੇ ਨੇ ਕਿਉਂ ਦੁਸ਼ਮਣ...

ਕੀ ਨੀ ਸੁਣਦਾ ਕੀ ਇਥੇ ਕਰਦਾ ਲੋਕੀਂ ਢੋਲ ਵਜਾਉਂਦੇ
ਜਦ ਧੱਬਾ ਲੱਗਦਾ ਸਿਰ ਸਰਦਾਰਾਂ ਫਿਰ ਝੂਠੇ ਕੇਸ ਬਣਾਉਂਦੇ
ਅੱਕੇ ਸਤੇ ਫਿਰ ਬਦਲਾ ਲੈਂਦੇ ਉਹ ਮੌਤੇ ਮੂਲ ਨਾ ਹਾਰੇ
ਕੀ ਮਾੜਾ ਕਰਤਾ ਭਾਨੇ ਨੇ ਕਿਉਂ ਦੁਸ਼ਮਣ...

ਆਈਆਂ ਤੇ ਕਈ ਸਰਕਾਰਾਂ ਗਈਆਂ ਕਲ ਆਸ ਕਿਸੇ ਨੇ ਰੱਖਣੀ
ਲਾਰੇ ਸਦੀਆਂ ਤੋਂ ਇਹ ਲਾਉਂਦੇ ਝੋਲੀ ਭਰ ਦਿੰਦੇ ਨੇ ਸੱਖਣੀ
ਤਾਂ ਹੀ 'ਦੇਵ ਘੋਲੀਆ' ਦੇਵੇ ਦੁਹਾਈਆਂ ਕਰਦੇ ਪੁੱਠੇ ਕਾਰੇ
ਕੀ ਮਾੜਾ ਕਰਤਾ ਭਾਨੇ ਨੇ ਕਿਉਂ ਦੁਸ਼ਮਣ ਬਣ ਗਏ ਸਾਰੇ



**ਗੀਤਕਾਰ ਦੇਵ ਘੋਲੀਆ ਖੁਰਦ**
559-232-7764

## ਖੁੱਲ੍ਹੇ ਖੁੱਲ੍ਹੇ ਵਿਹੜੇ

ਖੁੱਲ੍ਹੇ ਖੁੱਲ੍ਹੇ ਵਿਹੜਿਆਂ 'ਚ ਖੁੱਲ੍ਹੀਆਂ ਹਵਾਵਾਂ ਸਨ।
ਬਾਪੂ ਘੱਟ ਪੜ੍ਹੇ ਲਿਖੇ, ਅਨਪੜ੍ਹ ਮਾਵਾਂ ਸਨ।

ਕੰਧਾਂ ਕੋਠੇ ਕੱਚੇ ਅਤੇ ਕੱਚੇ ਕੱਚੇ ਵਿਹੜੇ ਸਨ,
ਪਿੰਡਾਂ ਵਿਚ ਸਾਰੇ ਪਾਸੇ ਕੱਚੀਆਂ ਹੀ ਥਾਵਾਂ ਸਨ।

ਖੇਤੀਬਾੜੀ ਧੰਦੇ ਵਿਚ ਮਿੱਟੀ ਨਾਲ ਮਿੱਟੀ ਲੋਕ,
ਹਰ ਘਰ ਪਲਦੀਆਂ ਮੱਝੀਆਂ ਤੇ ਗਾਵਾਂ ਸਨ।

ਸ਼ੁੱਧ ਹਵਾ ਰੁਮਕੇ ਤੇ ਸ਼ੁੱਧ ਜਲ ਪਾਣੀ ਦੀਆਂ,
ਸਾਰੇ ਪਾਸੇ ਵਹਿੰਦੀਆਂ ਸ਼ੁੱਧ ਹੀ ਧਰਾਵਾਂ ਸਨ।

ਰੱਬ ਦਾ ਸੀ ਖੌਫ ਘੱਟ ਕਰਦੇ ਕਪਟ ਲੋਕੀਂ,
ਸੱਚੇ ਦਿਲੋਂ ਸਭ ਤਾਈਂ ਦੇਂਦੇ ਉਹ ਦੁਆਵਾਂ ਸਨ।

ਰਿਸ਼ਵਤਾਂ ਘੱਟ ਤੇ ਈਮਾਨਦਾਰੀ ਵਾਧੂ ਸੀ,
ਮਿਹਨਤਾਂ ਦੇ ਯੁੱਗ ਵਿਚ ਵਧੀਆ ਸੇਵਾਵਾਂ ਸਨ।

ਆਵਾਜਾਈ ਸਾਧਨਾਂ ਦੀ ਘਾਟ ਬੜੀ ਹੁੰਦੀ ਸੀ,
ਯਾਤਰੂ ਸਹੂਲਤਾਂ ਲਈ ਬਣੀਆਂ ਸਰਾਵਾਂ ਸਨ।

ਨੱਠ ਭੱਜ ਕਾਫੀ ਹੁੰਦੀ ਸ਼ੌਂਕ ਸੀ ਕਸਰਤਾਂ ਦੇ,
ਖੁਰਾਕਾਂ ਸਨ ਦੇਸੀ ਅਤੇ ਦੇਸੀ ਹੀ ਦੁਆਵਾਂ ਸਨ।

ਸਬਰ ਸੰਤੋਖ ਤੇ ਸਕੂਨ 'ਚ ਸੀ ਰਹਿੰਦੇ ਸਾਰੇ,
ਸੀਮਤ ਸੀ ਲੋੜਾਂ ਅਤੇ ਨਿੱਕੀਆਂ ਇੱਛਾਵਾਂ ਸਨ।

ਵਿਗੜਿਆਂ ਹੋਇਆਂ ਦਾ ਸੁਧਾਰ ਸੌਖਾ 'ਲਾਂਬੜਾ' ਸੀ,
ਘਰੋਂ ਤੇ ਸਕੂਲੋਂ ਮਿਲ ਜਾਂਦੀਆਂ ਸਜਾਵਾਂ ਸਨ।



**ਸੁਰਜੀਤ ਸਿੰਘ ਲਾਂਬੜਾ**
92177-90689

## ਸੰਧੂ ਦੀ ਗ਼ਜ਼ਲ

ਹਥਿਆਰ, ਲਫ਼ਜ਼, ਜਜ਼ਬੇ
ਐਦਾਂ ਜੰਗਾਲ ਹੋਏ।
ਸਮਰੱਥ ਹੱਥ ਮੇਰੇ
ਬੇਬਸ-ਬਿਹਾਲ ਹੋਏ।
ਉੱਕਰ ਗਏ ਸਮੇਂ ਦੀ
ਹਿੱਕ 'ਤੇ ਉਹ ਪੈੜ ਅਪਣੀ,
ਸਾਡੇ ਤੋਂ ਨਕਸ਼ ਵੀ ਨਾ
ਅਪਣੇ ਸੰਭਾਲ ਹੋਏ।
ਉਸ ਚਾਲਬਾਜ਼ ਉੱਤੇ
ਇਕ ਵੀ ਨਾ ਉੱਠੀ ਉਂਗਲ,
ਮੇਰੀ ਸਾਦਗੀ 'ਤੇ ਐਪਰ
ਸੌ-ਸੌ ਸਵਾਲ ਹੋਏ।
ਲਫ਼ਜ਼ਾਂ ਤੇ ਰੰਗਾਂ ਨੂੰ ਮੈਂ
ਕਿੱਦਾਂ ਅਕਾਰ ਦੇਵਾਂ?
ਰੱਖਣੇ ਕਲਮ ਬੁਰੱਸ਼ ਵੀ
ਹੁਣ ਤਾਂ ਮੁਹਾਲ ਹੋਏ।
ਖ਼ਬਰੇ ਲਿਖੀ ਹੈ ਉਸ ਨੇ
ਚਿੱਠੀ 'ਚ ਕਿਹੜੀ ਭਾਸ਼ਾ?
ਮੇਰੇ ਤੋਂ ਲਫ਼ਜ਼ ਵੀ ਨਾ
ਉਸ ਦੇ ਉਠਾਲ ਹੋਏ।
ਵੱਖ ਵੱਖ ਵਿਚਾਰ ਹੁੰਦਿਆਂ
ਉਮਰਾ ਗੁਜ਼ਾਰੀ 'ਕੱਠੀ,
ਹੱਥਾਂ 'ਚੋਂ ਕਿਰ ਗਏ ਉਹ,
ਜਦ ਹਮ-ਖ਼ਿਆਲ ਹੋਏ।
ਇਕ ਅਰਸਾ ਹੋ ਗਿਆ ਸੀ,
ਇਕ ਸ਼ਿਅਰ ਵੀ ਨਾ ਹੋਇਆ,
ਜਦ ਸ਼ਿਅਰ ਹੋਏ 'ਸੰਧੂ',
ਬਸ ਬਾ-ਕਮਾਲ ਹੋਏ।



**ਅਮਰਜੀਤ ਸਿੰਘ ਸੰਧੂ**
94636-13528

## ਗ਼ਜ਼ਲ

ਲੱਖਾਂ ਸੱਟਾਂ ਖਾ ਕੇ ਦਿਲ ਪੱਥਰ ਹੋਇਆ,
ਕੋਈ ਗੱਲ ਨ੍ਹੀ, ਜੇ ਕਰ ਗ਼ਮ ਖ਼ੰਜਰ ਹੋਇਆ।
ਹੁਣ ਉੱਥੇ ਜਾ ਕੇ ਕਿਸ ਨੇ ਸੀਸ ਝੁਕਾਉਣਾ?
ਚੋਰਾਂ ਦਾ ਅੱਡਾ ਜਿਹੜਾ ਮੰਦਰ ਹੋਇਆ।
ਪੰਛੀ ਵੀ ਪੀ ਨਾ ਸਕਦੇ ਪਾਣੀ ਜਿਸ ਦਾ,
ਮੈਨੂੰ ਦੱਸੋ, ਉਹ ਕਾਹਦਾ ਸਾਗਰ ਹੋਇਆ।
ਰਾਹ 'ਚ ਕਿਸੇ ਦੀ ਨੰਗੀ ਲਾਸ਼ ਪਈ ਤੱਕ ਕੇ,
ਕੀ ਦੱਸਾਂ, ਕੀ ਮੇਰੇ ਦਿਲ ਅੰਦਰ ਹੋਇਆ।
ਉਹ ਕਾਮੇ ਦਾ ਬਦਲ ਮੁਕੱਦਰ ਨ੍ਹੀ ਸਕਦਾ,
ਜਿਸ ਤੋਂ ਆਪਣਾ ਨਾ ਬਦਲ ਮੁਕੱਦਰ ਹੋਇਆ।
ਉਸ ਦਫਤਰ ਦਾ ਕੰਮ ਭਲਾ ਕਿੰਝ ਚੱਲੇਗਾ?
ਜਿਸ ਦਾ ਹਰ ਇੱਕ ਬਾਬੂ ਹੀ ਅਫਸਰ ਹੋਇਆ।
ਕੁਝ ਹੱਸੇ, ਕੁਝ ਰੋਏ ਤੇ ਕੁਝ ਚੁੱਪ ਹੋਏ,
ਸੁਣ ਕੇ ਮੇਰੇ ਸ਼ਿਅਰ ਇਵੇਂ ਅਕਸਰ ਹੋਇਆ।



**ਮਹਿੰਦਰ ਸਿੰਘ ਮਾਨ**
9915803554

## ਦਰਦ ਅਵੱਲੇ

ਅਲ੍ਹੜ ਉਮਰੇ ਗਲੀ ਮੁਹੱਲੇ ,
ਦਰਦ ਵਿਕਣੇ ਆਏ ਸੁਵੱਲੇ।
ਖਰੀਦ ਲਏ ਭਰ ਭਰ ਪੱਲੇ,
ਰੱਜ ਰੱਜ ਉਹ ਹੰਢਾਉਂਦੇ ਹਾਂ।
ਪੀੜਾਂ ਦੇ ਲੱਪ ਲੱਪ ਪਰਾਗੇ,
ਤੇ ਭੱਠੀ ਨਿੱਤ ਭੁੰਨਾਉਂਦੇ ਹਾਂ।

ਚੜ੍ਹੀ ਜਵਾਨੀ ਮਨ ਸੀ ਕੋਰਾ,
ਜਿੰਦ ਨੂੰ ਐਵੇਂ ਲਾਇਆ ਝੋਰਾ।
ਭੁਰ ਭੁਰ ਜਾਵੇ ਹੋ ਭੋਰਾ ਭੋਰਾ,
ਹੁਣ ਕੇਵਲ ਪਛਤਾਉਂਦੇ ਹਾਂ।
ਬੀਤਿਆ ਵੇਲਾ ਨ 'ਥਿਆਵੇ,
ਜਿੰਦ ਨੂੰ ਗਮ ਖਿਲਾਉਂਦੇ ਹਾਂ ।

ਦਿਨ ਲੰਘੇ ਜੋ ਚਾਈਂ ਚਾਈਂ,
ਯਾਦਾਂ ਵਿੱਚ ਲੁਕੇ ਅਜੇ ਤਾਈਂ ।
ਉਮਰ ਹਿਜ਼ਰਾਂ ਵਿੱਚ ਲੰਘਾਈ,
ਚੁੱਕ ਚੁੱਕ ਝੁੱਲਕਾ ਪਾਉਂਦੇ ਹਾਂ।
ਹਉਂਕੇ ਭਰ ਕੇ ਸੁੱਕੀਆਂ ਅੱਖਾਂ,
ਲਾਰਿਆਂ ਸੰਗ ਪਤਿਆਉਂਦੇ ਹਾਂ।

ਆਪ ਸਹੇੜੀ ਨੂੰ ਕੌਣ ਛੁਡਾਵੇ,
ਗੱਲ ਇਹੋ ਹੀ ਸਮਝ ਨ ਆਵੇ।
ਦਿਲ ਨੂੰ ਧੁੜਕੂ ਹੈ ਖਾਈ ਜਾਵੇ,
ਦੇਖੋ ਪੱਲਾ ਕਿੰਝ ਛਡਾਉਂਦੇ ਹਾਂ।
ਨਾ ਖੁਦ ਕੀਤੀ ਨਾ ਹੱਡ ਬੀਤੀ,
ਜਵਾਨਾਂ ਤਾਈਂ ਸਮਝਾਉਂਦੇ ਹਾਂ।



**ਸੇਵਾ ਸਿੰਘ 'ਨੂਰਪੁਰੀ'**

# ਕੰਮਕਾਜੀ ਔਰਤ ਦੂਹਰੇ ਕੰਮ ਦਾ ਬੋਝ ਕਿਵੇਂ ਸਹਿਣ ਕਰੇ ?

ਅੱਜ ਦੇ ਆਧੁਨਿਕ ਯੁੱਗ ਵਿੱਚ ਹਰ ਲੜਕੀ ਉੱਚ ਵਿੱਦਿਅਕ ਯੋਗਤਾ ਹਾਸਲ ਕਰਨ ਦੇ ਉਪਰਾਲੇ ਕਰਦੀ ਹੈ। ਉਸ ਦੇ ਮਾਂ-ਬਾਪ ਵੀ ਚਾਹੁੰਦੇ ਹਨ ਕਿ ਸਾਡੀ ਲੜਕੀ ਚੰਗਾ ਪੜ੍ਹ- ਲਿਖ ਜਾਵੇ ਤਾਂ ਕਿ ਉਸ ਦਾ ਭਵਿੱਖ ਰੌਸ਼ਨ ਹੋਵੇ ਅਤੇ ਉਹ ਆਤਮ-ਵਿਸ਼ਵਾਸੀ ਤੇ ਸਵੈ-ਨਿਰਭਰ ਜ਼ਿੰਦਗੀ ਜਿਉਂ ਸਕੇ॥ ਅੱਜ ਬਹੁਗਿਣਤੀ ਲੜਕੀਆਂ ਘਰਦਿਆਂ ਦੇ ਸਹਿਯੋਗ ਨਾਲ ਆਪਣੇ ਬਲਬੂਤੇ 'ਤੇ ਯੋਗਤਾ ਅਨੁਸਾਰ ਚੰਗਾ ਅਹੁਦਾ ਤੇ ਰੁਤਬਾ ਹਾਸਲ ਕਰ ਰਹੀਆਂ ਹਨ। ਮਾਂ-ਬਾਪ ਦੇ ਆਸਰੇ ਲੜਕੀ ਦੀ ਜ਼ਿੰਦਗੀ ਪਹਿਲਾਂ ਵਾਂਗ ਹੀ ਚੱਲੀ ਜਾ ਰਹੀ ਹੁੰਦੀ ਹੈ, ਪਰ ਵਿਆਹ ਤੋਂ ਬਾਅਦ ਸਹੁਰੇ ਪਰਿਵਾਰ 'ਚ ਉਸ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ।

ਬਾਹਰੀ ਕੰਮਕਾਜ ਤੋਂ ਇਲਾਵਾ ਉਸ ਨੂੰ ਬੱਚਿਆਂ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਦੇ ਨਾਲ ਘਰ ਦੇ ਹਰ ਮੈਂਬਰ ਦੀ ਖ਼ੁਸ਼ੀ ਤੇ ਬਿਹਤਰੀ ਬਾਰੇ ਵੀ ਸੋਚਣਾ ਪੈਂਦਾ ਹੈ। ਇਸ ਤਰ੍ਹਾਂ ਅੱਜ ਬਹੁਗਿਣਤੀ ਔਰਤਾਂ ਇਸ ਦੂਹਰੇ ਕੰਮ ਦੇ ਬੋਝ ਕਾਰਨ ਤਣਾਅ ਦਾ ਸ਼ਿਕਾਰ ਹੋ ਰਹੀਆਂ ਹਨ। ਇਸ ਤਰ੍ਹਾਂ ਉਨ੍ਹਾਂ ਦੀ ਮਾਨਸਿਕ ਤੇ ਸਰੀਰਕ ਸਿਹਤ ਤਾਂ ਖ਼ਰਾਬ ਹੁੰਦੀ ਹੀ ਹੈ, ਨਾਲ ਹੀ ਉਨ੍ਹਾਂ ਦੀ ਕਾਰਜ-ਕੁਸ਼ਲਤਾ, ਗ੍ਰਹਿਸਥੀ ਜੀਵਨ ਤੇ ਬੱਚੇ ਵੀ ਪ੍ਰਭਾਵਿਤ ਹੁੰਦੇ ਹਨ। ਇਸ ਲਈ ਜ਼ਰੂਰੀ ਹੈ ਕਿ ਰੁਝੇਵਿਆਂ ਭਰੀ ਜ਼ਿੰਦਗੀ ਦੇ ਬਾਵਜੂਦ ਉਹ ਖ਼ੁਦ ਬਾਰੇ ਸੋਚਣ ਤੇ ਆਪਣੇ ਲਈ ਵੀ ਸਮਾਂ ਕੱਢਣ ਤਾਂ ਕਿ ਉਨ੍ਹਾਂ 'ਚ ਕੰਮ ਕਰਨ ਦੀ ਤਾਜ਼ਗੀ ਤੇ ਸਫੁਰਤੀ ਹਮੇਸ਼ਾਂ ਕਾਇਮ ਰਹੇ। ਇਸ ਤਣਾਅ ਤੋਂ ਮੁਕਤ ਹੋਣ ਦਾ ਪਹਿਲਾ ਨੁਕਤਾ ਇਹ ਹੈ ਕਿ ਆਪਣੇ ਕੰਮਾਂ ਨੂੰ ਖ਼ੁਸ਼ੀ ਖ਼ੁਸ਼ੀ ਸਵੀਕਾਰੋ ਅਤੇ ਹਰ ਕੰਮ ਦਿਲਚਸਪੀ ਨਾਲ ਕਰੋ। ਸਕਾਰਾਤਮਿਕ ਸੋਚ ਅਪਨਾਉਣ ਨਾਲ ਇਹ ਕਦੀ ਵੀ ਬੋਝ ਨਹੀਂ ਲੱਗਣਗੇ।। ਇਸ ਦੇ ਨਾਲ ਹੀ ਘਰ ਅਤੇ ਘਰ ਤੋਂ ਬਾਹਰ ਕੀਤੇ ਜਾਣ ਵਾਲੇ ਕੰਮਾਂ ਦੀ ਵਿਉਂਤਬੰਦੀ ਕਰਕੇ ਸਮੇਂ ਦੀ ਸਹੀ ਵੰਡ ਤੇ ਵਰਤੋਂ ਕਰੋ। ਤਰਜੀਹ ਦੇ ਆਧਾਰ 'ਤੇ ਜੋ ਕੰਮ ਜ਼ਰੂਰੀ ਹੈ ਉਸ ਨੂੰ ਪਹਿਲਾਂ ਹੱਥ ਪਾਇਆ ਜਾਵੇ।



ਘਰੇਲੂ ਕੰਮਾਂ ਨੂੰ ਸ਼ਾਮ ਨੂੰ ਨਿਪਟਾ ਲਿਆ ਜਾਵੇ ਤੇ ਵੱਧ ਤੋਂ ਵੱਧ ਸਮਾਂ ਕੱਢ ਕੇ ਬੱਚਿਆਂ ਦਾ ਸਕੂਲ ਦਾ ਕੰਮ ਵੇਲੇ ਸਿਰ ਵੇਖ ਲਿਆ ਜਾਵੇ ਤਾਂ ਚੰਗਾ ਹੈ। ਬੱਚਿਆਂ ਦੀਆਂ ਮੁਸ਼ਕਲਾਂ ਤੋਂ ਜਾਣੂ ਹੋਵੋ ਤੇ ਉਨ੍ਹਾਂ ਨੂੰ ਹੱਲ ਕਰੋ ਕਿਉਂਕਿ ਬੱਚਾ ਮਾਂ ਤੋਂ ਵੱਧ ਕਿਸੇ ਹੋਰ ਨਾਲ ਖੁੱਲ੍ਹ ਕੇ ਗੱਲ ਨਹੀਂ ਕਰੇਗਾ। ਘਰ ਆ ਕੇ ਦਫ਼ਤਰ ਦੇ ਕੰਮਾਂ ਨੂੰ ਭੁੱਲਣਾ ਹੀ ਬਿਹਤਰ ਹੈ। ਇਸ ਨਾਲ ਸਰੀਰਕ ਤੇ ਮਾਨਸਿਕ ਸ਼ਕਤੀ ਨਸ਼ਟ ਨਹੀਂ ਹੋਵੇਗੀ। ਸ਼ਾਮ ਨੂੰ ਸਾਰੇ ਪਰਿਵਾਰ 'ਚ ਬੈਠ ਕੇ ਹਲਕੀਆਂ ਫੁਲਕੀਆਂ ਗੱਲਾਂ- ਬਾਤਾਂ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ ਤੇ ਕੋਈ ਮਨੋਰੰਜਨ ਦਾ ਸਾਧਨ ਵੀ ਲੱਭਿਆ ਜਾ ਸਕਦਾ ਹੈ। ਮਨ ਦੀ ਤਾਜ਼ਗੀ ਲਈ ਅਖ਼ਬਾਰ ਜਾਂ ਕਿਸੇ ਕਿਤਾਬ ਨਾਲ ਦੋਸਤੀ ਰੱਖੋ। ਸਭ ਤੋਂ ਜ਼ਰੂਰੀ ਹੈ ਸੈਰ ਤੇ ਕਸਰਤ ਲਈ ਸਮਾਂ ਕੱਢਣਾ। ਫਿਰ ਚਾਹੇ ਬੱਚਿਆਂ ਨਾਲ ਘਰ ਦੇ ਵਿਹੜੇ 'ਚ ਹੀ ਕਿਉਂ ਨਾ ਖੇਡ ਲਿਆ ਜਾਵੇ। ਇਸ ਤਰ੍ਹਾਂ ਜ਼ਿੰਦਗੀ ਦੀ ਨੀਰਸਤਾ ਤੋਂ ਬਚਿਆ ਜਾ ਸਕਦਾ ਹੈ। ਔਰਤ ਨੂੰ ਛੋਟੇ ਬੱਚਿਆਂ ਦੀ ਸਾਂਭ-ਸੰਭਾਲ ਤੇ ਘਰ 'ਚ ਇਕੱਲੇ ਰਹਿਣ ਦੀ ਚਿੰਤਾ ਹਮੇਸ਼ਾਂ ਸਤਾਉਂਦੀ ਹੈ। ਇਸ ਲਈ ਬਿਹਤਰ ਹੈ ਕਿ ਆਪਣੇ ਘਰ ਦੇ ਬਜ਼ੁਰਗ ਮੈਂਬਰ ਜਾਂ ਸਕੇ- ਸਬੰਧੀਆਂ 'ਚੋਂ ਕਿਸੇ ਭਰੋਸੇਯੋਗ ਵਿਅਕਤੀ ਨੂੰ ਨਾਲ ਰੱਖੀਏ। ਬੱਚਿਆਂ ਦੀਆਂ ਛੁੱਟੀਆਂ 'ਚ ਕਿਤੇ ਬਾਹਰ ਘੁੰਮ ਆਉਣ ਦਾ ਪ੍ਰੋਗਰਾਮ ਵੀ ਬਣਾ ਲੈਣਾ ਚਾਹੀਦਾ ਹੈ।



**ਵਿਜੈ ਗਰਗ ਸਾਬਕਾ**
**ਪੀ.ਈ..ਐਸ. - 1**
**ਸੇਵਾਮੁਕਤ ਪ੍ਰਿੰਸਪਲ**

ਕਿਸੇ ਵੀ ਕੰਮਕਾਜੀ ਔਰਤ ਦਾ ਬੋਝ ਘਟਾਉਣ ਲਈ ਸਮੁੱਚਾ ਪਰਿਵਾਰ ਅਹਿਮ ਭੂਮਿਕਾ ਨਿਭਾ ਸਕਦਾ ਹੈ। ਉਸ ਨੂੰ ਪੂਰਾ ਸਹਿਯੋਗ, ਪਿਆਰ, ਬਣਦਾ ਸਤਿਕਾਰ, ਪ੍ਰਸ਼ੰਸਾ ਤੇ ਹਮਦਰਦੀ ਭਰਿਆ ਵਰਤਾਉ ਮਿਲਦਾ ਰਹੇ ਤਾਂ ਉਸ ਦੀ ਸਾਰੀ ਥਕਾਵਟ ਉੱਤਰ ਜਾਂਦੀ ਹੈ। ਸਭ ਤੋਂ ਵੱਧ ਫ਼ਰਜ਼ ਬਣਦਾ ਹੈ। ਪਤੀ ਦਾ। ਜੇ ਪਤੀ-ਪਤਨੀ ਇੱਕ ਦੂਜੇ ਦੇ ਹਰ ਪਲ ਸਹਾਈ ਹੋਣ ਅਤੇ ਹਰ ਸਮੱਸਿਆ ਦਾ ਹੱਲ ਬੈਠ ਕੇ ਧੀਰਜ ਤੇ ਤਹੱਮਲ ਨਾਲ ਕਰਨ ਤਾਂ ਹਰ ਰਸਤਾ ਮਿਲ ਜਾਂਦਾ ਹੈ। ਜੇ ਔਰਤ ਬਾਹਰ ਕੰਮ ਕਰਕੇ ਬਰਾਬਰ ਦੀ ਕਮਾਈ ਘਰ ਲਿਆਉਂਦੀ ਹੈ ਤਾਂ ਘਰ ਦਾ ਸਾਰਾ ਬੋਝ ਉਸ 'ਤੇ ਕਿਉਂ ? ਮਰਦ ਨੂੰ ਵੀ ਘਰ ਦੇ ਸਾਰੇ ਕੰਮ ਕਰਨ ਦੇ ਕਾਬਲ ਬਣਨਾ ਚਾਹੀਦਾ ਹੈ। ਘਰ ਦੇ ਕੰਮ ਕਰਨੇ ਹੁਣ ਮੁਸ਼ਕਿਲ ਨਹੀਂ ਹਨ ਕਿਉਂਕਿ ਸਾਰੇ ਘਰਾਂ 'ਚ ਅੱਜ ਬਿਜਲੀ ਉਪਕਰਣ ਹਨ, ਲੋੜ ਹੁੰਦੀ ਹੈ ਸਿਰਫ਼ ਸਮਾਂ ਦੇਣ ਦੀ। ਅੱਜ ਤੋਂ ਕੁਝ ਦਹਾਕੇ ਪਹਿਲਾਂ ਤੋਂ ਹੁਣ ਹਾਲਾਤ ਬਦਲੇ ਵਿਖਾਈ ਦੇ ਰਹੇ ਹਨ। ਅੱਜ ਦੇ ਯੁੱਗ 'ਚ ਹਰ ਸੁੱਖ ਸਹੂਲਤਾਂ ਵਾਲੀ ਜ਼ਿੰਦਗੀ ਜਿਊਣ ਤੇ ਮਾਣਨ ਦੀ ਖਵਾਹਿਸ਼ ਵੱਧ ਹੈ। ਘਰ ਦੀ ਆਮਦਨ 'ਚ ਇਜ਼ਾਫ਼ਾ ਕਰਨ ਖਾਤਰ ਔਰਤ ਦਾ ਨੌਕਰੀ ਕਰਨਾ ਜ਼ਰੂਰੀ ਮੰਨ ਲਿਆ ਗਿਆ ਹੈ। ਇਸ ਲਈ ਘਰ ਪਰਿਵਾਰ ਖ਼ਾਸ ਕਰਕੇ ਪਤੀ ਉਸ ਦਾ ਸਾਥ ਦੇ ਰਿਹਾ ਹੈ, ਜੋ ਚੰਗੀ ਗੱਲ ਹੈ ਘਰ ਗ੍ਰਹਿਸਥੀ ਔਰਤ ਦੀ ਸਮਝਦਾਰੀ, ਸਹਿਣਸ਼ੀਲਤਾ ਤੇ ਰਹਿਨੁਮਾਈ ਹੇਠ ਹੀ ਠੀਕ ਲੀਹਾਂ 'ਤੇ ਚੱਲ ਸਕਦੀ ਹੈ। ਇਸ ਲਈ ਆਪਣੀ ਇੱਛਾ ਸ਼ਕਤੀ ਤੇ ਦ੍ਰਿੜ੍ਹ ਇਰਾਦੇ ਨੂੰ ਕਾਇਮ ਰੱਖਦੇ ਹੋਏ ਹਰ ਚੁਣੌਤੀਆਂ ਨੂੰ ਪਾਰ ਕਰਦੇ ਜਾਉ ਅਤੇ ਜੀਵਨ ਦੇ ਹਰ ਖੇਤਰ 'ਚ ਅੱਗੇ ਵਧਦੇ ਜਾਉ। ਆਪਣੇ-ਆਪ ਨੂੰ ਦੂਹਰੇ ਕੰਮ ਦੇ ਬੋਝ ਤੋਂ ਮੁਕਤ ਰੱਖੋ। ਇਸ ਤਰ੍ਹਾਂ ਤੁਸੀਂ ਪਰਿਵਾਰ ਤੇ ਸੰਗਠਨ ਲਈ ਵਧੇਰੇ ਕਾਰਜਸ਼ੀਲ ਰਹਿ ਸਕੋਗੇ।

# ਜੇ ਹੱਸ ਕੇ ਬੁਲਾ ਲਵੇਂ ਕਿਧਰੇ



**ਜਗਜੀਤ ਸਿੰਘ ਲੋਹਟਬੱਦੀ**

ਜਦੋਂ ਹਾਸਾ ਛਣਕਦਾ ਹੈ ਤਾਂ ਘੁੰਗਰੂ ਵੱਜਦੇ ਨੇ। ਪਰੀਆਂ ਗੀਤ ਗਾਉਂਦੀਆਂ ਨੇ। ਪੌਣ ਅਠਖੇਲੀਆਂ ਕਰਦੀ ਹੈ। ਬਨਸਪਤੀ ਮੌਲਦੀ ਹੈ। ਪਾਣੀ ਦੀ ਸਰਸਰਾਹਟ ਧੁਨਾਂ ਬਿਖੇਰਦੀ ਹੈ। ਸਮੁੱਚੀ ਪ੍ਰਕਿਰਤੀ ਕਿਸੇ ਅਨਾਹਦ ਰਾਗ ਵਿੱਚ ਮਸਤ ਹੋ ਕੇ ਸੰਗੀਤਕ ਤਰੰਗਾਂ ਨਾਲ ਇੱਕਮਿਕ ਹੋ ਰਹੀ ਹੁੰਦੀ ਹੈ। ਨਿੱਕੀਆਂ ਬੱਦਲੀਆਂ ਅੰਬਰ ਵਿੱਚ ਲਟਕਦੇ ਸ਼ੀਸ਼ਮਈ ਕਣਾਂ ਨੂੰ ਧਰਤੀ ਦੀ ਹਿੱਕ ਠਾਰਨ ਦਾ ਬੁਲਾਵਾ ਦਿੰਦੀਆਂ ਹਨ। ਪੂਰਾ ਬ੍ਰਹਿਮੰਡ ਜਿਵੇਂ ਪਰੀ-ਲੋਕ ਦੀਆਂ ਕਥਾ ਕਹਾਣੀਆਂ ਦੀ ਗਾਥਾ ਸੁਣਾ ਰਿਹਾ ਹੋਵੇ!

ਹਾਸਾ ਮਨੁੱਖੀ ਮਨ ਦਾ ਬੇਸ਼ਕੀਮਤੀ ਸਰਮਾਇਆ ਹੈਨਿਮਰਤਾ ਦਾ ਪ੍ਰਤੀਕਤੁਹਾਡੇ ਅੰਤਰੀਵ ਭਾਵ ਦਾ ਖਾਲਸ ਪ੍ਰਗਟਾਅ। ਨਫ਼ਰਤ, ਦੂਈ-ਦਵੈਸ਼ ਤੋਂ ਦੂਰ ਅੰਦਰਲਾ ਬਾਲਪਣ ਕਿਲਕਾਰੀਆਂ ਮਾਰਦਾ। ਬੰਦਾ ਜਦੋਂ ਵਜੂਦ ਵਿੱਚ ਹੱਸਦੈ ਤਾਂ ਉਹ ਕਾਦਰ ਦੀ ਕੁਦਰਤ ਨਾਲ ਅਭੇਦ ਹੋਇਆ ਹੁੰਦਾ ਹੈ। ਬਾਗ਼ ਬਗੀਚਾ ਖਿੜਿਆ ਲੱਗਦਾ ਹੈ। ਪਰਿੰਦੇ ਗੀਤ ਗਾਉਂਦੇ ਜਾਪਦੇ ਹਨ। ਉੱਡਦੀਆਂ ਤਿਤਲੀਆਂ ਦਿਲ ਨੂੰ ਛੂਹ ਕੇ ਲੰਘਦੀਆਂ ਹਨ। ਭੌਰਿਆਂ ਦਾ ਰੂਮਾਨੀ ਰੂਪ ਦ੍ਰਿਸ਼ਟੀਮਾਨ ਹੁੰਦਾ ਹੈ। ਚਾਨਣ ਦਾ ਪਸਾਰਾ ਸ੍ਰਿਸ਼ਟੀ ਨੂੰ ਕਲਾਵੇ ਵਿੱਚ ਲੈ ਲੈਂਦਾ ਹੈ। ਤਾਰੇ ਟਿਮਟਿਮਾਉਂਦੇ ਹਨ। ਜੁਗਨੂੰ 'ਨੇਰ੍ਹ ?ਆਂ ਨੂੰ ਲਲਕਾਰਦੇ ਹਨ। ਇਸੇ ਕਰ ਕੇ ਸ਼ਾਇਰ ਨਵਤੇਜ ਭਾਰਤੀ ਚਾਨਣ ਦੇ ਮੂਲ ਤੱਤ ਦਾ ਰਾਜ਼ ਦੱਸਦਾ ਹੈ:

**ਦੀਵਾ ਮਿੱਟੀ ਦਾ, ਬੱਤੀ ਰੂੰਈਂ ਦੀ, ਤੇਲ ਸਰਸੋਂ ਦਾ ਬਣਿਆ**
**ਦੱਸੀਂ ਚੰਨਾ ਵੇ, ਚਾਨਣ ਕਾਹਦਾ ਹੈ ਬਣਿਆ ?**
**ਨਾ ਮਿੱਟੀ ਦਾ, ਨਾ ਰੂੰਈਂ ਦਾ, ਨਾ ਸਰਸੋਂ ਦਾ**
**ਚਾਨਣ ਸਖੀਏ ਨੀਂ, ਤੇਰੇ ਹਾਸੇ ਦਾ ਬਣਿਆ !**

ਹੱਸਣਾ ਮਨੁੱਖ ਦੀ ਅਦੁੱਤੀ, ਅਲੌਕਿਕ ਅਵਸਥਾ ਹੈ, ਜਿਸ ਉੱਪਰ ਸਿਰਫ਼ ਇਨਸਾਨ ਦਾ ਏਕਾਧਿਕਾਰ ਹੈ। ਦੂਸਰੇ ਜੀਵਾਂ ਕੋਲ ਇਹ ਬੇਜੋੜ ਸ਼ਕਤੀ ਨਹੀਂ ਹੁੰਦੀ। ਮਨੁੱਖੀ ਮਨ ਦੀਆਂ ਕੋਮਲ ਭਾਵਨਾਵਾਂ ਹੱਸਣ ਨਾਲ ਹੀ ਖਿੜਦੀਆਂ ਹਨ। ਤੁਹਾਡੀ ਸ਼ਖ਼ਸੀਅਤ ਦਾ ਚਿਤਰਣ, ਤੁਹਾਡੇ ਅੰਦਰੂਨ ਦਾ ਦਰਪਣ, ਤੁਹਾਡੇ ਸੁਭਾਅ ਦਾ ਸ਼ੀਸ਼ਾ ਹੱਸਣ ਵੇਲੇ ਤੁਹਾਡੇ ਸਨਮੁੱਖ ਆ ਖਲੋਂਦਾ ਹੈ। ਤੁਹਾਡੀ ਤਹਿਜ਼ੀਬ ਦੀ, ਤੁਹਾਡੇ ਪਾਲਣ ਪੋਸ਼ਣ ਦੀ, ਤੁਹਾਡੇ ਸ਼ਿਸ਼ਟਾਚਾਰ ਦੀ ਤਸਦੀਕ, ਹਾਸਾ ਕਰਦੈਬਸ ਹਾਸਾ ਨਿਰਛਲ ਹੋਵੇ! ਹੱਸਣ ਨਾਲ ਕਿਸੇ ਰੁਤਬੇ, ਕਿਸੇ ਮਾਣ-ਮਰਿਆਦਾ ਦਾ ਘਟਾਅ ਨਹੀਂ ਹੁੰਦਾ। ਹੱਸਣ ਵੇਲੇ ਸਿਰਫ਼ ਬੁੱਲ੍ਹ ਹੀ ਨਹੀਂ ਫਰਕਦੇ, ਨੈਣ ਬੋਲਦੇ ਨੇ, ਬੋਲ ਲਰਜ਼ਦੇ ਨੇ, ਤੋਰ ਮਟਕਦੀ ਹੈ, ਅੰਗ ਅੰਗ ਹੱਸਦੈ। ਸੁਪਨਿਆਂ ਦੀ ਪਰਵਾਜ਼ ਉਚੇਰੀ ਹੁੰਦੀ ਹੈ। ਬੰਦੇ ਦੇ ਜੀਵੰਤ ਹੋਣ ਦਾ ਪ੍ਰਮਾਣ ਦਿੰਦਾ ਹੈ ਹਾਸਾ। ਅਕਸਰ ਦੇਖਿਆ ਗਿਆ ਹੈ ਕਿ ਚਿੱਟਿਆਂ ਦੰਦਾਂ ਦਾ ਹਾਸਾ ਭਰਿਆ ਮੇਲਾ ਲੁੱਟ ਲੈਂਦਾ ਹੈ। ਇਹ ਵੀ ਸਚਾਈ ਹੈ ਕਿ ਹਾਸੇ ਦੇ ਸੁਖ਼ਦ ਅਹਿਸਾਸ ਨਾਲ ਕਈ ਗੁੰਝਲਦਾਰ ਮਸਲੇ ਆਪਣੇ ਆਪ ਨਜਿੱਠੇ ਜਾਂਦੇ ਹਨ। ਮੁਸਕਰਾ ਕੇ ਬੋਲੇ ਦੋ ਸ਼ਬਦ, ਮਨਾਂ ਦੀ ਕੁੜੱਤਣ ਨੂੰ ਦੂਰ ਕਰ ਦਿੰਦੇ ਹਨ। ਨਫ਼ਰਤ, ਪਿਆਰ ਵਿੱਚ ਤਬਦੀਲ ਹੋ ਜਾਂਦੀ ਹੈ ਅਤੇ ਬੇਗਾਨਗੀ, ਅਪਣੱਤ ਵਿੱਚ! ਪਾੜੇ ਮਿਟ ਜਾਂਦੇ ਹਨ, ਦੂਰੀਆਂ ਘਟ ਜਾਂਦੀਆਂ ਹਨ, ਦਿਲਾਂ ਦੇ ਟੋਏ ਟਿੱਬੇ ਭਰੇ ਜਾਂਦੇ ਹਨ। ਗੱਲ ਕੀ-ਹੱਸਣਾ ਜ਼ਿੰਦਾਦਿਲੀ ਹੈ ਅਤੇ ਜ਼ਿੰਦਾਦਿਲੀ ਹੀ ਜ਼ਿੰਦਗੀ ਹੈ।

ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਵੀ ਹਾਸਾ ਬੇਹੱਦ ਜ਼ਰੂਰੀ ਹੈ। ਹੱਸਦਿਆਂ ਦੇ ਘਰ 'ਵੱਸਦੇ' ਗਿਣੇ ਜਾਂਦੇ ਹਨ। ਦੁਨੀਆ ਭਰ ਵਿੱਚ 2005 ਤੋਂ ਮਈ ਮਹੀਨੇ ਦੇ ਪਹਿਲੇ ਐਤਵਾਰ ਵਿਸ਼ਵ ਹਾਸਾ ਦਿਵਸ ਮਨਾਇਆ ਜਾਂਦਾ ਹੈ। ਇਸ ਦੀ ਸ਼ੁਰੂਆਤ ਜਨਵਰੀ 1998 ਵਿੱਚ ਮੁੰਬਈ ਤੋਂ ਹੋਈ ਸੀ। ਤਣਾਅ ਭਰੀ ਜ਼ਿੰਦਗੀ ਤੋਂ ਕੁੱਝ ਪਲਾਂ ਦੀ ਮੁਕਤੀ ਲਈ ਹਾਸਾ, ਸੰਜੀਵਨੀ ਹੈ। ਇਸੇ ਲਈ ਅੱਜਕੱਲ੍ਹ ਯੋਗ ਵਿੱਚ ਵੀ ਹੱਸਣ ਨੂੰ ਸ਼ਾਮਲ ਕੀਤਾ ਗਿਆ ਹੈ। ਥਾਂ ਥਾਂ 'ਤੇ 'ਲਾਫਟਰ ਕਲੱਬਾਂ' ਦੇ ਹਾਸੇ ਠਣਕਦੇ ਸੁਣਾਈ ਦਿੰਦੇ ਹਨ। ਮਨੋਰੋਗ ਵਿਗਿਆਨੀਆਂ ਦੀ ਰਾਇ ਹੈ ਕਿ 95 ਫੀਸਦ ਬਿਮਾਰੀਆਂ ਮਨ ਦੀਆਂ ਹਨ। ਮਾਨਸਿਕ ਪਰੇਸ਼ਾਨੀਆਂ, ਬੇਚੈਨੀ, ਨਫ਼ਰਤ ਅਤੇ ਈਰਖਾ ਨੇ ਮਨੁੱਖ ਨੂੰ ਹਾਸੇ ਤੋਂ ਦੂਰ ਕਰ ਦਿੱਤਾ ਹੈ। ਹਾਸਾ ਡਿਪਰੈਸ਼ਨ ਵਿੱਚੋਂ ਕੱਢਣ ਦਾ ਸਾਰਥਕ ਸਾਧਨ ਮੰਨਿਆ ਗਿਆ ਹੈ। ਵਿਸ਼ਵ ਖ਼ੁਸ਼ੀ ਰਿਪੋਰਟ ਦੱਸਦੀ ਹੈ ਤੇ ਭਾਰਤ 137 ਮੁਲਕਾਂ ਵਿੱਚੋਂ 126ਵੇਂ ਸਥਾਨ 'ਤੇ ਹੈ। ਸੋ ਹਾਸਾ ਸੂਰਤ ਅਤੇ ਸੀਰਤ ਨੂੰ ਸੰਵਾਰਨ ਦਾ ਉਮਦਾ ਹਥਿਆਰ ਹੈ।

ਮਸ਼ੀਨੀ ਜ਼ਿੰਦਗੀ ਵਿੱਚ ਮਨੁੱਖ ਹੱਸਣਾ ਹੀ ਭੁੱਲ ਗਿਆ ਹੈ। ਮਾਇਆ ਅਤੇ ਮੰਡੀ ਦੀ ਦੌੜ ਵਿੱਚ ਹਾਸਾ ਕਿਤੇ ਲੱਭਦਾ ਹੀ ਨਹੀਂ। ਤੇਜ਼ ਰਫ਼ਤਾਰ ਦੇ ਗੇੜਿਆਂ ਵਿੱਚ ਗੁਆਚਣ ਕਰ ਕੇ ਕੁਦਰਤੀ ਹਾਸਾ ਅਲੋਪ ਹੀ ਹੋ ਗਿਆ ਲੱਗਦਾ। ਮਨੁੱਖ ਨੂੰ ਖ਼ੁਦ ਦੀ ਸਾਰ ਨਹੀਂ। ਆਪਣੇ ਨਾਲ ਸੰਵਾਦ ਕਰਨ ਦਾ ਸਮਾਂ ਹੀ ਨਹੀਂ। ਸ਼ੀਸ਼ੇ ਮੂਹਰੇ ਖੜ੍ਹਨ ਤੋਂ ਤ੍ਰਹਿੰਦੈ ਹਨ। ਆਪਣਾ ਹੀ ਅਕਸ ਪਛਾਣਨ ਤੋਂ ਇਨਕਾਰੀ ਹੈ। ਇਕੱਲਤਾ, ਘੁਟਣ, ਦਿਲਗੀਰੀ ਦਾ ਕਾਰਨ ਹਯਾਤੀ ਵਿੱਚੋਂ ਹਾਸੇ ਦਾ ਮਨਫੀ ਹੋਣਾ ਹੈ। ਵਿਸ਼ਵ ਪ੍ਰਸਿੱਧ ਨਾਮੀ ਲੇਖਕ ਬਰਟਰੈਂਡ ਰਸਲ ਦਾ ਮੰਨਣਾ ਹੈ ਕਿ ਸੰਸਕਾਰ ਅਤੇ ਸੱਭਿਆਚਾਰ ਆਦਮੀ ਨੇ ਖੋ ਦਿੱਤਾ ਹੈ। ਨਾ ਢੋਲ, ਨਾ ਮੰਜੀਰਾ ਵੱਜਦਾ ਹੈ। ਪੈਰ ਨੱਚਣਾ ਹੀ ਭੁੱਲ ਗਏ ਹਨ। ਕੀ ਪਾਇਆ ਤਰੱਕੀ ਦੇ ਨਾਮ ਉੱਤੇ ? ਓਸ਼ੋ ਦਾ ਕਥਨ ਹੈ ਕਿ ਇਸ ਦੁਨੀਆ ਵੱਚ ਸਿਰਫ਼ ਪਾਗਲ ਹੱਸਦੇ ਹਨ; ਬਾਕੀ ਸਮਝਦਾਰਾਂ ਨੂੰ ਵਿਹਲ ਹੀ ਕਿੱਥੇ ਹੈ ? ਸਿਆਣੇ ਕਹਿੰਦੇ ਹਨ ਜਦੋਂ ਤੁਸੀਂ ਹੱਸਦੇ ਹੋ ਤਾਂ ਪਰਮਾਤਮਾ ਦੀ ਪ੍ਰਾਰਥਨਾ ਕਰਨ ਦੇ ਬਰਾਬਰ ਹੈ; ਜਦੋਂ ਕਿਸੇ ਨੂੰ ਹਸਾਉਂਦੇ ਹੋ ਤਾਂ ਇਉਂ ਹੈ ਜਿਵੇਂ ਪਰਮਾਤਮਾ ਤੁਹਾਡੇ ਲਈ ਪ੍ਰਾਰਥਨਾ ਕਰ ਰਿਹਾ ਹੋਵੇ।

ਕਰੋਨਾ ਕਾਲ ਨੇ ਹਾਸਿਆਂ ਅਤੇ ਖ਼ੁਸ਼ੀਆਂ ਨੂੰ ਨਪੀੜ ਕੇ ਰੱਖ ਦਿੱਤਾ। ਮੇਲਿਆਂ ਮੁਸ੍ਵਾਬਿਆਂ ਨੂੰ, ਮਿਲਣ ਗਿਲਣ ਨੂੰ ਡੂੰਘੀ ਸੱਟ ਮਾਰੀ। ਉਦਾਸੀ ਦੇ ਆਲਮ ਵਿੱਚੋਂ ਨਿਕਲਣ ਵਾਲੇ 'ਸੇਫਟੀ ਵਾਲਵ' ਦਾ ਢੱਕਣ ਬੰਦ ਹੋ ਗਿਆ। ਇੱਕ ਦੋਸਤ ਦੀ ਯਾਦ ਆਈ: 'ਰਿਜ਼ਰਵ' ਟਾਈਪ ਦਾ ਸ਼ਖ਼ਸ ਸੀ। ਹਾਸਾ, ਮੁਸਕਾਨ ਚਿਹਰੇ ਤੋਂ ਗਾਇਬ ਰਹਿੰਦੇ ਪਰ ਜਦੋਂ ਯਾਰਾਂ ਦੋਸਤਾਂ ਦੀ ਮਹਿਫ਼ਿਲ ਵਿੱਚ ਹੁੰਦਾ ਤਾਂ ਹਾਸੇ ਦੀਆਂ ਫੁਹਾਰਾਂ ਪੈਂਦੀਆਂ। ਲੱਗਦਾ, ਇਹ ਤਾਂ ਵੱਖਰਾ ਹੀ ਪ੍ਰਾਣੀ ਹੈ। ਲੋਕੀਂ ਐਵੇਂ ਕਹਿੰਦੇ ਨੇ ਕਿ 'ਖ਼ੁਸ਼ਕੀ' ਦਾ ਮਾਰਿਆ। ਮਹਾਮਾਰੀ ਆਈ। ਸਭ ਆਪੋ ਆਪਣੇ ਖੋਲ ਵਿੱਚ ਸੀਮਿਤ ਹੋ ਗਏ। ਹਾਸੇ ਘਟੇ ਤੇ ਮਿੱਤਰ ਪਿਆਰਾ ਸੁੰਞੇਪਣ ਦਾ ਸ਼ਿਕਾਰ ਹੋ ਗਿਆ। ਪਤਾ ਹੀ ਨਹੀਂ ਲੱਗਿਆ, ਕਦੋਂ ਜਲ ਸਮਾਧੀ ਲੈ ਲਈ!

ਹੱਸਣ, ਹੱਸਣ ਦਾ ਫ਼ਰਕ ਵੀ ਹੁੰਦਾ ਹੈ ਅਤੇ ਢੁੱਕਵਾਂ ਵੇਲਾ ਵੀ। ਕਦੋਂ ਹੱਸਣਾ; ਤੁਹਾਡੀਆਂ ਖ਼ੁਸ਼ੀਆਂ ਨੂੰ ਕਈ ਗੁਣਾ ਵਧਾਉਂਦਾ ਹੈ ਅਤੇ ਕਈ ਵਾਰ ਇਸ ਦਾ ਚੁੱਭਵਾਂ ਵਾਰ ਭਾਵਨਾਵਾਂ ਨੂੰ ਆਹਤ ਕਰਦਾ ਹੈ। ਬੱਚੇ ਦਾ ਜਨਮ ਲੈਣ ਸਮੇਂ ਰੋਣਾ, ਉਸ ਦੀ ਮਾਂ ਵਾਸਤੇ ਹੱਸਣ ਦਾ ਸਬੱਬ ਬਣਦਾ ਹੈ। ਕਿੰਨਾ ਆਨੰਦਮਈ ਹੁੰਦਾ ਹੈ ਉਹ ਹਾਸਾ! ਫਿਰ ਸਾਰੀ ਉਮਰ ਉਹ ਲਾਡਲੇ ਦੀ ਅੱਖ ਦਾ ਹੰਝੂ ਵੀ ਸਹਾਰ ਨਹੀਂ ਸਕਦੀ। ਦੂਸਰਿਆਂ ਦੇ ਹਾਸੇ ਵਿੱਚ ਤੁਹਾਡੀ ਸ਼ਮੂਲੀਅਤ ਕੀਮਤੀ ਪਲਾਂ ਦਾ ਸਰਮਾਇਆ ਬਣ ਜਾਂਦੀ ਹੈ ਪਰ ਦੂਸਰਿਆਂ 'ਤੇ ਹੱਸਣ ਦੀਆਂ ਘੜੀਆਂ, ਕਦੇ ਨਾ ਕਦੇ ਅੰਦਰਲੇ ਮਨ ਨੂੰ ਜ਼ਖ਼ਮੀ ਵੀ ਕਰ ਦਿੰਦੀਆਂ ਹਨ; ਖ਼ਾਸ ਕਰ ਕੇ ਜਦੋਂ ਤੁਸੀਂ ਉਸੇ ਤਰ੍ਹਾਂ ਦੇ ਹਾਲਾਤ ਵਿੱਚੋਂ ਖ਼ੁਦ ਗੁਜ਼ਰਦੇ ਹੋ। ਕਈ ਵਾਰ ਮਸਨੂਈ ਕਿਸਮ ਦਾ ਹਾਸਾ ਤੁਹਾਡੀ ਸ਼ਖ਼ਸੀਅਤ ਨੂੰ ਹੇਠਲੇ ਪਾਏਦਾਨ 'ਤੇ ਵੀ ਲਿਆ ਖੜ੍ਹਾ ਕਰਦਾ ਹੈ। ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਗੁਰਬਾਣੀ ਨੇ ਵੀ ਖ਼ੁਸ਼ ਰਹਿਣ ਨੂੰ ਸਾਡੇ ਨਿੱਤਨੇਮ ਦੀ ਇੱਕ ਮਹੱਤਵਪੂਰਨ ਜੁਗਤੀ ਦੱਸਿਆ ਹੈ:

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥

ਹੱਸਣਾ, ਦੋਸਤੀ ਦਾ ਘੇਰਾ ਵਿਸ਼ਾਲ ਕਰਦਾ ਹੈ। ਕਹਿੰਦੇ ਨੇ ਜਿੱਥੇ ਬੇਪ੍ਰਵਾਹ ਹਾਸੇ ਦੇ ਠਹਾਕੇ ਸੁਣਾਈ ਦੇਣ, ਸਮਝ ਲੈਣਾ ਦੋਸਤਾਂ ਦੀ ਮਹਿ ?ਫ਼ਿਲ ਜੰਮੀ ਹੋਈ ਹੈ। 'ਕੋਈ ਕੀ ਕਹੇਗਾ' ਵਾਲਾ ਪ੍ਰਵਚਨ ਇੱਥੇ ਲਾਗੂ ਨਹੀਂ ਹੁੰਦਾ। ਕਈ ਵਾਰ ਅਣਜਾਣਾਂ ਨਾਲ, ਸਫ਼ਰ ਕਰਦੇ ਯਾਤਰੀਆਂ ਨਾਲ, ਸਹਿਕਰਮੀਆਂ ਨਾਲ ਹਾਸਾ ਮਜ਼ਾਕ ਉਮਰ ਭਰ ਦੇ ਰਿਸ਼ਤੇ ਜੋੜ ਦਿੰਦਾ ਹੈ। ਅੱਜਕੱਲ੍ਹ ਵਿਅੰਗ, ਨਕਲਾਂ, ਚੁਟਕਲੇ ਅਸਲ ਜ਼ਿੰਦਗੀ ਵਿਚਲੇ ਗ਼ਮਗੀਨ ਪਲਾਂ ਤੋਂ ਧਿਆਨ ਲਾਂਭੇ ਕਰਾਉਣ ਹਿੱਤ ਵੱਡੀ ਭੂਮਿਕਾ ਨਿਭਾਉਂਦੇ ਹਨ। ਸਚਾਈ ਤਾਂ ਇਹ ਹੈ ਕਿ 'ਆਪ ਵੀ ਖ਼ੁਸ਼ ਅਤੇ ਦੂਜੇ ਵੀ ਖ਼ੁਸ਼' ਜ਼ਿੰਦਗੀ ਜਿਉਣ ਦੀ ਕਲਾ ਦਾ ਇੱਕ ਅਨੁਪਮ ਅਧਿਆਇ ਹੈ। ਨੌਕਰੀਆਂ ਵੀ ਮਸ਼ੀਨ ਦੀ ਨਿਆਈਂ ਹੋ ਗਈਆਂ ਹਨ।

ਹੱਸਣ ਦੀ ਜਾਚ ਸਿੱਖਣੀ ਹੈ ਤਾਂ ਬੱਚਿਆਂ ਕੋਲੋਂ ਸਿੱਖੋ। ਰੋਂਦਿਆਂ ਰੋਂਦਿਆਂ ਹੱਸਣਾ ਕਿਸੇ ਅਕਲਮੰਦ ਦੇ ਵੱਸ ਦੀ ਗੱਲ ਨਹੀਂ ਹੁੰਦੀ। ਜਦੋਂ ਖੁੱਲ੍ਹ ਕੇ ਹੱਸਦੇ ਹਾਂ ਤਾਂ ਯਾਦ ਅਤੀਤ ਵਿੱਚ ਪਹੁੰਚ ਕੇ ਬੱਚੇ ਦਾ ਰੂਪ ਧਾਰਨ ਕਰ ਲੈਂਦੀ ਹੈ। ਇਹ ਉਦੋਂ ਵਾਪਰਦੈ ਜਦੋਂ ਰੁਤਬਾ, ਔਕਾਤ, ਸ਼ਾਨੋ-ਸ਼ੌਕਤ ਦੀ ਸੋਝੀ ਕਿਸੇ ਗੁੱਠੇ ਲੱਗੀ ਹੁੰਦੀ ਹੈ ਤੇ ਬੰਦਾ ਆਲੇ ਦੁਆਲਿਉਂ ਬੇਖ਼ਬਰ ਹੋ ਕੇ ਠਹਾਕਾ ਮਾਰ ਕੇ ਹੱਸਦੈ। ਬਜ਼ੁਰਗਾਂ ਨਾਲ ਹੱਸੋ। ਜ਼ਿੰਦਗੀ ਦੀਆਂ ਕਈ ਪਰਤਾਂ ਉੱਘੜ ਕੇ ਸਾਹਮਣੇ ਆਉਣਗੀਆਂ। ਜਿਹੜੇ ਘਰਾਂ ਵਿੱਚ ਵਡੇਰੇ ਹੱਸਦੇ ਮਿਲਣ, ਉਹ ਘਰ ਅਮੀਰਾਂ ਦਾ ਆਸ਼ਿਆਨਾ ਸਮਝਿਆ ਜਾਂਦਾ। ਹਾਸਾ ਉਨ੍ਹਾਂ ਨੂੰ ਢਲਦੀ ਉਮਰ ਦੇ ਉਦਾਸ ਪਲਾਂ ਵਿੱਚੋਂ ਬਾਹਰ ਕੱਢ ਲਿਆਉਂਦਾ ਹੈ। ਉਨ੍ਹਾਂ ਨੂੰ ਤੁਹਾਡੀ ਪੈੜ-ਚਾਲ ਅਤੇ ਸੁਖਾਵੇਂ ਬੋਲਾਂ ਦੀ ਉਡੀਕ ਰਹਿੰਦੀ ਹੈ। ਤੁਹਾਡੇ ਹਾਸੇ ਨਾਲ ਉਨ੍ਹਾਂ ਦਾ ਚਿਹਰਾ ਖਿੜ ਜਾਂਦਾ ਹੈ ਅਤੇ ਉਨ੍ਹਾਂ ਨੂੰ ਅਖੀਰਲੇ ਪਲ ਸਕੂਨਮਈ ਲੱਗਣ ਲੱਗਦੇ ਹਨ।

1982 ਵਿੱਚ ਇੱਕ ਆਰਟ ਫਿਲਮ ਆਈ ਸੀ 'ਅਰਥ'; ਜਿਸ ਵਿੱਚ ਉੱਘੇ ਗ਼ਜ਼ਲਗੋ ਜਗਜੀਤ ਸਿੰਘ ਦੀ ਗਾਈ ਗ਼ਜ਼ਲ ਸੀ: "ਤੁਮ ਇਤਨਾ ਜੋ ਮੁਸਕਰਾ ਰਹੇ ਹੋ, ਕਿਆ ਗ਼ਮ ਹੈ ਜਿਸਕੋ ਛੁਪਾ ਰਹੇ ਹੋ।' ਯਾਦ ਹੈ ਨਾ ? ਇਹ ਸੀ ਮੁਸਕਰਾਹਟ ਦੇ ਪਿੱਛੇ ਲੁਕੇ ਹੋਏ ਦਰਦ ਦੀ ਦਾਸਤਾਨ। ਕਹਿੰਦੇ ਨੇ, ਕਈ ਵਾਰ ਹਾਸੇ ਦੇ ਅੰਦਰ ਡੂੰਘੇ ਗ਼ਮ ਛੁਪੇ ਹੁੰਦੇ ਹਨ। ਹੰਝੂਆਂ ਨੂੰ ਹਾਸਿਆਂ ਵਿੱਚ ਬਦਲਣ ਵਾਲੇ ਚਾਰਲੀ ਚੈਪਲਿਨ ਦਾ ਚਿਹਰਾ ਪਰਦੇ ਉੱਪਰ ਆਉਣ ਸਾਰ ਹੀ ਹਜ਼ਾਰਾਂ ਹੱਥ ਤਾੜੀਆਂ ਮਾਰਨ ਲਈ ਜੁੜ ਜਾਂਦੇ ਸਨ ਪਰ ਉਸ ਦਾ ਜੀਵਨ ਗ਼ਮਾਂ ਦੀ ਖਾਣ ਸੀ। ਉਸ ਦਾ ਕਥਨ ਸੀ ਕਿ ਦੂਸਰਿਆਂ ਨੂੰ ਹਸਾਉਣ ਵਾਲੇ ਆਪਣੀ ਅੰਦਰਲੀ ਪੀੜ ਨੂੰ ਛੁਪਾਉਣਾ ਜਾਣਦੇ ਹਨ, "ਮੈਨੂੰ ਵਰ੍ਹਦੀਆਂ ਕਣੀਆਂ ਵਿੱਚ ਤੁਰਨਾ ਬਹੁਤ ਚੰਗਾ ਲੱਗਦਾ ਹੈ ਕਿਉਂਕਿ ਇਸ ਤਰ੍ਹਾਂ ਮੇਰੇ ਅੱਥਰੂ ਦਿਖਾਈ ਨਹੀਂ ਦਿੰਦੇ।"ਬਾਹਰ ਹਾਸਿਆਂ ਦੀ ਪਟਾਰੀ ਖੁੱਲ੍ਹੀ ਹੁੰਦੀ ਹੈ ਅਤੇ ਅੰਦਰ ਉਦਾਸੀਆਂ ਨੇ ਛਹਿਬਰ ਲਾਈ ਹੁੰਦੀ ਹੈ। 'ਮੇਰਾ ਨਾਮ ਜੋਕਰ' ਦਾ ਰਾਜੂ ਚੇਤਿਆਂ 'ਚ ਵੱਸਦੈ। ਮਾਂ ਦੀ ਮੌਤ 'ਤੇ ਹਜ਼ਾਰਾਂ ਦਰਸ਼ਕਾਂ ਨੂੰ ਹਸਾਉਣ ਦਾ ਕਾਰਜ ਕੀਤਾ ਪਰ ਭੀੜ ਨੂੰ ਚਿਹਰੇ 'ਤੇ ਸ਼ਿਕਨ ਦਿਖਾਈ ਨਹੀਂ ਦਿੱਤਾ। ਹਰ ਵੇਲੇ ਹੱਸਣ ਵਾਲੇ ਲੋਕ ਅਕਸਰ ਕਿਸੇ ਵਾਪਰੇ ਹੋਏ ਹਾਦਸੇ ਨੂੰ ਭੁਲਾਉਣ ਦੇ ਆਹਰ ਵਿੱਚ ਰਹਿੰਦੇ ਹਨ। ਸ਼ਾਇਰ ਗੁਰਪ੍ਰੀਤ ਵੀ ਇਹੀ ਲੱਖਣ ਲਾਉਂਦੈ:

**ਬਹੁਤੀਆਂ ਗੱਲਾਂ ਨੂੰ ਮੈਂ ਲਤੀਫੇ ਵਾਂਗ ਸੁਣਦਾ ਹਾਂ**
**ਹੱਸਣ ਦੀ ਕਾਢ ਬੰਦੇ ਨੇ ਕਿਉਂ ਕੱਢੀ ਭਲਾ**
**ਗਹਿਰੇ ਦੁੱਖ ਜਰਨ ਦਾ ਹੋਰ ਕਿਹੜਾ ਢੰਗ ਹੈ ?**

ਪੰਜਾਬੀ ਦੁਨੀਆ ਵਿੱਚ ਹਾਸੇ ਦੇ 'ਬਰਾਂਡ ਅੰਬੈਸਡਰ' ਮੰਨੇ ਜਾਂਦੇ ਹਨ। ਜਿੱਥੇ ਉੱਚੀ ਹੱਸਣ ਦੀ ਆਵਾਜ਼ ਸੁਣਾਈ ਦੇਵੇ, ਸਮਝੋ ਕੋਈ ਪੰਜਾਬੀ ਹਾਜ਼ਰੀ ਲਵਾ ਰਿਹਾ ਹੈ। ਪੰਜਾਬੀਆਂ ਕੋਲ ਆਪਣੇ ਉੱਤੇ ਹੱਸਣ ਦੀ ਕਲਾ ਹੈ। ਨਾਮਵਰ ਵਾਰਤਾਕਾਰ ਰਾਜਿੰਦਰ ਸਿੰਘ ਬੇਦੀ ਦਾ ਕਥਨ ਹੈ: "ਜਿੱਥੇ ਦੁਨੀਆ ਦੇ ਲੋਕ ਦੂਜਿਆਂ ਵਿੱਚ ਹੀ ਕੀੜੇ ਕੱਢਦੇ ਰਹਿੰਦੇ ਹਨ, ਉੱਥੇ ਪੰਜਾਬੀ ਹੀ ਹੈ ਜਿਹੜਾ ਆਪਣੇ ਆਪ 'ਤੇ ਵੀ ਹੱਸ ਸਕਦਾ ਹੈ।" ਅਜਿਹਾ ਹੈ ਕੋਈ ਹੋਰ ?

Dosanjh Family
AUTO GROUP

Cadillac CHEVROLET INFINITI KIA NISSAN BUICK GMC
CHRYSLER Jeep DODGE RAM TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD